Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071

Certified Insurance Agent
Global Green Insurance Agency
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Eighteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 48, December 2, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਵਿਰੋਧੀ ਧਿਰ ਨੇ ਦਿਵਾਇਆ ਕੈਪਟਨ ਨੂੰ ਸਾਹ

## ਵਿਧਾਨ ਸਭਾ ਦਾ ਸੈਸ਼ਨ ਰੌਲੇ-ਰੱਪੇ ਵਿਚ ਲੰਘਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਸੈਸ਼ਨ ਮੁੜ ਰੌਲੇ-ਰੱਪੇ ਵਿਚ ਹੀ ਲੰਘ ਗਿਆ। ਇਸ ਸੈਸ਼ਨ ਵਿਚ ਵੀ ਹਾਕਮ ਧਿਰ ਕਾਂਗਰਸ ਦੀ ਰਣਨੀਤੀ ਮੁਤਾਬਕ ਸਭ ਕੁਝ ਹੋਇਆ ਅਤੇ ਪੰਜਾਬ ਵਿਚ ਪਹਿਲੀ ਵਾਰ ਵਿਰੋਧੀ ਧਿਰ ਵਜੋਂ ਵਿਚਰ ਰਹੀ ਆਮ ਆਦਮੀ ਪਾਰਟੀ (ਆਪ) ਨੇ ਆਪਣੇ ਅਨਾੜੀਪਣ ਦਾ ਸਬੂਤ ਦੇ ਦਿੱਤਾ। ਵਿਰੋਧੀ ਧਿਰ ਜਨਤਕ ਮੁੱਦਿਆਂ 'ਤੇ ਕਾਂਗਰਸ ਨੂੰ ਘੇਰਨ ਦੀ ਥਾਂ ਸ਼੍ਰੋਮਣੀ ਅਕਾਲੀ ਨਾਲ ਹੀ ਆਢਾ ਲਾਉਣ ਵਿਚ ਰੁਝੀ ਰਹੀ।

ਅਸਲ ਵਿਚ ਵਿਰੋਧੀ ਧਿਰ ਇਸ ਤਿੰਨ ਦਿਨਾਂ ਸੈਸ਼ਨ ਦੌਰਾਨ ਕਾਂਗਰਸ ਅਤੇ ਅਕਾਲੀ ਦਲ ਦੀ ਰਣਨੀਤੀ ਦਾ ਸ਼ਿਕਾਰ ਹੋ ਗਈ। 'ਆਪ' ਨੇ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਦੇ ਮਾਮਲੇ ਨੂੰ ਮੁੱਦਾ ਬਣਾ ਕੇ ਅਕਾਲੀਆਂ ਅਤੇ ਕਾਂਗਰਸ




ਉਤੇ ਨਿਸ਼ਾਨਾ ਸਾਧਿਆ ਜਦੋਂ ਕਿ ਅਕਾਲੀ ਦਲ ਚੁੱਪ-ਚਾਪ ਤਮਾਸ਼ਬੀਨ ਬਣਿਆ ਰਿਹਾ। ਅਸਲ ਵਿਚ ਹਾਕਮ ਧਿਰ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਜਨਤਕ ਮੁੱਦਿਆਂ ਉਤੇ ਬਹਿਸ ਹੋਈ ਤਾਂ ਉਸ ਨੂੰ ਕੋਈ ਰਾਹ ਨਹੀਂ ਲੱਭਣਾ; ਕਿਉਂਕਿ ਉਸ ਦਾ ਤਕਰੀਬਨ ਪੌਣੇ ਸਾਲ ਦਾ ਸ਼ਾਸਨ ਨਾਕਾਮੀਆਂ ਭਰਿਆ ਹੈ। ਸਰਕਾਰ ਬਣਨ ਪਿੱਛੋਂ ਇਕ ਵੀ ਲੋਕ ਵਾਅਦਾ ਸਿਰੇ ਨਹੀਂ ਲਾ ਸਕੀ।

ਪੰਜਾਬ ਨੂੰ ਦਰਪੇਸ਼ ਮਸਲਿਆਂ ਵਿਚ ਕੈਪਟਨ ਸਰਕਾਰ ਦੀ ਸਥਾਪਨਾ ਮਗਰੋਂ ਕੋਈ ਕਮੀ ਨਹੀਂ ਆਈ। ਰਾਜ ਦਾ ਵਿੱਤੀ ਸੰਕਟ ਘੱਟ ਹੋਣ ਦੀ ਥਾਂ ਵੱਧ ਗੰਭੀਰ ਹੋਇਆ ਹੈ। ਵਿਕਾਸ ਕੰਮ ਰੁਕੇ ਪਏ ਹਨ। ਨਸ਼ਾ ਵਿਰੋਧੀ ਮੁਹਿੰਮ ਮੁਢਲੀਆਂ ਕਾਮਯਾਬੀਆਂ ਤੋਂ ਬਾਅਦ ਹੁਣ ਲੀਹੋਂ ਲੱਥੀ ਜਾਪਦੀ ਹੈ। ਅਮਨ-ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੈ। ਰੇਤੇ-ਬਜਰੀ ਦੀ ਨਾਜਾਇਜ਼ ਮਾਈਨਿੰਗ ਘਟਣ ਦੀ ਬਜਾਏ ਵਧੀ ਹੈ।

ਅਜਿਹੇ ਹਾਲਾਤ ਵਿਚ ਕੈਪਟਨ ਸਰਕਾਰ ਦੀ ਵਿਧਾਨ ਸਭਾ ਇਜਲਾਸ ਵਿਚ ਜਵਾਬਦੇਹੀ ਜ਼ਰੂਰੀ ਸੀ, ਪਰ ਆਪ ਨੇ ਇਹ ਮੌਕਾ ਮੁੜ ਗੁਆ ਦਿੱਤਾ। ਪਿਛਲੇ ਸੈਸ਼ਨ ਵਿਚ ਵੀ ਆਪ, ਕਾਂਗਰਸ ਤੇ ਅਕਾਲੀਆਂ ਦੀ ਕਥਿਤ 'ਮਿਲੀਭੁਗਤ' ਦਾ ਸ਼ਿਕਾਰ ਹੋ ਗਈ ਸੀ। ਉਸ ਸਮੇਂ ਅਨਾੜੀ ਵਿਰੋਧੀ

(ਬਾਕੀ ਸਫਾ 6 'ਤੇ)

### ਵਿਰੋਧੀ ਧਿਰਾਂ ਬਣ ਗਈਆਂ ਹਾਸੇ ਦੀਆਂ ਪਾਤਰ

**ਚੰਡੀਗੜ੍ਹ:** ਵਿਰੋਧੀ ਧਿਰਾਂ ਦੀ ਇਸ ਲੜਾਈ ਨੇ ਸਥਿਤੀ ਇੰਨੀ ਹਾਸੋਹੀਣੀ ਬਣਾ ਦਿੱਤੀ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਕਹਿਣਾ ਪਿਆ ਕਿ ਅੱਜ ਇਤਿਹਾਸ ਬਣ ਗਿਆ ਹੈ ਕਿ ਦੋਵੇਂ ਵਿਰੋਧੀ ਧਿਰਾਂ ਵਿਧਾਨ ਸਭਾ ਵਿਚ ਇਕ ਦੂਜੇ ਨੂੰ ਚੋਰ ਦੱਸਦੀਆਂ ਰਹੀਆਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਜਦੋਂ ਦੋ ਵਿਰੋਧੀ ਲੜ ਰਹੇ ਸਨ ਤਾਂ ਉਨ੍ਹਾਂ ਬੱਸ ਤਮਾਸ਼ਾ ਹੀ ਵੇਖਿਆ।

## ਹਾਈ ਕੋਰਟ ਲਈ ਮਜੀਠੀਆ ਖਿਲਾਫ ਕਾਰਵਾਈ ਜਾਇਜ਼

**ਚੰਡੀਗੜ੍ਹ:** ਅਕਾਲੀ ਦਲ ਬਾਦਲ ਸਰਕਾਰ ਵੇਲੇ ਮੰਤਰੀ ਰਹੇ ਬਿਕਰਮ ਸਿੰਘ ਮਜੀਠੀਆ ਤੇ ਡਰੱਗ ਮਾਫੀਆ ਵਿਚ ਸਬੰਧਾਂ ਦੀ ਜਾਂਚ ਕਰਵਾਉਣ ਦੀ ਮੰਗ ਕਰਦੀ ਅਰਜ਼ੀ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਖ ਦਿੱਤਾ ਹੈ ਕਿ ਇਨ੍ਹਾਂ ਦੋਸ਼ਾਂ ਵਿਚ ਕਿੰਨੀ ਸਚਾਈ ਹੈ, ਇਹ ਜਾਂਚ ਦਾ



ਵਿਸ਼ਾ ਹੈ। ਅਦਾਲਤ ਨੇ ਆਖਿਆ ਕਿ ਜਾਂਚ ਏਜੰਸੀ ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਕਦੇ ਵੀ ਇਸ ਮਾਮਲੇ ਦੀ ਜਾਂਚ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਇਸ ਲਈ ਸਪੈਸ਼ਲ ਟਾਕਸ ਫੋਰਸ ਦੇ ਮੁਖੀ ਈ.ਡੀ. ਨਾਲ ਤਾਲਮੇਲ ਕਰ ਕੇ ਇਸ

(ਬਾਕੀ ਸਫਾ 6 'ਤੇ)

## ਮੋਦੀ ਸਰਕਾਰ ਨੇ ਮੁੜ ਰੋਕਿਆ 'ਆਪ' ਦਾ ਰਾਹ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਜਦੋਂ ਆਪਣੇ ਪੰਜ ਸਾਲਾ ਜਸ਼ਨਾਂ ਵਿਚ ਰੁੱਝੀ ਹੋਈ ਸੀ ਤਾਂ 30.67 ਕਰੋੜ ਰੁਪਏ ਦੇ ਟੈਕਸ ਨੋਟਿਸ ਦੇ ਦਿੱਤਾ। ਇਹ ਨੋਟਿਸ ਆਮਦਨ ਟੈਕਸ ਵਿਭਾਗ ਨੇ 'ਆਪ' ਨੂੰ ਮਿਲੇ ਚੰਦੇ ਦੇ ਹਿਸਾਬ-ਕਿਤਾਬ ਵਿਚ ਗੜਬੜੀਆਂ ਦਾ ਦੋਸ਼ ਲਾ ਕੇ ਭੇਜੇ ਹਨ।

ਵਿਭਾਗ ਨੇ ਆਪ 'ਤੇ ਜਾਣਕਾਰੀ ਨਾ ਦੇਣ ਦਾ ਦੋਸ਼ ਲਾਉਂਦੇ ਹੋਏ 68 ਕਰੋੜ ਚੰਦੇ ਨੂੰ ਪਾਰਟੀ ਦੀ ਆਮਦਨ 'ਚ ਜੋੜ ਦਿੱਤਾ। 26 ਨਵੰਬਰ, 2012 ਨੂੰ ਦੇਸ਼ ਦੀ ਰਾਜਨੀਤੀ ਵਿਚ ਤਹਿਲਕਾ



ਮਚਾਉਣ ਵਾਲੀ ਆਮ ਆਦਮੀ ਪਾਰਟੀ ਲਈ ਇਹ ਕੋਈ ਪਹਿਲੀ ਵਾਰ ਨਹੀਂ ਜਦੋਂ ਉਸ ਦੇ ਰਾਹ ਵਿਚ ਰੋੜੇ ਅਟਕਾਉਣ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਅਸਲ ਵਿਚ ਮੋਦੀ ਸਰਕਾਰ ਦਿੱਲੀ ਵਿਚ 'ਆਪ' ਸਰਕਾਰ ਨੂੰ ਗੋਡਿਆਂ ਪਰਨੇ ਕਰਨ ਲਈ ਹਰ ਹੀਲਾ ਵਰਤ ਰਹੀ ਹੈ।

ਡੇਢ ਸਾਲ ਪਹਿਲਾਂ ਟੈਕਸ ਵਿਭਾਗ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦਫਤਰ ਵਿਚ ਅਚਾਨਕ ਆ ਕੇ ਫਰੋਲਾ ਫਰਾਲੀ ਸ਼ੁਰੂ ਕਰ ਦਿੱਤੀ ਸੀ, ਹਾਲਾਂਕਿ ਉਸ ਨੂੰ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ ਸੀ। ਇਸ ਪਿੱਛੋਂ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਦੀ ਰੱਜ ਕੇ ਅਲੋਚਨਾ ਹੋਈ ਸੀ। ਕੇਜਰੀਵਾਲ ਸਰਕਾਰ ਤੇ ਉਪ-ਰਾਜਪਾਲ ਵਿਚ ਹੱਕਾਂ ਦੀ ਲੜਾਈ ਸਿਖਰ ਉਤੇ ਹੈ। ਆਪ ਸਰਕਾਰ

(ਬਾਕੀ ਸਫਾ 6 'ਤੇ)

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਪਰਵਾਸ ਦੀ ਕਹਾਣੀ ਨਾਟਕ 'ਡਾਲਰਾਂ ਦੀ ਬੁਘਨੀ'

**ਫਰਿਸਕੋ, ਟੈਕਸਸ (ਬਿਊਰੋ):** ਇਸ ਛੋਟੇ ਜਿਹੇ ਸ਼ਹਿਰ ਵਿਚ ਪੰਜਾਬੀ ਨਾਟਕ ਖੇਡੇ ਜਾਣ ਦਾ ਇਹ ਪਹਿਲਾ ਮੌਕਾ ਸੀ, ਹਾਲ ਪੂਰਾ ਭਰਿਆ ਹੋਇਆ ਸੀ। ਇੰਨੇ ਭਰਵੇਂ ਹੁੰਗਾਰੇ ਦਾ ਨਾ ਤਾਂ ਨਾਟਕ ਦੇ ਨਿਰਮਾਤਾ ਨਿਰਦੇਸ਼ਕ ਨੂੰ ਹੀ ਅੰਦੇਸ਼ਾ ਸੀ ਅਤੇ ਨਾ ਹੀ ਦਰਸ਼ਕਾਂ ਨੂੰ ਹੀ ਉਮੀਦ ਸੀ ਕਿ ਨਾਟਕ ਇੰਨਾ ਵਧੀਆ ਹੋ ਗੁਜਰੇਗਾ। ਇਹ ਸਭ ਕੁਝ ਹੈ, 'ਗਰਾਰੀ ਥੀਏਟਰ ਗਰੁਪ' ਫਰਿਸਕੋ (ਡੈਲਸ ਸ਼ਹਿਰ ਨੇੜੇ) ਦੇ ਡਾਇਰੈਕਟਰ ਗਗਨਦੀਪ ਸਿੰਘ ਬਾਛਲ ਅਤੇ ਉਨ੍ਹਾਂ ਦੀ ਸਾਥਣ ਅਮਨਜੋਤ ਕੌਰ ਸੰਧੂ ਬਾਛਲ ਦੇ ਉਦਮ ਸਦਕਾ ਇਥੇ ਸੈਨਟੇਨਿਅਲ ਹਾਈ ਸਕੂਲ ਦੇ ਆਡੀਟੋਰੀਅਮ ਵਿਚ 'ਡਾਲਰਾਂ ਦੀ ਬੁਘਨੀ' ਨਾਟਕ ਦੀ ਕਹਾਣੀ। ਇਹ ਗਗਨਦੀਪ ਦਾ ਪਲੇਠਾ ਨਾਟਕ ਸੀ।

'ਡਾਲਰਾਂ ਦੀ ਬੁਘਨੀ' ਨਾਟਕ ਚੰਗੇਰੇ ਭਵਿਖ ਦੀ ਆਸ ਵਿਚ ਆਪਣੇ ਮਾਂ-ਬਾਪ, ਜਮੀਨ, ਇਥੋਂ ਤੱਕ ਕਿ ਸਰਕਾਰੀ ਨੌਕਰੀਆਂ ਛੱਡ ਕੇ ਅਮਰੀਕਾ ਪੁੱਜੇ ਦੋ ਭਰਾਵਾਂ ਦੀ ਕਹਾਣੀ ਹੈ। ਨਾਟਕ ਵਿਚ ਪਿਛੇ ਰਹਿ ਗਏ ਬੁੱਢੇ ਮਾਪਿਆਂ ਦੇ ਦੁੱਖਾਂ-ਦਰਦਾਂ ਦੇ ਨਾਲ ਨਾਲ ਬੇਗਾਨੇ ਦੇਸ਼ ਵਿਚ ਪੁੱਜ ਕੇ ਪਰਵਾਸ ਦੀ ਸਮੱਸਿਆ ਅਤੇ ਨਵੇਂ ਰੁਜ਼ਗਾਰ ਲਈ ਧੱਕੇ-ਧੋੜਿਆਂ ਤੋਂ ਇਲਾਵਾ ਅਮਰੀਕਾ ਵਿਚ ਨਵੀਂ ਪੀੜ੍ਹੀ ਦੇ ਭਵਿਖ ਨੂੰ ਪੰਦਰਾਂ ਪਾਤਰਾਂ ਦੀ ਮਦਦ ਨਾਲ ਬੁਣਿਆ ਗਿਆ ਹੈ। ਇਸ ਨਾਟਕ ਦੀ ਸਫਲ ਪੇਸ਼ਕਾਰੀ ਗਗਨਦੀਪ ਅਤੇ ਅਮਨਜੋਤ ਦੇ ਸਿਰਜਣਾਤਮਕ ਕਲਾ ਨਿਰਦੇਸ਼ਨ ਰਾਹੀਂ ਹੀ ਸੰਭਵ ਹੋ ਸਕੀ ਹੈ।

ਨਾਟਕ ਦੇ ਮੁੱਖ ਕਿਰਦਾਰ ਅਮਰੀਕ ਦਾ ਰੋਲ ਗਗਨਦੀਪ ਸਿੰਘ ਬਾਛਲ ਨੇ ਬਾਖੂਬੀ ਨਿਭਾਇਆ। ਇਸ ਨਾਟਕ ਦੇ ਹੋਰ ਕਲਾਕਾਰ ਸੁਖ, ਰਮਨ, ਇੰਦਰ, ਹਰਜਸ, ਅਰਸ਼, ਮਨਵੀਰ, ਗੌਰਵ, ਸਿਧਾਰਥ, ਲੀਸਾ, ਕਾਇਰਾ, ਤਲਵੀਰ, ਜਸਵੀਨ, ਰੂਹਾਨ, ਜਸਮਨ ਹਨ। ਨਾਟਕ ਦੇ ਬਾਕੀ ਟੀਮ ਮੈਂਬਰਾਂ-ਅਮਨ, ਮਨੀਤ, ਪ੍ਰਭ ਕੌਰ ਅਤੇ ਤਿਰਭਵਨ ਨੇ ਵੀ ਖੂਬ ਮਿਹਨਤ ਕੀਤੀ। ਨਾਟਕ ਦੇ ਪਾਤਰ 6 ਤੋਂ 45 ਸਾਲ ਦੀ ਉਮਰ ਤੱਕ ਦੇ ਹਨ।

ਨਾਟਕ ਦੀ ਸਫਲਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਦਰਸ਼ਕਾਂ ਦੀ ਗਿਣਤੀ ਸਾਢੇ ਛੇ ਸੌ ਤੋਂ ਵੱਧ ਸੀ, ਜਿਨ੍ਹਾਂ ਨਾਟਕ ਨੂੰ ਭਰਵਾਂ ਹੁੰਗਾਰਾ ਦਿੱਤਾ। ਹਾਲ ਵਾਰ-ਵਾਰ ਤਾੜੀਆਂ ਨਾਲ ਗੂੰਜ ਉਠਦਾ। ਕਈ ਦਰਸ਼ਕਾਂ ਨੂੰ ਤਾਂ ਇਹ ਨਾਟਕ ਉਨ੍ਹਾਂ ਦੀ ਆਪਣੀ ਹੱਡੀਂ ਹੰਢਾਈ ਕਹਾਣੀ ਜਾਪਦੀ। ਫਰਿਸਕੋ ਦੇ ਵਸਨੀਕ ਕਲਾਕਾਰਾਂ ਨੇ ਪੰਜਾਬੀ ਪਿਛੋਕੜ ਦੇ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਪੰਜਾਬੀ ਭਾਈਚਾਰੇ ਨੂੰ ਆਪਣੀ ਵਿਰਾਸਤ ਨਾਲ ਜੋੜਨ ਅਤੇ ਸਮਕਾਲੀ ਸਮਸਿਆਵਾਂ ਨੂੰ ਉਭਾਰਨ ਦਾ ਸ਼ਲਾਘਾਯੋਗ ਕਦਮ ਇਸ ਨਾਟਕ ਨਾਲ ਕੀਤਾ ਹੈ। ਸਥਾਨਕ ਗੋਰੇ ਪਰਿਵਾਰ ਵੀ ਨਾਟਕ ਦੇਖਣ ਆਏ ਹੋਏ ਸਨ। ਇਉਂ 'ਡਾਲਰਾਂ ਦੀ ਬੁਘਨੀ' ਨਾਟਕ ਮੰਚਨ ਹਿੰਦੂ, ਮੁਸਲਿਮ, ਸਿੱਖ, ਈਸਾਈ ਸਮਾਜਾਂ ਦਾ ਸੰਗਮ ਹੋ ਨਿਬੜਿਆ। ਪੰਜਾਬੀ ਕਾਰੋਬਾਰੀਆਂ ਵੱਲੋਂ ਸਪਾਂਸਰ ਕਰਨ ਕਰ ਕੇ ਦਰਸ਼ਕਾਂ ਲਈ ਐਂਟਰੀ ਫਰੀ ਰੱਖੀ ਗਈ ਸੀ।

ਜ਼ਿਕਰਯੋਗ ਹੈ ਕਿ ਗਗਨਦੀਪ ਸਿੰਘ ਬਾਛਲ ਨੇ ਬੀ.ਟੈਕ. ਕਰਨ ਉਪਰੰਤ ਅਮਰੀਕਾ ਦੀ ਯੂਨੀਵਰਸਿਟੀ ਆਫ ਮੈਰੀਲੈਂਡ ਕਾਲਜ ਪਾਰਕ ਤੋਂ ਐਮ.ਟੈਕ. ਪਾਸ ਕੀਤੀ। ਉਹ ਇੰਜੀਨੀਅਰਿੰਗ ਦੀ ਔਖੀ ਪੜ੍ਹਾਈ ਦੌਰਾਨ ਵੀ ਥੀਏਟਰ ਨਾਲ ਜੁੜਿਆ ਰਿਹਾ। ਉਸ ਵਲੋਂ ਖੇਡੇ ਗਏ ਨਾਟਕ 'ਬੁੱਕਲ ਦੀ ਅੱਗ' ਨੇ ਯੂਨੀਵਰਸਿਟੀ ਵਿਚ ਪਹਿਲਾ ਸਥਾਨ ਹਾਸਲ ਕੀਤਾ ਸੀ। ਅਮਰੀਕਾ ਵਿਚ ਨੌਕਰੀ ਦੇ ਨਾਲ ਨਾਲ 'ਡੈਨਵਰ ਥੀਏਟਰ ਅਕੈਡਮੀ ਕਾਲੋਰਾਡੋ' ਤੋਂ ਇੰਗਲਿਸ਼ ਥੀਏਟਰ ਦੀਆਂ ਬਾਰੀਕੀਆਂ ਜਾਣਨ ਲਈ ਥੀਏਟਰ ਦੀ ਵਿਦਿਆ ਗ੍ਰਹਿਣ ਕੀਤੀ। ਇਹ ਨੌਜਵਾਨ ਕਲਾਕਾਰ/ਲੇਖਕ ਪੂਰੀ ਸੁਹਿਰਦਤਾ ਨਾਲ ਪੰਜਾਬੀ ਸਭਿਆਚਾਰ ਅਤੇ ਕਲਾ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਉਹ ਪੇਸ਼ੇ ਵਜੋਂ ਇੰਜੀਨੀਅਰ ਹੈ ਪਰ ਨਾਟਕ ਉਸ ਦੀ ਰੂਹ ਦੀ ਖੁਰਾਕ ਹੈ।


ਅਮਨਜੋਤ ਕੌਰ ਸੰਧੂ ਬਾਛਲ ਬੀ.ਟੈਕ. ਕਰਨ ਤੋਂ ਬਾਅਦ 'ਐਨ. ਆਈ. ਡੀ. ਅਹਿਮਦਾਬਾਦ' ਤੋਂ ਨਿਊਜ਼ ਮੀਡੀਆ ਵਿਸ਼ੇ ਵਿਚ ਮਾਸਟਰਜ਼ ਕਰਨ ਅਤੇ ਯੂਨੀਵਰਸਿਟੀ ਆਫ ਟੈਕਸਸ-ਔਸਟਿਨ ਤੋਂ ਐਮ. ਐਫ. ਏ. ਕਰਨ ਪਿਛੋਂ ਸੀਨੀਅਰ ਡਿਜ਼ਾਈਨਰ ਦੇ ਅਹੁਦੇ ਉਤੇ ਕਾਰਜਸ਼ੀਲ ਹੈ। ਉਸ ਨੇ 'ਡਾਲਰਾਂ ਦੀ ਬੁਘਨੀ' ਨਾਟਕ ਦੇ ਮੰਚਨ ਸਮੇਂ ਸਿਰਜਣਾਤਮਕ ਡਾਇਰੈਕਟਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਦਿਨ-ਰਾਤ ਇਕ ਕਰ ਕੇ ਨਾਟਕ ਦੇ ਵੱਖ ਵੱਖ ਦ੍ਰਿਸ਼ ਤਿਆਰ ਕਰਦਿਆਂ ਕਲਾਤਮਕ ਛੋਹਾਂ ਪ੍ਰਦਾਨ ਕੀਤੀਆਂ।









## ਡਾ. ਨਵਜੋਤ ਦਾਹੀਆ ਅਮਰੀਕਾ ਫੇਰੀ 'ਤੇ



**ਫਰੀਮਾਂਟ (ਬਿਊਰੋ):** ਪੰਜਾਬ ਵਿਚ ਸਿਹਤ ਸੇਵਾਵਾਂ ਦੇ ਖੇਤਰ ਦੇ ਨਾਲ ਨਾਲ ਸਮਾਜਕ ਤੇ ਭਾਈਚਾਰਕ ਕਾਰਜਾਂ ਵਿਚ ਸਰਗਰਮ ਡਾ. ਨਵਜੋਤ ਦਾਹੀਆ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਲਿੰਕ ਰੋਡ ਅਬਾਦਪੁਰਾ-ਲਾਜਪਤ ਨਗਰ, ਜਲੰਧਰ ਵਿਚ ਸਥਿਤ ਗਲੋਬਲ ਮਲਟੀ ਸਪੈਸ਼ਿਐਲਟੀ ਹਸਪਤਾਲ ਦੇ ਸੰਚਾਲਕ ਡਾ. ਦਾਹੀਆ ਹੱਡੀਆਂ, ਗੁਰਦਿਆਂ ਅਤੇ ਨਿਊਰੋ ਸਰਜਰੀ ਸਬੰਧੀ ਆਧੁਨਿਕ ਸਹੂਲਤਾਂ ਮੁਹੱਈਆ ਕਰ ਰਹੇ ਹਨ।

ਇਥੋਂ ਦੀ ਖੇਡ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਦੀ ਬੇਟੀ ਪ੍ਰਭਜੋਤ ਕੌਰ ਦੇ ਵਿਆਹ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਉਚੇਚਾ ਪੁੱਜੇ ਡਾ. ਦਾਹੀਆ ਨੇ ਕਿਹਾ ਕਿ ਉਹ ਆਪਣੇ ਸੁਭਾਅ ਮੁਤਾਬਿਕ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਇਕ ਭਰਾਤਰੀ ਭਾਵ ਵਾਲਾ ਮਾਹੌਲ ਦੇਣ ਦੀ ਹਮੇਸ਼ਾ ਕੋਸ਼ਿਸ਼ ਕਰਦੇ ਹਨ। ਡਾ. ਦਾਹੀਆ ਨਾਲ ਸੰਪਰਕ ਫੋਨ: 916-752-0178 ਰਾਹੀਂ ਕੀਤਾ ਜਾ ਸਕਦਾ ਹੈ।

## ਗਰੀਬਾਂ ਦੀ ਮੁਫਤ ਭੋਜਨ ਸਹੂਲਤ 'ਤੇ ਵੀ ਜੀ.ਐਸ.ਟੀ.

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਭੇਜ ਕੇ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਮੁਫਤ ਵੰਡਣ ਲਈ ਕੰਟੇਨਰ ਵਿਚ ਤਿਆਰ ਕੀਤੇ ਜਾਣ ਵਾਲੇ ਭੋਜਨ ਦੇ ਸਾਮਾਨ 'ਤੇ ਪੰਜ ਫੀਸਦੀ ਜੀ.ਐਸ.ਟੀ. ਤੁਰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਕੈਪਟਨ ਨੇ ਇਨ੍ਹਾਂ ਟੈਕਸਾਂ ਨੂੰ ਲੋਕਾਂ ਵਾਸਤੇ ਮਾਰੂ ਕਦਮ ਦੱਸਿਆ।ਉਨ੍ਹਾਂ ਨੇ ਅਮੀਰਾਂ ਅਤੇ ਗਰੀਬਾਂ ਵਿਚ ਪਾੜਾ ਵਧਣ ਦੇ ਨੁਕਤੇ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕਿਸਾਨ ਕਰਜ਼ੇ ਹੇਠ ਦੱਬੇ ਜਾ ਰਹੇ ਹਨ ਅਤੇ ਆਤਮ-ਹੱਤਿਆਵਾਂ ਜਿਹੇ ਕਦਮ ਚੁੱਕ ਰਹੇ ਹਨ, ਜਿਸ ਕਰ ਕੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਹੋਰ ਪ੍ਰੋਗਰਾਮ ਸ਼ੁਰੂ ਕਰਨ ਦੀ ਲੋੜ ਹੈ।

## ਆਦਮਪੁਰ ਹਵਾਈ ਅੱਡੇ ਦਾ ਨਾਂ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਰੱਖਣ ਦੀ ਸ਼ਲਾਘਾ

**ਫਰੀਮਾਂਟ (ਬਿਊਰੋ):** ਪੰਜਾਬ ਵਿਧਾਨ ਸਭਾ ਵਲੋਂ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਰੱਖਣ ਲਈ ਪਾਸ ਕੀਤੇ ਮਤੇ ਦੀ ਅਮਰੀਕਾ ਦੀਆਂ ਗੁਰੂ ਰਵਿਦਾਸ ਅਤੇ ਡਾ. ਬੀ. ਆਰ. ਅੰਬੇਡਕਰ ਸਭਾਵਾਂ, ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਭਰਪੂਰ ਸ਼ਲਾਘਾ ਕੀਤੀ ਹੈ। ਤਜਵੀਜ਼ ਮੁਤਾਬਕ ਇਸ ਹਵਾਈ ਅੱਡੇ ਨੂੰ ਕੌਮਾਂਤਰੀ ਦਰਜਾ ਦਿੱਤਾ ਜਾ ਰਿਹਾ ਹੈ।

ਪਿਟਸਬਰਗ ਗੁਰੂਘਰ ਤੋਂ ਫਕੀਰ ਚੰਦ ਮਹਿਮੀ, ਰਮੇਸ਼ ਸੁਮਨ ਤੇ ਸ਼ਸ਼ੀਪਾਲ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰੂ ਜੀ ਦੇ ਨਾਂ 'ਤੇ ਅਜਿਹਾ ਕਰਨ ਦੀ ਚਿਰੋਕਣੀ ਮੰਗ ਪੂਰੀ ਕੀਤੀ ਜਾ ਰਹੀ ਹੈ। ਰਾਮ ਮੂਰਤੀ ਸਰੋਏ, ਅਮਰੀਕ ਚੰਦ ਲਾਖਾ, ਵਿਨੋਦ ਕੁਮਾਰ ਚੁੰਬਰ, ਕੇਵਲ ਸਿੰਘ, ਧਰਮਪਾਲ ਝੰਮਟ, ਸੁੱਚਾ ਰਾਮ ਭਾਰਟਾ, ਰਾਮ ਕਿਸ਼ਮ ਬੋਲੀਨਾ ਆਦਿ ਨੇ ਕਿਹਾ ਕਿ ਕੇਂਦਰ ਨੂੰ ਇਸ ਮਤੇ ਨੂੰ ਪ੍ਰਵਾਨ ਕਰਦਿਆਂ ਗੁਰੂ ਰਵਿਦਾਸ ਜੀ ਪ੍ਰਤੀ ਸ਼ਰਧਾ ਜ਼ਾਹਰ ਕਰਨੀ ਚਾਹੀਦੀ ਹੈ।

## ਇਨਕੋਰ ਸੀਨੀਅਰ ਖੇਡਾਂ ਵਿਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ

**ਸੈਨ ਮਟੀਓ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਸਥਾਨਕ ਸੈਨ ਮਟੀਓ ਸਿਟੀ ਕਾਲਜ ਵਿਚ ਹੋਈਆਂ ਇਨਕੋਰ ਸੀਨੀਅਰ ਖੇਡਾਂ ਵਿਚ ਪੰਜ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ ਹਿੱਸਾ ਲਿਆ ਤੇ ਕੁਲ ਵੀਹ ਮੈਡਲ ਜਿੱਤੇ।

ਗੁਰਬਖਸ਼ ਸਿੱਧੂ, ਕਮਲਜੀਤ ਬੈਨੀਪਾਲ, ਰਣਧੀਰ ਵਿਰਕ ਅਤੇ ਸੁਖਨੈਣ ਸਿੰਘ ਨੇ ਛੋਟੀਆਂ ਦੌੜਾਂ, ਡਿਸਕਸ ਥਰੋ ਅਤੇ ਜੰਪ ਵਿਚ ਮੈਡਲ ਜਿੱਤੇ ਜਦਕਿ ਜਗਤਾਰ ਸਿੰਘ ਨੇ ਭਾਰ ਚੁੱਕਣ ਵਿਚ ਮੈਡਲ ਹਾਸਲ ਕੀਤੇ। ਕਮਲਜੀਤ ਬੈਨੀਪਾਲ, ਗੁਰਬਖਸ਼ ਸਿੱਧੂ ਤੇ ਸੁਖਨੈਣ ਸਿੰਘ ਫਰਿਜ਼ਨੋ ਸ਼ਹਿਰ ਦੇ ਨਿਵਾਸੀ ਹਨ, ਜਦਕਿ ਰਣਧੀਰ ਸਿੰਘ ਵਿਰਕ ਤੇ ਜਗਤਾਰ ਸਿੰਘ ਰੀਨੋ (ਨੇਵਾਡਾ) ਤੋਂ ਪਹੁੰਚੇ।




ਜਿਕਰਯੋਗ ਹੈ ਕਿ ਫਰਿਜ਼ਨੋ ਨਿਵਾਸੀ ਸੁਖਨੈਣ ਸਿੰਘ, ਕਮਲਜੀਤ ਬੈਨੀਪਾਲ ਤੇ ਗੁਰਬਖਸ਼ ਸਿੱਧੂ ਪਹਿਲਾਂ ਵੀ ਸੀਨੀਅਰ ਖੇਡਾਂ ਵਿਚ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਂ ਉਚਾ ਕਰ ਚੁਕੇ ਹਨ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸ਼ਹੀਦੀ ਸਮਾਗਮ ਮੌਕੇ ਕੈਲੀਫੋਰਨੀਆ ਦੇ ਪਾਰਟੀ ਢਾਂਚੇ ਦਾ ਐਲਾਨ



**ਟੂਲੈਰੀ, ਕੈਲੀਫੋਰਨੀਆ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਯੂਨਿਟ ਵੱਲੋਂ ਬੀਤੇ ਐਤਵਾਰ ਇਥੇ ਗੁਰਦੁਆਰਾ ਦਸ਼ਮੇਸ ਦਰਬਾਰ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਅਤੇ ਬੇਅੰਤ ਸਿੰਘ, ਸਤਵੰਤ ਸਿੰਘ ਤੇ ਪੰਥ ਲਈ ਜਾਨਾਂ ਵਾਰਨ ਵਾਲੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਹੋਈਆਂ। ਸ਼ਹੀਦਾਂ ਨਮਿਤ ਪਾਠ ਦੀ ਸੇਵਾ ਗੁਰਸਿੱਖ ਬਲਵਿੰਦਰ ਸਿੰਘ ਤੇ ਪਰਿਵਾਰ ਵੱਲੋਂ ਲਈ ਗਈ। ਪੰਥ ਪ੍ਰਸਿੱਧ ਕਵੀਸ਼ਰ ਸਰਵਣ ਸਿੰਘ ਦੇ ਜਥੇ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਪਾਰਟੀ ਪ੍ਰਧਾਨ ਤਰਸੇਮ ਸਿੰਘ ਖਾਲਸਾ ਨੇ ਪਾਰਟੀ ਦੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਜਿਸ ਅਨੁਸਾਰ ਗੁਰਜੀਤ ਸਿੰਘ ਟਰਲਕ ਸੀਨੀਅਰ ਮੀਤ ਪ੍ਰਧਾਨ, ਸਰਬਜੀਤ ਸਿੰਘ ਮੀਤ ਪ੍ਰਧਾਨ, ਭਗਵੰਤ ਸਿੰਘ ਸਲੀਨਸ ਤੇ ਸੁਰਜੀਤ ਸਿੰਘ ਟਰਲਕ ਜਨਰਲ ਸਕੱਤਰ, ਅਰਵਿੰਦਰ ਸਿੰਘ ਬਟਾਲਾ ਸੀਨੀਅਰ ਮੀਤ ਪ੍ਰਧਾਨ, ਪਰਮਿੰਦਰ ਸਿੰਘ ਟੂਲੈਰੀ ਤੇ ਸੁਰਿੰਦਰ ਸਿੰਘ ਸੱਦੋਵਾਲ ਮੀਤ ਪ੍ਰਧਾਨ; ਬਲਵਿੰਦਰ ਸਿੰਘ ਫਰਿਜ਼ਨੋ, ਗੁਰਨਾਮ ਸਿੰਘ ਭੰਡਾਲ ਤੇ ਹਰਦੀਪ ਸਿੰਘ ਚੀਮਾ ਪ੍ਰਚਾਰ ਸਕੱਤਰ; ਗੁਰਜੀਤ ਸਿੰਘ ਝਾਮਪੁਰ ਮੀਡੀਆ ਸੈਕਟਰੀ, ਦਰਬਾਰਾ ਸਿੰਘ ਕਰਨਾਲ ਜਨਰਲ ਸਕੱਤਰ ਤੋਂ ਇਲਾਵਾ ਦਲਜੀਤ ਸਿੰਘ ਯੂਬਾ ਸਿਟੀ, ਅਜੈਬ ਸਿੰਘ, ਸੁਖਵਿੰਦਰ ਸਿੰਘ ਜੱਸੜ, ਹਰਪ੍ਰੀਤ ਸਿੰਘ ਸਟਾਕਟਨ, ਗੁਰਮੇਲ ਸਿੰਘ ਸੰਘਾ, ਗੁਰਦੀਪ ਸਿੰਘ ਬਦੇਸ਼ਾ, ਕੁਲਵਿੰਦਰ ਸਿੰਘ ਮਾਨ ਯੂਬਾ ਸਿਟੀ ਐਗਜੈਕਟਿਵ ਕਮੇਟੀ ਮੈਂਬਰ ਬਣਾਏ ਗਏ। ਗੁਲਜ਼ਾਰ ਸਿੰਘ ਸੀਨੀਅਰ ਵਰਕਿੰਗ ਕਮੇਟੀ ਮੈਂਬਰ ਅਤੇ ਹਰਭਜਨ ਸਿੰਘ ਟੂਲੈਰੀ, ਬਲਵੰਤ ਸਿੰਘ ਟੂਲੈਰੀ, ਹਰਦੀਪ ਸਿੰਘ ਬੇਕਰਜ਼ਫੀਲਡ, ਅਮਰੀਕ ਸਿੰਘ ਅਤੇ ਤਾਰਾ ਸਿੰਘ ਬੇਕਰਜ਼ਫੀਲਡ ਵਰਕਿੰਗ ਕਮੇਟੀ ਮੈਂਬਰ ਬਣਾਏ ਗਏ। ਰਮਿੰਦਰਜੀਤ ਸਿੰਘ ਮਿੱਟੂ ਨੂੰ ਪਾਰਟੀ ਦੇ ਪੈਨਲ ਬੋਰਡ ਦਾ ਮੈਂਬਰ ਬਣਨ 'ਤੇ ਗੁਰੂ ਘਰ ਵੱਲੋਂ ਸਿਰੋਪੇ ਦੀ ਬਖਸ਼ਿਸ਼ ਕੀਤੀ ਗਈ।

ਸਮਾਗਮ ਨੂੰ ਜਿਨ੍ਹਾਂ ਬੁਲਾਰਿਆਂ ਨੇ ਸੰਬੋਧਨ ਕੀਤਾ, ਉਨ੍ਹਾਂ ਵਿਚ ਜੀਤ ਸਿੰਘ ਆਲੋਅਰਖ, ਬੀਬੀ ਗੁਰਦੀਪ ਕੌਰ, ਗੁਰਜੀਤ ਸਿੰਘ ਝਾਮਪੁਰ, ਪ੍ਰੀਤਮ ਸਿੰਘ ਜੋਗਾਨੰਗਲ, ਦਲਜੀਤ ਸਿੰਘ ਬੇਕਰਜ਼ਫੀਲਡ, ਤਾਰਾ ਸਿੰਘ ਬੇਕਰਜ਼ਫੀਲਡ, ਅਰਵਿੰਦਰ ਸਿੰਘ ਬਟਾਲਾ, ਅਮਰੀਕ ਸਿੰਘ ਖਾਲਿਸਤਾਨੀ, ਜਥੇਦਾਰ ਸੁਲੱਖਣ ਸਿੰਘ ਨਿਵਾਜੀਪੁਰ ਅਤੇ ਹਰਭਜਨ ਸਿੰਘ ਦਸੂਹਾ ਦੇ ਨਾਂ ਸ਼ਾਮਲ ਹਨ। ਸਟੇਜ ਦੀ ਸੇਵਾ ਭਾਈ ਜਤਿੰਦਰ ਸਿੰਘ ਫਰਿਜ਼ਨੋ ਨੇ ਬਾਖੂਬੀ ਨਿਭਾਈ।

ਆਈਆਂ ਸੰਗਤਾਂ ਦਾ ਜਥੇਦਾਰ ਤਰਸੇਮ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਸੋਚ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿਚੋਂ ਮਿਟਣ ਨਹੀਂ ਦਿੱਤਾ ਜਾਵੇਗਾ। ਅਸੀਂ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਵਚਨਬੱਧ ਹਾਂ।

## ਪੰਜਾਬੀ ਨੌਜਵਾਨ ਦੀ ਹੱਤਿਆ

**ਮਿਸੀਸਿਪੀ:** ਲੁਟੇਰਿਆਂ ਨੇ ਜੈਕਸਨ ਸ਼ਹਿਰ ਵਿਚ ਗੋਲੀਆਂ ਮਾਰ ਕੇ ਪੰਜਾਬੀ ਨੌਜਵਾਨ ਸੰਦੀਪ ਸਿੰਘ ਦੀ ਹੱਤਿਆ ਕਰ ਦਿੱਤੀ। ਉਹ ਚਾਰ ਸਾਲ ਪਹਿਲਾਂ ਅਮਰੀਕਾ ਗਿਆ ਸੀ। ਸੰਦੀਪ ਅਮਰੀਕਾ ਦੇ ਸ਼ਹਿਰ ਜੈਕਸਨ (ਮਿਸੀਸਿਪੀ) ਵਿਚ ਆਪਣੇ ਰਿਸ਼ਤੇਦਾਰ ਸ਼ਰਨਜੀਤ ਸਿੰਘ ਨਾਲ ਜਨਰਲ ਸਟੋਰ ਉਤੇ ਕੰਮ ਕਰਦਾ ਸੀ। ਜਦੋਂ ਉਹ ਕਾਰ ਵਿਚ ਘਰ ਜਾ ਰਹੇ ਸਨ ਤਾਂ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਕੋਲੋਂ ਪੈਸੇ ਤੇ ਮੋਬਾਈਲ ਖੋਹ ਲਏ ਅਤੇ ਗੋਲੀਆਂ ਚਲਾਉਣ ਲੱਗ ਪਏ। ਇਕ ਗੋਲੀ ਸੰਦੀਪ ਨੂੰ ਲੱਗੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੰਦੀਪ ਪਰਿਵਾਰ ਵਿਚ ਇਕਲੌਤਾ ਪੁੱਤਰ ਸੀ।

## ਸੂ ਕੀ ਤੋਂ ਆਕਸਫੋਰਡ ਐਵਾਰਡ ਖੋਹਿਆ

**ਲੰਡਨ:** ਮਿਆਂਮਾਰ ਦੀ ਆਗੂ ਆਂਗ ਸਾਨ ਸੂ ਕੀ ਤੋਂ ਰੋਹਿੰਗਿਆ ਰਿਫਿਊਜੀ ਮਾਮਲੇ ਨੂੰ ਸੁਲਝਾਉਣ ਲਈ ਕੋਈ ਕੰਮ ਨਾ ਕਰਨ ਕਰ ਕੇ ਫਰੀਡਮ ਆਫ ਆਕਸਫੋਰਡ ਐਵਾਰਡ ਵਾਪਸ ਲੈ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਮਿਆਂਮਾਰ ਫੌਜ ਦੀ ਕਾਰਵਾਈ ਕਾਰਨ ਛੇ ਲੱਖ ਰੋਹਿੰਗਿਆ ਮੁਸਲਮਾਨਾਂ ਨੂੰ ਦੇਸ਼ ਛੱਡ ਕੇ ਬੰਗਲਾਦੇਸ਼ ਜਾਣਾ ਪਿਆ ਹੈ।

ਆਕਸਫੋਰਡ ਸ਼ਹਿਰੀ ਕੌਂਸਲ ਨੇ 72 ਸਾਲਾ ਸੂ ਕੀ ਨੂੰ 1997 ਵਿਚ ਦਿੱਤੇ ਗਏ ਐਵਾਰਡ ਨੂੰ ਵਾਪਸ ਲੈਣ ਲਈ ਸਰਬਸੰਮਤੀ ਨਾਲ ਵੋਟਿੰਗ ਕੀਤੀ। ਕੌਂਸਲ ਨੇ ਕਿਹਾ ਕਿ ਸੂ ਕੀ ਨੂੰ ਇਹ ਐਵਾਰਡ ਮਿਆਂਮਾਰ ਵਿਚਲੇ ਫੌਜੀ ਸ਼ਾਸਨ ਦਾ ਵਿਰੋਧ ਕਰਨ ਲਈ ਦਿੱਤਾ ਗਿਆ ਸੀ ਪਰ ਹੁਣ ਉਨ੍ਹਾਂ ਦਾ ਅਜਿਹੀ ਕਾਰਵਾਈ ਵਿਚ ਸ਼ਾਮਲ ਹੋਣਾ ਸ਼ਹਿਰ ਦੇ ਮਾਣ ਸਨਮਾਨ ਨੂੰ ਖਤਮ ਕਰ ਦੇਵੇਗਾ।









# ਸਿਰੇ ਦਾ ਐਸ਼ਪ੍ਰਸਤ ਸੀ ਡੇਰਾ ਸਿਰਸਾ ਮੁਖੀ ਰਾਮ ਰਹੀਮ

**ਚੰਡੀਗੜ੍ਹ:** ਡੇਰਾ ਸਿਰਸਾ ਵਿਚ ਚਲਾਈ ਗਈ ਤਲਾਸ਼ੀ ਮੁਹਿੰਮ ਦੀ ਰਿਪੋਰਟ ਵਿਚ ਕਈ ਅਹਿਮ ਖੁਲਾਸੇ ਹੋਏ ਹਨ। ਕੋਰਟ ਕਮਿਸ਼ਨਰ ਏ.ਕੇ. ਪੰਵਾਰ ਨੇ ਹਾਈ ਕੋਰਟ ਨੂੰ ਇਹ ਤਲਾਸ਼ੀ ਰਿਪੋਰਟ ਸੌਂਪੀ ਸੀ ਤੇ ਤਿੰਨ ਦਿਨ ਤੱਕ ਡੇਰੇ 'ਚ ਚੱਲੀ ਤਲਾਸ਼ੀ ਮੁਹਿੰਮ ਦੌਰਾਨ ਟੀਮਾਂ ਨੂੰ ਉਥੋਂ ਕੀ ਕੁਝ ਮਿਲਿਆ ਤੇ ਉਨ੍ਹਾਂ 'ਚ ਕੀ ਕੁਝ ਇਤਰਾਜ਼ਯੋਗ ਸੀ, ਦਾ ਵੀ ਖੁਲਾਸਾ ਹੋਇਆ ਹੈ।

ਰਿਪੋਰਟ ਦਾ ਅਧਿਐਨ ਕਰਨ ਤੋਂ ਇਕ ਗੱਲ ਤਾਂ ਪੂਰੀ ਤਰ੍ਹਾਂ ਸਾਫ ਹੋ ਗਈ ਹੈ ਕਿ ਰਾਮ ਰਹੀਮ ਨਾ ਸਿਰਫ ਸ਼ਾਹੀ ਜ਼ਿੰਦਗੀ ਜਿਉਂਦਾ ਸੀ ਸਗੋਂ ਉਸ ਦੇ ਤਿੰਨ ਮੰਜ਼ਿਲਾ ਨਿਵਾਸ ਜਿਸ ਨੂੰ 'ਤੇਰਾਵਾਸ' ਨਾਂ ਦਿੱਤਾ ਗਿਆ ਸੀ, ਸਾਰੀਆਂ ਸੁੱਖ ਸਹੂਲਤਾਂ ਨਾਲ ਲੈਸ ਸੀ ਤੇ ਉਥੇ ਉਸ ਦੇ ਪੀਣ ਲਈ ਪਾਣੀ ਦੀਆਂ ਬੋਤਲਾਂ ਵੀ ਵਿਦੇਸ਼ਾਂ ਤੋਂ ਆਉਂਦੀਆਂ ਸਨ। ਡੇਰਾ ਮੁਖੀ ਦੀ ਰਿਹਾਇਸ਼ ਨੂੰ ਪੂਰੀ ਤਰ੍ਹਾਂ ਬੁਲੇਟ ਪਰੂਫ ਬਣਾਇਆ ਗਿਆ ਸੀ ਤੇ ਉਥੋਂ ਦੀਆਂ ਖਿੜਕੀਆਂ ਉਤੇ ਵੀ ਬੁਲੇਟ ਪਰੂਫ ਸ਼ੀਸ਼ੇ ਲੱਗੇ ਹੋਏ ਸਨ। ਤਲਾਸ਼ੀ ਦੌਰਾਨ ਬੈਂਕ ਚੈੱਕ ਬੁੱਕ, ਪਾਸ ਬੁੱਕ, ਅਲਕੋਹਲ ਦੀ ਮਾਤਰਾ ਮਾਪਣ ਵਾਲੇ ਯੰਤਰ, ਏ.ਕੇ. 47 ਦੇ ਬੁਲੇਟ ਜਾਰਜਰ ਕਲਿੱਪ, ਮੁਬਾਈਲ ਫੋਨ ਤੇ ਭਾਰੀ ਮਾਤਰਾ 'ਚ ਕੰਪਿਊਟਰ ਲੈਪਟਾਪ ਵੀ ਮਿਲੇ ਹਨ।

ਜਾਂਚ ਦੌਰਾਨ ਰਾਮ ਰਹੀਮ ਦੇ ਆਲੀਸ਼ਾਨ ਕਮਰੇ 'ਚ ਵੀ ਸੈਂਕੜੇ ਪੋਸ਼ਾਕਾਂ, ਜੁੱਤੀਆਂ, ਮਹਿੰਗੇ ਸੈਂਟ, ਮਸਾਜ ਦਾ ਸਾਮਾਨ, ਵਿਦੇਸ਼ੀ ਪਾਣੀ ਦੀਆਂ ਬੋਤਲਾਂ, ਰਾਜਸੀ ਠਾਠ-ਬਾਠ ਵਾਲਾ ਸਾਰਾ ਸਾਮਾਨ, ਓਬੀ ਵੈਨ, ਬੁਲੇਟ ਪਰੂਫ ਵਿਦੇਸ਼ੀ ਗੱਡੀ, ਰਾਜਿਆਂ ਵਾਲੀਆਂ ਪੋਸ਼ਾਕਾਂ, ਸਾਧਵੀਆਂ ਦੇ ਹੋਸਟਲ ਨਾਲ ਖੁੱਲ੍ਹਣ ਵਾਲੀ ਖਿੜਕੀ, ਬਗੀਚੇ ਵੱਲ ਜਾਣ ਵਾਲੀ ਗੁਫਾ ਤੇ ਹੋਰ ਕਾਫੀ ਸਾਮਾਨ ਮਿਲਿਆ ਹੈ।

### ਤਲਾਸ਼ੀ ਮੁਹਿੰਮ ਨੇ ਖੋਲ੍ਹੇ ਡੇਰੇ ਵਿਚਲੇ ਰਾਜ਼



ਤਲਾਸ਼ੀ ਦੌਰਾਨ ਡੇਰੇ ਦੇ ਹਸਪਤਾਲ, ਸਿੱਖਿਆ ਸੰਸਥਾਵਾਂ, ਤਕਨੀਕੀ ਤੇ ਪ੍ਰਬੰਧਕੀ ਸੰਸਥਾਵਾਂ, ਲੜਕੀਆਂ ਤੇ ਲੜਕਿਆਂ ਦੇ ਸਕੂਲਾਂ ਦਾ ਵੀ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਗੱਲ ਦਾ ਪਤਾ ਲਾਏ ਜਾਣ ਦੀ ਜ਼ਰੂਰਤ ਹੈ ਕਿ ਇਹ ਸਾਰੀਆਂ ਸੰਸਥਾਵਾਂ ਕਾਨੂੰਨੀ ਨਿਯਮਾਂ ਤੇ ਇਜਾਜ਼ਤ ਨਾਲ ਚਲਾਈਆਂ ਜਾ ਰਹੀਆਂ ਹਨ ਜਾਂ ਨਹੀਂ। ਨਾਲ ਹੀ ਇਨ੍ਹਾਂ ਸੰਸਥਾਵਾਂ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਤੇ ਮਰੀਜ਼ਾਂ ਦੇ ਹਿੱਤਾਂ ਬਾਰੇ ਵੀ ਕੁਝ ਪ੍ਰਬੰਧ ਕੀਤੇ ਜਾਣ ਦੀ ਜ਼ਰੂਰਤ ਦੱਸੀ ਗਈ ਹੈ। ਤਲਾਸ਼ੀ ਦੌਰਾਨ ਡੇਰੇ 'ਚ ਭਾਰੀ ਗਿਣਤੀ ਵਿਚ ਵਾਹਨ ਪਾਏ ਤੇ ਇਨ੍ਹਾਂ ਵਾਹਨਾਂ ਦੀ ਖੇਤਰੀ ਟਰਾਂਸਪੋਰਟ ਅਥਾਰਿਟੀ ਤੋਂ ਜਾਂਚ ਕਰਵਾਉਣ ਲਈ ਵੀ ਕਿਹਾ ਗਿਆ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਡੇਰਾ ਸੱਚਾ ਸੌਦਾ ਪ੍ਰਬੰਧਕ ਇਨ੍ਹਾਂ ਵਾਹਨਾਂ ਦੇ ਮਾਲਕਾਂ ਬਾਰੇ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ ਤੇ ਸੈਕਟਰ-2 ਦੀ ਟੀਮ ਵੱਲੋਂ ਡੇਰੇ 'ਚ ਪਾਈ ਗਈ ਆਊਟਸਾਈਡ ਬ੍ਰਾਡ-ਕਾਸਟਿੰਗ (ਓਬੀ ਵੈਨ) ਨੂੰ ਕਬਜ਼ੇ 'ਚ ਲਿਆ ਹੈ ਤੇ ਇਸ ਗੱਲ ਦੀ ਵੀ ਪੜਤਾਲ ਕਰਵਾਏ ਜਾਣ ਦੀ ਜ਼ਰੂਰਤ ਹੈ ਕਿ ਕਿਧਰੇ ਇਸ ਵੈਨ ਰਾਹੀਂ ਵਿਦੇਸ਼ਾਂ 'ਚ ਕੋਈ ਗੁਪਤ ਸੂਚਨਾਵਾਂ ਤਾਂ ਨਹੀਂ ਭੇਜੀਆਂ ਜਾ ਰਹੀਆਂ ਸਨ। ਰਿਪੋਰਟ ਵਿਚ ਅਦਾਲਤ ਨੂੰ ਕਿਹਾ ਗਿਆ ਹੈ ਕਿ ਜੇਕਰ ਉਹ ਉਚਿਤ ਸਮਝੇ ਤਾਂ ਇਸ ਮਾਮਲੇ ਦੀ ਐਸ.ਐਸ.ਪੀ. ਸਿਰਸਾ ਰਾਹੀਂ ਜਾਂਚ ਕਰਵਾ ਲਈ ਜਾਵੇ ਕਿ ਕਿਧਰੇ ਸੁਰੱਖਿਆ ਮਾਮਲਿਆਂ ਨਾਲ ਤਾਂ ਇਸ ਦਾ ਕੋਈ ਸਬੰਧ ਨਹੀਂ ਹੈ ਤੇ ਇਸ ਵਾਹਨ ਦਾ ਮਾਲਕ ਕੌਣ ਹੈ ਤੇ ਵਰਤੋਂ ਕਰਨ ਲਈ ਕੀ ਜ਼ਰੂਰੀ ਲਾਇਸੰਸ ਲਿਆ ਗਿਆ ਹੈ।

### ਡੇਰੇ 'ਚ ਬਿਨਾ ਲਾਇਸੈਂਸ ਚੱਲਦਾ ਸੀ ਹਸਪਤਾਲ

**ਚੰਡੀਗੜ੍ਹ:** ਹਰਿਆਣਾ ਦੇ ਜ਼ਿਲ੍ਹਾ ਸਿਰਸਾ ਵਿੱਚ ਡੇਰਾ ਸਿਰਸਾ ਵੱਲੋਂ ਚਲਾਏ ਜਾ ਰਹੇ ਸ਼ਾਹ ਸਤਨਾਮਜੀ ਸਪੈਸ਼ਲਟੀ ਹਸਪਤਾਲ ਕੋਲ ਰਜਿਸਟਰੇਸ਼ਨ ਲਾਇਸੈਂਸ ਨਹੀਂ ਸੀ ਅਤੇ ਇਥੇ ਬਿਨਾਂ ਢੁਕਵੀਂ ਮਨਜ਼ੂਰੀ ਤੋਂ ਅੰਗ ਦਾਨ ਹੁੰਦਾ ਸੀ। ਡੇਰੇ ਦੀ ਤਲਾਸ਼ੀ ਦੌਰਾਨ ਇਸ ਹਸਪਤਾਲ ਵਿਚ ਕਈ ਬੇਨੇਮੀਆਂ ਸਾਹਮਣੇ ਆਈਆਂ।

ਜ਼ਿਕਰਯੋਗ ਹੈ ਕਿ ਡੇਰੇ 'ਚ ਕੀਤੀ ਤਲਾਸ਼ੀ ਮੁਹਿੰਮ ਦੀ ਵੀਡੀਓਗ੍ਰਾਫੀ ਕੀਤੀ ਗਈ ਹੈ। ਰਾਮ ਰਹੀਮ ਦੀ ਰਿਹਾਇਸ਼ 'ਤੇ ਤਲਾਸ਼ੀ ਮੁਹਿੰਮ ਚਲਾਉਣ ਵਾਲੇ ਭਿਵਾਨੀ ਦੇ ਐਸ.ਪੀ. ਸੁਰਿੰਦਰ ਸਿੰਘ ਭੋਰੀਆ ਨਾਲ ਡਿਊਟੀ ਮੈਜਿਸਟ੍ਰੇਟ ਦੇ ਤੌਰ 'ਤੇ ਕਾਲਾਂਵਾਲੀ ਦੇ ਤਹਿਸੀਲਦਾਰ ਛੋਟੂ ਰਾਮ ਨੂੰ ਲਾਇਆ ਗਿਆ ਸੀ। ਇਸ ਟੀਮ ਨੇ ਆਪਣੀ ਰਿਪੋਰਟ 'ਚ ਦੱਸਿਆ ਕਿ ਰਾਮ ਰਹੀਮ ਦੇ ਬੈੱਡ-ਰੂਮ ਵਿਚ 6 ਬੁਲੇਟ ਪਰੂਫ ਸ਼ੀਸ਼ੇ ਵਾਲੀਆਂ ਖਿੜਕੀਆਂ ਲੱਗੀਆਂ ਹੋਈਆਂ ਹਨ ਤੇ ਕਮਰੇ 'ਚ ਲੱਕੜੀ ਦੀਆਂ 21 ਵੱਡੀਆਂ ਅਲਮਾਰੀਆਂ ਜਿਨ੍ਹਾਂ ਹੇਠਾਂ ਰੈਕ ਤੇ ਉਪਰ ਅਲਮਾਰੀਆਂ ਬਣੀਆਂ ਹੋਈਆਂ ਹਨ। ਤਲਾਸ਼ੀ ਮੁਹਿੰਮ ਦੌਰਾਨ ਦਰਜਨਾਂ ਬ੍ਰੀਫ ਕੇਸ, ਕੰਪਿਊਟਰ, ਹਾਰਡ ਡਿਸਕ, ਪੈੱਨ ਡਰਾਈਵਸ, ਲੈਪਟਾਪ, ਪ੍ਰੋਜੈਕਟਰ ਅਤੇ ਨਵੀਂ ਤੇ ਪੁਰਾਣੀ ਹਜ਼ਾਰਾਂ ਰੁਪਏ ਦੀ ਕਰੰਸੀ ਵੀ ਮਿਲੀ ਹੈ।

## ਗੈਂਗਸਟਰ ਭਾਨਾ ਦੇ ਸਾਥੀ ਅਸ਼ੋਕ ਹੈਪੀ ਦਾ ਕਤਲ

**ਜਲੰਧਰ:** ਗੈਂਗਸਟਰ ਦਲਜੀਤ ਸਿੰਘ ਭਾਨਾ ਦੇ ਸਾਥੀ ਰਹੇ ਅਸ਼ੋਕ ਕੁਮਾਰ ਹੈਪੀ ਦਾ ਸ਼ਰੇਆਮ ਬਸਤੀ ਇਲਾਕੇ 'ਚ ਸਬਜ਼ੀ ਮੰਡੀ ਨੇੜੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।

ਬਸਤੀ ਦਾਨਿਸ਼ਮੰਦਾਂ ਦਾ ਰਹਿਣ ਵਾਲਾ ਹੈਪੀ ਦੋਸਤ ਨਾਲ ਬਾਬੂ ਜਗਜੀਵਨ ਚੌਕ ਨੇੜੇ ਸਬਜ਼ੀ ਮੰਡੀ ਆ ਰਿਹਾ ਸੀ, ਇਸੇ ਦੌਰਾਨ ਕੁਝ ਹਮਲਾਵਰਾਂ ਨੇ ਉਸ ਉਤੇ ਹਮਲਾ ਕਰ ਦਿੱਤਾ। ਹਮਲਾਵਰਾਂ ਦੇ ਮੂੰਹ ਬੰਨ੍ਹੇ ਹੋਏ ਸਨ। ਉਨ੍ਹਾਂ ਨੇ ਹੈਪੀ ਦੇ ਸਿਰ 'ਤੇ ਕਈ ਵਾਰ ਕੀਤੇ ਅਤੇ ਮੌਕੇ ਤੋਂ ਫਰਾਰ ਹੋ ਗਏ।

## ਹੁਣ ਕਰਨਾ ਹੀ ਪਵੇਗਾ ਲੋਕ ਨੁਮਾਇੰਦਿਆਂ ਦਾ ਸਤਿਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਿਸ ਅਧਿਕਾਰੀਆਂ ਨੂੰ ਸਪਸ਼ਟ ਕੀਤਾ ਹੈ ਕਿ ਵਿਧਾਇਕਾਂ ਸਮੇਤ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਮਾਣ-ਸਤਿਕਾਰ ਵਿਚ ਕਮੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਸਬੰਧੀ ਸ਼ਿਕਾਇਤਾਂ ਮਿਲਣ ਤੋਂ ਬਾਅਦ ਮੁੱਖ ਮੰਤਰੀ ਨੇ ਇਹ ਚਿਤਾਵਨੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਪਿਛਲੇ ਦਿਨੀਂ ਵਿਧਾਇਕਾਂ ਦੇ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿਚ ਮੁੱਖ ਮੰਤਰੀ ਕੋਲ ਇਸ ਦਾ ਗਿਲਾ ਕਰਦਿਆਂ ਫੌਰੀ ਕਦਮ ਚੁੱਕਣ ਦੀ ਲੋੜ ਜਤਾਈ ਸੀ। ਪੁਲਿਸ ਅਧਿਕਾਰੀਆਂ ਦੀ ਉਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਮੌੜ ਬੰਬ ਧਮਾਕੇ, ਮਾਤਾ ਚੰਦ ਕੌਰ ਦੀ ਹੱਤਿਆ ਅਤੇ ਲੁਧਿਆਣਾ ਵਿਖੇ ਢੰਡਰੀਆਂਵਾਲਾ ਉਤੇ ਹੋਏ ਹਮਲੇ ਦੇ ਮਾਮਲਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਕਿਹਾ।

# ਪਾਕਿਸਤਾਨ ਨੇ ਸਬਜ਼ੀਆਂ ਪਿੱਛੋਂ ਭਾਰਤੀ ਮਸਾਲਿਆਂ ਤੋਂ ਵੀ ਮੂੰਹ ਮੋੜਿਆ

**ਚੰਡੀਗੜ੍ਹ:** ਸਬਜ਼ੀਆਂ ਅਤੇ ਸੋਇਆਬੀਨ ਦੀ ਦਰਾਮਦ 'ਤੇ ਰੋਕ ਲਾਉਣ ਤੋਂ ਬਾਅਦ ਹੁਣ ਪਾਕਿਸਤਾਨ ਸਰਕਾਰ ਨੇ ਭਾਰਤ ਤੋਂ ਦਰਾਮਦ ਕੀਤੇ ਜਾਣ ਵਾਲੇ ਮਸਾਲਿਆਂ ਤੇ ਮੂੰਗਫਲੀ ਉਤੇ ਵੀ ਰੋਕ ਲਗਾ ਦਿੱਤੀ ਹੈ।



ਪਾਕਿਸਤਾਨ, ਭਾਰਤ ਦੇ ਵਪਾਰੀਆਂ ਨੂੰ ਝਟਕੇ ਤੋਂ ਬਾਅਦ ਝਟਕੇ ਦਿੰਦਾ ਹੋਇਆ ਕੌਮਾਂਤਰੀ ਵਪਾਰ ਸੰਧੀ ਦੀਆਂ ਲਗਾਤਾਰ ਧੱਜੀਆਂ ਉਡਾ ਰਿਹਾ ਹੈ। ਇਹ ਚੀਜ਼ਾਂ ਮੁੰਬਈ ਤੋਂ ਕਰਾਚੀ ਅਤੇ ਅਟਾਰੀ ਤੋਂ ਵਾਹਗਾ (ਲਾਹੌਰ) ਸਟੇਸ਼ਨਾਂ ਉਤੇ ਰੇਲਾਂ ਰਾਹੀਂ ਭੇਜੀ ਜਾਂਦੀਆਂ ਹਨ। ਪਿਛਲੇ ਇਕ ਹਫਤੇ ਤੋਂ ਪਾਕਿਸਤਾਨ ਦੇ ਦੋਵਾਂ ਰੇਲਵੇ ਸਟੇਸ਼ਨਾਂ ਤੋਂ ਕਿਸੇ ਵੀ ਭਾਰਤੀ ਮਾਲ ਨੂੰ ਪਾਸ ਕਰਨ ਤੋਂ ਬਾਅਦ ਬਾਹਰ ਬਾਜ਼ਾਰ ਨਹੀਂ ਭੇਜਿਆ ਗਿਆ। ਫੈਡਰੇਸ਼ਨ ਆਫ ਕਰਿਆਨਾ ਐਂਡ ਡਰਾਈ ਫਰੂਟ ਕਮਰਸ਼ੀਅਲ ਐਸੋਸੀਏਸ਼ਨ ਦੇ ਪ੍ਰਧਾਨ ਅਨਿਲ ਮਹਿਰਾ ਨੇ ਦੱਸਿਆ ਕਿ ਇਧਰੋਂ ਮਸਾਲਿਆਂ 'ਚ ਵੱਡੀ ਇਲਾਚੀ, ਲਾਲ ਮਿਰਚ, ਸਤਇਸਬਗੋਲ ਅਤੇ ਅੰਜ-ਕੱਲੂ ਵੱਡੇ ਪੱਧਰ ਉਤੇ ਭਾਰਤੀ ਮੂੰਗਫਲੀ ਪਾਕਿਸਤਾਨ ਨੂੰ ਭੇਜੀ ਜਾ ਰਹੀ ਹੈ। ਵਪਾਰੀਆਂ ਨੇ ਵੱਡੀ ਮਾਤਰਾ 'ਚ ਉਕਤ ਸਾਮਾਨ ਪਾਕਿ ਭੇਜਿਆ ਅਤੇ ਉਸ ਤੋਂ ਕਿਤੇ ਵੱਡੀ ਮਾਤਰਾ ਵਿਚ ਮਸਾਲੇ ਤੇ ਮੂੰਗਫਲੀ ਦਾ ਸਟਾਕ ਇਕੱਠਾ ਕੀਤਾ, ਤਾਂ ਕਿ ਆਉਣ ਵਾਲੇ ਦਿਨਾਂ ਵਿਚ ਇਸ ਨੂੰ ਪਾਕਿ 'ਚ ਬਰਾਮਦ ਕੀਤਾ ਜਾ ਸਕੇ। ਇਸ ਨਾਲ ਭਾਰਤੀ ਵਪਾਰੀਆਂ ਦਾ 200 ਕਰੋੜ ਰੁਪਏ ਤੋਂ 300 ਕਰੋੜ ਰੁਪਏ ਤੱਕ ਦਾ ਨੁਕਸਾਨ ਹੋਇਆ ਹੈ।

# ਪੰਜਾਬ 'ਚ ਔਰਤਾਂ ਵੀ ਨਸ਼ਾ ਤਸਕਰੀ ਦੇ ਰਾਹ ਪਈਆਂ

**ਬਠਿੰਡਾ:** ਫਾਜ਼ਿਲਕਾ ਦਾ ਪਿੰਡ ਸੁਖੇਰਾ ਬੋਦਲਾ ਹੁਣ ਪੰਜਾਬ ਦੇ ਕੌੜੇ ਸੱਚ ਨੂੰ ਦੱਸਣ ਲਈ ਕਾਫੀ ਹੈ। ਜਲਾਲਾਬਾਦ (ਸਦਰ) ਥਾਣੇ ਅਧੀਨ ਪੈਂਦੇ ਇਸ ਪਿੰਡ ਵਿਚ ਔਰਤਾਂ ਉਤੇ ਨਸ਼ਾ ਤਸਕਰੀ ਦੇ 34 ਕੇਸ ਦਰਜ ਹੋਏ ਹਨ। ਲੰਘੇ ਦਸ ਵਰ੍ਹਿਆਂ 'ਚ ਇਸ ਪਿੰਡ ਦੀਆਂ ਔਰਤਾਂ ਉਤੇ 21 ਕੇਸ ਐਨ.ਡੀ.ਪੀ.ਐਸ. ਐਕਟ ਅਤੇ 13 ਕੇਸ ਆਬਕਾਰੀ ਐਕਟ ਤਹਿਤ ਦਰਜ ਹੋਏ ਹਨ। ਕਾਰਨ ਕੋਈ ਵੀ ਹੋਵੇ ਪਰ ਔਰਤਾਂ ਵੱਲੋਂ ਤਸਕਰੀ ਦੇ ਰਾਹ ਪੈਣਾ ਪੰਜਾਬ ਲਈ ਖ਼ੈਰ ਨਹੀਂ।

ਮੁਕਤਸਰ ਦਾ ਪਿੰਡ ਭੋਰਤ ਕਦੇ ਨਰਮੇ ਦੀ ਦੇਸੀ ਕਿਸਮ 'ਭੋਰਤ' ਵਜੋਂ ਮਸ਼ਹੂਰ ਸੀ। ਹੁਣ ਕੁਝ ਔਰਤਾਂ ਨੇ ਪਿੰਡ ਭੋਰਤ ਨੂੰ ਸ਼ਰਮਸਾਰ ਕਰ ਦਿੱਤਾ ਹੈ। ਲੰਘੇ ਦਹਾਕੇ 'ਚ ਭੋਰਤ ਦੇ ਵਸਨੀਕਾਂ ਉਤੇ ਤਸਕਰੀ ਦੇ 24 ਕੇਸ ਦਰਜ ਹੋਏ ਹਨ, ਜਿਨ੍ਹਾਂ 'ਚੋਂ 13 ਕੇਸ ਔਰਤਾਂ ਉਤੇ ਦਰਜ ਹੋਏ ਹਨ। ਰਾਣੀ ਨਾਂ ਦੀ ਔਰਤ 'ਤੇ ਤਕਰੀਬਨ ਪੰਜ ਕੇਸ ਦਰਜ ਹੋਏ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਦੋਨਾ ਖੁਰਦ ਦੀਆਂ ਔਰਤਾਂ ਉਤੇ ਤਸਕਰੀ ਦੇ 65 ਕੇਸ ਦਰਜ ਹੋਏ ਹਨ। ਫਿਰੋਜ਼ਪੁਰ ਦੇ ਪਿੰਡ ਖਿਲਚੀਆਂ ਕਦੀਮ ਦੀ ਛਿੰਦੋ 'ਤੇ ਐਕਸਾਈਜ਼ ਐਕਟ ਤਹਿਤ 9 ਕੇਸ ਦਰਜ ਹੋਏ ਹਨ। ਮੋਗਾ ਜ਼ਿਲ੍ਹੇ ਦਾ ਪਿੰਡ ਦੌਲੇਵਾਲਾ ਤਾਂ ਤਸਕਰਾਂ ਦੀ ਰਾਜਧਾਨੀ ਹੈ। ਇਸ ਪਿੰਡ ਦੇ 75 ਫੀਸਦੀ ਘਰ ਤਸਕਰੀ ਕਰਦੇ ਹਨ। ਇਸ ਪਿੰਡ ਦੀਆਂ ਔਰਤਾਂ 'ਤੇ 80 ਕੇਸ ਦਰਜ ਹਨ, ਜਿਨ੍ਹਾਂ ਵਿਚੋਂ ਦਰਜਨ ਕੇਸ ਸਮੈਕ ਤਸਕਰੀ ਦੇ ਹਨ। ਥਾਣਾ ਮਮਦੋਟ ਅਧੀਨ ਪੈਂਦੇ ਪਿੰਡ ਛਾਂਗਾ ਖੁਰਦ 'ਚ ਚਾਰ ਔਰਤਾਂ ਉਤੇ 10 ਕੇਸ ਐਕਸਾਈਜ਼ ਐਕਟ ਤਹਿਤ ਦਰਜ ਹੋਏ ਹਨ। ਲੰਘੇ ਦਹਾਕੇ



ਦੌਰਾਨ ਔਰਤਾਂ 'ਤੇ ਬਠਿੰਡਾ ਦੇ ਥਾਣਾ ਸੰਗਤ 'ਚ 26 ਕੇਸ ਅਤੇ ਥਾਣਾ ਸਦਰ 'ਚ 16 ਕੇਸ ਦਰਜ ਹੋਏ ਹਨ।

ਤਸਕਰੀ 'ਚ ਸ਼ਾਮਲ ਅੰਦਾਜ਼ਨ 20 ਫੀਸਦੀ ਔਰਤਾਂ ਵਿਧਵਾ ਹਨ ਅਤੇ 30 ਫੀਸਦੀ ਔਰਤਾਂ ਦੇ ਪਤੀ ਵੀ ਤਸਕਰੀ ਦੇ ਧੰਦੇ ਵਿਚ ਹਨ। ਇਕੱਲੇ ਮੁਕਤਸਰ ਜ਼ਿਲ੍ਹੇ ਵਿਚ ਲੰਘੇ ਦਹਾਕੇ ਦੌਰਾਨ ਔਰਤਾਂ 'ਤੇ ਤਸਕਰੀ ਦੇ 160 ਕੇਸ ਦਰਜ ਹੋਏ ਹਨ ਜਦੋਂ ਕਿ ਫਿਰੋਜ਼ਪੁਰ 'ਚ ਔਰਤਾਂ 'ਤੇ ਕਰੀਬ 200 ਕੇਸ ਦਰਜ ਹੋਏ ਹਨ। ਦੋਆਬੇ ਵਿਚੋਂ ਜਲੰਧਰ (ਦਿਹਾਤੀ) ਤੇ ਸ਼ਹੀਦ ਭਗਤ ਸਿੰਘ ਨਗਰ ਅੱਗੇ ਹਨ, ਜਿਥੇ ਔਰਤਾਂ 'ਤੇ ਤਸਕਰੀ ਦੇ ਕਰੀਬ 500 ਕੇਸ ਦਰਜ ਹੋਏ ਹਨ। ਬਠਿੰਡਾ ਜ਼ਿਲ੍ਹੇ 'ਚ ਔਰਤਾਂ ਉਤੇ ਤਸਕਰੀ ਦੇ ਸਵਾ ਸੌ ਕੇਸ ਦਰਜ ਹੋਏ ਹਨ। ਬਰਨਾਲਾ ਜ਼ਿਲ੍ਹੇ 'ਚ ਔਰਤਾਂ ਉਤੇ ਦਰਜ ਤਸਕਰੀ ਦੇ ਕੇਸਾਂ ਦੀ ਗਿਣਤੀ 100 ਤੋਂ ਉਪਰ ਹੈ। ਦੋਆਬੇ ਵਿਚ ਸੈਂਸੀ ਭਾਈਚਾਰੇ ਅਤੇ ਮਾਲਵੇ 'ਚ ਦਲਿਤ ਵਰਗ ਦੀਆਂ ਔਰਤਾਂ ਤਸਕਰੀ ਕਰਨ ਲਈ ਮਜਬੂਰ ਹੋਈਆਂ ਹਨ।

# ਮੋਦੀ ਸਰਕਾਰ ਦੇ 'ਗੱਬਰ ਸਿੰਘ ਟੈਕਸ' ਖਿਲਾਫ ਸਿੱਧੂ ਨੇ ਸੰਭਾਲਿਆ ਮੋਰਚਾ

**ਅੰਮ੍ਰਿਤਸਰ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੇਂਦਰ ਸਰਕਾਰ ਦੇ ਜੀ.ਐਸ.ਟੀ. ਖਿਲਾਫ ਮੋਰਚਾ ਖੋਲ੍ਹਿਆ ਹੈ। ਜੀ.ਐਸ.ਟੀ. ਖਿਲਾਫ ਅੰਮ੍ਰਿਤਸਰ ਵਿਚ ਵੱਡੇ ਪੱਧਰ 'ਤੇ ਰੋਸ ਰੈਲੀ ਕੀਤੀ ਗਈ। ਸਿੱਧੂ ਨੇ ਰੈਲੀ ਦੀ ਅਗਵਾਈ ਕਰਦਿਆਂ ਇਸ ਨੂੰ ਆਰਥਿਕ ਅਤਿਵਾਦ ਦਾ ਨਾਂ ਦਿੱਤਾ। ਸਿੱਧੂ ਨੇ ਦੋਸ਼ ਲਾਇਆ ਕਿ ਜੀ.ਐਸ.ਟੀ. ਲਾਗੂ ਕਰ ਕੇ ਸੂਬਿਆਂ ਦੀ ਵਿੱਤੀ ਆਜ਼ਾਦੀ ਖੋਹ ਲਈ ਗਈ ਹੈ। ਕਾਂਗਰਸ ਨੇ ਹਾਲ ਗੇਟ ਤੋਂ ਕਾਂਗਰਸ ਭਵਨ ਤੱਕ ਰੋਸ ਮਾਰਚ ਕੀਤਾ ਅਤੇ ਕਾਰਕੁਨਾਂ ਨੇ ਕੇਂਦਰ ਸਰਕਾਰ ਦਾ ਪਿੱਟ ਸਿਆਪਾ ਵੀ ਕੀਤਾ।

ਪਾਰਟੀ ਕਾਰਕੁਨਾਂ ਨੇ ਜੀ.ਐਸ.ਟੀ. ਖਿਲਾਫ ਕਾਲੀਆਂ ਝੰਡੀਆਂ, ਤਖ਼ਤੀਆਂ ਤੇ ਬੈਨਰ ਵੀ ਫੜੇ ਹੋਏ ਸਨ। ਇਕ ਹਾਥੀ ਉਪਰ ਵੀ ਜੀ.ਐਸ.ਟੀ. ਮੁਰਦਾਬਾਦ (ਗੱਬਰ ਸਿੰਘ ਟੈਕਸ) ਦੇ ਬੈਨਰ ਲਟਕਾਏ ਹੋਏ ਸਨ। ਰੋਸ ਮਾਰਚ ਦੀ ਅਗਵਾਈ ਨਵਜੋਤ ਸਿੰਘ ਸਿੱਧੂ ਨੇ ਕੀਤੀ। ਉਹ ਆਪਣੀ ਕਾਰ ਦੀ ਛੱਤ ਖੋਲ੍ਹ ਕੇ ਖੜ੍ਹੇ ਹੋ ਗਏ ਅਤੇ ਕਾਲੀ ਝੰਡੀ ਲਹਿਰਾ ਕੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟਾਵਾ ਕੀਤਾ। ਉਨ੍ਹਾਂ ਆਖਿਆ ਕਿ ਇਸ ਟੈਕਸ




ਰਾਹੀਂ ਕੇਂਦਰ ਸਰਕਾਰ ਨੇ ਸੂਬਿਆਂ ਦੀ ਵਿੱਤੀ ਆਜ਼ਾਦੀ ਉਤੇ ਹਮਲਾ ਕੀਤਾ ਹੈ। ਇਹ ਨਵਾਂ ਟੈਕਸ ਆਰਥਿਕ ਅਤਿਵਾਦ ਹੈ, ਜਿਸ ਰਾਹੀਂ ਕੇਂਦਰ ਦੀ ਭਾਜਪਾ ਸਰਕਾਰ ਨੇ ਮਾਲੀਆ ਆਪਣੇ ਹੱਥ ਲੈ ਲਿਆ ਹੈ ਅਤੇ ਸੂਬੇ ਹੁਣ ਕੇਂਦਰ ਸਰਕਾਰ ਉਤੇ ਨਿਰਭਰ ਹੋ ਗਏ ਹਨ।

ਆਪਣਾ ਹੱਕ ਲੈਣ ਲਈ ਸੂਬਿਆਂ ਨੂੰ ਤਰਲੇ ਮਿੰਨਤਾਂ ਕਰਨੇ ਪੈ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦਾ ਮਾਲੀਏ ਵਿਚੋਂ ਲਗਭਗ 36 ਸੌ ਕਰੋੜ ਰੁਪਏ ਦਾ ਹਿੱਸਾ ਬਕਾਇਆ ਹੈ। ਕੇਂਦਰ ਸਰਕਾਰ ਨੇ ਸੂਬਿਆਂ ਦਾ ਲਗਭਗ ਇਕ ਲੱਖ ਕਰੋੜ ਰੁਪਿਆ ਰੋਕ ਕੇ ਰੱਖਿਆ ਹੋਇਆ ਹੈ, ਜਿਸ ਦੇ ਵਿਆਜ ਤੋਂ ਲਾਹਾ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਵਤੀਰੇ ਕਾਰਨ ਪੰਜਾਬ ਸਰਕਾਰ ਆਪਣੇ ਕਰਮਚਾਰੀਆਂ ਦੀਆਂ ਤਨਖਾਹਾਂ ਦੇ ਭੁਗਤਾਨ ਲਈ ਕਰਜ਼ਾ ਲੈਣ ਵਾਸਤੇ ਮਜਬੂਰ ਹੋਈ ਹੈ। ਜੀ.ਐਸ.ਟੀ. ਕਾਰਨ ਸਿਰਫ ਗੁਜਰਾਤ ਹੀ ਨਹੀਂ, ਪੰਜਾਬ ਸਮੇਤ ਹੋਰ ਸੂਬੇ ਵੀ ਪ੍ਰਭਾਵਿਤ ਹੋਏ ਹਨ ਅਤੇ ਲੋਕ ਪਰੇਸ਼ਾਨ ਹਨ।

### ਜੀ.ਐਸ.ਟੀ. ਨੇ ਵਿਦੇਸ਼ੀ ਕਾਰੋਬਾਰੀਆਂ ਦੇ ਹੱਥ ਖੜ੍ਹੇ ਕਰਵਾਏ

**ਨਵੀਂ ਦਿੱਲੀ:** ਦਿੱਲੀ ਦੇ ਪ੍ਰਗਤੀ ਮੈਦਾਨ ਵਿਚ ਕੌਮਾਂਤਰੀ ਵਪਾਰ ਮੇਲੇ ਦੌਰਾਨ ਵਿਦੇਸ਼ੀ ਦੁਕਾਨਦਾਰਾਂ ਨੂੰ ਜੀ.ਐਸ.ਟੀ. ਨੇ ਉਲਝਾ ਕੇ ਰੱਖਿਆ। ਇਸ ਵਾਰ ਮੇਲੇ ਦੀ ਰੌਣਕ ਵੀ ਫਿੱਕੀ ਹੀ ਨਜ਼ਰ ਆਈ। ਇਹ ਮੇਲਾ 27 ਨਵੰਬਰ ਤੱਕ ਚੱਲਿਆ। ਪ੍ਰਗਤੀ ਮੈਦਾਨ ਦਾ ਨਵੀਨੀਕਰਨ ਹੋਣ ਕਰ ਕੇ ਇਸ ਸਾਲ ਅੱਧੀ ਥਾਂ 'ਤੇ ਹੀ ਮੇਲਾ ਲਾਇਆ ਗਿਆ ਹੈ ਅਤੇ ਰੋਜ਼ਾਨਾ ਦਰਸ਼ਕਾਂ ਦੀ ਗਿਣਤੀ ਵੀ ਅੱਧੀ ਕਰ ਦਿੱਤੀ ਗਈ ਹੈ। ਦੇਸ਼-ਵਿਦੇਸ਼ ਦੇ ਇਸ ਵਾਰ ਤਕਰੀਬਨ 200 ਦੁਕਾਨਦਾਰ ਆਪਣਾ ਸਾਮਾਨ ਲੈ ਕੇ ਆਏ ਹਨ। ਅਫਗਾਨਿਸਤਾਨ, ਤੁਰਕੀ, ਇਰਾਨ, ਭੂਟਾਨ ਆਦਿ ਮੁਲਕਾਂ ਤੋਂ ਆਏ ਕਾਰੋਬਾਰੀਆਂ ਨੂੰ ਜੀ.ਐਸ.ਟੀ. ਕਾਰਨ ਪਰੇਸ਼ਾਨੀ ਹੋ ਰਹੀ ਹੈ। ਪਿਛਲੇ ਸਾਲ 6000 ਕੰਪਨੀਆਂ ਜਾਂ ਦੁਕਾਨਦਾਰ ਸ਼ਾਮਲ ਹੋਏ ਸਨ ਪਰ ਇਸ ਸਾਲ ਇਨ੍ਹਾਂ ਦੀ ਗਿਣਤੀ 3000 ਹੀ ਹੈ।

ਰਿਪੋਰਟਾਂ ਮੁਤਾਬਕ ਦੁਕਾਨਦਾਰ ਵੀ ਵਪਾਰ ਅੱਧਾ ਰਹਿਣ ਦਾ ਅੰਦਾਜ਼ਾ ਲਾ ਰਹੇ ਹਨ। ਤੁਰਕੀ ਤੋਂ ਆਏ ਕਾਰੋਬਾਰੀ ਮੁਤਾਬਕ ਉਹ 19 ਸਾਲਾਂ ਤੋਂ ਇਥੇ ਵਪਾਰ ਕਰ ਰਹੇ ਹਨ ਅਤੇ ਜੀ.ਐਸ.ਟੀ. ਕਾਰਨ ਪਰੇਸ਼ਾਨ ਹਨ। ਉਸ ਨੇ 19 ਲੱਖ ਦਾ ਨਿਵੇਸ਼ ਕੀਤਾ ਹੈ। 10 ਸਾਲਾਂ ਤੋਂ ਮੇਲੇ ਵਿਚ ਆ ਰਹੇ ਇਕ ਅਫਗਾਨਿਸਤਾਨੀ ਨੇ ਦੱਸਿਆ ਕਿ ਉਸ ਕੋਲ ਮਹਿੰਗੇ ਗੱਦੇ ਹਨ ਪਰ ਲੋਕ ਜੀ.ਐਸ.ਟੀ. ਕਾਰਨ ਨਹੀਂ ਖਰੀਦ ਰਹੇ। ਸ਼ਾਰਜਾਹ ਤੋਂ ਆਏ ਕੱਪੜਾ ਵਪਾਰੀ ਨੇ ਦੱਸਿਆ ਕਿ ਨੋਟਬੰਦੀ ਤੇ ਜੀ.ਐਸ.ਟੀ. ਮਗਰੋਂ ਵਧੇ ਕਰਾਂ ਕਾਰਨ ਖਰੀਦਦਾਰ ਦੁਕਾਨਦਾਰੀ ਤੋਂ ਦੂਰ ਰਹੇ ਹਨ। ਜ਼ਿਕਰਯੋਗ ਹੈ ਕਿ ਵਿਦੇਸ਼ੀ ਸਾਮਾਨ ਭਾਰਤੀ ਸਾਮਾਨ ਨਾਲੋਂ ਮਹਿੰਗਾ ਹੋਣ ਕਰ ਕੇ ਜੀ.ਐਸ.ਟੀ. ਦੀ ਦਰ ਦਾ ਅਨੁਪਾਤ ਵੀ ਵਧ ਜਾਂਦਾ ਹੈ ਜੋ ਗਾਹਕ ਦੀ ਜੇਬ 'ਤੇ ਭਾਰੀ ਪੈਂਦਾ ਹੈ।

# ਕੇਂਦਰ ਦੀ ਬੇਰੁਖੀ ਨੇ ਗੋਡਿਆਂ ਪਰਨੇ ਕੀਤੀ ਪੰਜਾਬ ਸਰਕਾਰ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਨੂੰ ਜੀ.ਐਸ.ਟੀ. ਦਾ 3600 ਕਰੋੜ ਰੁਪਏ ਦਾ ਬਕਾਇਆ ਦੇਣਾ ਹੈ। ਜੀ.ਐਸ.ਟੀ. ਦਾ ਹਿੱਸਾ ਤੇ ਮੁਆਵਜ਼ਾ ਮਿਲਣ ਵਿਚ ਦੇਰੀ ਨੇ ਇਸ ਅਸਿੱਧੇ ਟੈਕਸ ਦੀਆਂ ਸਿਫਤਾਂ ਕਰਨ ਵਾਲੀ ਕੈਪਟਨ ਸਰਕਾਰ ਦੇ ਹੰਝੂ ਕਢਾ ਦਿੱਤੇ ਹਨ। ਸੂਬਾ ਸਰਕਾਰ ਦੀਆਂ ਵਿਕਾਸ ਸਕੀਮਾਂ ਠੱਪ ਹੋ ਗਈਆਂ ਹਨ ਅਤੇ ਦੇਣਦਾਰੀਆਂ ਲਟਕ ਗਈਆਂ ਹਨ। ਇਸ ਮੁੱਦੇ ਉਤੇ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਲਿਖਣ ਦਾ ਫੈਸਲਾ ਕੀਤਾ ਹੈ।

ਇਸ ਮੁੱਦੇ ਉਤੇ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਕਾਫੀ ਚਰਚਾ ਹੋਈ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੀ.ਐਸ.ਟੀ. ਦੇ ਮੁਆਵਜ਼ੇ ਵਿਚ ਦੇਰੀ ਬਾਰੇ ਉਹ ਪ੍ਰਧਾਨ ਮੰਤਰੀ ਤੇ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖਣਗੇ ਅਤੇ ਇਸ ਗੱਲ ਉਤੇ ਜ਼ੋਰ ਦੇਣਗੇ ਕਿ 1464 ਕਰੋੜ ਰੁਪਏ ਮੁਆਵਜ਼ੇ ਅਤੇ ਅੰਤਰਰਾਜੀ ਜੀ.ਐਸ.ਟੀ. ਦਾ ਸਾਰਾ ਪੈਸਾ ਬਕਾਇਆ ਹੈ।



ਸਾਰੇ ਸੂਬਿਆਂ ਦਾ ਲਗਭਗ 98,000 ਕਰੋੜ ਰੁਪਏ ਦਾ ਆਈ.ਜੀ.ਐਸ.ਟੀ. ਦਾ ਸਾਰਾ ਪੈਸਾ ਕੇਂਦਰ ਕੋਲ ਪਿਆ ਹੈ। ਇਸ ਵਿਚ ਪੰਜਾਬ ਦਾ ਹਿੱਸਾ 2200 ਕਰੋੜ ਤੋਂ ਵੱਧ ਬਣਦਾ ਹੈ। ਪੰਜਾਬ ਨੇ ਕੇਂਦਰ ਸਰਕਾਰ ਕੋਲੋਂ ਮੁਆਵਜ਼ੇ ਤੇ ਆਈ.ਜੀ.ਐਸ.ਟੀ. ਦੇ ਕੁੱਲ ਮਿਲਾ ਕੇ 3600 ਕਰੋੜ ਰੁਪਏ ਲੈਣੇ ਹਨ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਜੀ.ਐਸ.ਟੀ. ਲਾਗੂ ਹੋਣ ਨਾਲ ਵਿਕਾਸ ਦੀ ਗਤੀ ਹੌਲੀ ਹੋ ਗਈ ਹੈ ਤੇ ਦੇਸ਼ ਦੀ ਬਰਾਮਦ ਘੱਟ ਗਈ ਹੈ। ਹਰੇਕ ਮਹੀਨੇ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਵਿਚ ਨਿਯਮਾਂ ਵਿਚ ਸੋਧਾਂ ਕੀਤੀਆਂ ਜਾਂਦੀਆਂ ਹਨ ਪਰ ਅਜੇ ਵੀ ਕੰਮ ਲੀਹ ਉਤੇ ਨਹੀਂ ਆ ਰਿਹਾ। ਇਸ ਦੇ ਨਾਲ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਅਨਾਜ ਦੇ 31000 ਕਰੋੜ ਰੁਪਏ ਨੂੰ ਕਰਜ਼ੇ ਵਿਚ ਪ੍ਰਵਾਨ ਕਰਨ ਦੇ ਫੈਸਲੇ ਨੇ ਸੂਬਾ ਸਰਕਾਰ ਦੀ ਬੇੜੀ ਡੋਬ ਦਿੱਤੀ ਹੈ। ਇਸ ਕਰ ਕੇ ਰਾਜ ਸਰਕਾਰ ਨੂੰ ਹਰੇਕ ਸਾਲ 3200 ਕਰੋੜ ਰੁਪਏ ਕੇਂਦਰ ਸਰਕਾਰ ਨੂੰ ਦੇਣੇ ਪੈਂਦੇ ਹਨ। ਇਹ ਪੁੱਛੇ ਜਾਣ ਉਤੇ ਕਿ ਇਸ ਮੁੱਦੇ ਉਤੇ ਫੈਸਲੇ ਲਈ ਪੰਜਾਬ ਸਰਕਾਰ ਅਦਾਲਤ ਵਿਚ ਕਦੋਂ ਜਾਵੇਗੀ ਤਾਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਇਹ ਕੇਂਦਰ ਸਰਕਾਰ ਦੇ ਹੁੰਗਾਰੇ ਉਤੇ ਨਿਰਭਰ ਕਰਦਾ ਹੈ। ਜੇ ਕੇਂਦਰ ਨੇ ਮਸਲਾ ਹੱਲ ਨਾ ਕੀਤਾ ਤਾਂ ਅਦਾਲਤ ਵਿਚ ਜਾਣ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਰਹਿ ਜਾਵੇਗਾ।

### ਪੰਜਾਬ ਦੇ ਪੈਸੇ 'ਤੇ ਵਿਆਜ ਵੱਟ ਰਹੀ ਹੈ ਮੋਦੀ ਸਰਕਾਰ

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਪੈਸੇ 'ਤੇ ਸੱਤ ਤੋਂ ਅੱਠ ਫੀਸਦੀ ਵਿਆਜ ਲੈ ਰਹੀ ਹੈ ਅਤੇ ਸੂਬਿਆਂ ਨੂੰ ਸਾਢੇ ਸੱਤ ਤੋਂ ਸਾਢੇ ਅੱਠ ਫੀਸਦੀ ਵਿਆਜ ਉਤੇ ਪੈਸਾ ਲੈ ਕੇ ਤਨਖਾਹਾਂ ਤੇ ਹੋਰ ਜ਼ਰੂਰੀ ਕੰਮ ਚਲਾਉਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਤੋਂ ਪਹਿਲਾਂ ਵੈਟ ਰਾਹੀਂ ਟੈਕਸਾਂ ਦਾ ਪੈਸਾ ਰਾਜ ਸਰਕਾਰ ਦੇ ਖ਼ਜ਼ਾਨੇ ਵਿਚ ਆ ਜਾਂਦਾ ਸੀ ਪਰ ਹੁਣ ਕੇਂਦਰ ਵੱਲ ਦੇਖਣਾ ਪੈ ਰਿਹਾ ਹੈ। ਇਹ ਪੁੱਛੇ ਜਾਣ ਉਤੇ ਕਿ ਪੰਜਾਬ ਸਰਕਾਰ ਜੀ.ਐਸ.ਟੀ. ਦੀਆਂ ਕਾਫੀ ਤਾਰੀਫਾਂ ਕਰਦੀ ਸੀ ਅਤੇ ਹੁਣ ਸਥਿਤੀ ਕਿਉਂ ਬਦਲ ਗਈ ਤਾਂ ਵਿੱਤ ਮੰਤਰੀ ਨੇ ਕਿਹਾ ਕਿ ਜਦੋਂ ਕੇਂਦਰ ਕੋਲੋਂ ਬਕਾਇਆ ਮੰਗਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਕਿ ਸੂਬਿਆਂ ਦੇ ਹਿੱਸੇ ਦਾ ਹਿਸਾਬ-ਕਿਤਾਬ ਲਾ ਰਹੇ ਹਾਂ। ਚਾਰ ਚਾਰ ਮਹੀਨੇ ਸੂਬੇ ਦਾ ਪੈਸਾ ਦੇਰੀ ਨਾਲ ਮਿਲ ਰਿਹਾ ਹੈ ਅਤੇ ਜੇ ਪੈਸਾ ਸਮੇਂ ਸਿਰ ਮਿਲ ਜਾਵੇ ਤਾਂ ਮਿਡ-ਡੇਅ ਮੀਲ, ਆਂਗਣਵਾੜੀ ਅਤੇ ਵਿਕਾਸ ਦੇ ਸਾਰੇ ਕੰਮ ਚੱਲ ਸਕਦੇ ਹਨ।

## ਮੂਰਥਲ ਕਾਂਡ: ਹਰਿਆਣਾ ਪੁਲਿਸ ਹਾਈ ਕੋਰਟ ਨੂੰ ਵੀ ਨਹੀਂ ਦੇ ਰਹੀ ਰਾਹ



**ਚੰਡੀਗੜ੍ਹ:** ਜਾਟ ਅੰਦੋਲਨ ਦੌਰਾਨ ਹੋਏ ਮੂਰਥਲ ਜਬਰ ਜਨਾਹ ਕਾਂਡ ਬਾਰੇ ਹਰਿਆਣਾ ਪੁਲਿਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਵੀ ਰਾਹ ਨਹੀਂ ਦੇ ਰਹੀ। ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਮੁੜ ਪੁਲਿਸ ਮੁਲਾਜ਼ਮਾਂ ਦੇ ਕਾਲ ਰਿਕਾਰਡ ਸਬੰਧੀ ਸਵਾਲ ਕੀਤੇ ਹਨ। ਡਿਵੀਜ਼ਨ ਬੈਂਚ ਨੇ ਐਡਵੋਕੇਟ ਜਨਰਲ ਬੀ.ਆਰ. ਮਹਾਜਨ ਨੂੰ ਸਵਾਲ ਕੀਤਾ ਕਿ ਕੀ ਸੂਬਾ ਸਰਕਾਰ ਨੇ ਮੂਰਥਲ ਕਾਂਡ ਸਬੰਧੀ ਪੁਲਿਸ ਅਧਿਕਾਰੀਆਂ ਦਾ ਕਾਲ ਰਿਕਾਰਡ ਇਕੱਠਾ ਕਰ ਲਿਆ ਹੈ ਜਾਂ ਨਹੀਂ। ਸ੍ਰੀ ਮਹਾਜਨ ਨੇ ਬੈਂਚ ਨੂੰ ਦੱਸਿਆ ਕਿ ਕਾਲ ਰਿਕਾਰਡ ਤਿਆਰ ਹੈ ਤੇ ਅਗਲੀ ਸੁਣਵਾਈ 'ਤੇ ਪੇਸ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਜਾਂਚ ਦੌਰਾਨ ਪੁਲਿਸ ਵੱਲੋਂ ਦਰਜ ਕੀਤੇ 573 ਗਵਾਹਾਂ ਦੇ ਬਿਆਨਾਂ ਦੇ ਨਾਲ-ਨਾਲ ਵਿਸ਼ੇਸ਼ ਜਾਂਚ ਟੀਮ ਦੀ ਫਾਈਨਲ ਸਟੇਟਸ ਰਿਪੋਰਟ ਵੀ ਪੇਸ਼ ਕਰ ਦਿੱਤੀ ਜਾਵੇਗੀ। ਸੁਣਵਾਈ ਤੋਂ ਪਹਿਲਾਂ ਇਹ ਸਾਰਾ ਰਿਕਾਰਡ 'ਅਦਾਲਤੀ ਮਿੱਤਰ' ਅਨੁਪਮ ਗੁਪਤਾ ਨਾਲ ਵੀ ਸਾਂਝਾ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ਉਤੇ ਪੁਲਿਸ ਨੇ ਹਰਿਆਣਾ ਸਰਕਾਰ ਨੂੰ ਨਿਰਦੇਸ਼ ਦਿੱਤੇ ਸਨ ਕਿ ਘਟਨਾਵਾਂ ਵੇਲੇ ਮੂਰਥਲ ਇਲਾਕੇ ਵਿਚ ਮੌਜੂਦ ਰਹੇ ਆਈ.ਜੀ., ਐਸ.ਪੀ., ਡੀ.ਐਸ.ਪੀ., ਐਸ.ਐਚ.ਓ. ਅਤੇ ਹੋਰਨਾਂ ਪੁਲਿਸ ਮੁਲਾਜ਼ਮਾਂ ਦੀਆਂ ਫੋਨ ਕਾਲਾਂ ਦਾ ਰਿਕਾਰਡ ਮੁਹੱਈਆ ਕਰਵਾਇਆ ਜਾਵੇ। ਅਦਾਲਤ ਨੇ ਸਪਸ਼ਟ ਕੀਤਾ ਸੀ ਕਿ ਇਹ ਰਿਕਾਰਡ 19 ਤੋਂ 22 ਫਰਵਰੀ 2016 ਤੱਕ ਦਾ ਹੋਣਾ ਚਾਹੀਦਾ ਹੈ।

## ਕੈਪਟਨ ਸਰਕਾਰ ਨੂੰ ਹੁਣ ਸਿਰਫ ਸ਼ਰਾਬ ਦਾ ਸਹਾਰਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਰਾਬ ਦੇ ਵਪਾਰ ਵਿਚ ਅਜਾਰੇਦਾਰੀ ਖਤਮ ਕਰਨ ਅਤੇ ਮਾਲੀਏ ਵਿਚ ਵਾਧਾ ਕਰਨ ਵਾਸਤੇ ਆਬਕਾਰੀ ਵਿਭਾਗ ਨੂੰ ਸ਼ਰਾਬ ਦੀ ਵੰਡ ਵਾਸਤੇ ਥੋਕ ਸ਼ਰਾਬ ਨਿਗਮ (ਹੋਲਸੇਲ ਲਿਕਰ ਕਾਰਪੋਰੇਸ਼ਨ) ਬਣਾਉਣ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਹੁਕਮ ਦਿੱਤੇ ਹਨ। ਸਬ-ਕਮੇਟੀ ਨੂੰ ਖਰਚੇ ਘਟਾਉਣ ਅਤੇ ਸਰੋਤਾਂ ਨੂੰ ਜੁਟਾਉਣ ਵਾਸਤੇ ਰਾਹ ਤਲਾਸ਼ਣ ਲਈ ਆਖਿਆ ਗਿਆ ਸੀ।

ਸਬ-ਕਮੇਟੀ ਦੀ ਪਹਿਲੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸ਼ਰਾਬ ਦੇ ਵਪਾਰ ਵਿਚ ਸਰਕਾਰੀ ਦਖਲ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਆਬਕਾਰੀ ਵਿਭਾਗ ਨੂੰ ਆਖਿਆ ਹੈ, ਜਿਸ ਉਤੇ ਇਸ ਵੇਲੇ ਪ੍ਰਾਈਵੇਟ ਵਿਅਕਤੀਆਂ ਦਾ ਕਬਜ਼ਾ ਹੈ। ਉਨ੍ਹਾਂ ਸ਼ਰਾਬ ਦੀ ਥੋਕ ਵੰਡ ਵਾਸਤੇ ਕਾਰਪੋਰੇਸ਼ਨ ਬਣਾਉਣ ਲਈ ਰੂਪ-ਰੇਖਾ ਤਿਆਰ ਕਰਨ ਵਾਸਤੇ ਵਿਭਾਗ ਨੂੰ ਆਖਿਆ ਹੈ। ਇਸ ਤੋਂ ਪਹਿਲਾਂ ਵਿਭਾਗ ਨੇ ਸਬ-ਕਮੇਟੀ ਅੱਗੇ ਇਕ ਪ੍ਰੈਜ਼ੈਂਟੇਸ਼ਨ ਵੀ ਦਿੱਤੀ ਤੇ ਸ਼ਰਾਬ ਦੇ ਵਪਾਰ ਦੀ ਮੌਜੂਦਾ ਸਥਿਤੀ ਬਾਰੇ ਦੱਸਿਆ। ਵਿਭਾਗ ਨੇ ਹਰਿਆਣਾ, ਰਾਜਸਥਾਨ, ਤਾਮਿਲਨਾਡੂ ਤੇ ਕੇਰਲਾ ਸਣੇ ਹੋਰ ਸੂਬਿਆਂ ਵੱਲੋਂ ਅਪਣਾਏ ਜਾ ਰਹੇ ਮਾਡਲ ਬਾਰੇ ਵੀ ਜਾਣਕਾਰੀ ਦਿੱਤੀ।

ਸਬ-ਕਮੇਟੀ ਨੇ ਸ਼ਰਾਬ ਬਾਰੇ ਮੌਜੂਦਾ ਇਕ ਸਾਲ ਦੀ ਨੀਤੀ ਦੇ ਬਦਲੇ ਲੰਮਚਿਰੀ ਸ਼ਰਾਬ ਨੀਤੀ ਬਣਾਏ ਜਾਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਮੁੱਖ ਮੰਤਰੀ ਨੇ ਕਰ ਅਤੇ ਆਬਕਾਰੀ ਵਿਭਾਗ ਦੇ ਪੁਨਰਗਠਨ ਵਾਸਤੇ ਇਕ ਤਜਵੀਜ਼ ਵੀ ਮੰਗੀ ਤਾਂ ਜੋ ਵਪਾਰਕ ਟੈਕਸਾਂ ਦੇ ਪ੍ਰਸ਼ਾਸਕੀ ਕਾਰਜ ਉਤੇ ਧਿਆਨ




ਕੇਂਦਰਿਤ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਲਈ ਮਾਲੀਆ ਜੁਟਾਉਣ ਵਾਸਤੇ ਨਵੇਂ ਰਾਹ ਤਲਾਸ਼ਣ ਲਈ ਵੱਖ ਵੱਖ ਵਿਭਾਗਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਆਬਕਾਰੀ ਵਿਭਾਗ ਨੂੰ ਕਿਹਾ ਗਿਆ ਕਿ ਉਹ ਅਗਲੇ ਤਿੰਨ ਸਾਲਾਂ ਵਿਚ ਮਾਲੀਆ ਜੁਟਾਉਣ ਦੇ ਟੀਚੇ ਵਿਚ ਮਹੱਤਵਪੂਰਨ ਵਾਧਾ ਕਰੇ।

## ਕੈਪਟਨ ਦੀ ਨਾਮਧਾਰੀ ਮੁਖੀ ਨਾਲ ਬੰਦ ਕਮਰਾ ਮੀਟਿੰਗ ਦੀ ਚਰਚਾ

**ਮਾਛੀਵਾੜਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੱਤਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਨਾਮਧਾਰੀ ਸੰਪਰਦਾ ਦੇ ਮੁੱਖ ਕੇਂਦਰ ਭੈਣੀ ਸਾਹਿਬ ਪੁੱਜੇ ਤੇ ਨਾਮਧਾਰੀ ਮੁਖੀ ਉਦੇ ਸਿੰਘ ਨਾਲ ਬੰਦ ਕਮਰਾ ਮੀਟਿੰਗ ਕੀਤੀ।

ਇਸ ਦੌਰਾਨ ਮੀਡੀਆ ਤੋਂ ਵੀ ਦੂਰੀ ਬਣਾਈ ਗਈ। ਮੀਟਿੰਗ ਦੇ ਪੂਰੇ ਵੇਰਵੇ ਤਾਂ ਪ੍ਰਾਪਤ ਨਹੀਂ ਹੋਏ, ਪਰ ਸੂਤਰਾਂ ਅਨੁਸਾਰ ਪੰਜਾਬ ਪੁਲਿਸ ਮਾਤਾ ਚੰਦ ਕੌਰ ਦੇ ਕਾਤਲਾਂ ਨੇੜੇ ਪੁੱਜ ਚੁੱਕੀ ਹੈ ਅਤੇ ਕਿਸੇ ਵੀ ਵੇਲੇ ਇਸ ਮਾਮਲੇ ਵਿਚ ਖੁਲਾਸਾ ਕੀਤਾ ਜਾ ਸਕਦਾ ਹੈ।

ਇਕ ਹਫਤਾ ਪਹਿਲਾਂ ਵੀ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਭੈਣੀ ਸਾਹਿਬ ਆਏ ਸਨ ਤੇ ਉਦੇ ਸਿੰਘ ਨਾਲ ਮੀਟਿੰਗ ਕੀਤੀ ਸੀ। ਮੁੱਖ ਮੰਤਰੀ ਨਾਲ ਮੀਟਿੰਗ ਮਗਰੋਂ ਨਾਮਧਾਰੀ ਮੁਖੀ ਉਦੇ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਾਮਧਾਰੀ ਸੰਪਰਦਾ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਕਾਫੀ ਨੇੜਤਾ ਹੈ ਤੇ ਉਹ ਮੁੱਖ ਮੰਤਰੀ ਬਣਨ ਮਗਰੋਂ ਪਹਿਲੀ ਵਾਰ ਭੈਣੀ ਸਾਹਿਬ ਪੁੱਜੇ ਸਨ।

# ਕੇਂਦਰੀ ਫੰਡਾਂ ਉਤੇ ਰੋਕ ਕਾਰਨ ਲਟਕੇ ਪੰਜਾਬ ਦੇ ਕਈ ਅਹਿਮ ਪ੍ਰਾਜੈਕਟ

**ਚੰਡੀਗੜ੍ਹ:** ਪੰਜਾਬ ਵਿਚ ਯੂ.ਪੀ.ਏ. ਸਰਕਾਰ ਵੇਲੇ ਸ਼ੁਰੂ ਕੀਤੇ ਪ੍ਰੋਜੈਕਟਾਂ ਲਈ ਫੰਡ ਮੁਹੱਈਆ ਕਰਵਾਉਣ ਤੋਂ ਮੋਦੀ ਸਰਕਾਰ ਟਾਲਾ ਵੱਟ ਰਹੀ ਹੈ। ਇਸ ਕਾਰਨ ਕਈ ਪ੍ਰੋਜੈਕਟ ਅਧਵਾਟੇ ਲਟਕ ਗਏ ਹਨ। ਕੇਂਦਰ ਸਰਕਾਰ ਨੇ ਦੱਖਣੀ-ਪੱਛਮੀ ਪੰਜਾਬ ਦੇ 'ਸੇਮ ਪ੍ਰੋਜੈਕਟ' ਨੂੰ ਤਾਂ ਖੂੰਜੇ ਲਾ ਦਿੱਤਾ ਹੈ, ਜਿਸ ਕਾਰਨ ਪ੍ਰੋਜੈਕਟ ਦੋ ਵਰ੍ਹਿਆਂ ਲਈ ਹੋਰ ਪੱਛੜ ਗਿਆ ਹੈ। ਕੇਂਦਰ ਵਿਚ ਯੂ.ਪੀ.ਏ. ਸਰਕਾਰ ਮਗਰੋਂ ਆਈ ਐਨ.ਡੀ.ਏ. ਸਰਕਾਰ ਨੇ ਇਸ ਪ੍ਰੋਜੈਕਟ ਤੋਂ ਮੂੰਹ ਮੋੜ ਲਿਆ ਤੇ ਹੁਣ ਸੂਬੇ ਵਿਚ ਕੈਪਟਨ ਸਰਕਾਰ ਆਉਣ ਨਾਲ ਹੋ ਅਸਰ ਪੈ ਰਿਹਾ ਹੈ। ਕੇਂਦਰੀ ਟੀਮ ਦੇ ਤਾਜ਼ਾ ਦੋ ਦਿਨਾਂ ਦੌਰੇ ਮਗਰੋਂ ਪੰਜਾਬ ਸਰਕਾਰ ਨੂੰ ਕੁਝ ਆਸ ਤਾਂ ਬੱਝੀ, ਪਰ ਟੀਮ ਵੱਲੋਂ ਸੰਕੇਤ ਮਿਲੇ ਹਨ ਕਿ ਇਸ ਪ੍ਰੋਜੈਕਟ ਲਈ ਕੇਂਦਰੀ ਫੰਡਾਂ ਦੀ ਝਾਕ ਨਾ ਰੱਖੀ ਜਾਵੇ। ਪ੍ਰੋਜੈਕਟ ਪਛੜਨ ਕਰ ਕੇ ਲਾਗਤ ਵਿਚ ਵੀ ਵਾਧਾ ਹੋ ਗਿਆ ਹੈ, ਜਿਸ ਕਰ ਕੇ ਨਵੇਂ ਸਿਰਿਓਂ ਟੈਂਡਰ ਕਰਨੇ ਪੈਣੇ ਹਨ।

ਵੇਰਵਿਆਂ ਅਨੁਸਾਰ ਕੇਂਦਰੀ ਯੋਜਨਾ ਕਮਿਸ਼ਨ ਦੇ ਮੈਂਬਰ ਨੇ ਜੁਲਾਈ 2012 ਵਿਚ



ਸੇਮ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਮਗਰੋਂ ਇਹ ਪ੍ਰੋਜੈਕਟ ਉਲੀਕਿਆ ਸੀ, ਜਿਸ ਤਹਿਤ ਮੁਕਤਸਰ, ਫਰੀਦਕੋਟ, ਫਾਜ਼ਿਲਕਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚੋਂ ਸੇਮ ਦਾ ਖਾਤਮਾ ਕੀਤਾ ਜਾਣਾ ਸੀ, ਜਿਸ ਵਿਚ ਗੁਰਦਾਸਪੁਰ ਤੇ ਰੋਪੜ ਦਾ ਵੀ ਕੁਝ ਹਿੱਸਾ ਸ਼ਾਮਲ ਕੀਤਾ ਗਿਆ ਸੀ। ਕੇਂਦਰ ਸਰਕਾਰ ਨੇ ਉਦੋਂ ਇਸ ਪ੍ਰੋਜੈਕਟ ਤਹਿਤ 960 ਕਰੋੜ ਦੇ ਫੰਡਾਂ ਦੀ ਪ੍ਰਵਾਨਗੀ ਦਿੱਤੀ ਸੀ, ਜਿਸ ਵਿਚੋਂ 720 ਕਰੋੜ ਕੇਂਦਰ ਅਤੇ 240 ਕਰੋੜ ਦੀ ਹਿੱਸੇਦਾਰੀ ਪੰਜਾਬ ਸਰਕਾਰ ਨੇ ਪਾਉਣੀ ਸੀ। ਯੂ.ਪੀ.ਏ. ਸਰਕਾਰ ਨੇ ਉਦੋਂ ਪਹਿਲੀ ਕਿਸ਼ਤ ਦੇ 240 ਕਰੋੜ ਰੁਪਏ ਭੇਜੇ ਸਨ ਅਤੇ 80 ਕਰੋੜ ਦੀ ਹਿੱਸੇਦਾਰੀ ਰਾਜ ਸਰਕਾਰ ਨੇ ਪਾਈ ਸੀ। ਇਹ ਪ੍ਰੋਜੈਕਟ ਮਾਰਚ 2014 ਵਿਚ ਸ਼ੁਰੂ ਹੋਇਆ ਸੀ, ਜੋ 31 ਮਾਰਚ 2017 ਤੱਕ ਮੁਕੰਮਲ ਹੋਣਾ ਸੀ। ਦੂਜੀ ਕਿਸ਼ਤ ਤਹਿਤ ਕੇਂਦਰ ਨੇ 300 ਕਰੋੜ ਰੁਪਏ ਦੇਣੇ ਸਨ, ਪਰ ਕੇਂਦਰ ਨੇ 200 ਕਰੋੜ ਦੇ ਫੰਡ ਜਾਰੀ ਕੀਤੇ ਅਤੇ 65 ਕਰੋੜ ਪੰਜਾਬ ਸਰਕਾਰ ਨੇ ਦਿੱਤੇ ਸਨ। ਦੂਜੀ ਕਿਸ਼ਤ ਦੀ 100 ਕਰੋੜ ਦੀ ਕੇਂਦਰੀ ਬਕਾਇਆ ਰਾਸ਼ੀ ਨਾ ਮਿਲਣ ਕਰ ਕੇ ਪ੍ਰੋਜੈਕਟ ਲਟਕ ਗਿਆ।

ਸੂਤਰ ਦੱਸਦੇ ਹਨ ਕਿ ਜਦੋਂ ਪੰਜਾਬ ਸਰਕਾਰ ਨੇ ਕੇਂਦਰ ਨੂੰ ਸੌ ਕਰੋੜ ਜਾਰੀ ਕਰਨ ਵਾਸਤੇ ਆਖਿਆ ਤਾਂ ਪਤਾ ਲੱਗਿਆ ਕਿ ਕੇਂਦਰ ਨੇ ਇਹ ਸੌ ਕਰੋੜ ਰੁਪਏ ਦੀ ਰਾਸ਼ੀ ਮਹਾਰਾਸ਼ਟਰ ਦੇ ਸੋਕਾ ਪ੍ਰਭਾਵਿਤ ਖੇਤਰਾਂ ਨੂੰ ਜਾਰੀ ਕਰ ਦਿੱਤੀ ਹੈ, ਜੋ ਮਾਰਚ 2016 ਵਿਚ ਪੰਜਾਬ ਨੂੰ ਦੇਣੀ ਸੀ। ਤੀਜੀ ਕਿਸ਼ਤ ਦੇ 180 ਕਰੋੜ ਰੁਪਏ ਕੇਂਦਰ ਨੇ ਦੇਣੇ ਸਨ ਅਤੇ 95 ਕਰੋੜ ਦੀ ਹਿੱਸੇਦਾਰੀ ਪੰਜਾਬ ਸਰਕਾਰ ਨੇ ਪਾਉਣੀ ਸੀ। ਕੇਂਦਰ ਵਿਚ ਹਕੂਮਤ ਬਦਲਣ ਦਾ ਅਸਰ ਪੰਜਾਬ ਦੇ ਇਸ ਪ੍ਰੋਜੈਕਟ ਉਤੇ ਪੈਣਾ ਸ਼ੁਰੂ ਹੋ ਗਿਆ, ਹਾਲਾਂਕਿ ਉਦੋਂ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਸੀ। ਕੇਂਦਰ ਵੱਲ ਇਸ ਪ੍ਰੋਜੈਕਟ ਦੇ ਕੁੱਲ 280 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਪੰਜਾਬ ਵਿਚ ਹੁਣ ਕਾਂਗਰਸ ਸਰਕਾਰ ਹੈ, ਜਿਸ ਕਰ ਕੇ ਕੇਂਦਰ ਨੇ ਇਸ ਪ੍ਰੋਜੈਕਟ ਤੋਂ ਪਾਸਾ ਵੱਟ ਲਿਆ ਹੈ। ਸੂਤਰਾਂ ਅਨੁਸਾਰ ਗੱਠਜੋੜ ਸਰਕਾਰ ਨੇ ਆਪਣੇ ਸਮੇਂ ਸੂਬਾਈ ਹਿੱਸੇਦਾਰੀ ਵੀ ਨਾਬਾਰਡ ਤੋਂ ਕਰਜ਼ ਲੈ ਕੇ ਪਾਈ ਸੀ। ਹੁਣ ਕੇਂਦਰੀ ਟੀਮ ਨੇ ਦੋ ਦਿਨਾਂ ਦੌਰਾ ਕੀਤਾ ਹੈ, ਪਰ ਟੀਮ ਦੇ ਮੈਂਬਰਾਂ ਦਾ ਰੌਂਅ ਫੰਡ ਦੇਣ ਵਾਲਾ ਨਹੀਂ ਜਾਪਦਾ।

### ਜੀ.ਐਸ.ਟੀ. ਉਤੇ ਲੋੜੋਂ ਵੱਧ ਟੇਕ ਨੇ ਵਿਗਾੜੀ ਖੇਡ

ਜੀ.ਐਸ.ਟੀ. ਉਤੇ ਲੋੜੋਂ ਵੱਧ ਟੇਕ ਨੇ ਕੈਪਟਨ ਸਰਕਾਰ ਨੂੰ ਨਵੇਂ ਵਿੱਤੀ ਸਾਧਨ ਪੈਦਾ ਕਰਨ ਜਾਂ ਪੁਰਾਣੇ ਟੈਕਸਾਂ ਦੇ ਬਕਾਏ ਵਸੂਲਣ ਦੇ ਰਾਹ ਨਹੀਂ ਪਾਇਆ। ਵਿੱਤੀ ਵਸੀਲੇ ਜੁਟਾਉਣ ਦੇ ਨਾਂ ਉਤੇ ਜੋ ਵੀ ਥੋੜ੍ਹਾ ਬਹੁਤ ਬੋਝ ਪਾਇਆ ਗਿਆ, ਉਹ ਸ਼ਹਿਰੀ ਵਸੋਂ 'ਤੇ ਪਾਇਆ ਗਿਆ। ਹੁਣ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਨੇੜੇ ਹੋਣ ਕਾਰਨ ਸ਼ਹਿਰੀਆਂ ਨੂੰ ਵੀ ਜ਼ਿਆਦਾ ਚੂੰਡਿਆ ਨਹੀਂ ਜਾ ਸਕਦਾ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਵੱਲੋਂ ਹੁਣ ਕੌਂਸਲ ਚੋਣਾਂ ਲਈ ਕਮਰਕੱਸੇ



**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਸੂਬੇ ਵਿਚ ਕੌਂਸਲ ਚੋਣਾਂ ਸਬੰਧੀ ਕਮਰ ਕੱਸ ਲਈ ਹੈ। ਇਸ ਸਬੰਧੀ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਤਿੰਨ ਮੰਤਰੀਆਂ ਨੂੰ ਅਬਜ਼ਰਵਰ ਲਾ ਕੇ ਉਨ੍ਹਾਂ ਦੀ ਡਿਊਟੀ ਲਗਾ ਦਿੱਤੀ ਹੈ ਅਤੇ ਨਾਲ ਹੀ ਇਕ ਸਕਰੀਨਿੰਗ ਕਮੇਟੀ ਦਾ ਗਠਨ ਵੀ ਕਰ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਲਾਕੇ ਪਟਿਆਲਾ ਵਿਚ ਨਗਰ ਨਿਗਮ ਚੋਣਾਂ ਦੀ ਜ਼ਿੰਮੇਵਾਰੀ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਸੌਂਪੀ ਗਈ ਹੈ, ਜਦਕਿ ਪੀ.ਪੀ.ਸੀ.ਸੀ ਦੇ ਜਨਰਲ ਸਕੱਤਰ ਸੁਰਿੰਦਰ ਘੁੰਮਣ ਅਤੇ ਪ੍ਰਧਾਨ ਜ਼ਿਲ੍ਹਾ ਕਾਂਗਰਸ ਪੀ.ਕੇ. ਪੁਰੀ ਨੂੰ ਵੀ ਇਸੇ ਇਲਾਕੇ ਲਈ ਕਮੇਟੀ ਦਾ ਮੈਂਬਰ ਲਾਇਆ ਗਿਆ ਹੈ।

ਇਸੇ ਤਰ੍ਹਾਂ ਜਲੰਧਰ ਦੀ ਕਮਾਨ ਸਿੱਖਿਆ ਮੰਤਰੀ ਅਰੁਣਾ ਚੌਧਰੀ, ਸੰਸਦ ਮੈਂਬਰ ਸੰਤੋਖ ਚੌਧਰੀ ਅਤੇ ਦਲਜੀਤ ਸਿੰਘ ਆਹਲੂਵਾਲੀਆ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ (ਸ਼ਹਿਰੀ) ਨੂੰ ਸੌਂਪੀ ਗਈ ਹੈ ਜਦਕਿ ਅੰਮ੍ਰਿਤਸਰ ਦੀ ਜ਼ਿੰਮੇਵਾਰੀ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਜੁਗਲ ਕਿਸ਼ੋਰ ਸ਼ਰਮਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ (ਸ਼ਹਿਰੀ) ਸੰਭਾਲਣਗੇ। ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਲੁਧਿਆਣਾ ਕੌਂਸਲ ਚੋਣਾਂ 15-20 ਦਿਨ ਦੇਰੀ ਨਾਲ ਹੋਣਗੀਆਂ ਜਦਕਿ ਅੰਮ੍ਰਿਤਸਰ, ਜਲੰਧਰ ਅਤੇ ਪਟਿਆਲਾ ਕੌਂਸਲ ਚੋਣਾਂ ਦਸੰਬਰ ਵਿਚ ਹੀ ਕਰਵਾ ਲਈਆਂ ਜਾਣਗੀਆਂ। ਚੋਣਾਂ 20 ਦਸੰਬਰ ਤੋਂ ਪਹਿਲਾਂ ਹੋਣ ਦੀ ਪੂਰੀ ਸੰਭਾਵਨਾ ਹੈ ਪਰ ਅਸਲ ਤਰੀਕ ਚੋਣ ਕਮਿਸ਼ਨ ਵੱਲੋਂ ਹੀ ਤੈਅ ਕੀਤੀ ਜਾਣੀ ਹੈ। ਚੋਣਾਂ ਨੂੰ ਲੈ ਕੇ ਕਾਂਗਰਸ ਪ੍ਰਧਾਨ ਵੱਲੋਂ ਇਕ ਸਕਰੀਨਿੰਗ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ ਜਿਸ 'ਚ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਬੀਬੀ ਪ੍ਰਨੀਤ ਕੌਰ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ।

ਨਗਰ ਨਿਗਮ ਚੋਣਾਂ ਲਈ ਬਣਾਈ ਗਈ ਸਕਰੀਨਿੰਗ ਕਮੇਟੀ ਦੀ ਪ੍ਰਧਾਨਗੀ ਸੁਨੀਲ ਜਾਖੜ ਕਰਨਗੇ ਅਤੇ ਉਨ੍ਹਾਂ ਦੇ ਇਲਾਵਾ ਇਸ ਟੀਮ ਵਿਚ ਮੁੱਖ ਮੰਤਰੀ ਦੇ ਨਜ਼ਦੀਕੀ ਕੈਪਟਨ ਸੰਦੀਪ ਸੰਧੂ ਨੂੰ ਮੈਂਬਰ ਸਕੱਤਰ ਵਜੋਂ ਸ਼ਾਮਲ ਕੀਤਾ ਗਿਆ ਹੈ, ਜਦਕਿ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ, ਸਾਬਕਾ ਸੰਸਦ ਮੈਂਬਰ ਵਿਜੇ ਇੰਦਰ ਸਿੰਗਲਾ, ਵਿਧਾਇਕ ਰਾਜ ਕੁਮਾਰ ਚੱਬੇਵਾਲ, ਪੰਜਾਬ ਯੂਥ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਅਮਰਪ੍ਰੀਤ ਸਿੰਘ ਲਾਲੀ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ।

## ਵਿਰੋਧੀ ਧਿਰ ਨੇ ਦਿਵਾਇਆ ਕੈਪਟਨ ਨੂੰ ਸਾਹ

*(ਸਫਾ ਇਕ ਦੀ ਬਾਕੀ)*

ਧਿਰ ਵਜੋਂ 'ਆਪ' ਦੀ ਰੱਜ ਕੇ ਨੁਕਤਾਚੀਨੀ ਹੋਈ ਸੀ ਜਿਸ ਪਿਛੋਂ ਐਚ.ਐਸ. ਫੂਲਕਾ ਦੀ ਥਾਂ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ ਗਿਆ; ਪਰ ਉਹ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਖੁਦ ਨਸ਼ਾ ਤਸਕਰੀ ਦੇ ਦੋਸ਼ਾਂ ਵਿਚ ਘਿਰ ਗਏ।

ਇਸ ਲਈ ਵਿਰੋਧ ਧਿਰ ਲੋਕ ਮੁੱਦੇ ਛੱਡ ਕੇ ਆਪਣੇ ਵਿਰੁਧ ਦਰਜ ਕੇਸਾਂ ਦੇ ਮੁੱਦਿਆਂ ਵਿਚ ਉਲਝ ਗਈ। ਲੋਕ ਇਨਸਾਫ ਪਾਰਟੀ ਦੇ ਆਗੂ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸੈਸ਼ਨ ਤੋਂ ਪਹਿਲਾਂ ਇਕ ਆਡੀਓ ਸੀ.ਡੀ. ਜਾਰੀ ਕਰ ਕੇ ਦਾਅਵਾ ਕਰ ਦਿੱਤਾ ਕਿ ਖਹਿਰਾ ਨੂੰ ਕਿਸੇ ਵਿਰੋਧੀ ਤਾਕਤ ਨੇ ਵੱਡੀ ਸਾਜ਼ਿਸ਼ ਤਹਿਤ ਨਸ਼ਿਆਂ ਦੇ ਕੇਸ ਵਿਚ ਫਸਾਉਣ ਦਾ ਯਤਨ ਕੀਤਾ ਹੈ।

ਇਸ ਪਿਛੋਂ ਆਪ ਆਗੂ ਖਹਿਰਾ ਨੂੰ ਬਚਾਉਣ ਵਾਲੇ ਪਾਸੇ ਹੀ ਰੁਝ ਗਏ। ਅਕਾਲੀ ਦਲ ਨੇ ਵੀ ਹਾਕਮ ਧਿਰ ਨੂੰ ਘੇਰਨ ਦੀ ਥਾਂ ਵਿਰੋਧੀ ਧਿਰ ਨੂੰ ਹੀ ਮਿਥ ਕੇ ਨਿਸ਼ਾਨਾ ਬਣਾਇਆ। ਦੋਵੇਂ ਵਿਰੋਧੀ ਧਿਰਾਂ (ਅਕਾਲੀ ਦਲ ਤੇ ਆਪ) ਇਕ ਦੂਜੇ ਨੂੰ ਹੀ ਘੇਰਦੀਆਂ ਰਹੀਆਂ।

## ਸਿੱਧੂ ਵੱਲੋਂ ਭ੍ਰਿਸ਼ਟ ਅਫਸਰਾਂ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੰਮ੍ਰਿਤਸਰ ਵਿਚ ਗਲਿਆਰਾ ਪ੍ਰੋਜੈਕਟ ਵਿਚ ਹੋਏ ਭ੍ਰਿਸ਼ਟਾਚਾਰ ਸਬੰਧੀ ਤਤਕਾਲੀ ਸੀਨੀਅਰ ਟਾਊਨ ਪਲੈਨਰ (ਐਸ.ਟੀ.ਪੀ.) ਹੇਮੰਤ ਬੱਤਰਾ ਨੂੰ ਬਰਖਾਸਤ ਕਰ ਦਿੱਤਾ ਹੈ। ਇਸ ਦੇ ਨਾਲ ਤਿੰਨ ਅਫਸਰਾਂ ਨੂੰ ਰਿਵਰਟ ਅਤੇ 7 ਦੀ ਪੈਨਸ਼ਨ 'ਚ ਕਟੌਤੀ ਕਰ ਦਿੱਤੀ ਹੈ। ਏ.ਟੀ.ਪੀ. ਬਾਂਕੇ ਬਿਹਾਰੀ, ਏ.ਟੀ.ਪੀ. ਰਜਿੰਦਰ ਸ਼ਰਮਾ ਅਤੇ ਬਿਲਡਿੰਗ ਇੰਸਪੈਕਟਰ ਹਰਜਿੰਦਰ ਸਿੰਘ ਨੂੰ ਰਿਵਰਟ ਕਰਨ ਦੇ ਹੁਕਮ ਦਿੱਤੇ ਗਏ ਹਨ।

ਇਨ੍ਹਾਂ ਤੋਂ ਇਲਾਵਾ ਐਸ.ਟੀ.ਪੀ. ਸ਼ਕਤੀ ਸਾਗਰ ਭਾਟੀਆ, ਐਮ.ਟੀ.ਪੀ. ਦੇਸਰਾਜ, ਏ.ਟੀ.ਪੀ. ਸੁਰਜੀਤ ਸਿੰਘ, ਏ.ਟੀ.ਪੀ. ਸੁਰੇਸ਼ ਰਾਜ, ਏ.ਟੀ.ਪੀ. ਮਨੋਹਰ ਸਿੰਘ ਭੱਟੀ ਅਤੇ ਬਿਲਡਿੰਗ ਇੰਸਪੈਕਟਰ ਮਾਈਕਲ ਦੀ ਪੈਨਸ਼ਨ ਵਿਚ ਤਿੰਨ ਸਾਲਾਂ ਲਈ 50 ਫੀਸਦੀ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਕ ਅਧਿਕਾਰੀ ਚਾਰ ਸਾਲ ਪਹਿਲਾਂ ਰਿਟਾਇਰ ਹੋ ਚੁੱਕਿਆ ਹੈ ਜਦਕਿ ਇਕ ਖਿਲਾਫ ਸੈਕਟਰੀ ਵੱਲੋਂ ਕਾਰਵਾਈ ਹੋ ਚੁੱਕੀ ਹੈ। ਪ੍ਰੋਜੈਕਟ ਸਬੰਧੀ ਬਿਲਡਿੰਗ ਬਾਈਲਾਜ਼ ਦੀ ਉਲੰਘਣਾ, ਗਲਿਆਰੇ ਵਿਚਲੀਆਂ ਅਤੇ ਇਸ ਦੇ ਆਲੇ-ਦੁਆਲੇ ਦੀਆਂ ਰਿਹਾਇਸ਼ੀ ਇਮਾਰਤਾਂ ਨੂੰ ਬਿਨਾਂ ਇਜਾਜ਼ਤ ਨਾਜਾਇਜ਼ ਤੌਰ 'ਤੇ ਹੋਟਲਾਂ, ਸਰਾਵਾਂ ਅਤੇ ਗੈਸਟ ਹਾਊਸਾਂ ਵਿਚ ਤਬਦੀਲ ਕਰਨ ਅਤੇ ਇਸ ਸਬੰਧੀ ਯੋਗ ਅਥਾਰਟੀ ਤੋਂ ਇਜਾਜ਼ਤ ਨਾ ਲੈਣ ਅਤੇ ਕਨਵਰਸ਼ਨ ਚਾਰਜ ਅਦਾ ਨਾ ਕਰਨ ਦੇ ਮਾਮਲੇ ਸਾਹਮਣੇ ਆਏ ਸਨ ਜਿਸ ਕਾਰਨ ਵਿਭਾਗ ਨੂੰ ਕਾਫੀ ਮਾਲੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਸੀ।

## ਦੱਖਣੀ ਅਫਰੀਕਾ ਦੀ ਡੇਮੀ ਲੇ ਬਣੀ ਮਿਸ ਯੂਨੀਵਰਸ

**ਲਾਸ ਵੇਗਾਸ:** ਦੱਖਣੀ ਅਫਰੀਕਾ ਦੀ ਡੇਮੀ ਲੇ ਨੇਲ-ਪੀਟਰਜ਼ ਨੂੰ ਮਿਸ ਯੂਨੀਵਰਸ 2017 ਚੁਣਿਆ ਗਿਆ।

ਭਾਰਤ ਦੀ ਸ਼ਰਧਾ ਸ਼ਸ਼ੀਧਰ ਵਿਸ਼ਵ ਦੇ ਇਸ ਵੱਡੇ ਸੁੰਦਰਤਾ ਮੁਕਾਬਲੇ ਵਿਚ ਕੋਈ ਕਮਾਲ ਨਹੀਂ ਦਿਖਾ ਸਕੀ ਅਤੇ ਉਹ ਪਹਿਲੀਆਂ 16 ਸੁੰਦਰੀਆਂ ਵਿਚ ਪਹੁੰਚਣ ਵਿਚ ਵੀ ਨਾਕਾਮ ਰਹੀ। ਮਾਨੁਸ਼ੀ ਛਿੱਲਰ ਵੱਲੋਂ 18 ਨਵੰਬਰ ਨੂੰ ਮਿਸ ਵਰਲਡ 2017 ਦਾ ਖਿਤਾਬ ਜਿੱਤਣ ਤੋਂ ਬਾਅਦ ਭਾਰਤ ਨੂੰ ਦੋਹਰੀ ਜਿੱਤ ਦੀ ਉਮੀਦ ਸੀ।

## ਹਾਈ ਕੋਰਟ ਲਈ ਮਜੀਠੀਆ ਖਿਲਾਫ ਕਾਰਵਾਈ ਜਾਇਜ਼

*(ਸਫਾ ਇਕ ਦੀ ਬਾਕੀ)*

ਮਾਮਲੇ ਦੀ ਜਾਂਚ ਕਰਨ ਤੇ ਇਸ ਦੇ ਨਤੀਜਿਆਂ ਦੀ ਜਾਣਕਾਰੀ ਹਾਈ ਕੋਰਟ ਨੂੰ ਦੇਣ। ਅਦਾਲਤ ਨੇ ਮਾਮਲੇ ਦੀ ਸੁਣਵਾਈ 31 ਜਨਵਰੀ ਤੈਅ ਕਰ ਦਿੱਤੀ ਹੈ। ਸੁਣਵਾਈ ਦੌਰਾਨ ਈ.ਡੀ. ਦੇ ਅਧਿਕਾਰੀ ਨਿਰੰਜਣ ਸਿੰਘ ਦੇ ਵਕੀਲ ਨੇ ਦੱਸਿਆ ਕਿ ਮਜੀਠੀਆ ਦੇ ਮੰਤਰੀ ਹੁੰਦਿਆਂ ਇਕ ਵਾਰ ਉਸ ਤੋਂ ਪੁੱਛਗਿੱਛ ਕੀਤੀ ਸੀ ਤੇ ਦੂਜੀ ਵਾਰ ਵੀ ਬੁਲਾਇਆ ਗਿਆ ਸੀ।

ਇਸ ਲਈ ਉਹ ਮਜੀਠੀਆ ਨੂੰ ਕਲੀਨ ਚਿੱਟ ਨਹੀਂ ਦਿੰਦੇ ਤੇ ਮਾਮਲੇ ਦੀ ਜਾਂਚ ਅੱਗੇ ਹੋਣੀ ਚਾਹੀਦੀ ਹੈ। ਹਾਈ ਕੋਰਟ ਦੇ ਇਨ੍ਹਾਂ ਹੁਕਮਾਂ ਪਿੱਛੋਂ ਮਜੀਠੀਆ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਕਿਉਂਕਿ ਕੈਪਟਨ ਸਰਕਾਰ ਵੱਲੋਂ ਬਣਾਈ ਗਈ ਟਾਸਕ ਫੋਰਸ ਵੀ ਹੁਣ ਇਸ ਕੇਸ ਨਾਲ ਜੁੜ ਗਈ ਹੈ।ਕਾਂਗਰਸ ਦੀ ਵਿਧਾਇਕ ਪਹਿਲਾਂ ਹੀ ਮਜੀਠੀਆ ਖਿਲਾਫ ਕਾਰਵਾਈ ਲਈ ਜ਼ੋਰ ਲਾ ਰਹੇ ਹਨ। ਦੂਜੇ ਪਾਸੇ ਹਾਈ ਕੋਰਟ ਦੀ ਹੱਲਾਸ਼ੇਰੀ ਪਿੱਛੋਂ ਈ.ਡੀ. ਵੀ ਮਜੀਠੀਆ ਖਿਲਾਫ ਕਾਰਵਾਈ ਲਈ ਸਰਗਰਮ ਹੋ ਗਈ ਹੈ।

# ਛੇ ਜ਼ਿਲ੍ਹਿਆਂ ਵਿਚ ਹਜ਼ਾਰਾਂ ਕਿਸਾਨਾਂ ਤੇ ਮਜ਼ਦੂਰਾਂ ਨੇ ਕੀਤੀ ਖ਼ੁਦਕੁਸ਼ੀ

**ਚੰਡੀਗੜ੍ਹ:** ਪੰਜਾਬ ਦੇ ਛੇ ਜ਼ਿਲ੍ਹਿਆਂ ਵਿਚ ਹੀ ਬੀਤੇ ਡੇਢ ਦਹਾਕੇ ਵਿਚ ਲਗਪਗ 15 ਹਜ਼ਾਰ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਰਾਹੀਂ ਮੌਤ ਦੇ ਮੂੰਹ ਵਿਚ ਚਲੇ ਗਏ। ਇਨ੍ਹਾਂ ਵਿਚ ਵੱਡੀ ਗਿਣਤੀ 15 ਤੋਂ 45 ਸਾਲ ਵਾਲਿਆਂ ਦੀ ਹੈ ਅਤੇ 83 ਫੀਸਦ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਕਰਜ਼ਾ ਹੈ। ਇਹ ਖੁਲਾਸਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਧਾਨ ਸਭਾ ਦੀ ਕਮੇਟੀ ਨਾਲ ਸਾਂਝੀ ਕੀਤੀ ਰਿਪੋਰਟ ਤੋਂ ਹੋਇਆ ਹੈ।

ਖੇਤੀਬਾੜੀ ਯੂਨੀਵਰਸਿਟੀ ਨੇ ਸੂਬੇ ਦੇ ਸਭ ਤੋਂ ਵੱਧ ਖ਼ੁਦਕੁਸ਼ੀ ਪ੍ਰਭਾਵਿਤ ਜ਼ਿਲ੍ਹਿਆਂ ਮਾਨਸਾ, ਸੰਗਰੂਰ, ਬਠਿੰਡਾ, ਬਰਨਾਲਾ, ਮੋਗਾ ਅਤੇ ਲੁਧਿਆਣਾ ਦੇ ਲਗਪਗ ਦੋ ਹਜ਼ਾਰ ਪਿੰਡਾਂ ਦੇ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦਾ ਸਾਲ 2000 ਤੋਂ 2015 ਤੱਕ ਦਾ ਸਰਵੇਖਣ ਕੀਤਾ ਹੈ। 2008 ਵਿਚ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦਾ ਪਹਿਲੀ ਵਾਰ ਸਰਵੇਖਣ ਹੋਇਆ ਸੀ। 2011 ਵਿਚ ਸਰਵੇਖਣ ਵਿਚ ਮਾਨਸਾ, ਬਰਨਾਲਾ, ਮੋਗਾ ਅਤੇ ਲੁਧਿਆਣਾ ਸ਼ਾਮਿਲ ਕਰ ਲਏ ਗਏ ਅਤੇ 2017 ਵਿਚ ਇਨ੍ਹਾਂ ਸਾਰੇ ਛੇ ਜ਼ਿਲ੍ਹਿਆਂ ਦਾ ਸਰਵੇਖਣ ਕੀਤਾ ਗਿਆ ਹੈ। ਗੌਰਤਲਬ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹੋਰਾਂ ਜ਼ਿਲ੍ਹਿਆਂ ਦੇ ਕੀਤੇ ਸਰਵੇਖਣ ਤੋਂ ਇਸ ਸਰਵੇਖਣ ਦੇ ਅੰਕੜੇ ਜੋੜਨ ਨਾਲ ਇਹ ਅੰਕੜਾ ਕਰੀਬ ਦੋ ਹਜ਼ਾਰ ਹੋਰ ਵਧ ਜਾਣ ਦਾ ਅਨੁਮਾਨ ਹੈ। ਖੇਤੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ 14667 ਕਿਸਾਨਾਂ ਅਤੇ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਨ੍ਹਾਂ ਵਿਚ 8294 (56.53 ਫੀਸਦ) ਕਿਸਾਨ ਅਤੇ 6373 (43.45 ਫੀਸਦ) ਖੇਤ ਮਜ਼ਦੂਰ ਹਨ।

ਇਨ੍ਹਾਂ ਵਿਚ 87 ਫੀਸਦ ਕਿਸਾਨ ਅਤੇ 77 ਫੀਸਦ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋਏ। ਸੀਮਾਂਤ ਅਤੇ ਛੋਟੇ ਕਿਸਾਨ ਤੇ ਖੇਤ ਮਜ਼ਦੂਰ ਜ਼ਿਆਦਾ ਪੀੜਤ ਦਿਖਾਈ ਦੇ ਰਹੇ ਹਨ। ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ। ਖ਼ੁਦਕੁਸ਼ੀ ਕਰਨ ਵਾਲਿਆਂ ਵਿਚ 15 ਤੋਂ 30 ਸਾਲ ਦੇ ਉਮਰ ਵਰਗ ਦੇ ਕਿਸਾਨ 26.21 ਫੀਸਦ, ਮਜ਼ਦੂਰ 39.85 ਫੀਸਦ, 31 ਤੋਂ 45 ਸਾਲ ਦੇ ਉਮਰ ਵਰਗ ਵਿਚ ਕਿਸਾਨ 39.85 ਫੀਸਦ ਅਤੇ ਮਜ਼ਦੂਰ 39.38 ਫੀਸਦ ਭਾਵ 66 ਫੀਸਦ ਕਿਸਾਨ ਅਤੇ 79 ਫੀਸਦ ਮਜ਼ਦੂਰ ਸ਼ਾਮਿਲ ਹਨ। ਸਾਲ 2000 ਵਿਚ 887, 2008 ਵਿਚ 1133, 2010 ਵਿਚ 1035, 2011 ਵਿਚ 1000 ਅਤੇ 2015 ਵਿਚ 924 ਖ਼ੁਦਕੁਸ਼ੀਆਂ ਹੋਈਆਂ। ਖ਼ੁਦਕੁਸ਼ੀਆਂ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦਾ ਅਨੁਪਾਤ ਲਗਪਗ ਇੱਕੋ ਜਿੰਨਾ ਹੀ ਹੈ। ਜ਼ਿਲ੍ਹਾ ਵਾਰ ਦੇਖਿਆ ਜਾਵੇ ਤਾਂ ਸੰਗਰੂਰ ਵਿਚ ਸਾਲ 2000 ਤੋਂ 2015 ਤੱਕ ਸਭ ਤੋਂ ਜ਼ਿਆਦਾ 2173 ਕਿਸਾਨਾਂ ਅਤੇ 1645 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਮਾਨਸਾ ਦੂਸਰੇ ਨੰਬਰ ਉਤੇ ਹੈ। ਮਾਨਸਾ ਜ਼ਿਲ੍ਹੇ ਵਿਚ ਕੁੱਲ 3388 ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿਚ 1903 ਕਿਸਾਨ ਅਤੇ 1485 ਮਜ਼ਦੂਰ ਸ਼ਾਮਿਲ ਹਨ। ਤੀਸਰੇ ਨੰਬਰ ਉਤੇ ਬਠਿੰਡਾ ਹੈ ਜਿਸ ਵਿਚ 1728 ਕਿਸਾਨਾਂ ਅਤੇ 1366 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਬਰਨਾਲਾ ਜ਼ਿਲ੍ਹੇ ਵਿਚ 1014 ਕਿਸਾਨਾਂ ਅਤੇ 692 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਮੋਗਾ ਵਿਚ 816 ਕਿਸਾਨ ਅਤੇ 607 ਮਜ਼ਦੂਰ ਖ਼ੁਦਕੁਸ਼ੀ ਕਰ ਗਏ। ਲੁਧਿਆਣਾ ਵਿਚ ਕੁੱਲ 1238 ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿਚ 660 ਕਿਸਾਨ ਅਤੇ 578 ਮਜ਼ਦੂਰ ਸ਼ਾਮਲ ਹਨ।

ਇਸ ਦਾ ਹੱਲ ਸੁਝਾਉਂਦਿਆਂ ਖੇਤੀ ਨੂੰ ਲਾਹੇਵੰਦਾ ਬਣਾਉਣ ਲਈ ਨੀਤੀਗਤ ਕਦਮਾਂ ਤੋਂ ਇਲਾਵਾ ਸੀਮਾਂਤ ਅਤੇ ਛੋਟੇ ਕਿਸਾਨਾਂ ਤੋਂ ਕਰਜ਼ਾ ਵਸੂਲੀ ਇੱਕ ਸਾਲ ਲਈ ਪਿੱਛੇ ਪਾ ਦੇਣ, ਮੌਜੂਦਾ ਕਰਜ਼ੇ ਨੂੰ ਲੰਬੇ ਸਮੇਂ ਵਿਚ ਤਬਦੀਲ ਕਰਨ, ਕੁਦਰਤੀ ਜਾਂ ਮਨੁੱਖੀ ਆਫ਼ਤਾਂ ਕਾਰਨ ਹੋਏ ਨੁਕਸਾਨ ਸਮੇਂ ਬਿਨਾਂ ਵਿਆਜ਼ ਕਰਜ਼ਾ ਦੇਣ, ਕਰਜ਼ਾ ਅਦਾ ਨਾ ਕੀਤੇ ਜਾ ਸਕਣ ਕਰਕੇ ਜ਼ਮੀਨ ਤੇ ਮਸ਼ੀਨਰੀ ਦੀ ਕੁਰਕੀ ਬੰਦ ਕਰਨ ਆਦਿ ਦੀ ਸਿਫਾਰਿਸ਼ ਕੀਤੀ ਗਈ ਹੈ।

## ਮੋਦੀ ਸਰਕਾਰ ਨੇ ਮੁੜ ਰੋਕਿਆ 'ਆਪ' ਦਾ ਰਾਹ

*(ਸਫਾ ਇਕ ਦੀ ਬਾਕੀ)*

ਦੇ ਅਧਿਉਂ ਵੱਧ ਵਿਧਾਇਕ ਜਾਂ ਮੰਤਰੀ ਅਪਰਾਧਿਕ ਮਾਮਲਿਆਂ ਵਿਚ ਉਲਝੇ ਹੋਏ ਹਨ। ਹਾਲ ਹੀ ਵਿਚ ਕੇਂਦਰ ਸਰਕਾਰ ਨੇ ਦਿੱਲੀ ਮੈਟਰੋ ਦੇ ਕਿਰਾਇਆਂ ਵਿਚ ਇਕਦਮ ਵਾਧਾ ਕਰ ਕੇ ਆਪ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ, ਪਰ ਆਪ ਨੇ ਵਾਧੇ ਦਾ ਵਿਰੋਧ ਕਰ ਕੇ ਲੋਕ ਰੋਹ ਮੋਦੀ ਸਰਕਾਰ ਵੱਲ ਮੋੜ ਦਿੱਤਾ।

ਇਨਕਮ ਟੈਕਸ ਵਿਭਾਗ ਦੀ ਤਾਜ਼ਾ ਕਾਰਵਾਈ ਦੱਸ ਰਹੀ ਹੈ ਇਹ ਮਿਥ ਕੇ ਕੀਤੀ ਗਈ ਹੈ। ਦੱਸ ਦਈਏ ਕਿ ਆਮਦਨ ਪੱਖੋਂ ਭਾਜਪਾ ਦੇਸ਼ ਵਿਚ ਸਭ ਤੋਂ ਅੱਗੇ ਹਨ। ਸਭ ਤੋਂ ਵੱਧ ਚੰਦਾ ਇਸ ਪਾਰਟੀ ਦੇ ਖਾਤੇ ਵਿਚ ਆਉਂਦਾ ਹੈ, ਪਰ ਇਸ ਧਿਰ ਨੂੰ ਕਦੇ ਇਨਕਮ ਟੈਕਸ ਵਿਭਾਗ ਦੇ ਚੱਕਰਾਂ ਵਿਚ ਨਹੀਂ ਪੈਣਾ ਪਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਔਰਤਾਂ ਦੀ ਸਿਹਤ 'ਚ ਲਗਾਤਾਰ ਨਿਘਾਰ ਜਾਰੀ



**ਨਵੀਂ ਦਿੱਲੀ:** ਔਰਤਾਂ ਦੀ ਸਿਹਤ 1990 ਤੋਂ ਬਦ ਤੋਂ ਬਦਤਰ ਹੋਈ ਹੈ ਜਦਕਿ ਮਰਦਾਂ ਦੀ ਸਿਹਤ ਵਿਚ ਸੁਧਾਰ ਆਇਆ ਹੈ। ਅਧਿਐਨ ਮੁਤਾਬਕ ਸਮਾਜ 'ਚ ਲਿੰਗ ਭੇਦ ਕਰ ਕੇ ਮੁਟਿਆਰਾਂ ਦੀ ਸਿਹਤ ਨੂੰ ਵੱਡੇ ਪੱਧਰ ਉਤੇ ਨੁਕਸਾਨ ਹੋ ਰਿਹਾ ਹੈ। ਸਵੀਡਨ ਦੀ ਉਮੀਆ ਯੂਨੀਵਰਸਿਟੀ ਦੇ ਖੋਜੀਆਂ ਨੇ 1990 ਤੋਂ 2014 ਤੱਕ 25 ਤੋਂ 34 ਵਰ੍ਹਿਆਂ ਦੀਆਂ ਔਰਤਾਂ ਅਤੇ ਮਰਦਾਂ ਦੇ ਸਿਹਤ ਰੁਝਾਨਾਂ ਦੀ ਪੜਤਾਲ ਕੀਤੀ। 1990 ਵਿਚ 8.5 ਫੀਸਦੀ ਔਰਤਾਂ ਨੇ ਆਪਣੇ ਉਮਰ ਵਾਲੇ ਗਰੁੱਪ ਵਿਚ ਸਿਹਤ ਨੂੰ ਖਰਾਬ ਦੱਸਿਆ ਸੀ। 2014 ਵਿਚ ਔਰਤਾਂ ਦੀ ਗਿਣਤੀ ਵਧ ਕੇ 20 ਫੀਸਦੀ ਹੋ ਗਈ।

ਇਸ ਦੇ ਉਲਟ ਮਰਦਾਂ ਨੇ ਆਪਣੀ ਸਿਹਤ ਨੂੰ ਕਿਤੇ ਵੱਧ ਬਿਹਤਰ ਦੱਸਿਆ। ਅਧਿਐਨ ਵਿਚ ਸ਼ਾਮਲ ਅਨਿਕਾ ਫਾਰਸੇਨ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਔਰਤਾਂ ਵਿਚ ਬਿਮਾਰੀ ਦੇ ਮੁੱਦੇ ਉਤੇ ਜਨਤਕ ਬਹਿਸ ਹੋਣੀ ਸ਼ੁਰੂ ਹੋਈ ਹੈ। ਉਤਰੀ ਸਵੀਡਨ ਵਿਚ ਅਧਿਐਨ ਦੌਰਾਨ ਖੋਜੀਆਂ ਨੇ 1811 ਵਿਅਕਤੀਆਂ ਤੋਂ ਉਨ੍ਹਾਂ ਦੀ ਸਿਹਤ ਸਬੰਧੀ ਸਵਾਲ ਪੁੱਛੇ। ਨਤੀਜਿਆਂ ਦੌਰਾਨ ਔਰਤਾਂ ਅਤੇ ਮਰਦਾਂ ਵਿਚ ਮੋਟਾਪਾ, ਫਿਕਰ ਅਤੇ ਅਸੰਤੁਸ਼ਟੀ ਦੇ ਲੱਛਣ ਵੀ ਮਿਲੇ। ਇਸ ਦੇ ਨਾਲ ਦੋਹਾਂ ਵਿਚ ਸਰੀਰਕ ਸਰਗਰਮੀ ਦਾ ਪੱਧਰ ਵੀ ਵਧਿਆ। ਖੋਜੀਆਂ ਮੁਤਾਬਕ ਮੁਟਿਆਰਾਂ ਦਾ ਸਰਗਰਮ ਨਾ ਰਹਿਣਾ, ਨਾਬਰਾਬਰੀ ਅਤੇ ਮਰਦਾਂ ਵੱਲੋਂ ਹਿੰਸਾ ਜਿਹੇ ਕਈ ਕਾਰਨ ਹਨ, ਜਿਨ੍ਹਾਂ ਕਰ ਕੇ ਉਨ੍ਹਾਂ ਦੀ ਸਿਹਤ ਵਿਚ ਨਿਘਾਰ ਆਇਆ ਹੈ। ਸਿਹਤ ਸੰਭਾਲ ਸਮੇਤ ਹੋਰ ਔਰਤ ਪ੍ਰਧਾਨ ਕਿੱਤਿਆਂ ਵਿਚ ਕੰਮਕਾਜੀ ਹਾਲਾਤ ਮੁਸ਼ਕਲ ਹੋਣ ਕਰ ਕੇ ਉਨ੍ਹਾਂ ਦੀ ਸਿਹਤ ਖਰਾਬ ਰਹਿੰਦੀ ਹੈ।

## ਭਾਈ ਜਸਵੰਤ ਸਿੰਘ ਤੇ ਬਲਬੀਰ ਸਿੰਘ ਨੂੰ 'ਸ਼੍ਰੋਮਣੀ ਸੇਵਾ ਰਤਨ' ਦੀ ਉਪਾਧੀ

**ਅੰਮ੍ਰਿਤਸਰ:** ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੂੰ ਪੰਥਕ ਸੇਵਾਵਾਂ ਲਈ ਅਕਾਲ ਤਖਤ ਤੋਂ 'ਸ਼੍ਰੋਮਣੀ ਰਾਗੀ' ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੂੰ 'ਸ਼੍ਰੋਮਣੀ ਸੇਵਾ ਰਤਨ' ਦੀ ਉਪਾਧੀ ਨਾਲ ਸਨਮਾਨਿਆ ਗਿਆ। ਉਨ੍ਹਾਂ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਗਿਆ ਸੀ, ਜਿਸ ਲਈ ਅਕਾਲ ਤਖਤ ਵਿਖੇ ਵਿਸ਼ੇਸ਼ ਸਮਾਗਮ ਕਰਾਇਆ ਗਿਆ।

ਭਾਈ ਜਸਵੰਤ ਸਿੰਘ ਤੇ ਬਾਬਾ ਬਲਬੀਰ ਸਿੰਘ ਨੂੰ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਤੇ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਗਿਆਨੀ ਭਾਗ ਸਿੰਘ ਵੱਲੋਂ ਸਨਮਾਨ ਦਿੱਤੇ ਗਏ। ਉਧਰ, ਅਕਾਲੀ ਆਗੂ ਗੁਰਸੇਵਕ ਸਿੰਘ ਜਵਾਹਰਕੇ ਨੇ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਨੂੰ ਸਨਮਾਨੇ ਜਾਣ ਉਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਆਖਿਆ ਕਿ ਇਸ ਜਥੇਬੰਦੀ ਦੇ ਮੁਖੀ ਬਾਬਾ ਸੰਤਾ ਸਿੰਘ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ। ਉਸ ਨੇ ਕਾਂਗਰਸ ਵੱਲੋਂ ਢਹਿ-ਢੇਰੀ ਕੀਤੇ ਅਕਾਲ ਤਖਤ ਦੀ ਇਮਾਰਤ ਦੀ ਉਸਾਰੀ ਕਾਂਗਰਸ ਦੀ ਸ਼ਹਿ ਉਤੇ ਕਰਾਈ ਸੀ। ਉਨ੍ਹਾਂ ਕਿਹਾ ਕਿ ਅਜਿਹੀ ਜਥੇਬੰਦੀ ਦੇ ਆਗੂ ਨੂੰ ਅਕਾਲ ਤਖਤ ਤੋਂ ਸਨਮਾਨ ਦੇਣਾ ਵਾਜਬ ਨਹੀਂ ਹੈ।

## ਗੁਰਦੁਆਰਾ ਸੋਧ ਐਕਟ ਬਾਰੇ ਪਟੀਸ਼ਨ 'ਚ ਸ਼੍ਰੋਮਣੀ ਕਮੇਟੀ ਧਿਰ ਬਣੀ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਦੇ ਵੋਟਿੰਗ ਦੇ ਹੱਕ ਨੂੰ ਖਤਮ ਕਰਦੀ ਸਿੱਖ ਗੁਰਦੁਆਰਾ ਐਕਟ ਵਿਚ ਸੰਸਦ ਵੱਲੋਂ ਕੀਤੀ ਸੋਧ ਨੂੰ ਸਹਿਜਧਾਰੀ ਸਿੱਖ ਪਾਰਟੀ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੰਦੀ ਪਟੀਸ਼ਨ ਵਿਚ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਪਾਰਟੀ ਬਣ ਗਈ ਹੈ। ਇਕ ਅਰਜ਼ੀ ਦੇ ਕੇ ਸ਼੍ਰੋਮਣੀ ਕਮੇਟੀ ਨੇ ਧਿਰ ਬਣਨ ਦੀ ਇਜਾਜ਼ਤ ਮੰਗੀ ਹੈ ਤੇ ਇਸ ਨੂੰ ਪਾਰਟੀ ਬਣਾਉਂਦਿਆਂ ਹਾਈ ਕੋਰਟ ਨੇ ਸਹਿਜਧਾਰੀ ਸਿੱਖ ਪਾਰਟੀ ਤੋਂ ਇਲਾਵਾ ਹੋਰਨਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ।

ਪਾਰਟੀ ਪ੍ਰਧਾਨ ਡਾਕਟਰ ਪਰਮਜੀਤ ਸਿੰਘ ਰਾਣੂੰ ਨੇ ਐਡਵੋਕੇਟ ਸੰਜੀਵ ਸ਼ਰਮਾ ਰਾਹੀਂ ਦਾਖਲ ਪਟੀਸ਼ਨ ਵਿਚ ਕਿਹਾ ਸੀ ਕਿ ਕੇਂਦਰ ਨੇ ਐਕਟ ਵਿਚ ਸੋਧ ਰਾਹੀਂ ਵੋਟਿੰਗ ਹੱਕ ਖੋਹਣ ਪਿੱਛੇ ਕੋਈ ਕਾਰਨ ਪੇਸ਼ ਨਹੀਂ ਕੀਤਾ, ਲਿਹਾਜ਼ਾ ਸਹਿਜਧਾਰੀ ਸਿੱਖਾਂ ਨੂੰ ਵੋਟਿੰਗ ਕਰਨ ਦੀ ਮਿਲੀ ਛੋਟ ਖਤਮ ਕਰਨਾ ਕੇਂਦਰ ਸਰਕਾਰ ਵੱਲੋਂ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਨ ਦੇ ਬਰਾਬਰ ਹੈ।

## ਪ੍ਰਿੰਸ ਹੈਰੀ ਦਾ ਮੇਘਨ ਮਰਕਲ ਨਾਲ ਵਿਆਹ ਅਗਲੇ ਵਰ੍ਹੇ

**ਲੰਡਨ:** ਬ੍ਰਿਟੇਨ ਦੇ ਪ੍ਰਿੰਸ ਹੈਰੀ ਦਾ ਉਨ੍ਹਾਂ ਦੀ ਅਮਰੀਕੀ ਪ੍ਰੇਮਿਕਾ ਮੇਘਨ ਮਰਕਲ ਨਾਲ ਅਗਲੇ ਵਰ੍ਹੇ ਵਿਆਹ ਹੋਵੇਗਾ। ਸਰਕਾਰੀ ਐਲਾਨ ਮੁਤਾਬਕ ਇਸ ਮਹੀਨੇ ਦੇ ਸ਼ੁਰੂ ਵਿਚ ਦੋਹਾਂ ਦਾ ਮੰਗਣਾ ਹੋ ਗਿਆ ਹੈ। ਤਲਾਕਸ਼ੁਦਾ ਮਰਕਲ ਬਰਤਾਨਵੀ ਸਾਮਰਾਜ 'ਚ ਸ਼ਾਮਲ ਹੋਣ ਵਾਲਾ ਹੈਰਾਨੀ ਭਰਿਆ ਨਾਮ ਹੈ। ਹੈਰੀ ਦੇ ਪਿਤਾ ਪ੍ਰਿੰਸ ਚਾਰਲਸ ਦੀ ਤਰਫੋਂ ਜਾਰੀ ਬਿਆਨ 'ਚ ਮਰਕਲ ਨਾਲ ਉਸ ਦੇ ਮੰਗਣੇ ਦਾ ਐਲਾਨ ਕੀਤਾ ਗਿਆ।

ਕਲੇਰੈਂਸ ਹਾਊਸ ਨੇ ਕਿਹਾ ਕਿ ਪ੍ਰਿੰਸ ਹੈਰੀ ਨੇ ਮਹਾਰਾਣੀ ਐਲਿਜ਼ਾਬੈਥ ਦੂਜੀ ਨੂੰ ਮਰਕਲ ਨਾਲ ਵਿਆਹ ਕਰਾਉਣ ਦੀ ਜਾਣਕਾਰੀ ਦੇ ਦਿੱਤੀ ਸੀ। ਇਸ ਤੋਂ ਇਲਾਵਾ ਉਸ ਨੇ ਮਰਕਲ ਦੇ ਮਾਪਿਆਂ ਤੋਂ ਵੀ ਆਸ਼ੀਰਵਾਦ ਲੈ ਲਿਆ ਸੀ। ਨਵਾਂ ਵਿਆਹਿਆ ਜੋੜਾ ਕੇਨਸਿੰਗਟਨ ਪੈਲੇਸ ਦੇ ਨੌਟਿੰਘਮ ਕਾਟੇਜ 'ਚ ਰਹੇਗਾ। ਹੈਰੀ ਅਤੇ ਮਰਕਲ ਜੁਲਾਈ 2016 ਤੋਂ ਇਕ-ਦੂਜੇ ਦੇ ਨਜ਼ਦੀਕ ਆਏ ਸਨ ਅਤੇ ਉਨ੍ਹਾਂ ਦੇ ਛੇਤੀ ਵਿਆਹ ਦੀਆਂ ਕਿਆਸਅਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ।

ਉਂਜ ਸ਼ਾਹੀ ਖਾਨਦਾਨ ਤਲਾਕਸ਼ੁਦਾ ਨਾਲ ਵਿਆਹ ਦੀ ਇਜਾਜ਼ਤ ਨਹੀਂ ਦਿੰਦਾ ਪਰ 2005 'ਚ ਮਹਾਰਾਣੀ ਨੇ ਪ੍ਰਿੰਸ ਚਾਰਲਸ ਨੂੰ ਕੈਮਿਲਾ ਨਾਲ ਵਿਆਹ ਕਰਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ ਜੋ ਤਲਾਕਸ਼ੁਦਾ ਸੀ।

Punjab Times


## Matrimonials

### ਲੜਕੇ ਦੀ ਲੋੜ ਹੈ

Well educated (Midwest US based) Saini Sikh family seeks professionally qualified match for their Indian citizen beautiful, slim, 27/5'-1" daughter. B. Tech in Computer Science (CSE). Working as Software developer in Mohali, India. Contact at 765-570-0149 46-49

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com 42/4

### ਜੀਵਨ ਸਾਥਣ ਦੀ ਲੋੜ ਹੈ

ਯੂ. ਐਸ. ਸਿਟੀਜ਼ਨ, 73 ਸਾਲਾ ਵਿਧੁਰ, ਸੇਵਾਮੁਕਤ ਵਿਅਕਤੀ ਲਈ ਭਾਰਤ ਜਾਂ ਅਮਰੀਕਾ-ਕੈਨੇਡਾ ਰਹਿੰਦੀ ਜੀਵਨ ਸਾਥਣ ਦੀ ਲੋੜ ਹੈ ਜਿਸ ਦਾ ਪਹਿਲਾਂ ਵਿਆਹ ਨਾ ਹੋਇਆ ਹੋਵੇ। ਭਾਰਤ/ਪੰਜਾਬ ਤੋਂ ਲਿਆਉਣ ਦੀ ਜਿੰਮੇਵਾਰੀ। ਸੋਸ਼ਲ ਸਿਕਿਉਰਿਟੀ ਅਤੇ ਪ੍ਰਾਈਵੇਟ ਪੈਨਸ਼ਨ ਤੋਂ ਚੰਗੀ ਆਮਦਨ। ਸੰਪਰਕ ਕਰੋ, ਫੋਨ: 845-664-1301 46-49

### ਲੜਕੀ ਦੀ ਲੋੜ ਹੈ

Wanted suitable girl for clean shaven Sikh Rajput (Rathore) boy 29, 5'-9", B.E., MBA (USA). Working in Chicago on H1B visa. Both sisters married and settled in the USA. Contact, Ph: 91-98150-34814 or singhmatri8@gmail.com 47-50

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51

Wanted suitable US citizen or green card holder girl for Jatt Sikh boy, 32, 6'-3'', PhD (Weed Science), Post-Doctoral research associate at University of Missouri, Columbia, USA. Contact, Ph: 573-529-8325 or 510-209-5298 47-50


## ਗੁਜਰਾਤ ਚੋਣਾਂ ਵਿਚ ਕਿਸਾਨ ਪੋਚਣਗੇ ਭਾਜਪਾ ਦੀ ਫੱਟੀ

**ਨਵੀਂ ਦਿੱਲੀ:** ਭਾਰਤੀ ਕਿਸਾਨ ਮੰਚ ਦੇ ਝੰਡੇ ਹੇਠਲੀਆਂ 13 ਕਿਸਾਨ ਜਥੇਬੰਦੀਆਂ ਦੇ ਆਗੂ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਚਾਰ ਕਰ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਭੰਡੀ ਕਰਨਗੇ।

ਚੋਣਾਂ ਦੌਰਾਨ ਕੇਂਦਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾ ਕੇ ਕਿਸਾਨ ਆਗੂ ਅਪੀਲ ਕਰਨਗੇ ਕਿ ਭਾਜਪਾ ਦੇ ਉਮੀਦਵਾਰਾਂ ਖਿਲਾਫ਼ ਵੋਟਾਂ ਪਾ ਕੇ ਬਦਲਾ ਲਿਆ ਜਾਵੇ। ਭਾਰਤੀ ਕਿਸਾਨ ਮੰਚ ਨੇ ਕਿਹਾ ਕਿ ਯੂ.ਪੀ., ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਤਾਮਿਲਨਾਡੂ ਦੇ ਕਿਸਾਨ ਆਗੂ ਇਕ ਹਫਤਾ ਗੁਜਰਾਤ ਵਿਚ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿਚ 'ਭਾਜਪਾ ਹਰਾਓ-ਕਿਸਾਨ ਬਚਾਓ' ਦੇ ਨਾਅਰੇ ਹੇਠ ਉਥੋਂ ਦੇ ਕਿਸਾਨਾਂ ਨੂੰ ਲਾਮਬੰਦ ਕਰਨਗੇ।

ਮੰਚ ਮੁਤਾਬਕ 2014 'ਚ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਦੇਸ਼ ਦੇ ਕਿਸਾਨਾਂ ਨਾਲ ਐਮ.ਐਸ. ਸਵਾਮੀਨਾਥਨ ਵੱਲੋਂ ਦਿੱਤੀ ਗਈ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਪਰ ਰਿਪੋਰਟ ਲਾਗੂ ਕਰਨ ਦੀ ਥਾਂ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਕ ਹਲਫਨਾਮਾ ਦੇ ਕੇ ਦੇਸ਼ ਦੇ ਕਰੋੜਾਂ ਕਿਸਾਨਾਂ ਨਾਲ ਵਾਅਦਾਖਿਲਾਫ਼ੀ ਕੀਤੀ ਹੈ।

## ਚੀਨ ਵੀ ਉਤਰੀ ਕੋਰੀਆ ਨਾਲ ਨਾਰਾਜ਼

**ਬੀਜਿੰਗ:** ਅਮਰੀਕਾ ਦੇ ਦਬਾਅ ਦਾ ਹੀ ਅਸਰ ਹੈ ਕਿ ਚੀਨ ਉਤਰੀ ਕੋਰੀਆ ਉਤੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਨੂੰ ਲਾਗੂ ਕਰ ਰਿਹਾ ਹੈ। ਅਕਤੂਬਰ ਮਹੀਨੇ ਵਿਚ ਚੀਨ ਨੇ ਉਤਰੀ ਕੋਰੀਆ ਤੋਂ ਕੱਚਾ ਲੋਹਾ, ਪਾਰਾ ਅਤੇ ਕੋਲੇ ਦੀ ਦਰਾਮਦ ਨਹੀਂ ਕੀਤੀ। ਚੀਨ, ਉਤਰੀ ਕੋਰੀਆ ਦਾ ਸਭ ਤੋਂ ਵੱਡਾ ਵਪਾਰ ਸਹਿਯੋਗੀ ਹੈ। ਉਤਰੀ ਕੋਰੀਆ ਦਾ ਤਕਰੀਬਨ 90 ਫੀਸਦੀ ਵਪਾਰ ਚੀਨ ਨਾਲ ਹੁੰਦਾ ਹੈ।

ਵਪਾਰ ਅੰਕੜਿਆਂ ਤੋਂ ਇਹ ਜਾਣਕਾਰੀ ਸਾਹਮਣੇ ਆਈ ਹੈ। ਉਤਰੀ ਕੋਰੀਆ ਦੇ ਪਰਮਾਣੂ ਹਥਿਆਰ ਦੇ ਵਿਕਾਸ ਦੇ ਵਿਰੋਧ 'ਚ ਸੰਯੁਕਤ ਰਾਸ਼ਟਰ ਨੇ ਪੰਜ ਸਤੰਬਰ ਨੂੰ ਉਸ 'ਤੇ ਸਖਤ ਵਪਾਰਕ ਪਾਬੰਦੀਆਂ ਲਗਾਈਆਂ ਸਨ।


## ਸ਼ੈਫ/ਤੰਦੂਰੀਏ, ਕੱਰੀ ਕੁੱਕ ਅਤੇ ਵੇਟਰ ਦੀ ਲੋੜ ਹੈ

ਰੋਮ, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ ਅਤੇ ਸ਼ੈਫ/ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ ਜੋ ਹਰ ਤਰ੍ਹਾਂ ਦਾ ਵੈਸ਼ਨੂੰ ਤੇ ਗੈਰ ਵੈਸ਼ਨੂੰ ਤੰਦੂਰੀ ਖਾਣਾ ਤਿਆਰ ਕਰ ਸਕਦਾ ਹੋਵੇ।

ਵਿਜ਼ਿਟਰ ਵੀਜ਼ੇ 'ਤੇ ਆਏ ਢੁਕਵੇਂ ਸ਼ਖਸ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ।

ਵਧੀਆ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਫੋਨ: 315-832-0496

ranjitlubana39@gmail.com

## ਸਟੋਰ ਵਿਕਾਊ ਹੈ

ਗਰੌਸਰੀ, ਬੀਅਰ-ਵਾਈਨ ਅਤੇ ਲਾਟੋ ਸਮੇਤ

ਸੰਪਰਕ ਕਰੋ: ਰਣਜੀਤ ਸਿੰਘ ਲੁਬਾਣਾ 315-371-0141

47-50

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਫੂਲਕਾ ਨੇ ਪੰਜਾਬ ਦੀ ਸਿਆਸਤ ਤੋਂ ਕੀਤਾ ਕਿਨਾਰਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸਭ ਤੋਂ ਸੀਨੀਅਰ ਆਗੂਆਂ ਵਿਚੋਂ ਇਕ ਅਤੇ ਵਿਧਾਨ ਸਭਾ ਹਲਕਾ ਦਾਖਾ ਤੋਂ ਵਿਧਾਇਕ ਐਚ.ਐਸ. ਫੂਲਕਾ ਨੇ ਪੰਜਾਬ ਦੀ ਸਿਆਸਤ ਤੋਂ ਕਿਨਾਰਾ ਕਰਦਿਆਂ ਦਾਖਾ ਤੋਂ ਦਿੱਲੀ ਸੇਵਾ ਕਰਨ ਤੱਕ ਸੀਮਤ ਰਹਿਣ ਦਾ ਐਲਾਨ ਕਰ ਦਿੱਤਾ ਹੈ। ਫੂਲਕਾ ਨੇ ਆਖਿਆ ਹੈ ਕਿ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਵੀ ਉਹ ਪੰਜਾਬ ਦੇ ਸਿਆਸੀ ਝਮੇਲਿਆਂ ਵਿਚ ਉਲਝਣ ਦੀ ਥਾਂ ਸਿਰਫ ਆਪਣੇ ਹਲਕੇ ਦਾਖਾ ਦੀਆਂ ਸਮੱਸਿਆਵਾਂ ਅਤੇ ਮੰਗਾਂ ਤੱਕ ਸੀਮਤ ਰਹਿਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੇ ਨਸ਼ੇ ਨਾਲ ਜੁੜੇ ਮੁੱਦੇ ਬਾਰੇ ਉਨ੍ਹਾਂ ਨੂੰ ਬਹੁਤੀ ਜਾਣਕਾਰੀ ਨਹੀਂ ਹੈ ਤੇ ਉਂਜ ਵੀ ਇਹ ਮਾਮਲਾ ਅਦਾਲਤ ਵਿਚ ਚੱਲ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਨਿੱਜੀ ਤੌਰ ਉਤੇ ਵਿਧਾਨ ਸਭਾ ਸੈਸ਼ਨ ਦੌਰਾਨ ਸੂਬੇ ਦੀ ਸਿਆਸਤ ਦੀ ਬਹਿਸ ਤੋਂ ਬਾਹਰ ਰਹਿਣਗੇ, ਪਰ ਵਿਧਾਇਕ ਦਲ ਵੱਲੋਂ ਕੀਤੇ ਫੈਸਲਿਆਂ ਉਪਰ ਜ਼ਰੂਰ ਅਮਲ ਕਰਨਗੇ। ਦੱਸਣਯੋਗ ਹੈ ਕਿ ਪਹਿਲਾਂ ਫੂਲਕਾ 1984 ਦੇ ਸਿੱਖ ਕਤਲੇਆਮ ਬਾਰੇ ਦਿੱਲੀ ਦੀਆਂ ਅਦਾਲਤਾਂ ਵਿਚ ਚੱਲਦੇ ਕੇਸਾਂ ਵਿਚ ਰੁੱਝੇ ਹੋਣ ਦਾ ਮੁੱਦਾ ਬਣਾ ਕੇ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਗਏ ਸਨ ਤੇ ਹੁਣ ਉਨ੍ਹਾਂ ਨੇ ਪਾਰਟੀ ਦੀ ਸਿਆਸਤ ਸਮੇਤ ਸੂਬੇ ਦੀ ਰਾਜਨੀਤੀ ਤੋਂ ਵੀ ਕਿਨਾਰਾ ਕਰ ਲਿਆ ਹੈ।

### ਦਾਖਾ ਤੋਂ ਦਿੱਲੀ ਸੇਵਾ ਕਰਨ ਤੱਕ ਸੀਮਤ ਰਹਿਣ ਦਾ ਐਲਾਨ



ਭਾਵੇਂ ਸ. ਫੂਲਕਾ ਨੇ ਆਪਣੇ ਇਸ ਨਵੇਂ ਰੁਝਾਨ ਦੇ ਕਾਰਨ ਨਹੀਂ ਬਿਆਨੇ, ਪਰ ਸੂਤਰ ਦੱਸਦੇ ਹਨ ਕਿ ਪਾਰਟੀ ਵਿਚਲੀ ਸੌੜੀ ਚੌਧਰ ਤੋਂ ਦੁਖੀ ਹੋ ਕੇ ਉਨ੍ਹਾਂ ਨੇ ਆਪਣੇ-ਆਪ ਨੂੰ ਦਾਖਾ ਹਲਕੇ ਤੱਕ ਸੀਮਤ ਕਰਨ ਦਾ ਫੈਸਲਾ ਕੀਤਾ ਹੈ। ਫੂਲਕਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹਲਕਾ ਦਾਖਾ ਵਿਚ ਸਿਆਸਤ ਤੋਂ ਉਪਰ ਉਠ ਕੇ ਹਰੇਕ ਪਾਰਟੀ ਦੇ ਲੋਕਾਂ ਨੂੰ ਨਾਲ ਲੈ ਕੇ ਚਾਰ ਲੋਕ ਭਲਾਈ ਪ੍ਰੋਜੈਕਟ ਵਿੱਢੇ ਹਨ। ਪਹਿਲੇ ਪ੍ਰੋਜੈਕਟ ਰਾਹੀਂ ਹਲਕੇ ਵਿਚਲੇ ਕੁੱਲ 112 ਪ੍ਰਾਇਮਰੀ ਸਕੂਲਾਂ ਵਿਚੋਂ 100 ਵਿਚ ਡਿਜੀਟਲ ਕਲਾਸ ਰੂਮ ਬਣਾਏ ਜਾ ਰਹੇ ਹਨ।

ਇਸ ਤੋਂ ਪਹਿਲਾਂ ਦਾਖਾ ਹਲਕੇ ਵਿਚ ਮੋਬਾਈਲ ਡਿਸਪੈਂਸਰੀ ਚਲਾਈ ਹੈ। ਛੇਤੀ ਹੀ ਦੋ ਹੋਰ ਮੋਬਾਈਲ ਡਿਸਪੈਂਸਰੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਸਰਕਾਰੀ ਸਕੂਲਾਂ ਵਿਚ ਪੜ੍ਹਦੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉਚ ਪੜ੍ਹਾਈ ਲਈ ਮੁਫਤ ਕੋਚਿੰਗ ਦੇਣ ਦਾ ਪ੍ਰਬੰਧ ਵੀ ਕੀਤਾ ਹੈ। ਗਿਆਨ ਸੇਵਾ ਟਰੱਸਟ ਰਾਹੀਂ ਵਿਦਿਆਰਥੀਆਂ ਨੂੰ ਘਰਾਂ ਤੋਂ ਕੋਚਿੰਗ ਸੈਂਟਰ ਲਿਜਾਣ ਲਈ ਬੱਸ ਸੇਵਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੌਥੇ ਪ੍ਰੋਜੈਕਟ ਤਹਿਤ ਹਲਕੇ ਦੇ ਹਰੇਕ ਘਰ ਵਿਚ ਸੁਹਾਜਣਾ ਦਰਖਤ ਅਤੇ ਕੜੀ ਪੱਤਾ ਲਾਉਣ ਦੀ ਮੁਹਿੰਮ ਚਲਾਈ ਜਾਵੇਗੀ, ਜੋ ਸਿਹਤ ਲਈ ਵਰਦਾਨ ਸਾਬਤ ਹੋਣਗੇ।

# ਵਕੀਲ ਹੱਤਿਆ ਕਾਂਡ ਵਿਚ 9 ਦੋਸ਼ੀਆਂ ਨੂੰ ਉਮਰ ਕੈਦ

**ਮੁਹਾਲੀ:** ਜ਼ਿਲ੍ਹਾ ਅਦਾਲਤ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਅਮਰਪ੍ਰੀਤ ਸਿੰਘ ਸੇਠੀ ਕਤਲ ਕੇਸ ਵਿਚ 9 ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਲੁਧਿਆਣਾ ਦਿਹਾਤੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਰਣਜੀਤ ਸਿੰਘ ਮੰਗਲੀ ਦੇ ਪੁੱਤਰ ਜਸਵਿੰਦਰ ਸਿੰਘ ਮੰਗਲੀ ਉਰਫ ਘੱਟੂ, ਧਰਮਿੰਦਰ ਸਿੰਘ ਉਰਫ ਗੁਗਨੀ, ਸੁਨੀਲ ਭਨੋਟ, ਰਜਤ ਸ਼ਰਮਾ, ਓਂਕਾਰ ਸਿੰਘ, ਸਨਵੀਰ ਸਿੰਘ, ਦੀਪਕ ਕੌਸ਼ਲ ਉਰਫ ਗੋਲੂ, ਵਿਸ਼ਾਲ ਕੁਮਾਰ ਤੇ ਕੈਵਿਨ ਸੁਸ਼ਾਂਤ ਉਰਫ ਰਿਚੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਯਾਦ ਰਹੇ ਕਿ ਮੁਹਾਲੀ ਦੇ ਫੇਜ਼-3ਏ ਵਿਚ 27 ਫਰਵਰੀ, 2013 ਦੀ ਰਾਤ ਨੂੰ ਪੀ.ਜੀ. ਵਿਚ ਰਹਿੰਦੇ ਇਨ੍ਹਾਂ ਨੌਜਵਾਨਾਂ ਨਾਲ ਕਾਰ ਪਾਰਕਿੰਗ ਨੂੰ ਲੈ ਕੇ ਵਕੀਲ ਅਮਰਪ੍ਰੀਤ ਸੇਠੀ ਪੁੱਤਰ ਅਮਰਜੀਤ ਸੇਠੀ ਦਾ ਮਾਮੂਲੀ ਝਗੜਾ ਹੋ ਗਿਆ ਸੀ। ਵਕੀਲ ਨੇ ਇਨ੍ਹਾਂ ਨੌਜਵਾਨਾਂ ਨੂੰ ਆਪਣੇ ਘਰ ਅੱਗੇ ਕਾਰ ਲਾਉਣ ਤੋਂ ਰੋਕਿਆ ਸੀ। ਇਸ ਗੱਲੋਂ ਭੜਕੇ ਨੌਜਵਾਨਾਂ ਨੇ ਐਡਵੋਕੇਟ ਅਮਰਪ੍ਰੀਤ ਸਿੰਘ (34) ਦਾ ਕਤਲ ਕਰ ਦਿੱਤਾ।

# ਮੁਲਾਜ਼ਮਾਂ ਨੂੰ ਬਰਖਾਸਤ ਕਰ ਕੇ ਘਿਰੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਗੁਰਦੁਆਰਾ ਮਾਧੋਸਰ ਬਰਾੜ ਦੇ ਫਾਰਗ ਕੀਤੇ 15 ਕਰਮਚਾਰੀਆਂ ਦਾ ਮਾਮਲਾ ਅਕਾਲ ਤਖਤ ਦੇ ਜਥੇਦਾਰ ਪੁੱਜ ਗਿਆ ਹੈ। ਪੀੜਤ ਕਰਮਚਾਰੀਆਂ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰ ਕੇ ਅਪੀਲ ਕੀਤੀ ਕਿ ਉਨ੍ਹਾਂ ਨੂੰ ਨੌਕਰੀ 'ਤੇ ਬਹਾਲ ਕਰਾਇਆ ਜਾਵੇ। ਇਨ੍ਹਾਂ ਮੁਲਾਜ਼ਮਾਂ ਨੇ ਇਹ ਵੀ ਆਖਿਆ ਸੀ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਉਹ ਅਕਾਲ ਤਖਤ ਵਿਖੇ ਅਰਦਾਸ ਕਰ ਕੇ ਆਪਣਾ ਧਰਮ ਪਰਿਵਰਤਨ ਕਰ ਲੈਣਗੇ।

ਹਾਲਾਂਕਿ ਬਾਅਦ ਵਿਚ ਧਰਮ ਪਰਿਵਰਤਨ ਦਾ ਇਰਾਦਾ ਬਦਲ ਕੇ ਮੁੜ ਨੌਕਰੀ ਲਈ ਸੰਘਰਸ਼ ਜਾਰੀ ਰੱਖਣ ਦੀ ਚਿਤਾਵਨੀ ਦਿੱਤੀ ਸੀ। ਪੀੜਤਾਂ ਵਿਚ ਸ਼ਾਮਲ ਦਿਲਬਾਗ ਸਿੰਘ, ਲਵਪ੍ਰੀਤ ਸਿੰਘ, ਮਲਕੀਤ ਸਿੰਘ ਆਦਿ ਨੇ ਦੱਸਿਆ ਕਿ ਅਕਾਲ ਤਖਤ ਦੇ ਜਥੇਦਾਰ ਨੇ ਉਨ੍ਹਾਂ ਨੂੰ ਨਿਆਂ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ ਵੱਲੋਂ ਲਾਏ ਗਏ ਦੋਸ਼ ਬੇਬੁਨਿਆਦ ਹਨ। ਗੁਰਦੁਆਰੇ ਦੀ ਆਮਦਨ ਵੱਧ ਹੈ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਕੋਈ ਵਿੱਤੀ ਬੋਝ ਨਹੀਂ ਹੈ। ਉਨ੍ਹਾਂ ਆਖਿਆ ਕਿ ਨੌਕਰੀ ਲਈ ਲੋੜੀਂਦੀ ਯੋਗਤਾ ਮੁਤਾਬਕ ਉਹ ਅੰਮ੍ਰਿਤਧਾਰੀ ਹਨ ਅਤੇ ਇਸ ਦਾ ਰਿਕਾਰਡ ਅਕਾਲ ਤਖਤ ਵਿਖੇ ਮੌਜੂਦ ਹੈ।

### ਮੁਲਾਜ਼ਮਾਂ ਦਾ ਮਾਮਲਾ ਅਕਾਲ ਤਖਤ ਦੇ ਜਥੇਦਾਰ ਕੋਲ



ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਇਨ੍ਹਾਂ ਕਰਮਚਾਰੀਆਂ ਵੱਲੋਂ ਧਰਮ ਪਰਿਵਰਤਨ ਦੀ ਦਿੱਤੀ ਚਿਤਾਵਨੀ ਲੋਭ ਤੇ ਲਾਲਚ ਤੋਂ ਵਧ ਕੇ ਕੁਝ ਨਹੀਂ ਹੈ। ਇਨ੍ਹਾਂ ਨੂੰ ਪਹਿਲਾਂ ਸੱਚੇ ਸਿੱਖ ਬਣਨਾ ਚਾਹੀਦਾ ਹੈ। ਸੱਚਾ ਸਿੱਖ ਕਦੇ ਧਰਮ ਅਤੇ ਗੁਰੂ ਤੋਂ ਮੂੰਹ ਨਹੀਂ ਮੋੜੇਗਾ। ਉਨ੍ਹਾਂ ਕਿਹਾ ਕਿ ਗੁਰਦੁਆਰਾ ਗੁਰੂਸਰ ਮਧੋਕੇ ਬਰਾੜ ਵਿਖੇ ਪਹਿਲਾਂ ਹੀ 27 ਕਰਮਚਾਰੀ ਹਨ ਅਤੇ ਸਾਢੇ ਤਿੰਨ ਲੱਖ ਰੁਪਏ ਤਨਖਾਹਾਂ ਲੈ ਰਹੇ ਹਨ ਜਦੋਂਕਿ ਗੁਰਦੁਆਰੇ ਦੀ ਆਮਦਨ ਲਗਭਗ ਡੇਢ ਲੱਖ ਰੁਪਏ ਹੈ। ਕਮੇਟੀ ਦੇ ਪਹਿਲੇ ਪ੍ਰਧਾਨ ਨੇ ਨਿਯਮਾਂ ਨੂੰ ਛਿੱਕੇ ਟੰਗ ਕੇ ਵਾਧੂ ਭਰਤੀ ਕੀਤੀ ਸੀ, ਜਿਸ ਨਾਲ ਗੁਰਦੁਆਰੇ 'ਤੇ ਵਾਧੂ ਵਿੱਤੀ ਬੋਝ ਪੈ ਗਿਆ ਹੈ। ਇਸ ਮਾਮਲੇ ਦੀ ਪੜਤਾਲ ਫਲਾਇੰਗ ਸਕੁਐਡ ਰਾਹੀਂ ਕਰਨ ਮਗਰੋਂ ਹਮਦਰਦੀ ਪੂਰਵਕ ਕਾਰਵਾਈ ਕੀਤੀ ਜਾਵੇਗੀ।

# ਇਕਜੁਟਤਾ ਦੀ ਘਾਟ ਦਾ ਲਾਹਾ ਲੈ ਗਈ ਭਾਜਪਾ

**ਚੰਡੀਗੜ੍ਹ:** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਸਰਬ ਭਾਰਤੀ ਕਾਨਫਰੰਸ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਮਜ਼ਦੂਰ ਜਮਾਤ ਦੀ ਇਕਜੁਟਤਾ ਤੇ ਰਾਜਨੀਤਕ ਸਰਗਰਮੀ ਦੀ ਘਾਟ ਦਾ ਲਾਭ ਉਠਾ ਕੇ ਭਾਰਤੀ ਜਨਤਾ ਪਾਰਟੀ ਕੇਂਦਰ ਸਮੇਤ ਕਈ ਸੂਬਿਆਂ ਵਿਚ ਸੱਤਾ ਹਾਸਲ ਕਰਨ ਵਿਚ ਕਾਮਯਾਬ ਹੋਈ ਹੈ।

ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਹਰਕੰਵਲ ਸਿੰਘ ਵੱਲੋਂ ਪਾਰਟੀ ਪ੍ਰੋਗਰਾਮ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਖਰੜੇ ਨੂੰ ਕਾਨਫਰੰਸ ਵਿਚ ਪੁੱਜੇ 14 ਰਾਜਾਂ ਦੇ ਡੈਲੀਗੇਟਾਂ ਵਿਚੋਂ 21 ਡੈਲੀਗੇਟਾਂ ਨੇ ਬਹਿਸ ਤੋਂ ਬਾਅਦ ਪ੍ਰਵਾਨਗੀ ਦੇ ਦਿੱਤੀ। ਪ੍ਰਵਾਨ ਕੀਤੇ ਪਾਰਟੀ ਪ੍ਰੋਗਰਾਮ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜਮਹੂਰੀ ਇਨਕਲਾਬ ਦੇ ਨਿਸ਼ਾਨਿਆਂ ਦੀ ਪ੍ਰਾਪਤੀ ਦਾ ਸੰਘਰਸ਼ ਔਖਾ ਅਤੇ ਲੰਮੇਰਾ ਹੈ, ਜੋ ਸਮੂਹ ਦੇਸ਼ ਭਗਤ ਤੇ ਜਮਹੂਰੀ ਤਾਕਤਾਂ ਦੇ ਏਕੇ ਬਿਨਾਂ ਹਾਸਲ ਕਰਨਾ ਸੰਭਵ ਨਹੀਂ ਹੈ।

ਕਾਨਫਰੰਸ ਵਿਚ ਇਹ ਗੱਲ ਜ਼ੋਰ ਦੇ ਕੇ ਕਹੀ ਗਈ ਕਿ ਅੱਜ ਦੇ ਦੌਰ ਵਿਚ ਅਜਾਰੇਦਾਰਾਂ, ਪੂੰਜੀਪਤੀਆਂ ਤੇ ਰਜਵਾੜਿਆਂ ਨੂੰ ਛੱਡ ਕੇ ਬਾਕੀ ਸਾਰੇ ਵਰਗ ਸਾਮਰਾਜੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਪਾਰਟੀ ਪ੍ਰੋਗਰਾਮ ਵਿਚ ਅੰਕਿਤ ਕੀਤਾ ਹੈ ਕਿ ਅਜਿਹੇ ਲੁੱਟੇ ਜਾ ਰਹੇ ਵਰਗਾਂ ਦੀ ਏਕਤਾ ਹੀ ਸਮਾਜਿਕ ਤਬਦੀਲੀ ਦਾ ਆਧਾਰ ਬਣ ਸਕਦੀ ਹੈ। ਆਰ.ਐਮ.ਪੀ.ਆਈ. ਨੇ ਇਸ ਪ੍ਰੋਗਰਾਮ ਤਹਿਤ ਟੀਚਾ ਮਿਥਿਆ ਹੈ ਕਿ ਸਾਰੀਆਂ ਖੱਬੀਆਂ, ਜਮਹੂਰੀ, ਦੇਸ਼ ਭਗਤ ਤੇ ਅਗਾਂਹਵਧੂ ਧਿਰਾਂ ਉਤੇ ਆਧਾਰਤ ਮੋਰਚੇ ਦੀ ਉਸਾਰੀ ਕਰ ਕੇ ਤਬਦੀਲੀ ਦੇ ਰਾਹ ਪਿਆ ਜਾਵੇਗਾ।

ਪਾਰਟੀ ਪ੍ਰੋਗਰਾਮ ਨੂੰ ਅੰਤਿਮ ਰੂਪ ਦੇਣ ਲਈ ਹੋਈ ਚਰਚਾ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਮਜ਼ਦੂਰ ਜਮਾਤ ਦੀ ਪ੍ਰਭਾਵਸ਼ਾਲੀ ਇਕਜੁਟਤਾ ਤੇ ਰਾਜਨੀਤਕ ਤੌਰ ਉਤੇ ਤਿੱਖੇ ਰੂਪ ਵਿਚ ਸਰਗਰਮ ਲਹਿਰ ਚਲਾਉਣ ਦੀ ਅਣਹੋਂਦ ਕਾਰਨ ਕੁਝ ਫਿਰਕੂ ਅਤੇ ਇਨਕਲਾਬ ਵਿਰੋਧੀ ਤਾਕਤਾਂ ਨੇ ਆਪਣਾ ਆਧਾਰ ਮਜ਼ਬੂਤ ਕਰ ਲਿਆ ਹੈ। ਇਸੇ ਦਾ ਸਿੱਟਾ ਹੈ ਕਿ ਇਨ੍ਹਾਂ ਵਿਚੋਂ ਇਕ ਤਾਕਤ ਸੰਘ ਪਰਿਵਾਰ ਦੀ 'ਔਲਾਦ' ਭਾਜਪਾ ਨੇ ਕੇਂਦਰ ਸਮੇਤ ਕਈ ਸੂਬਿਆਂ ਵਿਚ ਸੱਤਾ ਹਥਿਆਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ।

ਪਾਰਟੀ ਪ੍ਰੋਗਰਾਮ ਵਿਚ ਸੱਜੇ ਅਤੇ ਖੱਬੇ ਕੁਰਾਹੇ ਤੋਂ ਬਚਣ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਧਰਮ-ਨਿਰਪੱਖਤਾ ਤੇ ਜਮਹੂਰੀਅਤ ਇਕ-ਦੂਜੇ ਨਾਲ ਜੁੜੇ ਹੋਏ ਹਨ ਅਤੇ ਲੋਕ ਏਕਤਾ ਵਿਚ ਦੋਵਾਂ ਦੀ ਬਰਾਬਰ ਅਹਿਮੀਅਤ ਹੈ। ਇਸ ਮੌਕੇ ਘੱਟ ਗਿਣਤੀਆਂ, ਦਲਿਤਾਂ, ਮਹਿਲਾਵਾਂ ਤੇ ਆਦਿ ਵਾਸੀਆਂ ਉਪਰ ਵੱਖ-ਵੱਖ ਢੰਗਾਂ ਨਾਲ ਹੋ ਰਹੀ ਧੱਕੇਸ਼ਾਹੀ ਦਾ ਜ਼ਿਕਰ ਕਰਦਿਆਂ ਇਸ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਉਣ ਦਾ ਫੈਸਲਾ ਕੀਤਾ ਗਿਆ।

# ਧੁਆਂਖੀ ਧੁੰਦ: ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੇ ਲਿਖੀ ਕੈਪਟਨ ਨੂੰ ਚਿੱਠੀ


**ਇਸਲਾਮਾਬਾਦ:** ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਧੁਆਂਖੀ ਧੁੰਦ ਦੀ ਸਮੱਸਿਆ ਨਾਲ ਨਜਿੱਠਣ ਲਈ ਮਦਦ ਮੰਗੀ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੋਂ ਬਾਅਦ ਹੁਣ ਸ਼ਾਹਬਾਜ਼ ਸ਼ਰੀਫ ਨੇ ਵੀ ਕੈਪਟਨ ਨੂੰ ਇਸ ਸਮੱਸਿਆ ਨੂੰ ਸੁਲਝਾਉਣ ਲਈ ਸਾਂਝਾ ਪ੍ਰੋਗਰਾਮ ਬਣਾਉਣ ਦੀ ਅਪੀਲ ਕੀਤੀ ਹੈ।



ਪਾਕਿਸਤਾਨੀ ਪੰਜਾਬ ਦੀ ਸਰਕਾਰ ਦੇ ਟਵਿੱਟਰ ਅਕਾਊਂਟ 'ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਦੀ ਕਾਪੀ ਜਾਰੀ ਕੀਤੀ ਗਈ ਹੈ। ਇਸ ਪੋਸਟ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸ਼ਾਮ ਕੀਤਾ ਗਿਆ ਹੈ। ਕੈਪਟਨ ਨੂੰ ਭੇਜੇ ਪੱਤਰ 'ਚ ਸ਼ਾਹਬਾਜ਼ ਨੇ ਲਿਖਿਆ ਹੈ ਕਿ ਤੁਸੀਂ ਜਾਣਦੇ ਹੋ ਕਿ ਪਿਛਲੇ ਕਈ ਸਾਲਾਂ ਤੋਂ ਦੋਵਾਂ ਪੰਜਾਬਾਂ ਦੇ ਲੋਕ ਅਕਤੂਬਰ ਤੇ ਨਵੰਬਰ ਦੇ ਮਹੀਨੇ ਵਿਚ ਪਰਾਲੀ ਸਾੜਨ ਕਾਰਨ ਧੁਆਂਖੀ ਧੁੰਦ ਦੀ ਸਮੱਸਿਆ ਦਾ ਸਾਹਮਣਾ ਕਰਦੇ ਹਨ ਪਰ ਇਸ ਸਾਲ ਇਹ ਸਮੱਸਿਆ ਜ਼ਿਆਦਾ ਵਧੀ ਹੈ। ਸਮੱਸਿਆ ਨਾਲ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ 'ਤੇ ਮਾੜਾ ਅਸਰ ਪੈ ਰਿਹਾ ਹੈ ਤੇ ਦਿੱਲੀ ਤੋਂ ਲੈ ਕੇ ਲਾਹੌਰ ਤੱਕ ਦਾ ਇਲਾਕਾ ਇਸ ਦੀ ਲਪੇਟ ਵਿਚ ਹੈ। ਸ਼ਾਹਬਾਜ਼ ਨੇ ਆਪਣੇ ਪੱਤਰ 'ਚ ਕੈਪਟਨ ਨੂੰ ਸੰਬੋਧਿਤ ਹੁੰਦੇ ਹੋਏ ਲਿਖਿਆ ਹੈ ਕਿ ਤੁਸੀਂ ਮੇਰੇ ਇਸ ਵਿਚਾਰ ਨਾਲ ਸਹਿਮਤ ਹੋਵੋਗੇ ਕਿ ਇਸ ਸਮੱਸਿਆ ਨੂੰ ਸਿਰਫ ਵਿਗਿਆਨਕ ਤੇ ਆਰਥਿਕ ਤਰੀਕਿਆਂ ਨਾਲ ਹੀ ਸੁਲਝਾਇਆ ਜਾ ਸਕਦਾ ਹੈ। ਸ਼ਾਹਬਾਜ਼ ਨੇ ਪੱਤਰ 'ਚ ਲਿਖਿਆ ਕਿ ਅਜਿਹੇ ਹੱਲ ਲੱਭੇ ਜਾਣ ਜਿਸ ਨਾਲ ਪਰਾਲੀ ਸਾੜਨ ਦੀ ਸਮੱਸਿਆ ਤੋਂ ਨਿਜਾਤ ਮਿਲ ਸਕੇ।

# ਪੰਜਾਬ ਦੇ ਗੰਨਾ ਕਾਸ਼ਤਕਾਰਾਂ ਦਾ ਰੋਹ ਵਧਿਆ

**ਚੰਡੀਗੜ੍ਹ:** ਗੰਨੇ ਦੇ ਭਾਅ ਸਬੰਧੀ ਪੰਜਾਬ ਸਰਕਾਰ ਤੋਂ ਕੋਰਾ ਜਵਾਬ ਮਿਲਣ ਮਗਰੋਂ ਸੂਬੇ ਦੇ ਕਿਸਾਨਾਂ ਵਿਚ ਰੋਹ ਵਧਦਾ ਹੀ ਜਾ ਰਿਹਾ ਹੈ। ਇਸੇ ਦਾ ਨਤੀਜਾ ਹੈ ਕਿ ਗੰਨਾ ਕਿਸਾਨਾਂ ਨੇ ਸ਼ੂਗਰਕੇਨ ਐਕਟ ਦਾ ਹਵਾਲਾ ਦਿੰਦਿਆਂ ਹੁਣ ਸਰਕਾਰ ਤੋਂ ਪਿਛਲੇ ਤਕਰੀਬਨ 30 ਸਾਲਾਂ ਦੀ ਹਜ਼ਾਰਾਂ ਕਰੋੜ ਰੁਪਏ ਰਾਸ਼ੀ ਵੀ ਮੰਗਣੀ ਸ਼ੁਰੂ ਕਰ ਦਿੱਤੀ ਹੈ, ਜੋ ਕਿ ਕਿਸਾਨਾਂ ਅਨੁਸਾਰ ਉਨ੍ਹਾਂ ਨੂੰ ਗੰਨੇ ਦਾ ਸੀਜ਼ਨ ਖਤਮ ਹੋਣ ਮਗਰੋਂ 'ਵਾਧੂ ਖੰਡ ਰਿਕਵਰੀ ਰਾਸ਼ੀ' ਵਜੋਂ ਮਿਲਣੀ ਸੀ।



ਕਿਸਾਨਾਂ ਦਾ ਕਹਿਣਾ ਹੈ ਕਿ ਸ਼ੂਗਰਕੇਨ ਐਕਟ ਅਨੁਸਾਰ ਗੰਨੇ ਦੀ ਪਿੜਾਈ ਦਾ ਸੀਜ਼ਨ ਖਤਮ ਹੋਣ ਤੋਂ ਬਾਅਦ ਮਿੱਲਾਂ ਦੀ ਔਸਤ ਸ਼ੂਗਰ ਰਿਕਵਰੀ ਕੱਢ ਕੇ ਸਰਕਾਰ ਨੇ ਕਿਸਾਨਾਂ ਨੂੰ 8.5 ਫੀਸਦੀ ਤੋਂ ਵੱਧ ਬਣੀ ਖੰਡ ਦੇ ਪੈਸੇ, ਗੰਨੇ ਦੀ ਵਾਧੂ ਕੀਮਤ ਵਜੋਂ (ਅਡਿਸ਼ਨਲ ਕੇਨ ਪ੍ਰਾਈਸ) ਦਿਵਾਉਣੇ ਹੁੰਦੇ ਹਨ। ਇਸ ਕੀਮਤ ਦਾ ਲੇਖਾ-ਜੋਖਾ ਕਰ ਕੇ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਇਸ ਦੀ ਅਦਾਇਗੀ ਕਰਵਾਉਣੀ ਹੁੰਦੀ ਹੈ, ਪਰ ਇਹ ਮੰਦਭਾਗੀ ਗੱਲ ਹੈ ਕਿ ਅਫਸਰਸ਼ਾਹੀ ਅਤੇ ਸਿਆਸੀ ਲੀਡਰਸ਼ਿਪ ਦੇ ਸ਼ੂਗਰ ਇੰਡਸਟਰੀ ਨਾਲ ਘਿਉ ਖਿਚੜੀ ਹੋਣ ਕਾਰਨ ਸਿਰਫ ਇਕ ਵਾਰੀ ਨੂੰ ਛੱਡ ਕੇ ਕਦੀ ਵੀ ਕਿਸਾਨਾਂ ਨੂੰ ਇਹ ਰਾਸ਼ੀ ਨਹੀਂ ਦਿਵਾਈ ਗਈ।

ਪੰਜਾਬ ਵਿਚ ਔਸਤਨ ਗੰਨੇ ਵਿਚੋਂ ਖੰਡ ਦੀ ਰਿਕਵਰੀ 9 ਤੋਂ 10.45 ਫੀਸਦੀ ਦੇ ਦਰਮਿਆਨ ਰਹਿੰਦੀ ਹੈ, ਇਸ ਤਰ੍ਹਾਂ ਪਿਛਲੇ 30 ਸਾਲਾਂ 'ਚ ਕਿਸਾਨਾਂ ਦੇ ਹਜ਼ਾਰਾਂ ਕਰੋੜ ਰੁਪਏ ਹੜੱਪ ਲਏ ਗਏ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਇਕ ਕਮੇਟੀ ਬਣਾਵੇ ਜੋ ਕਿ ਇਕ ਮਹੀਨੇ ਦੇ ਵਿਚ-ਵਿਚ ਪਿਛਲੀ ਸਾਰੀ ਖੰਡ ਦੀ ਰਿਕਵਰੀ ਦਾ ਲੇਖਾ-ਜੋਖਾ ਕਰ ਕੇ ਸ਼ੂਗਰ ਇੰਡਸਟਰੀ ਤੋਂ ਕਿਸਾਨਾਂ ਦੇ ਤਿੰਨ ਦਹਾਕਿਆਂ 'ਚ ਹੜੱਪੇ ਹਜ਼ਾਰਾਂ ਕਰੋੜ ਰੁਪਏ ਤੁਰੰਤ ਕਿਸਾਨਾਂ ਨੂੰ ਅਦਾ ਕਰਾਵੇ।

## ਨਸ਼ਾ ਤਸਕਰੀ ਮਾਮਲੇ 'ਚ ਉਲਝੇ ਕੈਪਟਨ ਦੇ ਅਫਸਰ

**ਚੰਡੀਗੜ੍ਹ:** ਮੋਗੇ ਦੇ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਨੇ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਉਤੇ ਝੂਠੇ ਕੇਸ ਵਿਚ ਫਸਾਉਣ ਦੇ ਦੋਸ਼ ਲਾਏ ਹਨ। ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਨੂੰ ਲਿਖੀ ਦੋ ਸਫਿਆਂ ਦੀ ਚਿੱਠੀ ਵਿਚ ਜ਼ਿਲ੍ਹਾ ਪੁਲਿਸ ਮੁਖੀ ਨੇ ਐਸ.ਟੀ.ਐਫ. ਦੇ ਮੁਖੀ ਉਤੇ ਨਿੱਜੀ ਰੰਜਿਸ਼ ਰੱਖਣ ਅਤੇ ਸਾਖ ਨੂੰ ਖਰਾਬ ਕਰਨ ਦੀ ਗੱਲ ਵੀ ਕਹੀ ਹੈ।

ਰੋਚਕ ਗੱਲ ਹੈ ਕਿ ਐਸ.ਟੀ.ਐਫ. ਨੇ ਕੁਝ ਦਿਨ ਪਹਿਲਾਂ ਹੀ ਇੰਦਰਜੀਤ ਸਿੰਘ ਖਿਲਾਫ਼ ਮੁਹਾਲੀ ਦੀ ਅਦਾਲਤ 'ਚ ਪੇਸ਼ ਕੀਤੇ ਚਲਾਨ ਵਿਚ ਰਾਜਜੀਤ ਸਿੰਘ ਹੁੰਦਲ ਦਾ ਵੀ ਜ਼ਿਕਰ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਦਿਆਂ ਹੀ ਵਧੀਕ ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਐਸ.ਟੀ.ਐਫ. ਦਾ ਗਠਨ ਕੀਤਾ ਸੀ। ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੀ ਨਸ਼ਿਆਂ ਦੀ ਵੱਡੀ ਬਰਾਮਦਗੀ ਦੇ ਮਾਮਲੇ ਵਿਚ ਗ੍ਰਿਫਤਾਰੀ ਨੂੰ ਐਸ.ਟੀ.ਐਫ. ਵੱਲੋਂ ਵੱਡੀ ਪ੍ਰਾਪਤੀ ਵਜੋਂ ਗਿਣਿਆ ਜਾਂਦਾ ਸੀ। ਇਸ ਤੋਂ ਬਾਅਦ ਐਸ.ਟੀ.ਐਫ. ਨੇ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਨੂੰ ਵੀ ਪੁੱਛਗਿੱਛ ਲਈ ਤਲਬ ਕੀਤਾ ਸੀ।

### ਬਹਿਬਲ ਕਾਂਡ

## ਪੁਲਿਸ ਵੱਲੋਂ ਅਧੂਰੀ ਰਿਪੋਰਟ ਪੇਸ਼

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਅਕਤੂਬਰ 2015 ਵਿਚ ਵਾਪਰੇ ਬਹਿਬਲ ਗੋਲੀ ਕਾਂਡ ਸਬੰਧੀ ਥਾਣਾ ਬਾਜਾਖਾਨਾ ਵਿਚ ਅਣਪਛਾਤੇ ਪੁਲਿਸ ਮੁਲਾਜ਼ਮਾਂ ਖਿਲਾਫ਼ ਦਰਜ ਹੋਏ ਕਤਲ ਅਤੇ ਇਰਾਦਾ ਕਤਲ ਦੇ ਮਾਮਲੇ ਵਿਚ ਅਦਾਲਤੀ ਹੁਕਮਾਂ ਦੇ ਬਾਵਜੂਦ ਪੁਲਿਸ ਨੇ ਮੁਕੰਮਲ ਰਿਪੋਰਟ ਅਦਾਲਤ ਵਿਚ ਪੇਸ਼ ਨਹੀਂ ਕੀਤੀ ਹੈ।

ਪੁਲਿਸ ਦੀ ਸਟੇਟਸ ਰਿਪੋਰਟ ਨਾਲ ਅਸਹਿਮਤ ਹੁੰਦਿਆਂ ਜੁਡੀਸ਼ਲ ਮੈਜਿਸਟਰੇਟ ਸ਼ਵੇਤਾ ਦਾਸ ਨੇ ਹਦਾਇਤ ਕੀਤੀ ਹੈ ਕਿ 29 ਜਨਵਰੀ ਤੱਕ ਸਮੁੱਚੇ ਮਾਮਲੇ ਦੀ ਰਿਪੋਰਟ ਅਦਾਲਤ ਸਾਹਮਣੇ ਪੇਸ਼ ਕੀਤੀ ਜਾਵੇ। ਰਿਪੋਰਟ ਵਿਚ ਪੁਲਿਸ ਨੇ ਦਾਅਵਾ ਕੀਤਾ ਕਿ ਬਹਿਬਲ ਕਾਂਡ ਦੌਰਾਨ ਚੱਲੀ ਗੋਲੀ ਵਿਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਮਾਮਲੇ ਦੀ ਵਿਸ਼ੇਸ਼ ਜਾਂਚ ਟੀਮ ਪੜਤਾਲ ਕਰ ਰਹੀ ਹੈ। ਦੱਸਣਯੋਗ ਹੈ ਕਿ ਪਿੰਡ ਬਹਿਬਲ ਨੇੜੇ ਸਿੱਖ ਸੰਗਤਾਂ ਪੰਜਾਬ ਸਰਕਾਰ ਅਤੇ ਪੁਲਿਸ ਖ਼ਿਲਾਫ਼ ਸ਼ਾਂਤਮਈ ਰੋਸ ਧਰਨਾ ਦੇ ਰਹੀਆਂ ਸਨ, ਜਿਸ ਉਪਰ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ। ਇਸ ਕਾਰਨ ਦੋ ਸਿੱਖ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ।

## 'ਪਦਮਾਵਤੀ' ਮਸਲੇ 'ਤੇ ਫਿਲਮੀ ਭਾਈਚਾਰੇ ਦਾ ਏਕਾ

**ਮੁੰਬਈ:** ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ' ਖਿਲਾਫ ਹੋ ਰਹੇ ਪ੍ਰਦਰਸ਼ਨਾਂ ਦਰਮਿਆਨ ਵੱਖ-ਵੱਖ ਫਿਲਮ ਐਸੋਸੀਏਸ਼ਨਾਂ ਦੇ ਮੈਂਬਰਾਂ ਨੇ ਅੱਗੇ ਆ ਕੇ ਇਸ ਉਤੇ ਚਿੰਤਾ ਜ਼ਾਹਿਰ ਕਰਦਿਆਂ ਅਜਿਹੀਆਂ ਹਰਕਤਾਂ ਨੂੰ ਸਿਰਜਣਾਤਮਿਕਤਾ ਦੀ ਆਜ਼ਾਦੀ ਉਤੇ ਹਮਲਾ ਕਰਾਰ ਦਿੱਤਾ ਹੈ।

ਇੰਡੀਅਨ ਫਿਲਮਜ਼ ਐਂਡ ਟੀ.ਵੀ. ਡਾਇਰੈਕਟਰਜ਼ ਐਸੋਸੀਏਸ਼ਨ (ਆਈ.ਐਫ.ਟੀ.ਡੀ.ਏ.) ਨੇ 19 ਹੋਰ ਜਥੇਬੰਦੀਆਂ ਨਾਲ ਮਿਲ ਕੇ 15 ਮਿੰਟ ਸ਼ੂਟਿੰਗ ਰੋਕ ਕੇ ਇਥੇ ਫਿਲਮ ਸਿਟੀ ਵਿਚ 'ਮੈਂ ਆਜ਼ਾਦ ਹੂੰ' ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ। ਫਿਲਮਸਾਜ਼ ਅਤੇ ਆਈ.ਐਫ.ਟੀ.ਡੀ.ਏ. ਦੇ ਕਨਵੀਨਰ ਅਸ਼ੋਕ ਪੰਡਿਤ ਨੇ ਕਿਹਾ ਕਿ ਅਜਿਹੇ ਪ੍ਰਦਰਸ਼ਨ 'ਪਦਮਾਵਤੀ' ਤੱਕ ਸੀਮਤ ਨਹੀਂ ਹਨ ਸਗੋਂ ਇਹ ਰੁਝਾਨ ਹੀ ਬਣ ਗਿਆ ਹੈ। ਉਨ੍ਹਾਂ ਕਿਹਾ, "ਇਹ ਪ੍ਰਗਟਾਵੇ ਦੀ ਆਜ਼ਾਦੀ, ਪੂਰੀ ਫਿਲਮ ਅਤੇ ਟੀ.ਵੀ. ਇੰਡਸਟਰੀ ਉਤੇ ਹਮਲਾ ਹੈ। ਅਸੀਂ ਸਦਮੇ ਵਿਚ ਹਾਂ ਕਿਉਂਕਿ ਫਿਲਮ ਪ੍ਰੇਮੀਆਂ ਨੂੰ ਛੱਡ ਕੇ ਸਾਨੂੰ ਕਿਤਿਉਂ ਵੀ ਹਮਾਇਤ ਨਹੀਂ ਮਿਲ ਰਹੀ। ਹਰ ਤਿੰਨ ਮਹੀਨਿਆਂ ਬਾਅਦ ਕੋਈ ਨਾ ਕੋਈ ਫਿਲਮ ਉਤੇ ਪਾਬੰਦੀ ਲਾ ਦਿੱਤੀ ਜਾਂਦੀ ਹੈ। ਬਸ, ਇਸੇ ਦਾ ਅਸੀਂ ਵਿਰੋਧ ਕਰ ਰਹੇ ਹਾਂ।"

ਕਰਨੀ ਸੈਨਾ ਵੱਲੋਂ ਫਿਲਮ ਖਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਬਾਰੇ ਉਨ੍ਹਾਂ ਕਿਹਾ, "ਸਾਨੂੰ ਆਪਣੇ ਹਿਸਾਬ ਨਾਲ ਕੰਮ ਕਰਨ, ਲਿਖਣ ਅਤੇ ਫਿਲਮਾਂ ਬਣਾਉਣ ਦਿਉ ਕਿਉਂਕਿ ਜੇਕਰ ਇਹ ਰੁਝਾਨ ਸ਼ੁਰੂ ਹੋ ਗਿਆ ਤਾਂ ਕਰਨੀ ਸੈਨਾ ਅਤੇ ਹੋਰ ਉਨ੍ਹਾਂ ਵਰਗੀਆਂ ਜਥੇਬੰਦੀਆਂ ਤੈਅ ਕਰਨ ਲੱਗ ਪੈਣਗੀਆਂ ਕਿ ਪਟ ਕਥਾਵਾਂ ਕਿਵੇਂ ਲਿਖੀਆਂ ਜਾਣ।" ਉਨ੍ਹਾਂ ਕਿਹਾ ਕਿ ਜੇਕਰ ਕੋਈ ਫਿਲਮ ਨਹੀਂ ਦੇਖਣਾ ਚਾਹੁੰਦਾ ਤਾਂ ਉਹ ਅਦਾਲਤ ਤੋਂ ਉਸ ਖਿਲਾਫ਼ ਰੋਕ ਦੇ ਹੁਕਮ ਲੈ ਸਕਦਾ ਹੈ।

## ਪੰਜਾਬ ਪੁਲਿਸ ਨੇ 'ਉੜਤਾ ਪੰਜਾਬ' ਨੂੰ ਖੰਭ ਲਾਏ

**ਬਠਿੰਡਾ:** ਬਠਿੰਡਾ ਪੁਲਿਸ ਨੇ 'ਉੜਤਾ ਪੰਜਾਬ' ਨੂੰ ਖੰਭ ਲਾ ਦਿੱਤੇ ਹਨ। ਪੁਲਿਸ ਅਫਸਰਾਂ ਨੇ ਸਵਾ ਲੱਖ ਬੋਤਲਾਂ ਦੀ ਤਸਕਰੀ ਕੇਸ ਨੂੰ ਰੱਦ ਕਰ ਦਿੱਤਾ ਹੈ, ਜਿਸ ਨਾਲ ਮੁੱਖ ਮੰਤਰੀ ਦੀ 'ਨਸ਼ਾ ਮੁਕਤ ਪੰਜਾਬ' ਮੁਹਿੰਮ ਉਤੇ ਉਂਗਲ ਉਠੀ ਹੈ। ਜ਼ਿਕਰਯੋਗ ਹੈ ਕਿ ਸਿਆਸੀ ਲੀਡਰਾਂ ਦੇ ਨੇੜਲੇ ਸ਼ਰਾਬ ਠੇਕੇਦਾਰ ਜਸਵਿੰਦਰ ਸਿੰਘ ਉਰਫ ਜੁਗਨੂੰ ਦੇ ਗੈਰਕਾਨੂੰਨੀ ਗੋਦਾਮ ਵਿਚੋਂ ਪੁਲਿਸ ਨੇ 28 ਜਨਵਰੀ 2017 ਨੂੰ ਚੋਣਾਂ ਮੌਕੇ ਕਰੀਬ 1.26 ਲੱਖ ਬੋਤਲਾਂ ਸ਼ਰਾਬ ਫੜੀ ਸੀ, ਜਿਸ ਦੀ ਕੀਮਤ 1.30 ਕਰੋੜ ਰੁਪਏ ਦੱਸੀ ਗਈ ਹੈ।

ਬਠਿੰਡਾ ਜ਼ੋਨ ਦੇ ਤਤਕਾਲੀ ਆਈ.ਜੀ. ਨੇ ਕੇਸ ਦਰਜ ਹੋਣ ਮਗਰੋਂ ਇਸ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ ਬਣਾਈ ਸੀ ਜਿਸ ਦੀ ਰਿਪੋਰਟ ਆਈ.ਜੀ. ਨੇ ਪ੍ਰਵਾਨ ਕਰ ਲਈ ਹੈ। ਤਤਕਾਲੀ ਸਿੱਟ ਇੰਚਾਰਜ ਐਸ.ਪੀ. ਦੇਸ ਰਾਜ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਕਾਨੂੰਨੀ ਰਾਇ ਲੈਣ ਮਗਰੋਂ ਹੀ ਰਿਪੋਰਟ ਦਿੱਤੀ ਸੀ।

ਸੂਤਰ ਦੱਸਦੇ ਹਨ ਕਿ 'ਸਿਟ' ਦੀ ਸਿਫਾਰਸ਼ ਉਤੇ ਹੀ ਐਫ.ਆਈ.ਆਰ. ਰੱਦ ਕੀਤੀ ਗਈ ਹੈ। ਇਹ ਵੀ ਪਤਾ ਲੱਗਿਆ ਹੈ ਕਿ ਜੁਗਨੂ ਦੀ ਕਾਂਗਰਸ ਪਾਰਟੀ ਨਾਲ ਨੇੜਤਾ ਰਹੀ ਹੈ ਅਤੇ ਜੁਗਨੂੰ ਦਾ ਪਿਤਾ ਪੀਪਲਜ਼ ਪਾਰਟੀ ਆਫ ਪੰਜਾਬ ਦਾ ਆਗੂ ਰਿਹਾ ਹੈ।

## ਧਰਮਪ੍ਰੀਤ ਸਿੰਘ ਜੱਸੜ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ

**ਫਰਿਜ਼ਨੋ (ਬਿਊਰੋ):** ਇਥੋਂ ਨੇੜਲੇ ਸ਼ਹਿਰ ਮਡੇਰਾ ਦੇ ਟਾਕਲ ਬੌਕਸ ਗੈਸ ਸਟੇਸ਼ਨ 'ਤੇ ਪਿਛਲੇ ਦਿਨੀਂ ਪਏ ਡਾਕੇ ਦੌਰਾਨ ਹਲਾਕ ਹੋਏ ਪੰਜਾਬੀ ਨੌਜਵਾਨ ਧਰਮਪ੍ਰੀਤ ਸਿੰਘ ਜੱਸੜ (20) ਦਾ ਅੰਤਿਮ ਸਸਕਾਰ ਲੰਘੇ ਐਤਵਾਰ ਇਥੇ ਸ਼ਾਂਤ ਭਵਨ ਫਿਊਨਰਲ ਹੋਮ ਵਿਚ ਕੀਤਾ ਗਿਆ। ਸੈਂਕੜੇ ਪੰਜਾਬੀਆਂ ਨੇ ਸੇਜਲ ਅੱਖਾਂ ਨਾਲ ਧਰਮਪ੍ਰੀਤ ਨੂੰ ਅੰਤਿਮ ਵਿਦਾਇਗੀ ਦਿੱਤੀ।

ਆਪਣੇ ਪੁੱਤ ਦੀਆਂ ਅੰਤਿਮ ਰਸਮਾਂ ਵਿਚ ਪਿੰਡ ਖੋਥੜਾ (ਫਗਵਾੜਾ) ਤੋਂ ਪਹੁੰਚੇ ਮਾਂ-ਬਾਪ ਦੀਆਂ ਧਾਹਾਂ ਝੱਲੀਆਂ ਨਹੀਂ ਸੀ ਜਾ ਰਹੀਆਂ। ਇਸ ਮੌਕੇ ਹਾਜ਼ਰ ਹਰ ਇੱਕ ਦੇ ਮੂੰਹੋਂ ਇਹੀ ਨਿਕਲ ਰਿਹਾ ਸੀ, 'ਮਾਰਨ ਵਾਲਿਆ ਤੇਰਾ ਕੱਖ ਨਾ ਰਹੇ।' ਅੰਤਿਮ ਸਸਕਾਰ ਉਪਰੰਤ ਅਰਦਾਸ ਗੁਰਦੁਆਰਾ ਕ੍ਰਦਰਜ਼ ਵਿਖੇ ਹੋਈ।

ਜ਼ਿਕਰਯੋਗ ਹੈ ਕਿ ਮਡੇਰਾ ਕਾਊਂਟੀ ਸ਼ੈਰਿਫ ਡਿਪਾਰਟਮੈਂਟ ਨੇ ਮਾਡੈਸਟੋ ਨਿਵਾਸੀ ਅੰਮ੍ਰਿਤਰਾਜ ਸਿੰਘ ਅਠਵਾਲ (22) ਨੂੰ ਧਰਮਪ੍ਰੀਤ ਦੇ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਧਰਮਪ੍ਰੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਤੇ ਭੈਣ ਦਾ ਜੜਵਾਂ ਭਰਾ ਸੀ। ਧਰਮਪ੍ਰੀਤ ਕਰੀਬ ਦੋ ਸਾਲ ਪਹਿਲਾਂ ਫਰਿਜ਼ਨੋ ਪੜ੍ਹਾਈ ਕਰਨ ਆਇਆ ਸੀ।

ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ, ਹੈਲਪਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 262-391-7666

48-49

Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਕਰਜ਼ਾ ਮੁਕਤੀ: ਕਿਸਾਨਾਂ ਨੂੰ ਦਾਅ ਲਾ ਗਈ ਕੈਪਟਨ ਸਰਕਾਰ



**ਚੰਡੀਗੜ੍ਹ:** ਕਿਸਾਨਾਂ ਅਤੇ ਮਜ਼ਦੂਰਾਂ ਨਾਲ ਕਰਜ਼ਾ ਮੁਕਤੀ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਤੀ ਸੰਕਟ ਬਹਾਨੇ ਕਰਜ਼ਾ ਮੁਕਤੀ ਦੀ ਥਾਂ ਸਿਰਫ ਰਾਹਤ ਦੇਣ ਤੱਕ ਆ ਗਈ ਪਰ ਰਾਹਤ ਵੀ ਵੱਖ-ਵੱਖ ਕਮੇਟੀਆਂ ਅਤੇ ਕਾਗਜ਼ੀ ਕਾਰਵਾਈਆਂ ਦੀ ਘੁੰਮਣਘੇਰੀ ਵਿਚ ਫਸੀ ਦਿਖਾਈ ਦੇ ਰਹੀ ਹੈ। ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਪੰਜ ਮਹੀਨੇ ਪਹਿਲਾਂ ਕੀਤੇ ਐਲਾਨਾਂ ਦਾ ਵੀ ਸਬੰਧਤ ਲੋਕਾਂ ਨੂੰ ਕੋਈ ਲਾਭ ਨਹੀਂ ਮਿਲਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਬੈਂਕਾਂ, ਸਹਿਕਾਰੀ ਸਭਾਵਾਂ ਅਤੇ ਸ਼ਾਹੂਕਾਰਾ ਕਰਜ਼ੇ ਦੀ ਮੁਆਫੀ ਦਾ ਵਾਅਦਾ ਕੀਤਾ ਸੀ। ਸੱਤਾ ਵਿਚ ਆਉਂਦਿਆਂ ਹੀ ਇਹ ਸਰਕਾਰ ਵਿੱਤੀ ਸੰਕਟ ਦੀ 'ਦਲੀਲ' ਦੇ ਆਧਾਰ ਉਤੇ ਕਰਜ਼ਾ ਮੁਕਤੀ ਤੋਂ ਕਰਜ਼ਾ ਰਾਹਤ ਤੱਕ ਚਲੀ ਗਈ ਤੇ ਇਹ ਮਾਮਲਾ ਕਮੇਟੀਆਂ ਦੇ ਘੇਰੇ ਵਿਚ ਫਸ ਗਿਆ। ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਸਬੰਧੀ ਰਿਪੋਰਟ ਦੇਣ ਲਈ ਡਾ. ਟੀ. ਹੱਕ ਦੀ ਅਗਵਾਈ ਵਿਚ ਬਣੀ ਕਮੇਟੀ ਦੀ ਅੰਤ੍ਰਿਮ ਰਿਪੋਰਟ ਮਿਲਣ ਉਤੇ ਮੁੱਖ ਮੰਤਰੀ ਨੇ 19 ਜੂਨ 2017 ਨੂੰ ਪੰਜਾਬ ਵਿਧਾਨ ਸਭਾ ਵਿਚ ਸੀਮਾਂਤ ਭਾਵ ਢਾਈ ਏਕੜ ਤੱਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਅਤੇ ਦੋ ਲੱਖ ਰੁਪਏ ਤੱਕ ਦੇ ਕਰਜ਼ੇ ਵਾਲੇ ਛੋਟੇ (ਪੰਜ ਏਕੜ ਤੱਕ) ਕਿਸਾਨਾਂ ਦਾ ਵੀ ਦੋ ਲੱਖ ਰੁਪਏ ਤੱਕ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਖੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਅਤੇ ਰਾਹਤ ਰਾਸ਼ੀ ਤਿੰਨ ਤੋਂ ਵਧਾ ਕੇ ਪੰਜ ਲੱਖ ਕਰਨਾ ਵੀ ਇਸ ਐਲਾਨ ਦਾ ਹਿੱਸਾ ਸੀ। ਮਜ਼ਦੂਰਾਂ ਨੂੰ ਇਸ ਸਾਰੀ ਪ੍ਰਕਿਰਿਆ ਵਿਚੋਂ ਉਨ੍ਹਾਂ ਦੇ ਕਰਜ਼ੇ ਦਾ ਸਹੀ ਅੰਕੜਾ ਅਤੇ ਗਿਣਤੀ ਨਾ ਹੋਣ ਦਾ ਤਰਕ ਦੇ ਕੇ ਬਾਹਰ ਕਰ ਦਿੱਤਾ ਗਿਆ।

ਟੀ. ਹੱਕ. ਕਮੇਟੀ ਦੀ ਰਿਪੋਰਟ ਵਿਚ ਹਾਲਾਂਕਿ ਇਹ ਸਿਫਾਰਸ਼ ਵੀ ਕੀਤੀ ਗਈ ਹੈ ਕਿ ਪੰਜ ਏਕੜ ਵਾਲੇ ਸਾਰੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਵੀ ਮੁਆਫ ਕਰ ਦਿੱਤਾ ਜਾਵੇ। ਇਸ ਸਿਫਾਰਸ਼ ਨੂੰ ਨਜ਼ਰ ਅੰਦਾਜ਼ ਕਰਦਿਆਂ 'ਢਾਈ ਅਤੇ ਪੰਜ ਏਕੜ ਤੱਕ' ਨੂੰ 'ਢਾਈ' ਅਤੇ ਪੰਜ ਏਕੜ ਤੋਂ ਘੱਟ ਵਾਲਿਆਂ ਦਾ ਸ਼ਬਦ ਲਿਖ ਕੇ ਹਜ਼ਾਰਾਂ ਕਿਸਾਨਾਂ ਨੂੰ ਰਾਹਤ ਦੇ ਦਾਇਰੇ ਵਿਚੋਂ ਬਾਹਰ ਕਰ ਦਿੱਤਾ ਗਿਆ।

ਸਰਕਾਰ ਦੇ ਐਲਾਨ ਮੁਤਾਬਕ 10.22 ਲੱਖ ਕਿਸਾਨਾਂ ਨੂੰ 9500 ਕਰੋੜ ਰੁਪਏ ਦੀ ਰਾਹਤ ਮਿਲਣੀ ਸੀ। ਨੋਟੀਫਿਕੇਸ਼ਨ ਮੁਤਾਬਕ 31 ਮਾਰਚ 2017 ਤੱਕ ਦੇ ਬੈਂਕ ਖਾਤਿਆਂ ਨੂੰ ਆਧਾਰ ਬਣਾ ਕੇ ਲਾਭਪਾਤਰੀ ਕਿਸਾਨਾਂ ਦਾ ਫਸਲੀ ਕਰਜ਼ਾ ਮੁਆਫ ਕੀਤਾ ਜਾਵੇਗਾ। ਪਹਿਲ ਸਰਕਾਰੀ ਬੈਂਕਾਂ ਦੇ ਕਰਜ਼ੇ ਨੂੰ ਮਿਲੇਗੀ। ਇਸ ਸਬੰਧੀ 17 ਅਕਤੂਬਰ 2017 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ, ਜਿਹੜਾ ਹਾਲੇ ਤੱਕ 'ਬਾਬੂਗਿਰੀ' ਦੀ ਘੁੰਮਣਘੇਰੀ ਵਿਚ ਫਸਿਆ ਹੈ। ਸਹਿਕਾਰੀ ਵਿਭਾਗ ਦੇ ਸਹੀ ਅੰਕੜੇ ਵੀ ਅਜੇ ਮਿਲਣੇ ਹਨ।

## ਰੋਹਿੰਗਿਆ ਦੀ ਵਤਨ ਵਾਪਸੀ ਲਈ ਰਾਹ ਪੱਧਰਾ

**ਯੰਗੂਨ:** ਰਖੀਨ ਸੂਬੇ ਵਿਚ ਹਿੰਸਾ ਮਗਰੋਂ ਮਿਆਂਮਾਰ ਛੱਡਣ ਵਾਲੇ ਰੋਹਿੰਗਿਆ ਮੁਸਲਮਾਨਾਂ ਦੀ ਵਤਨ ਵਾਪਸੀ ਲਈ ਮਿਆਂਮਾਰ ਤੇ ਬੰਗਲਾਦੇਸ਼ ਵੱਲੋਂ ਸਮਝੌਤਾ ਕੀਤਾ ਗਿਆ ਹੈ। ਅਗਸਤ ਮਹੀਨੇ ਮਿਆਂਮਾਰ ਵਿਚ ਹਿੰਸਾ ਫੈਲਣ ਮਗਰੋਂ 6.20 ਲੱਖ ਰੋਹਿੰਗਿਆ ਮੁਸਲਮਾਨਾਂ ਨੇ ਬੰਗਲਾਦੇਸ਼ 'ਚ ਸ਼ਰਨ ਲਈ ਸੀ।

ਇਨ੍ਹਾਂ ਸ਼ਰਨਾਰਥੀਆਂ ਦੀ ਵਤਨ ਵਾਪਸੀ ਲਈ ਸ਼ਰਤਾਂ ਤੈਅ ਕਰਨ ਦੀ ਹਫਤਿਆਂ ਲੰਮੀ ਪ੍ਰਕਿਰਿਆ ਤੋਂ ਬਾਅਦ ਦੋਵਾਂ ਮੁਲਕਾਂ ਨੇ ਮਿਆਂਮਾਰ ਦੀ ਰਾਜਧਾਨੀ ਨੇਪਈਦਾਅ 'ਚ ਸਮਝੌਤਾ ਕੀਤਾ ਹੈ। ਇਸ ਸਮਝੌਤੇ ਦੇ ਦਸਤਾਵੇਜ਼ਾਂ 'ਤੇ ਮਿਆਂਮਾਰ ਦੀ ਆਗੂ ਆਂਗ ਸਾਨ ਸੂ ਕੀ ਤੇ ਢਾਕਾ ਦੇ ਵਿਦੇਸ਼ ਮੰਤਰੀ ਏ.ਐਚ. ਮਹਿਮੂਦ ਅਲੀ ਨੇ ਦਸਤਖਤ ਕੀਤੇ। ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਕਿੰਨੇ ਰੋਹਿੰਗਿਆ ਮੁਸਲਮਾਨਾਂ ਨੂੰ ਵਤਨ ਵਾਪਸ ਭੇਜਿਆ ਜਾਵੇਗਾ। ਮਨੁੱਖੀ ਅਧਿਕਾਰਾਂ ਬਾਰੇ ਗਰੁੱਪਾਂ ਨੇ ਇਸ ਪ੍ਰਕਿਰਿਆ ਉਤੇ ਫਿਕਰਮੰਦੀ ਜ਼ਾਹਰ ਕੀਤੀ ਹੈ।

# ਝੀਂਡਾ ਮਗਰੋਂ ਹੁਣ ਦੀਦਾਰ ਸਿੰਘ ਨਲਵੀ ਵੀ ਵੱਖਰੇ ਰਾਹ






**ਡੱਬਵਾਲੀ:** ਹਰਿਆਣਵੀ ਸਿੱਖਾਂ ਦੇ ਵਜੂਦ ਦੀ ਲੜਾਈ ਲਈ ਤਕਰੀਬਨ ਪੌਣੇ ਦੋ ਦਹਾਕੇ ਇਕੱਠੇ ਸੰਘਰਸ਼ ਕਰਨ ਵਾਲੀਆਂ ਦੋ ਸਿੱਖ ਸ਼ਖ਼ਸੀਅਤਾਂ ਨੇ ਵੱਖੋ-ਵੱਖਰੇ ਰਾਹ ਫੜ ਲਏ ਹਨ। ਗੁਰਦੁਆਰਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਹਰਿਆਣਾ ਸਿੱਖ ਸਮਾਜ ਵਿਕਾਸ ਸੰਸਥਾ ਦੇ ਬੈਨਰ ਹੇਠ ਆਪਣੇ ਧਾਰਮਿਕ ਅਤੇ ਸਮਾਜਿਕ ਏਜੰਡੇ ਦਾ ਐਲਾਨ ਕਰ ਦਿੱਤਾ ਹੈ, ਜਦੋਂ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤਕਰੀਬਨ ਸਾਲ ਭਰ ਪਹਿਲਾਂ ਆਪਣੀ ਸਿਆਸੀ ਪਾਰਟੀ ਜਨਤਾ ਅਕਾਲੀ ਦਲ ਦਾ ਗਠਨ ਕਰ ਚੁੱਕੇ ਹਨ। ਦੀਦਾਰ ਸਿੰਘ ਨਲਵੀ ਦੀ ਸੰਸਥਾ ਕੁਰੂਕਸ਼ੇਤਰ ਵਿਚ ਰਜਿਸਟਰਡ ਹੋ ਚੁੱਕੀ ਹੈ, ਜੋ ਕਿ ਸੁਪਰੀਮ ਕੋਰਟ ਵਿਚ ਆਪਣੇ ਵਜੂਦ ਲਈ ਵਿਚਾਰਅਧੀਨ ਹਰਿਆਣਾ ਸਿੱਖ ਪ੍ਰਬੰਧਕ ਕਮੇਟੀ ਕੇਸ ਦਾ ਫੈਸਲਾ ਹੋਣ ਮਗਰੋਂ ਕਮੇਟੀ ਚੋਣਾਂ ਵਿਚ ਹਿੱਸਾ ਲਵੇਗੀ।

ਨਲਵੀ ਦਾ ਕਹਿਣਾ ਹੈ ਕਿ ਹਰਿਆਣਵੀ ਸਿੱਖਾਂ ਦੇ ਵਜੂਦ ਨੂੰ ਸਿਖਰਲੇ ਸੰਘਰਸ਼ ਮਗਰੋਂ ਉਨ੍ਹਾਂ ਦੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਬੌਧਿਕ ਵਿਕਾਸ ਲਈ ਸਮੇਂ ਦੀ ਜ਼ਰੂਰਤ ਹੈ। ਇਸ ਮੰਤਵ ਨਾਲ ਸੰਸਥਾ ਦਾ ਗਠਨ ਕਰ ਕੇ ਹਰਿਆਣਾ ਦੇ ਸਿੱਖਾਂ ਦੀ ਧਾਰਮਿਕ ਤੌਰ ਉਤੇ ਦਿਸ਼ਾ ਅਤੇ ਦਸ਼ਾ ਬਦਲਣ ਲਈ ਚੇਤੰਨ ਅਤੇ ਜਾਗਰੂਕ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਮੰਨਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਵੱਕਾਰੀ ਸੰਸਥਾ 'ਚ ਸਿਵਾਏ ਪ੍ਰਧਾਨ ਦੇ ਕਿਸੇ ਕਮੇਟੀ ਮੈਂਬਰ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਨਹੀਂ।

ਉਨ੍ਹਾਂ ਕਿਹਾ ਕਿ ਅਸੀਂ ਚੋਣ ਕਮਿਸ਼ਨ ਕੋਲ ਮੰਗ ਕਰਾਂਗੇ ਕਿ ਹਰਿਆਣੇ ਵਿਚ ਗੁਰਦੁਆਰਾ ਕਮੇਟੀ ਚੋਣਾਂ ਨੂੰ ਰਾਜਨੀਤੀ ਦਲਾਂ ਤੋਂ ਦੂਰ ਰੱਖਿਆ ਜਾਵੇ। ਦੀਦਾਰ ਸਿੰਘ ਨਲਵੀ ਨੇ ਜਗਦੀਸ਼ ਸਿੰਘ ਝੀਂਡਾ ਦੇ ਜਨਤਾ ਅਕਾਲੀ ਦਲ ਬਾਰੇ ਕਿਹਾ ਕਿ ਉਨ੍ਹਾਂ ਨੂੰ ਇਸ ਦਲ ਦੀ ਦਸ਼ਾ ਅਤੇ ਦਿਸ਼ਾ ਬਾਰੇ ਗਿਆਨ ਨਹੀਂ। ਝੀਂਡਾ ਨੇ ਹਿਮਾਚਲ ਚੋਣਾਂ ਵਿਚ ਤਿੰਨ ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕੀਤਾ ਸੀ, ਪਰ ਉਹ ਗੱਲਾਂ ਵੀ ਹਵਾ ਵਿਚ ਰਹਿ ਗਈਆਂ। ਨਲਵੀ ਨੇ ਤਨਜ਼ ਕੱਸਿਆ ਕਿ ਜਨਤਾ ਅਕਾਲੀ ਦਲ ਅੱਜ ਤੱਕ ਧਰਤੀ ਤੋਂ ਦੂਰ ਸੱਤਵੇਂ ਅਸਮਾਨ ਉਤੇ ਜਾਪਦਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਖਾਂ ਦੇ ਆਗੂ ਹੋਣ ਬਾਰੇ ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਬਾਦਲ ਸਿੱਖਾਂ ਦੇ ਨਹੀਂ ਬਲਕਿ ਪੰਜਾਬੀਆਂ ਦੇ ਆਗੂ ਸਾਬਤ ਹੋਏ ਹਨ।

## 21 ਸਾਲ ਲੋਕਾਂ ਨੂੰ ਸਜ਼ਾ ਸੁਣਾਉਂਦਾ ਰਿਹਾ ਨਕਲੀ ਜੱਜ

**ਚੇਨਈ:** ਤਾਮਿਲਨਾਡੂ 'ਚ ਇਕ ਵਿਅਕਤੀ ਕਾਨੂੰਨ ਦੀ ਡਿਗਰੀ ਬਿਨਾਂ ਹੀ ਤਕਰੀਬਨ 21 ਸਾਲ ਤੱਕ ਜੂਡੀਸ਼ਲ ਮੈਜਿਸਟਰੇਟ ਦੇ ਅਹੁਦੇ ਉਤੇ ਲੱਗਾ ਰਿਹਾ। ਇਹ ਖੁਲਾਸਾ ਉਦੋਂ ਹੋਇਆ, ਜਦੋਂ ਸ਼ੱਕ ਦੇ ਆਧਾਰ ਉਤੇ ਸੁਪਰੀਮ ਕੋਰਟ ਨੇ ਇਸ ਮੈਜਿਸਟਰੇਟ ਦੀ ਡਿਗਰੀ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ।

ਤਾਮਿਲਨਾਡੂ ਬਾਰ ਕੌਂਸਲ ਨੇ ਦੋਸ਼ੀ ਮਦੁਰੈ ਸ਼ਹਿਰ ਦੇ ਸਾਬਕਾ ਮੈਜਿਸਟਰੇਟ ਪੀ. ਨਟਰਾਜਨ ਖਿਲਾਫ ਜਾਂਚ ਟੀਮ ਬਣਾਈ ਹੈ। ਦੋਸ਼ੀ ਜੱਜ ਹੁਣ ਰਿਟਾਇਰਮੈਂਟ ਮਗਰੋਂ ਪੈਨਸ਼ਨ ਨਹੀਂ ਲੈ ਰਿਹਾ, ਵਕੀਲ ਦੇ ਰੂਪ ਵਿਚ ਪ੍ਰੈਕਟਿਸ ਕਰ ਰਿਹਾ ਹੈ।

# ਆਰਥਿਕ ਮੰਦੀ: ਲੋਕ ਭਲਾਈ ਸਕੀਮਾਂ ਨੂੰ ਵੀ ਲੱਗੀਆਂ ਬ੍ਰੇਕਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਇਸ ਸਾਲ ਜੁਲਾਈ ਮਹੀਨੇ ਪੇਸ਼ ਕੀਤੇ ਬਜਟ ਵਿਚ ਲੋਕਾਂ ਨਾਲ ਕੀਤੇ ਵਾਅਦਿਆਂ ਅਤੇ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਏ ਜਾਣ ਉਤੇ ਕਮਜ਼ੋਰ ਵਿੱਤੀ ਹਾਲਤ ਦਾ ਗ੍ਰਹਿਣ ਲੱਗ ਗਿਆ ਹੈ। ਸਰਕਾਰ ਦੀ ਮੰਦਹਾਲੀ ਦਾ ਸੇਕ ਅਕਸਰ ਗਰੀਬਾਂ ਨੂੰ ਝੱਲਣਾ ਪੈਂਦਾ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਬੁਢਾਪਾ, ਵਿਧਵਾਵਾਂ ਅਤੇ ਅੰਗਹੀਣਾਂ ਨੂੰ ਦਿੱਤੀਆਂ ਜਾਂਦੀਆਂ ਪੈਨਸ਼ਨਾਂ ਹਨ। ਪੰਜਾਬ ਸਰਕਾਰ ਵੱਲੋਂ ਪੈਨਸ਼ਨਾਂ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਗਰੀਬਾਂ ਦੇ 700 ਕਰੋੜ ਰੁਪਏ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ।



ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਇਹ ਪੈਨਸ਼ਨਾਂ 500 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 750 ਰੁਪਏ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਹਾਲਾਤ ਇਥੋਂ ਤੱਕ ਨਿੱਘਰੇ ਹੋਏ ਹਨ ਕਿ ਗਰੀਬਾਂ ਨੂੰ 500 ਰੁਪਏ ਪੈਨਸ਼ਨ ਵੀ ਨਸੀਬ ਨਹੀਂ ਹੋ ਰਹੀ। ਵਿੱਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪਹਿਲੀ ਜੁਲਾਈ ਤੋਂ ਪੈਨਸ਼ਨਾਂ 750 ਰੁਪਏ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਤੇ ਪਹਿਲੀ ਜੁਲਾਈ ਤੋਂ ਬਾਅਦ ਦਿੱਤੀਆਂ ਜਾਣ ਵਾਲੀਆਂ ਪੈਨਸ਼ਨਾਂ ਵਧੇ ਹੋਏ ਐਲਾਨ ਮੁਤਾਬਕ ਹੀ ਦਿੱਤੀਆਂ ਜਾਣਗੀਆਂ। ਉਧਰ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਦੀ ਮੰਦਹਾਲੀ ਕਾਰਨ ਹਾਲ ਦੀ ਘੜੀ ਮਾਰਚ ਮਹੀਨੇ ਤੱਕ ਦੀਆਂ ਪੈਨਸ਼ਨਾਂ ਦਾ ਭੁਗਤਾਨ ਹੀ ਕੀਤਾ ਜਾ ਸਕਿਆ ਹੈ। ਪੰਜਾਬ ਵਿਚ ਬੁਢਾਪਾ, ਵਿਧਾਵਾ, ਅੰਗਹੀਣ ਅਤੇ ਬੇਸਹਾਰਾ ਬੱਚਿਆਂ ਸਬੰਧੀ ਜਿਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਗਿਣਤੀ 19 ਲੱਖ 98 ਹਜ਼ਾਰ ਦੇ ਕਰੀਬ ਹੈ।

ਸਰਕਾਰ ਵੱਲੋਂ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੇ ਜਾਣ ਸਮੇਂ ਹਰ ਮਹੀਨੇ ਕੁੱਲ 98 ਕਰੋੜ ਰੁਪਏ ਦਾ ਬਜਟ ਲੋੜੀਂਦਾ ਸੀ। ਵਿੱਤ ਮੰਤਰੀ ਦੇ ਐਲਾਨ ਮੁਤਾਬਕ ਜੇਕਰ ਪਹਿਲੀ ਜੁਲਾਈ ਤੋਂ ਪੈਨਸ਼ਨਾਂ ਵਧਾ ਦਿੱਤੀਆਂ ਹਨ ਤਾਂ ਹਰ ਮਹੀਨੇ 140 ਕਰੋੜ ਰੁਪਏ ਚਾਹੀਦੇ ਹਨ। ਸੂਬੇ ਵਿੱਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਕੁਝ ਮਹੀਨੇ ਤਾਂ ਪੈਨਸ਼ਨਰਾਂ ਦੀ ਪੜਤਾਲ ਦੇ ਬਹਾਨੇ ਪੈਨਸ਼ਨਾਂ ਦਾ ਭੁਗਤਾਨ ਰੋਕੀ ਰੱਖਿਆ। ਇਸ ਤੋਂ ਬਾਅਦ ਵੀ ਪੈਨਸ਼ਨਾਂ ਦਾ ਭੁਗਤਾਨ ਨਹੀਂ ਕੀਤਾ ਜਾ ਸਕਿਆ।

# ਮਾਂ ਬੋਲੀ ਪੰਜਾਬੀ ਆਪਣੇ ਘਰ ਵਿਚ ਹੀ ਬਣਾ ਦਿੱਤੀ ਵਿਚਾਰੀ



**ਚੰਡੀਗੜ੍ਹ:** ਪੰਜਾਬ ਦੇ ਸਕੂਲਾਂ ਵਿਚ ਹੀ ਮਾਂ ਬੋਲੀ ਪੰਜਾਬੀ ਵਿਚਾਰੀ ਬਣ ਕੇ ਰਹਿ ਗਈ ਹੈ। ਸਕੂਲਾਂ ਵਿਚ ਵਿਦਿਆਰਥੀਆਂ ਵੱਲੋਂ ਭਾਸ਼ਾ ਦੀ ਕੀਤੀ ਚੋਣ ਦੇ ਅੰਕੜਿਆਂ ਤੇ ਸਿੱਖਣ ਸਮਰੱਥਾ ਦੇ ਨਤੀਜਿਆਂ ਤੋਂ ਸਾਫ ਹੈ ਕਿ ਪੰਜਾਬੀ ਭਾਸ਼ਾ ਹੌਲੀ ਹੌਲੀ ਆਪਣਾ ਅਧਾਰ ਗੁਆਉਣ ਲੱਗੀ ਹੈ। ਪੰਜਾਬੀ ਨੂੰ 'ਚੋਣਵੇਂ' ਵਿਸ਼ੇ ਵਜੋਂ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਤੇਜ਼ੀ ਨਾਲ ਘਟੀ ਹੈ। ਸਾਲ 1995 ਵਿਚ 40 ਫੀਸਦੀ ਦੇ ਕਰੀਬ ਵਿਦਿਆਰਥੀਆਂ ਨੇ 12ਵੀਂ ਜਮਾਤ ਤੱਕ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ।

ਸਾਲ 2017 ਵਿਚ ਇਹ ਅੰਕੜਾ ਘਟ ਕੇ 24 ਫੀਸਦੀ ਰਹਿ ਗਿਆ। 1995 ਵਿਚ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਲੈਣ ਵਾਲੇ ਆਰਟਸ ਦੇ ਵਿਦਿਆਰਥੀਆਂ ਦੀ ਗਿਣਤੀ 46 ਫੀਸਦੀ ਸੀ ਜਿਹੜੀ ਅੱਜ ਘੱਟ ਕੇ 35 ਫੀਸਦੀ ਰਹਿ ਗਈ ਹੈ। ਐਨ.ਜੀ.ਓ. ਪ੍ਰਥਮ ਵੱਲੋਂ ਸਿੱਖਿਆ ਦੇ ਸਾਲਾਨਾ ਸਟੇਟਸ ਬਾਰੇ ਤਿਆਰ ਰਿਪੋਰਟ ਮੁਤਾਬਕ ਚੌਥੀ ਜਮਾਤ ਦੇ 46 ਫੀਸਦੀ ਬੱਚੇ ਦੂਜੀ ਜਮਾਤ ਦੀ ਪੰਜਾਬੀ ਦੀਆਂ ਪੁਸਤਕਾਂ ਠੀਕ ਢੰਗ ਨਾਲ ਨਹੀਂ ਪੜ੍ਹ ਸਕਦੇ। ਇਨ੍ਹਾਂ ਵਿਚ 4.4 ਫੀਸਦੀ ਬੱਚੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਤੀਜੀ ਜਮਾਤ ਤੱਕ ਪੰਜਾਬੀ ਅੱਖਰਾਂ ਦੀ ਸਮਝ ਨਹੀਂ ਤੇ 20 ਫੀਸਦੀ ਉਹ ਹਨ, ਜੋ ਪਹਿਲੀ ਜਮਾਤ ਦੀ ਪਾਠ ਪੁਸਤਕ ਪੜ੍ਹਨ ਤੋਂ ਕੋਰੇ ਹਨ।

ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਨੂੰ ਵੀ ਵੱਡੀ ਚੁਣੌਤੀ ਦੱਸਿਆ ਜਾ ਹੈ। ਮੌਜੂਦਾ ਸਮੇਂ 1500 ਸੀਨੀਅਰ ਸੈਕੰਡਰੀ ਸਕੂਲਾਂ 'ਚ ਪੰਜਾਬੀ ਅਧਿਆਪਕਾਂ ਦੀਆਂ 1700 ਮਨਜ਼ੂਰਸ਼ੁਦਾ ਪੋਸਟਾਂ ਦੇ ਮੁਕਾਬਲੇ 1113 ਅਧਿਆਪਕ ਉਪਲਬਧ ਹਨ। ਕਾਲਜ ਤੇ ਯੂਨੀਵਰਸਿਟੀ ਪੱਧਰ ਉਤੇ ਵੀ ਪੰਜਾਬੀ ਭਾਸ਼ਾ ਦੀ ਸਥਿਤੀ ਕੋਈ ਬਹੁਤੀ ਚੰਗੀ ਨਹੀਂ ਹੈ। ਪਿਛਲੇ ਇਕ ਦਹਾਕੇ ਦੌਰਾਨ ਗਰੈਜੂਏਟ ਤੇ ਪੋਸਟ ਗਰੈਜੂਏਟ ਪੱਧਰ ਤੱਕ ਪੰਜਾਬੀ ਸਾਹਿਤ ਪੜ੍ਹਨ ਵਾਲਿਆਂ ਦੀ ਗਿਣਤੀ ਹੀ ਅੱਧੀ ਨਹੀਂ ਰਹੀ, ਬਲਕਿ ਪਿਛਲੇ 15 ਸਾਲਾਂ ਤੋਂ ਇਸ ਵਿਸ਼ੇ ਦੇ ਅਧਿਆਪਕਾਂ ਦੀ ਪੱਕੀ ਭਰਤੀ ਵੀ ਨਹੀਂ ਹੋਈ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਜੀ.ਐਨ.ਡੀ.ਯੂ.) ਵੱਲੋਂ ਗਰੈਜੂਏਟ ਕੋਰਸਾਂ ਵਿਚ ਪੰਜਾਬੀ ਲਾਜ਼ਮੀ ਕੀਤੀ ਹੋਈ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਪੀ.ਯੂ.) ਵੱਲੋਂ ਹਾਲਾਂਕਿ ਪੰਜਾਬੀ ਜਾਂ ਫਿਰ ਪੰਜਾਬ ਹਿਸਟਰੀ ਐਂਡ ਕਲਚਰ ਵਿਚੋਂ ਕੋਈ ਇਕ ਵਿਸ਼ਾ ਪੜ੍ਹਨ ਦੀ ਛੋਟ ਹੈ, ਪਰ ਪੰਜਾਬੀ ਸਾਹਿਤ ਨੂੰ ਚੋਣਵੇਂ ਵਿਸ਼ੇ ਵਜੋਂ ਪੜ੍ਹਨ ਦਾ ਰੁਝਾਨ ਘਟਦਾ ਜਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਵਿਚ ਸਾਲ 2007 ਵਿਚ 13,725 ਵਿਦਿਆਰਥੀ ਪੰਜਾਬੀ ਨੂੰ ਚੋਣਵੇਂ ਵਿਸ਼ੇ ਵਜੋਂ ਪੜ੍ਹ ਰਹੇ ਸਨ, ਪਰ ਹੁਣ ਇਹ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 12,500 ਰਹਿ ਗਈ ਹੈ। ਜੀ.ਐਨ.ਡੀ.ਯੂ. ਵਿਚ ਇਹ ਅੰਕੜਾ 12,425 ਤੋਂ 12,000 ਜਦਕਿ ਪੀਯੂ 'ਚ 14000 ਤੋਂ 13,035 ਹੋ ਗਿਆ ਹੈ। ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਪੀਯੂ ਵੱਲੋਂ ਕਾਲਜਾਂ ਦੀ ਗਿਣਤੀ 182 ਤੋਂ 196 ਕਰਨ ਅਤੇ ਪਟਿਆਲਾ ਯੂਨੀਵਰਸਿਟੀ ਵੱਲੋਂ 110 ਤੋਂ 278 ਕਰਨ ਦੇ ਬਾਵਜੂਦ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ।

### ਵਿਦਿਆਰਥੀਆਂ ਲਈ ਰੁਜ਼ਗਾਰ ਦਾ ਮਸਲਾ

ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਿਟੀਆਂ ਵੱਲੋਂ ਪੰਜਾਬੀ ਨੂੰ ਚੋਣਵੇਂ ਵਿਸ਼ੇ ਵਜੋਂ ਇਸ ਕਰ ਕੇ ਨਹੀਂ ਪੜ੍ਹਾ ਰਹੇ ਕਿਉਂਕਿ ਵਿਦਿਆਰਥੀ ਸਿਰਫ ਉਨ੍ਹਾਂ ਕੋਰਸਾਂ ਵੱਲ ਧਿਆਨ ਦਿੰਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ। ਸੂਬੇ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਇਸ ਸਮੇਂ ਮਨਜ਼ੂਰਸ਼ੁਦਾ 5000 ਅਧਿਆਪਕਾਂ ਦੀਆਂ ਅਸਾਮੀਆਂ ਮੁਕਾਬਲੇ ਸਿਰਫ 1200 ਪੱਕੇ ਅਧਿਆਪਕ ਹਨ। ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਗੁਰਭਜਨ ਗਿੱਲ ਤੇ ਸ਼ਾਇਰ ਸੁਰਜੀਤ ਪਾਤਰ ਨੇ ਪੰਜਾਬੀ ਭਾਸ਼ਾ ਦੀ ਦੁਰਦਸ਼ਾ ਉਤੇ ਫਿਕਰਮੰਦੀ ਜ਼ਾਹਰ ਕੀਤੀ।

# ਪ੍ਰਦਯੁਮਨ ਹੱਤਿਆ: ਪੁਲਿਸ ਨੇ ਕੀਤੀਆਂ ਸਾਰੀਆਂ ਹੱਦਾਂ ਪਾਰ

## ਜ਼ਮਾਨਤ 'ਤੇ ਬਾਹਰ ਆਏ ਬੱਸ ਕੰਡਕਟਰ ਨੇ ਦੱਸੀਆਂ ਪੁਲਿਸ ਦੀਆਂ ਕਰਤੂਤਾਂ

**ਨਵੀਂ ਦਿੱਲੀ:** ਰਿਆਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਪ੍ਰਦਯੁਮਨ ਕਤਲ ਮਾਮਲੇ ਵਿਚ ਫੜਿਆ ਸਕੂਲ ਬੱਸ ਕੰਡਕਟਰ ਅਸ਼ੋਕ ਕੁਮਾਰ ਜੇਲ੍ਹ ਵਿਚੋਂ ਰਿਹਾ ਹੋ ਗਿਆ ਹੈ। ਬਿਨਾਂ ਕਿਸੇ ਕਸੂਰ ਦੇ 76 ਦਿਨ ਜੇਲ੍ਹ ਵਿਚ ਕੱਟਣ ਵਾਲੇ ਅਸ਼ੋਕ ਵੱਲੋਂ ਜੇਲ੍ਹ ਤੋਂ ਬਾਹਰ ਆ ਕੇ ਕੀਤੇ ਖੁਲਾਸਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਆਪਣੀ ਸਾਖ ਬਚਾਉਣ ਲਈ ਪੁਲਿਸ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਵਿਚ ਰਤਾ ਵੀ ਦੇਰ ਨਹੀਂ ਲਾਉਂਦੀ। ਅਸ਼ੋਕ ਮੁਤਾਬਕ ਉਸ ਨੇ ਜੇਲ੍ਹ ਵਿਚ ਕਾਫੀ ਤਸ਼ੱਦਦ ਝੱਲਿਆ। ਜੁਰਮ ਕਬੂਲ ਕਰਨ ਲਈ ਪੁਲਿਸ ਨੇ ਉਸ ਉਤੇ ਥਰਡ ਡਿਗਰੀ ਟਾਰਚਰ ਕੀਤਾ। ਜਿਸ ਕਾਰਨ ਉਸ ਨੇ ਮੀਡੀਆ ਸਾਹਮਣੇ ਕਬੂਲ ਕਰ ਲਿਆ ਕਿ ਪ੍ਰਦਯੁਮਨ ਨੂੰ ਉਸੇ ਨੇ ਮਾਰਿਆ ਸੀ।



ਉਸ ਨੂੰ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਅਤੇ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ। ਜੇਕਰ ਇਹ ਮਾਮਲਾ ਸੀ.ਬੀ.ਆਈ. ਨੂੰ ਨਾ ਸੌਂਪਿਆ ਜਾਂਦਾ ਤਾਂ ਜਿਸ ਤਰ੍ਹਾਂ ਦੇ ਹਾਲਾਤ ਸਨ, ਉਨ੍ਹਾਂ ਵਿਚ ਕੰਡਕਟਰ ਨੂੰ ਅਦਾਲਤ ਤੋਂ ਸਜ਼ਾ ਵੀ ਦਿਵਾ ਦਿੱਤੀ ਜਾਣੀ ਸੀ। ਸੀ.ਬੀ.ਆਈ. ਨੇ ਆਪਣੀ ਪੜਤਾਲ ਦੇ ਆਧਾਰ ਉਤੇ ਦਾਅਵਾ ਕੀਤਾ ਕਿ ਬੱਸ ਕੰਡਕਟਰ ਨੇ ਨਹੀਂ ਬਲਕਿ ਸਕੂਲ ਦੇ ਇਕ ਸੀਨੀਅਰ ਵਿਦਿਆਰਥੀ ਨੇ ਹੀ ਪ੍ਰਦਯੁਮਨ ਦੀ ਹੱਤਿਆ ਕੀਤੀ।

ਕੰਡਕਟਰ ਦੀ ਇਸ ਪੂਰੇ ਮਾਮਲੇ ਵਿਚ ਕੋਈ ਭੂਮਿਕਾ ਨਹੀਂ ਸੀ। ਦੱਸ ਦਈਏ ਕਿ ਇਸੇ ਬੱਸ ਕੰਡਕਟਰ ਨੇ ਸਕੂਲ ਅਧਿਕਾਰੀਆਂ ਦੇ ਹੁਕਮ ਉਤੇ ਵਾਰਦਾਤ ਵਾਲੀ ਥਾਂ ਜਾ ਕੇ ਗੰਭੀਰ ਜ਼ਖ਼ਮੀ ਬੱਚੇ ਨੂੰ ਚੁੱਕ ਕੇ ਕਾਰ ਵਿਚ ਲਿਟਾਇਆ ਸੀ, ਪਰ ਬਾਅਦ ਵਿਚ ਜਦੋਂ ਪੁਲਿਸ 'ਤੇ ਦੋਸ਼ੀਆਂ ਨੂੰ ਫੜਨ ਲਈ ਦਬਾਅ ਵਧਿਆ ਤਾਂ ਪੁਲਿਸ ਨੇ ਇਸੇ ਕੰਡਕਟਰ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਉਸ ਤੋਂ ਅਦਾਲਤ ਵਿਚ ਕਬੂਲ ਕਰਵਾ ਦਿੱਤਾ ਕਿ ਵਿਦਿਆਰਥੀ ਨੂੰ ਉਸੇ ਨੇ ਮਾਰਿਆ ਹੈ। ਹੋਰ ਤਾਂ ਹੋਰ ਵਾਰਦਾਤ ਵਿਚ ਵਰਤਿਆ ਚਾਕੂ ਵੀ ਬਰਾਮਦ ਵਿਖਾ ਦਿੱਤਾ ਗਿਆ, ਪਰ ਕੰਡਕਟਰ ਦੀ ਚੰਗੀ ਕਿਸਮਤ ਨੂੰ ਮ੍ਰਿਤਕ ਬੱਚੇ ਦੇ ਮਾਪਿਆਂ ਦੇ ਕਹਿਣ ਉਤੇ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿੱਤੀ ਗਈ। ਸੀ.ਬੀ.ਆਈ. ਨੇ ਕੰਡਕਟਰ ਨੂੰ ਕੇਸ ਤੋਂ ਲਾਂਭੇ ਹੀ ਰੱਖਿਆ ਤੇ ਸੀ.ਸੀ.ਟੀ.ਵੀ. ਕੈਮਰਿਆਂ ਦੇ ਆਧਾਰ 'ਤੇ ਸਾਬਤ ਕਰ ਦਿੱਤਾ ਕਿ ਇਹ ਕਤਲ ਸਕੂਲ ਦੇ ਹੀ ਇਕ ਵਿਦਿਆਰਥੀ ਨੇ ਕੀਤਾ ਹੈ। ਹੈਰਾਨੀ ਵਾਲੀ ਗੱਲ ਇਹ ਹੋਈ ਕਿ ਸੀ.ਬੀ.ਆਈ. ਨੇ ਵੀ ਵਿਦਿਆਰਥੀ ਤੋਂ ਕਤਲ ਲਈ ਵਰਤਿਆ ਚਾਕੂ ਬਰਾਮਦ ਕਰ ਲਿਆ। ਹੁਣ ਸਵਾਲ ਹੈ ਕਿ ਪੁਲਿਸ ਨੇ ਜੋ ਚਾਕੂ ਵਿਖਾਇਆ ਸੀ, ਉਹ ਕਿਥੋਂ ਆਇਆ। ਪੋਸਟਮਾਰਟਮ ਦੀ ਰਿਪੋਰਟ ਦੱਸਦੀ ਹੈ ਕਿ ਕਤਲ ਇਕੋ ਚਾਕੂ ਨਾਲ ਕੀਤਾ ਸੀ।

### ਪਿੰਡਾਂ ਵਾਸੀਆਂ ਨੇ ਮਿਲ ਕੇ ਭਰੇ ਜ਼ਮਾਨਤ ਦੇ ਪੈਸੇ

ਗੁੜਗਾਉਂ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਅਸ਼ੋਕ ਨੂੰ 50,000 ਦੇ ਨਿੱਜੀ ਬਾਂਡ ਉਤੇ ਜ਼ਮਾਨਤ ਦਿੰਦਿਆਂ ਕਿਹਾ ਕਿ ਸੀ.ਬੀ.ਆਈ. ਬੱਸ ਕੰਡਕਟਰ ਅਸ਼ੋਕ ਕੁਮਾਰ ਖਿਲਾਫ਼ ਕੋਈ ਸਬੂਤ ਪੇਸ਼ ਨਹੀਂ ਕਰ ਸਕੀ। ਉਧਰ, ਪਤਾ ਲੱਗਾ ਹੈ ਕਿ ਅਸ਼ੋਕ ਦੀ ਜ਼ਮਾਨਤ ਲਈ 50,000 ਰੁਪਏ ਦੀ ਰਕਮ ਉਸ ਦੇ ਪਿਤਾ ਨੇ ਪਿੰਡ ਵਾਲਿਆਂ ਦੀ ਮਦਦ ਨਾਲ ਇਕੱਠੀ ਕਰ ਕੇ ਜਮ੍ਹਾਂ ਕਰਵਾਈ ਹੈ। ਅਸ਼ੋਕ ਦੇ ਪਿਤਾ ਤੇ ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਉਹ ਜਾਣਦੇ ਸਨ ਕਿ ਉਹ ਬੇਗੁਨਾਹ ਹੈ ਇਸ ਲਈ ਉਹ ਸਭ ਉਸ ਦੀ ਰਿਹਾਈ ਉਤੇ ਬਹੁਤ ਖੁਸ਼ ਹਨ।

# ਮਾਨੁਸ ਟਾਪੂ 'ਤੇ ਨਜ਼ਰਬੰਦ ਪੰਜਾਬੀਆਂ ਦੇ ਭਵਿਖ ਬਾਰੇ ਅਜੇ ਵੀ ਬੇਯਕੀਨੀ

**ਚੰਡੀਗੜ੍ਹ:** ਆਸਟਰੇਲੀਆ ਨੇੜਲੇ ਪਪੂ ਨਿਊ ਗਿਨੀ ਦੇ ਮਾਨੁਸ ਟਾਪੂ ਵਿਚਲੇ ਹਿਰਾਸਤੀ ਕੇਂਦਰ ਵਿਚ ਪਿਛਲੇ ਚਾਰ ਸਾਲਾਂ ਤੋਂ ਛੇ ਸੌ ਹੋਰਨਾਂ ਗੈਰਕਾਨੂੰਨੀ ਪਰਵਾਸੀਆਂ ਨਾਲ ਬੰਦ ਦੋ ਪੰਜਾਬੀ ਨੌਜਵਾਨਾਂ ਦੇ ਭਵਿੱਖ ਨੂੰ ਲੈ ਕੇ ਬੇਯਕੀਨੀ ਜਾਰੀ ਹੈ। ਸਲਾਮਤੀ ਦਸਤਿਆਂ ਨੇ ਹੁਣ ਇਸ ਟਾਪੂ ਉਤੇ ਹੱਲਾ ਬੋਲਿਆ ਤੇ ਉਹ ਇਨ੍ਹਾਂ ਪਰਵਾਸੀਆਂ ਨੂੰ ਬੱਸਾਂ ਵਿਚ ਲੱਦ ਕੇ ਲੈ ਗਏ। ਪੰਜਾਬ ਨਾਲ ਸਬੰਧਤ ਰਵਿੰਦਰ ਸਿੰਘ ਤੇ ਮਨਜੀਤ ਸਿੰਘ, ਜਿਨ੍ਹਾਂ ਦੇ ਰਿਹਾਇਸ਼ੀ ਸਿਰਨਾਵਿਆਂ ਬਾਰੇ ਕੋਈ ਜਾਣਕਾਰੀ ਨਹੀਂ, ਜੁਲਾਈ 2013 ਤੋਂ ਇਸ ਟਾਪੂ ਉਤੇ ਨਜ਼ਰਬੰਦ ਵੱਡੇ ਸਮੂਹ ਦਾ ਹਿੱਸਾ ਹਨ।

ਦੋਵਾਂ ਦੇ ਟੀ.ਵੀ. ਤੇ ਰੇਡੀਓ ਇੰਟਰਵਿਊਆਂ ਮੁਤਾਬਕ ਉਹ 2013 'ਚ ਵੱਖੋ ਵੱਖ ਕਿਸ਼ਤੀਆਂ ਵਿਚ ਸਵਾਰ ਹੋ ਕੇ ਆਸਟਰੇਲੀਆ ਪੁੱਜੇ ਸਨ, ਪਰ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਗਈ। ਕਿਉਂਕਿ ਆਸਟਰੇਲੀਆ 'ਚ ਕਿਸ਼ਤੀ ਰਾਹੀਂ ਪਰਵਾਸ ਦੀ ਮਨਾਹੀ ਹੈ। ਉਨ੍ਹਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਕੋਲ ਟਰੈਵਲ ਏਜੰਟ ਵੱਲੋਂ ਦਿੱਤੇ ਪਰਵਾਸ ਦਸਤਾਵੇਜ਼ ਹਨ, ਪਰ ਆਸਟਰੇਲੀਅਨ ਅਧਿਕਾਰੀਆਂ ਨੇ ਇਕ ਨਾ ਸੁਣੀ ਤੇ ਮਾਨੁਸ ਟਾਪੂ ਦੇ ਹਿਰਾਸਤੀ ਕੇਂਦਰ ਵਿਚ ਭੇਜ ਦਿੱਤਾ।

ਪਿਛਲੇ ਹਫਤੇ ਇਸ ਕੇਂਦਰ ਨੂੰ ਜਾਂਦੀ ਪਾਣੀ ਤੇ ਬਿਜਲੀ ਦੀ ਸਪਲਾਈ ਵੀ ਕੱਟ ਦਿੱਤੀ ਗਈ। ਪੁਲਿਸ ਵੱਲੋਂ ਹੁਣ ਟਾਪੂ ਨੂੰ ਖਾਲੀ ਕਰਾਉਣ ਲਈ ਬੋਲੇ ਹੱਲੇ ਤੋਂ ਕੁਝ ਘੰਟੇ ਪਹਿਲਾਂ ਹੀ ਦੋਵਾਂ ਨੇ ਆਸਟਰੇਲੀਆ ਦੇ ਐਸ.ਬੀ.ਐਸ. ਰੇਡੀਓ ਰਾਹੀਂ ਆਪਣੀ ਦੁਰਦਸ਼ਾ ਬਿਆਨੀ ਸੀ।

ਇਸ ਦੌਰਾਨ ਪੁਲਿਸ ਕਾਰਵਾਈ ਨੂੰ ਲੈ ਕੇ ਸੋਸ਼ਲ ਮੀਡੀਆ ਤੇ ਮੀਡੀਆ ਅਦਾਰਿਆਂ ਵਿਚ ਗੁੱਸੇ ਦੀ ਲਹਿਰ ਹੈ। ਨਜ਼ਰਬੰਦ ਪਰਵਾਸੀਆਂ 'ਚ ਸ਼ਾਮਲ ਪੱਤਰਕਾਰ ਬਹਿਰੂਜ਼ ਬੂਹਾਨੀ ਨੇ ਦਾਅਵਾ ਕੀਤਾ ਹੈ ਕਿ ਹਿਰਾਸਤੀ ਕੇਂਦਰ ਨੂੰ ਖਾਲੀ ਕਰਾਏ ਜਾਣ ਮੌਕੇ ਪੁਲਿਸ ਨੇ ਉਨ੍ਹਾਂ ਨਾਲ ਕੁੱਟਮਾਰ ਵੀ ਕੀਤੀ। ਉਧਰ, ਆਸਟਰੇਲੀਆ ਦੀ ਸੰਘੀ ਪੁਲਿਸ ਨੇ ਮਾਨੁਸ ਟਾਪੂ ਵਿਚ ਹੋਈ ਕਾਰਵਾਈ ਵਿਚ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।

# ਯੂ.ਕੇ. ਨਾਗਰਿਕ ਜਗਤਾਰ ਸਿੰਘ ਜੱਗੀ ਦੀ ਗ੍ਰਿਫਤਾਰੀ ਦੀ ਨਿਖੇਧੀ

**ਨੌਰਵਿਚ, ਕਨੈਕਟੀਕਟ (ਬਿਊਰੋ):** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ (ਮੈਂਬਰ ਪਲੈਨਿੰਗ ਬੋਰਡ ਨੌਰਵਿਚ, ਮੈਂਬਰ ਡੀਪਾਰਟਮੈਂਟ ਆਫ ਜਸਟਿਸ) ਨੇ ਇੰਗਲੈਂਡ (ਯੂ.ਕੇ.) ਦੇ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਨੂੰ ਅਤਿਵਾਦ ਐਕਟ ਦੇ ਅਧੀਨ ਪੰਜਾਬ ਪੁਲਿਸ ਵਲੋਂ ਨਾਜਾਇਜ਼ ਗ੍ਰਿਫਤਾਰੀ ਤੇ ਤਸ਼ੱਦਦ ਦੀ ਨਿਖੇਧੀ ਕਰਦਿਆਂ ਪੰਜਾਬ ਦੀ ਕੈਪਟਨ ਸਰਕਾਰ ਦੇ ਦਖਲ ਦੀ ਮੰਗ ਕੀਤੀ ਹੈ।

ਭਾਈ ਖਾਲਸਾ ਨੇ ਕਿਹਾ ਕਿ ਇਸ ਨਾਲ ਭਾਰਤ ਦਾ ਅਕਸ ਪੂਰੀ ਦੁਨੀਆਂ ਵਿਚ ਵਿਗੜਿਆ ਹੈ ਕਿ ਸਿੱਖਾਂ ਉਪਰ ਤੇ ਦੂਸਰੇ ਦੇਸ਼ਾਂ ਦੇ ਨਾਗਰਿਕਾਂ ਉਪਰ ਕਿਵੇਂ ਝੂਠੇ ਕੇਸ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਰਤਾਨੀਆ ਵਿਚ ਜੰਮੇ-ਪਲੇ ਵਿਅਕਤੀ ਜਗਤਾਰ ਸਿੰਘ ਜੱਗੀ ਨਾਲ ਪੰਜਾਬ ਪੁਲਿਸ ਵਲੋਂ ਕੀਤਾ ਜਾ ਰਿਹਾ ਵਤੀਰਾ ਭੈਅਭੀਤ ਕਰਨ ਵਾਲਾ ਹੈ। ਸਿੱਖ ਕਤਲੇਆਮ ਬਾਰੇ ਵੈਬਸਾਈਟ ਚਲਾਉਣੀ ਤੇ ਰਸਾਲਾ ਕੱਢਣਾ ਕੋਈ ਅਪਰਾਧ ਨਹੀਂ। ਪੰਜਾਬ ਪੁਲਿਸ ਵੱਲੋਂ ਅਪਰਾਧਿਕ ਦੋਸ਼ਾਂ ਅਧੀਨ ਗ੍ਰਿਫਤਾਰ ਕੀਤੇ ਗਏ ਜੱਗੀ ਜੌਹਲ 'ਤੇ ਤਸ਼ੱਦਦ ਦਾ ਸਖਤ ਨੋਟਿਸ ਲੈਂਦਿਆਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੱਗੀ ਜੌਹਲ ਨੂੰ ਆਪਣੀ ਬੇਗੁਨਾਹੀ ਸਾਬਿਤ ਕੀਤੇ ਜਾਣ ਦੇ ਮੌਕੇ ਦਿੱਤੇ ਜਾਣ। ਇਸ ਦੇ ਨਾਲ ਉਸ ਨੂੰ ਦਿੱਤੇ ਗਏ ਸਰੀਰਕ ਤਸੀਹਿਆਂ ਦੀ ਵੀ ਜਾਂਚ ਕਰਵਾਈ ਜਾਏ।

ਉਨ੍ਹਾਂ ਕਿਹਾ ਕਿ ਜੇ ਜਗਤਾਰ ਸਿੰਘ ਜੌਹਲ ਕਿਸੇ ਵੀ ਤਰ੍ਹਾਂ ਦਾ ਅਪਰਾਧੀ ਹੁੰਦਾ ਤਾਂ ਉਸ ਨੂੰ ਇਸ ਦੇਸ਼ ਵਿਚ ਵਿਆਹ ਕਰਨ ਲਈ ਆਉਣ ਦੀ ਕੀ ਲੋੜ ਸੀ? ਇਹ ਜਾਣ ਬੁੱਝ ਕੇ ਸਾਜ਼ਿਸ਼ ਰਚੀ ਗਈ। ਅੱਜ ਇੰਗਲੈਂਡ ਸਰਕਾਰ ਨੂੰ ਵੀ ਕਹਿਣਾ ਪੈ ਰਿਹਾ ਹੈ ਕਿ ਭਾਰਤ ਸਰਕਾਰ ਅਜਿਹੀਆਂ ਹਰਕਤਾਂ ਤੋਂ ਬਾਜ਼ ਆਏ ਨਹੀਂ ਤਾਂ ਇੰਗਲੈਂਡ ਸਰਕਾਰ ਸਖਤ ਕਦਮ ਚੁੱਕੇਗੀ।

# ਦਲ ਖਾਲਸਾ ਆਗੂ ਮਨਮੋਹਨ ਸਿੰਘ ਯੂ.ਕੇ. ਦੇ ਚਲਾਣੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਪਿਛਲੇ ਦਿਨੀਂ ਪੰਥਕ ਜਥੇਬੰਦੀ ਦਲ ਖਾਲਸਾ ਦੇ ਆਗੂ ਭਾਈ ਮਨਮੋਹਨ ਸਿੰਘ ਯੂ.ਕੇ. ਵਾਲਿਆਂ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਖਾਲਿਸਤਾਨੀ ਯੋਧੇ ਦੇ ਤੁਰ ਜਾਣ ਨਾਲ ਪੰਥ ਨੂੰ ਬਹੁਤ ਘਾਟਾ ਪਿਆ ਹੈ।

ਇਕ ਬਿਆਨ ਵਿਚ ਪਾਰਟੀ ਨੇ ਕਿਹਾ ਹੈ ਕਿ ਅਜੇ ਕੁਝ ਕੁ ਦਿਨ ਪਹਿਲਾਂ ਅਮਰੀਕਾ ਨਿਵਾਸੀ ਡਾ. ਪਰਮਜੀਤ ਸਿੰਘ ਅਜਰਾਵਤ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ। ਕੁਝ ਕੁ ਦਿਨਾਂ ਵਿਚ ਹੀ ਦੋ ਖਾਲਿਸਤਾਨੀ ਯੋਧਿਆਂ ਦਾ ਵਿਛੋੜਾ ਪੰਥ ਲਈ ਅਸਹਿ ਹੈ। ਇਨ੍ਹਾਂ ਖਾਲਿਸਤਾਨੀ ਯੋਧਿਆਂ ਦੇ ਤੁਰ ਜਾਣ ਨਾਲ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਚਲ ਰਹੀ ਜੱਦੋ ਜਹਿਦ ਵਿਚ ਇਨ੍ਹਾਂ ਦੀ ਘਾਟ ਹਮੇਸ਼ਾਂ ਹੀ ਰੜਕਦੀ ਰਹੇਗੀ।

ਪਾਰਟੀ ਦੇ ਆਗੂਆਂ-ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ, ਜੋਗਾ ਸਿੰਘ ਨਿਊ ਜਰਸੀ, ਰੇਸ਼ਮ ਸਿੰਘ ਵਰਜੀਨੀਆ, ਲਖਵੀਰ ਸਿੰਘ ਕੰਗ, ਤਰਸੇਮ ਸਿੰਘ ਕੈਲੀਫੋਰਨੀਆ, ਅਮਨਦੀਪ ਸਿੰਘ, ਅਮਰਜੀਤ ਸਿੰਘ, ਦਲਬੀਰ ਸਿੰਘ, ਸੰਤ ਬਲਵੀਰ ਸਿੰਘ, ਸੁਖਵਿੰਦਰ ਸਿੰਘ ਗਿੱਲ ਅਤੇ ਕੇਵਲ ਸਿੰਘ ਨੇ ਇੱਕ ਸਾਂਝੇ ਬਿਆਨ ਰਾਹੀਂ ਦੋਹਾਂ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਹਮਦਰਦੀ ਪ੍ਰਗਟਾਈ ਹੈ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS USA 951-824-6365
skype - DHOLRADIO.ORG
LISTEN BY CALL USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 2 ਦਸੰਬਰ 2017*

## 'ਆਪ' ਦੀ ਸਿਆਸਤ ਦੇ ਪੰਜ ਸਾਲ

ਨਵੰਬਰ ਮਹੀਨੇ ਦੀ 26 ਤਾਰੀਖ ਨੂੰ ਆਮ ਆਦਮੀ ਪਾਰਟੀ (ਆਪ) ਦੀ ਕਾਇਮੀ ਨੂੰ ਪੰਜ ਵਰ੍ਹੇ ਹੋ ਗਏ ਹਨ। ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀਆਂ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਮੁਹਿੰਮ ਤੋਂ ਬਾਅਦ ਬਣੇ ਸਾਜ਼ਗਾਰ ਸਿਆਸੀ ਮਾਹੌਲ ਵਿਚੋਂ 2012 ਵਿਚ ਇਸ ਪਾਰਟੀ ਦਾ ਆਗਮਨ ਹੋਇਆ ਸੀ ਅਤੇ ਅਗਲੇ ਹੀ ਸਾਲ ਇਸ ਨੇ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਕੁੱਲ 70 ਵਿਚੋਂ 28 ਸੀਟਾਂ ਉਤੇ ਜਿੱਤ ਹਾਸਲ ਕਰ ਕੇ ਤਕੜੀ ਧਿਰ ਵਜੋਂ ਸਿਆਸੀ ਪਿੜ ਵਿਚ ਹਾਜ਼ਰੀ ਲੁਆਈ ਸੀ। ਉਦੋਂ ਇਸ ਨੇ ਕਾਂਗਰਸ ਦੀ ਹਮਾਇਤ ਹਾਸਲ ਕਰ ਕੇ ਦਿੱਲੀ ਵਿਚ ਘੱਟ ਗਿਣਤੀ ਸਰਕਾਰ ਬਣਾਈ ਸੀ। ਇਹ ਸਰਕਾਰ ਭਾਵੇਂ ਕੁੱਲ 49 ਦਿਨ ਹੀ ਚੱਲ ਸਕੀ, ਪਰ 'ਆਪ' ਵੱਲੋਂ ਸਿਆਸੀ ਪਿੜ ਵਿਚ ਜਿਹੜਾ ਸੁਨੇਹਾ ਦਿੱਤਾ ਗਿਆ, ਉਹ ਬਹੁਤ ਸੁੱਚਾ ਸੀ। ਇਸ ਨੇ ਆਵਾਮ ਨੂੰ ਜਚਾਇਆ ਕਿ ਫੀਤਾ ਫੀਤਾ ਹੋ ਚੁਕੇ ਸਿਆਸੀ ਸਿਸਟਮ ਵਿਚ ਇਸ ਤਰ੍ਹਾਂ ਦੀ ਸਿਆਸਤ ਵੀ ਕੀਤੀ ਜਾ ਸਕਦੀ ਹੈ। ਇਸ ਸੁੱਚੀ ਸਿਆਸਤ ਦਾ ਹੀ ਨਤੀਜਾ ਸੀ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਨਰੇਂਦਰ ਮੋਦੀ ਦੀ ਢੋਲ-ਵਜਾਊ ਜਿੱਤ ਦੇ ਬਾਵਜੂਦ ਜਦੋਂ ਦਿੱਲੀ ਵਿਧਾਨ ਸਭਾ ਲਈ 2015 ਵਿਚ ਵੋਟਾਂ ਪਈਆਂ ਤਾਂ ਸਮਝੋ, ਇਕ ਤਰ੍ਹਾਂ ਨਾਲ ਤਖਤ ਹੀ ਪਲਟ ਗਏ। ਪਾਰਟੀ ਨੇ 70 ਵਿਚੋਂ 67 ਸੀਟਾਂ ਉਤੇ ਰਿਕਾਰਡ ਜਿੱਤ ਹਾਸਲ ਕੀਤੀ ਸੀ। ਸਰਕਾਰ ਬਣਾਉਣ ਦੀ ਦਾਅਵੇਦਾਰ ਭਾਰਤੀ ਜਨਤਾ ਪਾਰਟੀ, ਜਿਸ ਨੇ ਲੋਕ ਸਭਾ ਚੋਣਾਂ ਦੌਰਾਨ ਦਿੱਲੀ ਦੀਆਂ ਸਾਰੀਆਂ ਸੱਤ ਸੀਟਾਂ ਉਤੇ ਕਬਜ਼ਾ ਕਰ ਲਿਆ ਸੀ, ਸਿਰਫ 3 ਸੀਟਾਂ ਹੀ ਜਿੱਤ ਸਕੀ। ਅੰਨਾ ਹਜ਼ਾਰੇ ਅੰਦੋਲਨ ਵਿਚ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸਾਥੀ ਆਈ.ਪੀ.ਐਸ. ਅਫਸਰ ਕਿਰਨ ਬੇਦੀ, ਜੋ ਭਾਰਤੀ ਜਨਤਾ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਸੀ, ਵੀ ਆਪਣੀ ਸੀਟ ਨਾ ਜਿੱਤ ਸਕੀ। ਕਾਂਗਰਸ ਨੂੰ ਤਾਂ ਇਕ ਵੀ ਸੀਟ ਉਤੇ ਜਿੱਤ ਨਹੀਂ ਮਿਲ ਸਕੀ। ਇਸ ਜਿੱਤ ਨਾਲ ਪਾਰਟੀ ਦਾ ਦਾਈਆ ਬਹੁਤ ਵਿਸ਼ਾਲ ਹੋ ਨਿਬੜਿਆ। ਪਾਰਟੀ ਕਨਵੀਨਰ ਦਾ ਵੀ ਸਪਸ਼ਟ ਐਲਾਨ ਸੀ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਇਸ ਸਿਸਟਮ ਨੂੰ ਬਦਲਣ ਆਏ ਹਨ।

ਉਂਜ, ਸੱਤਾ-ਸਿਆਸਤ ਨੂੰ ਪ੍ਰਣਾਈਆਂ ਦੋ ਮੁੱਖ ਸਿਆਸੀ ਧਿਰਾਂ-ਭਾਰਤੀ ਜਨਤਾ ਪਾਰਟੀ ਤੇ ਕਾਂਗਰਸ, ਨੇ ਇਸ ਪਾਰਟੀ ਨੂੰ ਪੈਰੋਂ ਕੱਢਣ ਲਈ ਪੂਰਾ ਟਿਲ ਲਾ ਦਿੱਤਾ। ਨਵੀਂ ਦਿੱਲੀ ਵਿਚ ਉਪ-ਰਾਜਪਾਲ ਦੇ ਦਫਤਰ ਰਾਹੀਂ 'ਆਪ' ਸਰਕਾਰ ਦੇ ਹਰ ਕੰਮ ਵਿਚ ਅੜਿੱਕਾ ਡਾਹਿਆ ਗਿਆ। ਜ਼ਾਹਰ ਹੈ ਕਿ ਇਨ੍ਹਾਂ ਸੱਤਾਵਾਦੀ ਪਾਰਟੀਆਂ ਦਾ ਮੁੱਖ ਨਿਸ਼ਾਨਾ 'ਆਪ' ਸਰਕਾਰ ਨੂੰ ਅਸਫਲ ਬਣਾਉਣਾ ਸੀ। ਇਹ ਸਿਲਸਿਲਾ ਹੁਣ ਤੱਕ ਚੱਲ ਰਿਹਾ ਹੈ। ਮੋਦੀ ਸਰਕਾਰ ਆਪਣੀਆਂ ਵੱਖ-ਵੱਖ ਸੰਸਥਾਵਾਂ ਅਤੇ ਮਹਿਕਮਿਆਂ ਰਾਹੀਂ ਆਮ ਆਦਮੀ ਪਾਰਟੀ ਅਤੇ ਇਸ ਦੇ ਲੀਡਰਾਂ ਨੂੰ ਨੱਥ ਪਾਉਣ ਦਾ ਲਗਾਤਾਰ ਯਤਨ ਕਰ ਰਹੀ ਹੈ। ਹਾਲ ਹੀ ਵਿਚ ਆਮਦਨ ਕਰ ਵਿਭਾਗ ਨੇ ਪਾਰਟੀ ਨੂੰ 30.67 ਕਰੋੜ ਰੁਪਏ ਦਾ ਨੋਟਿਸ ਜਾਰੀ ਕੀਤਾ ਹੈ। ਇਸ ਨੋਟਿਸ ਬਾਰੇ ਆਮ ਆਦਮੀ ਪਾਰਟੀ ਦੇ ਇਕ ਸਾਬਕਾ ਆਗੂ ਅਤੇ ਹੁਣ 'ਸਵਰਾਜ ਇੰਡੀਆ' ਚਲਾ ਰਹੇ ਯੋਗੇਂਦਰ ਯਾਦਵ ਦੀ ਟਿੱਪਣੀ ਬੜੀ ਭਾਵਪੂਰਤ ਹੈ ਕਿ ਆਮਦਨ ਕਰ ਵਿਭਾਗ ਦੀ ਇਹ ਕਾਰਵਾਈ ਬਦਲਾਖੋਰੀ ਵਾਲੀ ਹੈ, ਪਰ ਇਸ ਮਾਮਲੇ 'ਤੇ ਆਮ ਆਦਮੀ ਪਾਰਟੀ ਵੀ ਪਾਕ-ਸਾਫ ਨਹੀਂ। ਇਸ ਪਾਰਟੀ ਨੇ ਹੋਕਾ ਤਾਂ ਪਾਰਦਰਸ਼ਤਾ ਦਾ ਦਿੱਤਾ ਸੀ, ਪਰ ਫੰਡਾਂ ਦੇ ਮਾਮਲੇ ਵਿਚ ਇਸ ਨੇ ਆਪਣੇ ਕਾਡਰ ਅਤੇ ਆਮਦਨ ਕਰ ਵਿਭਾਗ ਤੋਂ ਬੜਾ ਕੁਝ ਲੁਕੋ ਕੇ ਰੱਖਿਆ ਹੈ।

ਖੈਰ! ਇਸ ਪਾਰਟੀ ਕੋਲ ਸੱਤਾ ਧਿਰ ਨੂੰ ਟੱਕਰ ਦੇਣ ਲਈ ਲੋਕਾਂ ਦੀ ਪੁਰਜ਼ੋਰ ਹਮਾਇਤ ਹਾਸਲ ਸੀ, ਪਰ ਐਨ ਇਸੇ ਵੇਲੇ ਪਾਰਟੀ ਅੰਦਰ ਅੰਦਰੂਨੀ ਕਲੇਸ਼ ਬਹੁਤ ਵਧ ਗਿਆ ਅਤੇ ਯੋਗੇਂਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਵਰਗੇ ਲੀਡਰ ਪਾਰਟੀ ਤੋਂ ਪਾਸੇ ਹੋ ਗਏ। ਇਸ ਨਾਲ ਪਾਰਟੀ ਦੇ ਅਕਸ ਨੂੰ ਬਹੁਤ ਢਾਹ ਲੱਗੀ। ਪੰਜਾਬ ਵਿਚ ਤਾਂ ਇਸ ਪਾਰਟੀ ਨੇ ਆਪਣੇ ਪੈਰ ਆਪ ਕੁਹਾੜਾ ਮਾਰਨ ਵਾਲੀ ਗੱਲ ਕੀਤੀ। ਇਸ ਵਾਰ ਚਾਰੇ ਪਾਸੇ ਇਹੀ ਕਿਆਸ-ਅਰਾਈਆਂ ਸਨ ਕਿ ਵਿਧਾਨ ਸਭਾ ਚੋਣਾਂ ਵਿਚ ਜਿੱਤ ਆਮ ਆਦਮੀ ਪਾਰਟੀ ਦੀ ਹੀ ਹੋਣੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀ ਸਿਆਸਤ ਤੋਂ ਅੱਕੇ ਪੰਜਾਬ ਦੇ ਲੋਕਾਂ ਨੇ ਇਸ ਪਾਰਟੀ ਨੂੰ ਭਰਪੂਰ ਹੁੰਗਾਰਾ ਭਰਿਆ। ਪਰਵਾਸੀ ਪੰਜਾਬੀਆਂ ਨੇ ਵੀ ਸਮਰਥਨ ਅਤੇ ਫੰਡ ਪੱਖੋਂ ਕੋਈ ਕਸਰ ਨਹੀਂ ਰਹਿਣ ਦਿੱਤੀ, ਪਰ ਪਾਰਟੀ ਦੇ ਲੀਡਰਾਂ ਦੀਆਂ ਨਾਲਾਇਕੀਆਂ ਤੇ ਆਪਸੀ ਖਹਿਬਾਜ਼ੀ ਕਾਰਨ ਖੇਡ ਬਣਦੀ ਬਣਦੀ ਵਿਗੜ ਗਈ ਅਤੇ ਇਹ ਪਾਰਟੀ ਸੱਤਾ ਦੀ ਦੌੜ ਵਿਚ ਬਹੁਤ ਪਿਛਾਂਹ ਰਹਿ ਗਈ। ਹੁਣ ਹਾਲ ਇਹ ਹੈ ਕਿ ਸੂਬੇ ਵਿਚ ਮੁੱਖ ਵਿਰੋਧੀ ਧਿਰ ਹੋਣ ਦੇ ਬਾਵਜੂਦ ਇਸ ਦਾ ਪੂਰਾ ਠੁੱਕ ਨਹੀਂ ਬਣ ਰਿਹਾ। ਪੰਜਾਬ ਤੋਂ ਬਾਅਦ ਗੁਜਰਾਤ ਵਿਧਾਨ ਸਭਾ ਚੋਣਾਂ ਇਸ ਪਾਰਟੀ ਦਾ ਮੁੱਖ ਨਿਸ਼ਾਨਾ ਸੀ, ਪਰ ਹੁਣ ਉਥੋਂ ਜੋ ਖਬਰਾਂ ਆ ਰਹੀਆਂ ਹਨ, ਉਨ੍ਹਾਂ ਤੋਂ ਜਾਪਦਾ ਹੈ ਕਿ ਉਥੇ ਵੀ ਪਾਰਟੀ ਲਈ ਪੈਰ ਜਮਾਉਣੇ ਔਖੇ ਜਾਪਦੇ ਹਨ। ਸਭ ਤੋਂ ਮਜ਼ਬੂਤ, ਦਿੱਲੀ ਦੇ ਕਿਲ੍ਹੇ ਵਿਚ ਵੀ ਮੋਰੀਆਂ ਦੀਆਂ ਕਨਸੋਆਂ ਹਨ। ਅਸਲ ਵਿਚ ਪਾਰਟੀ ਵਿਚਾਰਧਾਰਕ ਪੱਖ ਅਤੇ ਨਵੀਂ ਲੀਡਰਸ਼ਿਪ ਉਭਾਰਨ ਵਿਚ ਖਤਾ ਖਾ ਗਈ। ਸਿੱਟੇ ਵਜੋਂ ਪਾਰਟੀ ਦਾ ਸਮੁੱਚਾ ਸਿਆਸੀ ਮਾਹੌਲ, ਮੁਲਕ ਦੀਆਂ ਹੋਰ ਸਿਆਸੀ ਪਾਰਟੀਆਂ ਦੇ ਹੀ ਨੇੜੇ-ਤੇੜੇ ਜਾ ਪੁੱਜਾ। ਜਿਸ ਸਿਸਟਮ ਨੂੰ ਬਦਲਣ ਲਈ ਪਾਰਟੀ ਆਗੂਆਂ ਨੇ ਦਾਈਏ ਬੰਨ੍ਹੇ ਸਨ, ਉਹ ਲੜਾਈ ਪਿਛਾਂਹ ਛੁੱਟ ਗਈ। ਚੋਣਾਂ ਜਿੱਤਣ ਲਈ ਪਾਰਟੀ ਨੇ ਦੂਜੀਆਂ ਸਿਆਸੀ ਪਾਰਟੀਆਂ ਵਾਲਾ ਹੀ ਰਾਹ ਫੜ ਲਿਆ। ਸਿੱਟੇ ਵਜੋਂ ਜਥੇਬੰਦਕ ਹੱਲੇ ਵਾਲਾ ਪੱਖ ਕਮਜ਼ੋਰ ਰਹਿ ਗਿਆ ਜਿਸ ਦਾ ਨਤੀਜਾ ਹੁਣ ਸਭ ਦੇ ਸਾਹਮਣੇ ਹੈ। ਪਾਰਟੀ ਨੇ ਆਪਣੇ ਪੰਜ ਵਰ੍ਹੇ ਪੂਰੇ ਹੋਣ 'ਤੇ ਵੱਖ ਵੱਖ ਥਾਂਈਂ ਸਮਾਗਮ ਤਾਂ ਕੀਤੇ ਹਨ, ਪਰ ਇਨ੍ਹਾਂ ਵਿਚੋਂ ਸਿਸਟਮ ਬਦਲਣ ਦੇ ਹੋਕੇ ਵਾਲਾ ਜਲੌਅ ਗਾਇਬ ਹੈ। ਇਹ ਜਲੌਅ ਹੁਣ ਦੁਬਾਰਾ ਤਾਂ ਹੀ ਪਰਤ ਸਕਦਾ ਹੈ, ਜੇ ਉਹ ਦਾਈਏ ਅਪਨਾਏ ਜਾਣ ਜਿਨ੍ਹਾਂ ਦਾ ਹੋਕਾ ਪਾਰਟੀ ਕਾਇਮ ਕਰਨ ਵੇਲੇ ਦਿੱਤਾ ਗਿਆ ਸੀ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਦਿੱਲੀ, ਦਿਆਲਾ ਤੇ ਦਿਆਲ ਸਿੰਘ !*

'ਹਰੇ' 'ਗੋਰੇ' ਗਏ ਹੁਣ 'ਜੋਗੀਆਂ' ਨੇ ਅਤਿ ਚੁੱਕੀ, ਦੇਖ ਕੇ ਜਹਾਨ ਹੈ ਉਡਾਉਂਦਾ ਆਇਆ ਖਿੱਲੀ ਨੂੰ।
ਥੋੜ੍ਹੇ ਜਿਹੇ ਫਰਕ ਨਾਲ 'ਨਵਾਂ' ਕੋਈ ਸਾਂਭ ਲੈਂਦਾ, ਲੋਕ-ਰੋਹ ਦੇ ਸਦਕੇ ਬਗਾਵਤਾਂ ਤੋਂ ਹਿੱਲੀ ਨੂੰ।
ਡੈਣ ਵਾਂਗ ਭੁੱਖੀ ਝੱਟ ਜਾਣ ਉਹਦੀ ਲੈ ਲੈਂਦੀ ਏ, 'ਕੱਸ' ਪਾਉਣੀ ਚਾਹੇ ਕੋਈ 'ਦੁੱਲਾ' ਇਹਨੂੰ ਢਿੱਲੀ ਨੂੰ।
ਨੌਂ ਸੌ ਚੂਹਾ ਖਾ ਕੇ 'ਉਪਦੇਸ਼' ਦੇਵੇ ਸ਼ਾਂਤੀ ਦਾ, ਆਉਂਦੀ ਨਾ ਸ਼ਰਮ ਜਿੱਦਾਂ ਹੱਜ ਚੱਲੀ ਬਿੱਲੀ ਨੂੰ।
ਚਾਂਦਨੀ ਦਾ ਚੌਕ ਪਾਵੇ ਲਾਹਣਤਾਂ ਤਾਰੀਖ ਵਿਚ, ਹੋ ਕੇ ਬੇਫਿਕਰ ਰਾਜ-ਮਦੁ ਵਿਚ ਠਿੱਲ੍ਹੀ ਨੂੰ।
ਦੇਗ 'ਚ ਉਬਾਲਿਆ 'ਦਿਆਲੇ' ਤਾਈਂ ਦਿਨੇ ਦੀਵੀਂ, ਚੰਗੇ ਨਹੀਂਓਂ ਲੱਗਦੇ 'ਦਿਆਲ ਸਿੰਘ' ਦਿੱਲੀ ਨੂੰ!

# ਗੱਲ ਸਿਰਫ ਇਕ ਕਾਲਜ ਦੇ ਨਾਮ ਦੀ ਨਹੀਂ...

***ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲ ਕੇ 'ਵੰਦੇ ਮਾਤਰਮ' ਕਾਲਜ ਰੱਖਣ ਦਾ ਮਾਮਲਾ ਬਹੁਤ ਭਖ ਗਿਆ ਹੈ। ਹਰ ਸੰਜੀਦਾ ਸ਼ਖਸ ਅਤੇ ਸੰਸਥਾ ਨੇ ਇਸ ਦਾ ਵਿਰੋਧ ਕੀਤਾ ਹੈ। ਕਾਰਨ ਇਹ ਹੈ ਕਿ ਹਿੰਦੂ ਕੱਟੜਪੰਥੀ, ਮੁਲਕ ਦਾ ਸਾਰਾ ਕੁਝ ਆਪਣੇ ਹਿੰਦੂਤਵੀ ਏਜੰਡੇ ਮੁਤਾਬਕ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲੇਖ ਵਿਚ ਅਭੈ ਸਿੰਘ ਨੇ ਕੱਟੜਪੰਥੀਆਂ ਦੇ ਇਸੇ ਮਕਸਦ ਵੱਲ ਇਸ਼ਾਰਾ ਕੀਤਾ ਹੈ ਅਤੇ ਹੋਕਾ ਦਿੱਤਾ ਹੈ ਕਿ ਇਸ ਕੋਸ਼ਿਸ਼ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। -ਸੰਪਾਦਕ***

ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲ ਕੇ 'ਵੰਦੇ ਮਾਤਰਮ' ਕਾਲਜ ਰੱਖ ਦਿੱਤਾ ਗਿਆ ਹੈ। ਸਵਾਲ ਸਿਰਫ ਕਾਲਜ ਮੈਨੇਜਮੈਂਟ ਦੇ ਅਖਤਿਆਰ ਦਾ ਨਹੀਂ, ਸਿਰਫ਼ ਇਕ ਕਾਲਜ ਦਾ ਨਾਮ ਬਦਲਣ ਦਾ ਨਹੀਂ, ਸਵਾਲ ਉਸ ਰੁਝਾਨ ਦਾ ਹੈ ਜਿਸ ਦੀਆਂ ਅਲਾਮਤਾਂ, ਬੁਰੇ ਹਾਲਾਤ ਦਾ ਇਸ਼ਾਰਾ ਕਰਦੀਆਂ ਹਨ। ਕਾਲਜ ਦਾ ਇਹ ਨਾਮ 70 ਸਾਲ ਤੋਂ ਚੱਲ ਰਿਹਾ ਹੈ। ਇਹ ਨਾਮ ਲੋਕਾਂ ਦੇ ਮੂੰਹ 'ਤੇ ਚੜ੍ਹਿਆ ਹੋਇਆ ਹੈ। ਇਸ ਕਾਲਜ ਨੂੰ ਸ਼ਾਮ ਦੀ ਬਜਾਏ ਦਿਨ ਦਾ ਕਾਲਜ ਬਣਾਉਣ ਵੇਲੇ ਨਾਮ ਬਦਲਣ ਦੀ ਕੋਈ ਲੋੜ ਨਹੀਂ। ਸਰਦਾਰ ਦਿਆਲ ਸਿੰਘ ਮਜੀਠੀਆ ਦੀ ਸ਼ਖਸੀਅਤ ਦੀ ਗੱਲ ਵੱਖਰੀ, ਸਭ ਤੋਂ ਪਹਿਲਾ ਮੁੱਦਾ ਤਾਂ ਇਹ ਹੈ ਕਿ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਇਸ ਨਾਮ ਦੇ ਨਾਲ ਹੀ ਯਾਦ

ਅਭੈ ਸਿੰਘ
ਫੋਨ: +91-98783-75903

ਜੁੜੀ ਹੁੰਦੀ ਹੈ, ਉਨ੍ਹਾਂ ਦੇ ਸਰਟੀਫਿਕੇਟਾਂ ਉਪਰ ਇਸ ਕਾਲਜ ਦਾ ਨਾਮ ਹੈ। ਉਨ੍ਹਾਂ ਵਾਸਤੇ ਅਜਿਹਾ ਮਹਿਸੂਸ ਹੋਵੇਗਾ ਕਿ ਜਿਸ ਕਾਲਜ ਦੇ ਉਹ ਵਿਦਿਆਰਥੀ ਰਹੇ, ਉਹ ਹੁਣ ਮੌਜੂਦ ਨਹੀਂ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਲਾਹੌਰ ਵਿਚ ਵੀ ਦਿਆਲ ਸਿੰਘ ਕਾਲਜ, ਦਿਆਲ ਸਿੰਘ ਲਾਇਬ੍ਰੇਰੀ ਤੇ ਦਿਆਲ ਸਿੰਘ ਕਾਲਜ ਰੋਡ ਹੈ, ਪਰ ਉਨ੍ਹਾਂ ਦਾ ਨਾਮ ਨਹੀਂ ਬਦਲਿਆ ਗਿਆ। ਹਾਂ, ਇਕ ਵਾਰ ਉਥੇ ਵੀ ਕੁਝ ਕੱਟੜਪੰਥੀ ਲੋਕ, ਜਾਂ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਦੀ ਆਰ.ਐਸ.ਐਸ. ਜਮਾਤ ਦੇ ਬੰਦਿਆਂ ਨੇ ਕਾਲਜ ਦਾ ਨਾਮ ਬਦਲ ਕੇ 'ਦਾਤਾ ਸਾਹਿਬ ਕਾਲਜ' ਰੱਖਣ ਦੀ ਕੋਸ਼ਿਸ਼ ਕੀਤੀ ਸੀ, ਪਰ ਰੌਸ਼ਨ-ਖਿਆਲ ਲੋਕਾਂ ਨੇ ਇਸ ਦਾ ਬਹੁਤ ਵਿਰੋਧ ਕੀਤਾ ਤੇ ਆਖੀਰ ਕਾਲਜ ਦਾ ਨਾਮ ਬਰਕਰਾਰ ਰੱਖਿਆ ਗਿਆ। ਉਨ੍ਹਾਂ ਰੌਸ਼ਨ-ਖਿਆਲਾਂ ਵਿਚੋਂ ਮੋਹਰੀ, ਉਸ ਕਾਲਜ ਦੇ ਅਰਥ ਸ਼ਾਸਤਰ ਦੇ ਅਧਿਆਪਕ ਪ੍ਰੋਫੈਸਰ ਮੁਸਤਫ਼ਾ ਨੇ ਦਿੱਲੀ ਦੇ ਕਾਲਜ ਦਾ ਨਾਮ ਬਦਲਣ ਦੀ ਗੱਲ ਸੁਣੀ ਤਾਂ ਦੁੱਖ ਦਾ ਇਜ਼ਹਾਰ ਕੀਤਾ ਹੈ।

ਕਿਸੇ ਸਾਧਾਰਨ ਜ਼ਰੂਰਤ ਕਰ ਕੇ ਕਾਲਜ ਦਾ ਨਾਮ ਬਦਲਣਾ ਵੀ ਮੰਨਿਆ ਜਾ ਸਕਦਾ ਸੀ, ਪਰ ਸਭ ਜਾਣਦੇ ਹਾਂ ਕਿ ਇਸ ਦੇ ਅਸਲੀ ਕਾਰਨ ਕੁਝ ਹੋਰ ਹਨ। ਇਕ ਤਾਂ 'ਵੰਦੇ ਮਾਤਰਮ' ਦੇ ਵਿਵਾਦ ਨੂੰ ਉਛਾਲਣਾ ਚਾਹਿਆ ਹੈ। ਸਭ ਜਾਣਦੇ ਹਨ ਕਿ ਜਿਨ੍ਹਾਂ ਨੂੰ 'ਵੰਦੇ ਮਾਤਰਮ' ਪਸੰਦ ਨਹੀਂ, ਉਨ੍ਹਾਂ ਕੋਲ ਨਾਪਸੰਦਗੀ ਦੀਆਂ ਠੋਸ ਦਲੀਲਾਂ ਹਨ। ਠੀਕ ਹੈ ਕਿ ਇਹ ਨਾਮ ਜਾਂ ਨਾਅਰਾ ਦੇਸ਼ ਦੀ ਪਾਰਲੀਮੈਂਟ ਦਾ ਪਾਸ ਕੀਤਾ ਹੋਇਆ ਹੈ। ਇਸ ਦੀ ਕਦੇ ਕਦੇ ਵਰਤੋਂ ਹੁੰਦੀ ਰਹੀ ਹੈ, ਕਦੇ ਨਹੀਂ ਹੁੰਦੀ ਰਹੀ। ਕੌਮੀ ਤਰਾਨੇ ਵਜੋਂ ਹਮੇਸ਼ਾ 'ਜਨ ਗਣ ਮਨ' ਹੀ ਪ੍ਰਚਲਤ ਰਿਹਾ, ਤੇ ਕੋਈ ਖਾਸ ਇਤਰਾਜ਼ ਪੈਦਾ ਨਹੀਂ ਹੁੰਦਾ ਰਿਹਾ। ਇਸ ਨੂੰ ਪਿਛਲੇ ਕੁਝ ਸਮੇਂ ਤੋਂ ਹੀ ਮੁੱਦਾ ਬਣਾਇਆ ਜਾ ਰਿਹਾ ਹੈ; ਹਾਲਾਂਕਿ ਕੁਝ ਸਮਝ ਨਹੀਂ ਆਉਂਦੀ ਕਿ 'ਰਾਸ਼ਟਰ ਗਾਨ' ਅਤੇ 'ਰਾਸ਼ਟਰ ਗੀਤ' ਇਕ ਕਿਉਂ। ਪਤਾ ਨਹੀਂ ਕਿਸੇ ਹੋਰ ਮੁਲਕ ਵਿਚ ਵੀ ਇਸ ਤਰ੍ਹਾਂ ਹੈ ਜਾਂ ਨਹੀਂ!

ਇਸ ਦੇ ਨਾਲ ਹੀ ਸਾਨੂੰ ਇਹ ਤਸਲੀਮ ਕਰਨ ਵਿਚ ਕੋਈ ਝਿਜਕ ਨਹੀਂ ਕਿ ਸਰਦਾਰ ਦਿਆਲ ਸਿੰਘ ਮਜੀਠੀਆ ਦਾ ਤਾਲੀਮ ਦੇ ਖੇਤਰ ਵਿਚ ਯੋਗਦਾਨ ਬਹੁਤ ਅਹਿਮ ਰਿਹਾ ਹੈ। ਉਨ੍ਹਾਂ ਨੇ ਅਜਿਹੇ ਵੇਲਿਆਂ ਵਿਚ ਸਕੂਲਾਂ ਕਾਲਜਾਂ ਵਾਸਤੇ ਜ਼ਮੀਨਾਂ ਦਿੱਤੀਆਂ ਜਦੋਂ ਅਜੇ ਸਿੱਖਿਆ ਦੇ ਮਹੱਤਵ ਦਾ ਦੌਰ ਹੀ ਸ਼ੁਰੂ ਨਹੀਂ ਹੋਇਆ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਦਿਆਲ ਸਿੰਘ ਨੇ ਉਹ ਜ਼ਮੀਨਾਂ ਆਪਣੇ ਨਾਮ ਵਾਸਤੇ ਦਿੱਤੀਆਂ, ਪਰ ਉਨ੍ਹਾਂ ਦਾ ਨਾਮ ਰਹਿਣ ਨਾਲ ਸਿੱਖਿਆ ਵਾਸਤੇ ਕੁਝ ਕਰਨ ਦੀ ਪ੍ਰੇਰਨਾ ਦਾ ਅਹਿਸਾਸ ਰਹਿੰਦਾ ਹੈ। ਇਸ ਨਾਲ ਸਿੱਖਿਆ ਦੇ ਖੇਤਰ ਵਿਚ ਉਪਰਾਲਿਆਂ ਦੀ ਇਤਿਹਾਸਕ ਅਹਿਮੀਅਤ ਮਿਲਦੀ ਹੈ।

ਦਿਆਲ ਸਿੰਘ ਮਜੀਠੀਆ ਨੇ ਲਾਹੌਰ ਤੋਂ ਅੰਗਰੇਜ਼ੀ ਦਾ ਅਖਬਾਰ 'ਟ੍ਰਿਬਿਊਨ' ਜਾਰੀ ਕੀਤਾ ਸੀ। ਅੱਜ ਅਖਬਾਰਾਂ ਦੇ ਢੇਰ ਲੱਗੇ ਹਨ, ਪਰ ਜਿਸ ਜ਼ਮਾਨੇ ਵਿਚ ਇਹ ਅਖਬਾਰ ਤੇ ਇਸ ਦਾ ਆਪਣਾ ਪ੍ਰੈਸ ਲਗਾਇਆ ਗਿਆ, ਉਦੋਂ ਇਹ ਬਹੁਤ ਵੱਡੀ ਗੱਲ ਸੀ। ਦੇਸ਼ ਦੀ ਤਕਸੀਮ ਤੋਂ ਬਾਅਦ 'ਟ੍ਰਿਬਿਊਨ' ਦਾ ਦਫਤਰ ਅੰਬਾਲਾ ਤਬਦੀਲ ਹੋਇਆ, ਫਿਰ ਚੰਡੀਗੜ੍ਹ ਆਏ। ਹੋਰ ਲੋਕਾਂ ਨੇ ਵੀ ਇਸ ਅਦਾਰੇ ਵਾਸਤੇ ਯੋਗਦਾਨ ਕੀਤਾ, ਪਰ ਅੱਜ ਵੀ 'ਟ੍ਰਿਬਿਊਨ' ਦੇ ਸਥਾਪਨਾ ਦਿਵਸ ਮੌਕੇ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੇ ਟ੍ਰਿਬਿਊਨ ਅਖਬਾਰਾਂ ਦੇ ਪਹਿਲੇ ਸਫ਼ੇ ਉਪਰ ਦਿਆਲ ਸਿੰਘ ਮਜੀਠੀਆ ਦੀ ਤਸਵੀਰ ਹੁੰਦੀ ਹੈ ਤੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਨਾਮ ਬਦਲਣ ਦਾ ਅਧਿਕਾਰ ਹੈ ਜਾਂ ਨਹੀਂ, ਵੱਖਰੀ ਗੱਲ ਹੈ, ਪਰ ਇਸ ਵਾਸਤੇ ਕੋਈ ਠੋਸ ਵਜ੍ਹਾ ਨਹੀਂ ਦੱਸੀ ਜਾ ਸਕੀ। ਜਦੋਂ ਇਤਰਾਜ਼ ਹੋਇਆ ਤਾਂ ਕਮੇਟੀ ਦੇ ਚੇਅਰਮੈਨ ਨੇ ਦਿੱਲੀ ਦੇ ਅਕਾਲੀ ਆਗੂ ਤੇ ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੂੰ ਕਿਹਾ ਕਿ ਜੇ 'ਵੰਦੇ ਮਾਤਰਮ' ਦਾ ਨਾਮ ਪਸੰਦ ਨਹੀਂ, ਤਾਂ ਇਹ ਮੁਲਕ ਛੱਡ ਕੇ ਚਲੇ ਜਾਓ। ਇਹ ਭਾਸ਼ਾ ਫਿਰਕੂ ਹੈ, ਹਰ ਗੱਲ ਵਿਚ ਦੇਸ਼ ਛੱਡ ਕੇ ਜਾਣ ਦਾ ਤਾਅਨਾ। ਇਹ ਦੇਸ਼ ਕਿਸੇ ਇਕ ਵਿਚਾਰਧਾਰਾ ਦੀ ਮਲਕੀਅਤ ਨਹੀਂ, ਇਹ ਜਮਹੂਰੀ ਮੁਲਕ ਹੈ। ਇਸ ਵਿਚ ਹਰ ਕਿਸਮ ਦਾ ਖਿਆਲ ਰੱਖਿਆ ਜਾ ਸਕਦਾ ਹੈ। ਹਾਂ, ਜਿਸ ਨੂੰ ਕਾਲਜ ਦਾ 'ਵੰਦੇ ਮਾਤਰਮ' ਨਾਮ ਰੱਖਣਾ ਪਸੰਦ ਨਹੀਂ, ਉਸ ਨੂੰ ਅਜਿਹਾ ਹੱਕ ਤਾਂ ਬਿਲਕੁੱਲ ਨਹੀਂ ਕਿ ਉਹ ਐਲਾਨ ਕਰਦਾ ਫਿਰੇ ਕਿ ਜਿਹੜਾ ਨਾਮ ਬਦਲਣ ਵਾਲੇ ਦਾ ਸਿਰ ਲਿਆਵੇਗਾ, ਉਸ ਨੂੰ ਇਕ ਕਰੋੜ ਇਨਾਮ ਦਿੱਤਾ ਜਾਵੇਗਾ। ਉਸ ਨੂੰ ਅਜਿਹਾ ਵੀ ਕੋਈ ਹੱਕ ਨਹੀਂ ਕਿ ਬਦਲੇ ਨਾਮ ਵਾਲੇ ਬੋਰਡ ਨੂੰ ਜਾ ਕੇ ਉਤਾਰ ਦੇਵੇ, ਜਾਂ ਅੱਗ ਲਗਾ ਦੇਵੇ; ਲੇਕਿਨ ਉਸ ਨੂੰ ਆਪਣਾ ਵਿਰੋਧ ਦਰਜ ਕਰਵਾਉਣ ਤੇ ਅਸਲ ਨਾਮ ਦੀ ਬਹਾਲੀ ਦੀ ਮੰਗ ਕਰਨ ਦਾ ਪੂਰਾ ਹੱਕ ਹੈ। ਉਸ ਨੂੰ ਇਸ ਦੇ ਵਿਰੋਧ ਵਿਚ ਸੰਘਰਸ਼ ਕਰਨ ਦਾ ਵੀ ਅਧਿਕਾਰ ਹੈ।

ਕੁਝ ਲੋਕ ਜੋ ਆਪਣੇ ਆਪ ਨੂੰ ਜ਼ਿਆਦਾ ਹੀ ਦੇਸ਼ ਭਗਤ ਸਮਝਦੇ ਹਨ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਸ ਦੇਸ਼ ਦੀ ਸਭ ਤੋਂ ਕੀਮਤੀ ਚੀਜ਼ ਇਸ ਦੀ ਜਮਹੂਰੀਅਤ ਹੈ। ਸਾਡਾ ਕੌਮੀ ਨਿਸ਼ਾਨ, ਝੰਡਾ ਤੇ ਕੌਮੀ ਗੀਤ ਲੋਕਾਂ ਦੀ ਚੁਣੀ ਹੋਈ ਪਾਰਲੀਮੈਂਟ ਦੇ ਬਣਾਏ ਹੋਏ ਹਨ। ਇਨ੍ਹਾਂ ਦਾ ਅਹਿਤਰਾਮ ਕਰਨਾ ਸਾਡਾ ਸਭਨਾ ਦਾ ਫਰਜ਼ ਹੈ; ਲੇਕਿਨ ਇਹ ਵੀ ਸਾਡੇ ਸੰਵਿਧਾਨ ਵਿਚ ਦਰਜ ਹੈ ਕਿ ਆਪਣੀ ਦੋ ਤਿਹਾਈ ਬਹੁਸੰਮਤੀ ਨਾਲ ਪਾਰਲੀਮੈਂਟ ਇਨ੍ਹਾਂ ਦੀ ਤਰਮੀਮ ਵੀ ਕਰ ਸਕਦੀ ਹੈ। ਇਸ ਦਾ ਸਾਫ਼ ਅਰਥ ਹੈ ਕਿ ਇਨ੍ਹਾਂ ਚੀਜ਼ਾਂ ਉਪਰ ਵੀ ਬਹਿਸ ਹੋ ਸਕਦੀ ਹੈ। ਜੇ ਕਿਸੇ ਨੂੰ 'ਵੰਦੇ ਮਾਤਰਮ' ਜਾਂ 'ਜਨ ਗਣ ਮਨ' ਦਾ ਰਾਸ਼ਟਰੀ ਗੀਤ ਪਸੰਦ ਨਹੀਂ, ਉਹ ਇਸ ਬਾਰੇ ਆਪਣੇ ਵਿਚਾਰ ਰੱਖ ਸਕਦਾ ਹੈ, ਦਲੀਲਾਂ ਦੇ ਸਕਦਾ ਹੈ, ਪਰ ਉਸ ਨੂੰ ਦੇਸ਼ ਛੱਡ ਕੇ ਜਾਣ ਦੀ ਜ਼ਰੂਰਤ ਨਹੀਂ। ਹਾਂ, ਇਕ ਗੱਲ ਜ਼ਰੂਰ ਹੈ ਕਿ ਜਿੰਨੀ ਦੇਰ ਤਕ ਇਹ ਪਾਰਲੀਮੈਂਟ ਵੱਲੋਂ ਪਾਸ ਰਾਸ਼ਟਰੀ ਚਿੰਨ੍ਹ ਹਨ, ਇਨ੍ਹਾਂ ਦੀ ਬੇਹੁਰਮਤੀ ਕਰਨ ਦਾ ਕਿਸੇ ਨੂੰ ਹੱਕ ਨਹੀਂ।

ਅਖਬਾਰਾਂ, ਟੀਵੀ ਤੇ ਜਨਤਕ ਮੀਡੀਆ ਉਪਰ ਦਿਆਲ ਸਿੰਘ ਕਾਲਜ ਦੇ ਨਾਮ ਦੀ ਬਦਲੀ ਅਤੇ 'ਪਦਮਾਵਤੀ' ਫਿਲਮ ਬਾਰੇ ਵਿਵਾਦ ਇਕੱਠਾ ਰੱਖ ਕੇ ਵਿਚਾਰਿਆ ਜਾ ਰਿਹਾ ਹੈ। ਇਸ ਬਾਰੇ ਵੀ ਇਹੀ ਕਹਿਣਾ ਬਣਦਾ ਹੈ ਕਿ ਕਿਸੇ ਫ਼ਿਲਮਕਾਰ ਨੂੰ ਹੱਕ ਨਹੀਂ ਕਿ ਉਹ ਕਿਸੇ ਵਰਗ (ਧਾਰਮਿਕ ਜਾਂ ਗ਼ੈਰ ਧਾਰਮਿਕ), ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ। ਕਿਸੇ ਨੂੰ ਕਿਸੇ ਵੀ ਵਿਸ਼ਵਾਸ ਦੀ ਬੇਹੁਰਮਤੀ ਕਰਨ ਜਾਂ ਮਜ਼ਾਕ ਉਡਾਉਣ ਦਾ ਹੱਕ ਨਹੀਂ; ਲੇਕਿਨ ਇਸ ਸਭ ਵਾਸਤੇ ਇਸ ਮੁਲਕ ਦੇ ਕੋਲ ਜਮਹੂਰੀ ਤੇ ਕਾਨੂੰਨੀ ਤਰੀਕਾ ਹੈ। ਫਿਲਮ ਦੇ ਪਾਸ ਹੋਣ ਵਾਸਤੇ ਸੈਂਸਰ ਬੋਰਡ ਹੈ, ਜਿਸ ਦਾ ਫਰਜ਼ ਹੈ ਇਹ ਸਭ ਕੁਝ ਪਰਖਣ ਦਾ। ਜੇ ਸੈਂਸਰ ਬੋਰਡ ਦਾ ਫੈਸਲਾ ਕਿਸੇ ਨੂੰ ਦਰੁਸਤ ਨਾ ਲੱਗੇ ਤਾਂ ਉਹ ਹਾਈ ਕੋਰਟ ਜਾਂ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾ ਸਕਦਾ ਹੈ।

ਇਹ ਵੀ ਠੀਕ ਹੈ ਕਿ ਕੇਂਦਰ ਸਰਕਾਰ, ਰਾਜ ਸਰਕਾਰ ਜਾਂ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਵੀ ਕਿਸੇ ਫਿਲਮ ਜਾਂ ਨਾਟਕ ਉਪਰ ਪਾਬੰਦੀ ਲਗਾ ਸਕਦਾ ਹੈ; ਲੇਕਿਨ ਇਸ ਪਾਬੰਦੀ ਬਾਰੇ ਕੋਈ ਵੀ ਨਾਗਰਿਕ ਅਦਾਲਤ ਵਿਚ ਜਾ ਸਕਦਾ ਹੈ ਅਤੇ ਅਦਾਲਤ ਦਾ ਫੈਸਲਾ ਸਭ ਨੂੰ ਮੰਨਣਾ ਪਵੇਗਾ। ਦੁੱਖ ਦੀ ਗੱਲ ਹੈ ਕਿ ਮਹਾਨ ਦੇਸ਼ ਦੇ ਇਸ ਜਮਹੂਰੀ ਤਰੀਕੇ ਦਾ ਤਿਆਗ ਕਰ ਕੇ ਮੰਤਰੀ ਤੇ ਵਿਧਾਇਕ ਲੋਕ ਹੀ ਫਿਲਮ ਕਲਾਕਾਰਾਂ ਦਾ ਸਿਰ ਲਿਆਉਣ ਵਾਸਤੇ ਕਰੋੜਾਂ ਦੀ ਪੇਸ਼ਕਸ਼ ਕਰ ਰਹੇ ਹਨ। ਆਪਣੇ ਆਪ ਨੂੰ ਹੋਰਨਾਂ ਤੋਂ ਵੱਧ ਕੇ ਦੇਸ਼ ਭਗਤ ਦਰਸਾਉਣ ਦਾ ਇਹ ਤੌਰ-ਤਰੀਕਾ ਸੰਵਿਧਾਨ ਦੀ ਅਵੱਗਿਆ ਹੈ। ਜੋ ਦੇਸ਼ ਦੇ ਸੰਵਿਧਾਨ ਦਾ ਭਗਤ ਨਹੀਂ, ਉਹ ਦੇਸ਼ ਭਗਤ ਨਹੀਂ ਹੋ ਸਕਦਾ।

ਜਿਵੇਂ ਸ਼ੁਰੂ ਵਿਚ ਕਿਹਾ ਗਿਆ ਹੈ ਕਿ ਇਹ ਮਸਲਾ ਸਿਰਫ ਇਕ ਕਾਲਜ ਦੇ ਨਾਮ ਬਦਲਣ ਦਾ ਨਹੀਂ (ਹਾਲਾਂਕਿ ਨਾਮ-ਬਦਲੀ ਵੀ ਕੋਈ ਛੋਟਾ ਮਸਲਾ ਨਹੀਂ)। ਇਹ ਖ਼ਤਰਨਾਕ ਤੇ ਦੇਸ਼ ਵਾਸਤੇ ਮਾਰੂ ਰੁਝਾਨ ਦਾ ਸੰਕੇਤ ਹੈ। ਜੋ ਲੋਕ ਦੇਸ਼ ਦੀਆਂ ਪ੍ਰਾਚੀਨ ਪ੍ਰੰਪਰਾਵਾਂ ਦੀ ਦੁਹਾਈ ਪਾਉਂਦੇ ਹਨ, ਉਹੀ ਕੁਝ ਦਹਾਕੇ ਪਹਿਲਾਂ ਬਣੀਆਂ ਪ੍ਰੰਪਰਾਵਾਂ ਨੂੰ ਬਲੀ ਚੜ੍ਹਾਉਣ 'ਤੇ ਤੁਲੇ ਹਨ। ਜੋ ਲੋਕ ਭਾਵਨਾਵਾਂ ਨੂੰ ਠੇਸ ਦੀ ਦੁਹਾਈ ਪਾਉਂਦੇ ਹਨ, ਕੀ ਉਨ੍ਹਾਂ ਵਾਸਤੇ ਧਰਮ ਨਿਰਪੱਖਤਾ ਤੇ ਵਰਤਮਾਨ ਇਤਿਹਾਸਕ ਪ੍ਰੰਪਰਾਵਾਂ ਦੇ ਹਮਾਇਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਦੀ ਕੋਈ ਪ੍ਰਵਾਹ ਨਹੀਂ? ਮੰਨਿਆ ਕਿ ਸਰਦਾਰ ਦਿਆਲ ਸਿੰਘ ਮਜੀਠੀਆ ਨੂੰ ਸਿਰਫ ਸਿੱਖਾਂ ਜਾਂ ਪੰਜਾਬੀਆਂ ਨਾਲ ਹੀ ਜੋੜ ਕੇ ਨਹੀਂ ਵੇਖਿਆ ਜਾ ਸਕਦਾ, ਪਰ ਜਿਨ੍ਹਾਂ ਨੇ ਨਾਮ ਦੀ ਤਬਦੀਲੀ ਕੀਤੀ, ਉਨ੍ਹਾਂ ਨੇ ਇਹ ਕੰਮ ਸਪਸ਼ਟ ਫਿਰਕੂ ਸੋਚ ਦੇ ਤਹਿਤ ਕੀਤਾ ਹੈ।

***ਇਹ ਮਸਲਾ ਸਿਰਫ ਇਕ ਕਾਲਜ ਦੇ ਨਾਮ ਬਦਲਣ ਦਾ ਨਹੀਂ। ਇਹ ਖ਼ਤਰਨਾਕ ਤੇ ਦੇਸ਼ ਵਾਸਤੇ ਮਾਰੂ ਰੁਝਾਨ ਦਾ ਸੰਕੇਤ ਹੈ। ਜੋ ਲੋਕ ਦੇਸ਼ ਦੀਆਂ ਪ੍ਰਾਚੀਨ ਪ੍ਰੰਪਰਾਵਾਂ ਦੀ ਦੁਹਾਈ ਪਾਉਂਦੇ ਹਨ, ਉਹੀ ਕੁਝ ਦਹਾਕੇ ਪਹਿਲਾਂ ਬਣੀਆਂ ਪ੍ਰੰਪਰਾਵਾਂ ਨੂੰ ਬਲੀ ਚੜ੍ਹਾਉਣ 'ਤੇ ਤੁਲੇ ਹਨ। ਜੋ ਲੋਕ ਭਾਵਨਾਵਾਂ ਨੂੰ ਠੇਸ ਦੀ ਦੁਹਾਈ ਪਾਉਂਦੇ ਹਨ, ਕੀ ਉਨ੍ਹਾਂ ਵਾਸਤੇ ਧਰਮ ਨਿਰਪੱਖਤਾ ਤੇ ਵਰਤਮਾਨ ਇਤਿਹਾਸਕ ਪ੍ਰੰਪਰਾਵਾਂ ਦੇ ਹਮਾਇਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਦੀ ਕੋਈ ਪ੍ਰਵਾਹ ਨਹੀਂ?...ਦਿਆਲ ਸਿੰਘ ਮਜੀਠੀਆ ਨੂੰ ਸਿਰਫ ਸਿੱਖਾਂ ਜਾਂ ਪੰਜਾਬੀਆਂ ਨਾਲ ਹੀ ਜੋੜ ਕੇ ਨਹੀਂ ਵੇਖਿਆ ਜਾ ਸਕਦਾ, ਪਰ ਜਿਨ੍ਹਾਂ ਨੇ ਨਾਮ ਦੀ ਤਬਦੀਲੀ ਕੀਤੀ, ਉਨ੍ਹਾਂ ਨੇ ਇਹ ਕੰਮ ਸਪਸ਼ਟ ਫਿਰਕੂ ਸੋਚ ਦੇ ਤਹਿਤ ਕੀਤਾ ਹੈ।***

# ਜੱਜ ਦੀ ਮੌਤ ਬਾਰੇ ਖੁਲਾਸੇ ਪਿਛੋਂ ਉਠਦੇ ਸਵਾਲ

ਸੋਹਰਾਬੂਦੀਨ ਫਰਜ਼ੀ ਮੁਕਾਬਲੇ ਦੀ ਕਹਾਣੀ ਵਕਤ ਦੀ ਧੂੜ ਦੀ ਪਰਤ ਚੀਰ ਕੇ ਇਕ ਵਾਰ ਫਿਰ ਚਰਚਾ ਵਿਚ ਆ ਗਈ ਹੈ। ਇਸ ਵਾਰ ਚਰਚਾ ਦਾ ਕਾਰਨ ਮਰਹੂਮ ਜੱਜ ਬ੍ਰਿਜਗੋਪਾਲ ਲੋਇਆ ਦੀ ਮੌਤ ਬਾਰੇ ਖੋਜੀ ਪੱਤਰਕਾਰ ਨਿਰੰਜਨ ਟਾਕਲੇ ਵਲੋਂ ਡੂੰਘੀ ਛਾਣਬੀਣ 'ਤੇ ਆਧਾਰਤ ਸਨਸਨੀਖੇਜ਼ ਖੁਲਾਸਾ ਬਣਿਆ ਹੈ ਜਿਸ ਨੂੰ ਅੰਗਰੇਜ਼ੀ ਰਸਾਲੇ 'ਦਿ ਕਾਰਵਾਂ' ਨੇ ਛਾਪਿਆ ਹੈ। ਇਸ ਖੁਲਾਸੇ ਨਾਲ ਭਾਜਪਾ ਦੇ ਤਾਕਤਵਰ ਆਗੂ ਅਮਿਤ ਸ਼ਾਹ ਦੇ ਸਿਆਸੀ ਕਿਰਦਾਰ ਨਾਲ ਇਕ ਹੋਰ ਹੱਤਿਆ ਦਾ ਕਲੰਕ ਜੁੜ ਗਿਆ ਹੈ।

ਨਰੇਂਦਰ ਮੋਦੀ ਜਦੋਂ ਗੁਜਰਾਤ ਦਾ ਮੁੱਖ ਮੰਤਰੀ ਸੀ, ਉਸ ਅਰਸੇ ਵਿਚ ਸੂਬੇ ਵਿਚ ਪੁਲਿਸ ਮੁਕਾਬਲਿਆਂ ਦੇ ਬਹੁਤ ਸਾਰੇ ਕਾਂਡ ਹੋਏ ਜਿਨ੍ਹਾਂ ਬਾਰੇ ਕਿਹਾ ਗਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਮਾਰੇ ਗਏ 'ਮੁਜਰਿਮ' ਵੱਡੀਆਂ ਦਹਿਸ਼ਤੀ ਸਾਜ਼ਿਸ਼ਾਂ ਦਾ ਹਿੱਸਾ ਸਨ ਜੋ ਦਹਿਸ਼ਤਵਾਦ ਵਿਰੋਧੀ ਦਸਤੇ

**ਬੂਟਾ ਸਿੰਘ**
ਫੋਨ: +91-94634-74342

ਵਲੋਂ ਦਹਿਸ਼ਤਗਰਦ ਗਰੋਹਾਂ ਦਾ ਮੁਸਤੈਦੀ ਨਾਲ ਸਫਾਇਆ ਕਰ ਕੇ ਅਸਫਲ ਬਣਾ ਦਿੱਤੀਆਂ ਗਈਆਂ। ਇਨ੍ਹਾਂ ਮੁਕਾਬਲਿਆਂ ਵਿਚੋਂ ਇਕ ਮੁਕਾਬਲਾ 26 ਨਵੰਬਰ 2005 ਨੂੰ ਅਪਰਾਧ ਜਗਤ ਦੇ ਸਰਗਣੇ ਸੋਹਰਾਬੂਦੀਨ ਸ਼ੇਖ ਦਾ ਬਣਾਇਆ ਗਿਆ ਸੀ ਜੋ ਉਦੋਂ ਗੁਜਰਾਤ ਪੁਲਿਸ ਏ.ਟੀ.ਐਸ. (ਦਹਿਸ਼ਤਵਾਦ ਵਿਰੋਧੀ ਦਸਤੇ) ਦੀ ਹਿਰਾਸਤ ਵਿਚ ਸੀ। ਉਸ ਨੂੰ 23 ਨਵੰਬਰ ਨੂੰ ਬੱਸ ਵਿਚੋਂ ਅਗਵਾ ਕੀਤਾ ਗਿਆ, ਜਦੋਂ ਉਹ ਆਪਣੀ ਪਤਨੀ ਅਤੇ ਆਪਣੇ ਸਾਥੀ ਤੁਲਸੀਰਾਮ ਪਰਜਾਪਤੀ ਨਾਲ ਹੈਦਰਾਬਾਦ ਤੋਂ ਮਹਾਰਾਸ਼ਟਰ ਜਾ ਰਿਹਾ ਸੀ। ਉਸ ਨਾਲ ਗ੍ਰਿਫਤਾਰ ਕੀਤੀ ਉਸ ਦੀ ਪਤਨੀ ਕੌਸਰ ਬੀ ਦੀ ਅਗਲੇ ਦਿਨ ਹੱਤਿਆ ਕਰ ਕੇ ਉਸ ਦਾ ਵੀ ਖੁਰਾ ਖੋਜ ਮਿਟਾ ਦਿੱਤਾ ਗਿਆ ਜੋ ਆਪਣੇ ਪਤੀ ਦੀ ਗ੍ਰਿਫਤਾਰੀ ਦੀ ਚਸ਼ਮਦੀਦ ਗਵਾਹ ਸੀ। ਅਗਲੇ ਸਾਲ 26 ਦਸੰਬਰ ਨੂੰ ਦੂਜੇ ਚਸ਼ਮਦੀਦ ਗਵਾਹ ਤੁਲਸੀਰਾਮ ਪਰਜਾਪਤੀ ਦੀ ਵੀ ਇਸੇ ਤਰਜ਼ 'ਤੇ ਮੁਕਾਬਲਾ ਬਣਾ ਕੇ ਸਫਾਇਆ ਕਰ ਦਿੱਤਾ ਗਿਆ। ਕੌਸਰ ਬੀ ਜਿਸ ਨੂੰ ਜਬਰ ਜਨਾਹ ਤੋਂ ਬਾਅਦ ਮਾਰ ਕੇ ਪੁਲਿਸ ਅਧਿਕਾਰੀ ਡੀ.ਜੀ ਵੰਜਾਰਾ ਦੇ ਜੱਦੀ ਪਿੰਡ ਵਿਚ ਦਫਨਾ ਦਿੱਤਾ ਗਿਆ ਸੀ, ਦੀ ਹੱਤਿਆ ਤੇ ਜਬਰ ਜਨਾਹ ਦੀ ਸਚਾਈ ਤਾਂ ਗੁਜਰਾਤ ਸਰਕਾਰ ਦੇ ਅਟਾਰਨੀ ਨੇ ਖੁਦ ਸੁਪਰੀਮ ਕੋਰਟ ਅੱਗੇ ਸਵੀਕਾਰ ਕੀਤੀ ਸੀ।

ਸੋਹਰਾਬੂਦੀਨ ਬਦਨਾਮ ਅਪਰਾਧੀ ਸੀ ਜੋ ਗੁਜਰਾਤ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਮਾਰਬਲ ਇੰਡਸਟਰੀ ਅਤੇ ਹੋਰ ਕਾਰੋਬਾਰਾਂ ਤੋਂ ਫਿਰੌਤੀਆਂ ਵਸੂਲਣ ਵਾਲੇ ਅੰਡਰ ਵਰਲਡ ਤਾਣੇ-ਬਾਣੇ ਦਾ ਹਿੱਸਾ ਸੀ ਜਿਸ ਦਾ ਸਰਗਣਾ ਦਾਊਦ ਇਬਰਾਹੀਮ ਨੂੰ ਮੰਨਿਆ ਜਾਂਦਾ ਹੈ; ਪਰ ਗੁਜਰਾਤ ਪੁਲਿਸ ਵਲੋਂ ਦਾਅਵਾ ਕੀਤਾ ਗਿਆ ਕਿ ਸੋਹਰਾਬੂਦੀਨ ਲਸ਼ਕਰੇ-ਤੋਇਬਾ ਲਈ ਕੰਮ ਕਰ ਰਿਹਾ ਸੀ ਜਿਸ ਨੂੰ ਉਦੋਂ ਦਬੋਚਿਆ ਗਿਆ ਜਦੋਂ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਇਸ਼ਾਰੇ 'ਤੇ ਗੁਜਰਾਤ ਵਿਚ ਕਿਸੇ ਵੱਡੇ ਦਹਿਸ਼ਤੀ ਕਾਂਡ ਨੂੰ ਅੰਜਾਮ ਦੇਣ ਲਈ ਯਤਨਸ਼ੀਲ ਸੀ। ਇਸ ਮੁਕਾਬਲੇ ਦੀ ਮੁੱਢਲੀ ਜਾਂਚ ਦੌਰਾਨ ਗੁਜਰਾਤ ਪੁਲਿਸ ਦੇ ਕਈ ਸੀਨੀਅਰ ਅਫਸਰਾਂ ਦੇ ਨਾਲ ਨਾਲ ਅਮਿਤ ਸ਼ਾਹ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ ਜੋ ਹੁਣ ਭਾਜਪਾ ਦਾ ਪ੍ਰਧਾਨ ਹੈ।

ਹੁਣ ਸਚਾਈ ਉਧੜਨੀ ਸ਼ੁਰੂ ਹੋ ਗਈ ਕਿ ਇਹ ਮੁਕਾਬਲੇ ਅਮਿਤ ਸ਼ਾਹ ਦੇ ਇਸ਼ਾਰੇ ਉਪਰ ਸੱਤਾਧਾਰੀ ਧਿਰ ਅਤੇ ਪੁਲਿਸ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਬਣਾਏ ਗਏ ਸਨ। (ਯਾਦ ਰਹੇ ਕਿ 2013 ਵਿਚ ਮੋਦੀ ਵਜ਼ਾਰਤ ਦੇ ਚਹੇਤੇ ਪੁਲਿਸ ਅਧਿਕਾਰੀ ਡੀ.ਜੀ. ਵੰਜਾਰਾ ਨੇ ਮੋਦੀ-ਅਮਿਤ ਸ਼ਾਹ ਸਰਕਾਰ ਵਲੋਂ ਜੇਲ੍ਹ ਬੰਦ ਅਫਸਰਾਂ ਦੀ ਸਾਰ ਨਾ ਲੈਣ ਤੋਂ ਖਿਝ ਕੇ ਸ਼ਰੇਆਮ ਖੁੱਲ੍ਹੀ ਚਿੱਠੀ ਲਿਖ ਕੇ ਭਾਂਡਾ ਭੰਨ ਦਿੱਤਾ ਸੀ ਕਿ ਇਹ ਪੁਲਿਸ ਮੁਕਾਬਲੇ ਮੋਦੀ ਸਰਕਾਰ ਦੀ ਸੋਚੀ-ਸਮਝੀ ਨੀਤੀ ਤਹਿਤ ਸਨ, ਜੋ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹੁਕਮਾਂ ਤਹਿਤ ਬਣਾਏ ਗਏ ਤਾਂ ਜੋ ਮੋਦੀ ਸਰਕਾਰ ਦੀ ਸਾਖ ਦਹਿਸ਼ਤਵਾਦ ਨੂੰ ਸਖਤੀ ਨਾਲ ਨਜਿੱਠਣ ਵਾਲੀ ਸਰਕਾਰ ਦੇ ਤੌਰ 'ਤੇ ਉਭਾਰੀ ਜਾ ਸਕੇ; ਪਰ ਉਸ ਦੇ ਇਸ ਇੰਕਸ਼ਾਫ ਦਾ ਮੁਲਕ ਦੀ ਅਦਾਲਤੀ ਪ੍ਰਣਾਲੀ ਵਲੋਂ ਕੋਈ ਨੋਟਿਸ ਨਹੀਂ ਲਿਆ ਗਿਆ)। ਮੋਦੀ ਸਰਕਾਰ ਵਲੋਂ ਇਸ ਮਾਮਲੇ ਨੂੰ ਦਬਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਗਈ। ਸੁਪਰੀਮ ਕੋਰਟ ਦੇ ਆਦੇਸ਼ ਉਪਰ ਇਸ ਮਾਮਲੇ ਦੀ ਸੁਣਵਾਈ ਜਦੋਂ ਗੁਜਰਾਤ ਤੋਂ ਬਾਹਰ ਮੁੰਬਈ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਹੋ ਰਹੀ ਸੀ, ਉਦੋਂ ਸੀ.ਬੀ.ਆਈ. ਜੱਜ ਬ੍ਰਿਜਗੋਪਾਲ ਲੋਇਆ ਦੀ ਅਚਾਨਕ ਮੌਤ ਹੋ ਗਈ। ਉਹ ਆਪਣੇ ਦੋ ਸਾਥੀ ਜੱਜਾਂ ਨਾਲ ਨਾਗਪੁਰ ਵਿਚ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਗਿਆ ਹੋਇਆ ਸੀ। ਪੋਸਟ ਮਾਰਟਮ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਮੌਤ 'ਦਿਲ ਦਾ ਦੌਰਾ' ਪੈਣ ਕਾਰਨ ਹੋਈ। ਹਾਲੀਆ ਛਾਣਬੀਣ ਦੌਰਾਨ ਪਰਿਵਾਰ ਮੈਂਬਰਾਂ ਨੇ ਜੋ ਸਵਾਲ ਉਠਾਏ ਹਨ, ਜਗਨੀਕ, ਜਿਸ ਨੇ ਨਰੋਦਾ ਪਾਟੀਆ ਕਤਲੇਆਮ ਵਿਚ ਮਾਇਆ ਕੋਡਨਾਨੀ ਅਤੇ ਬਾਬੂ ਬਜਰੰਗੀ ਸਮੇਤ 32 ਹਿੰਦੂਤਵੀ ਅਨਸਰਾਂ ਨੂੰ ਮੁਜਰਿਮ ਕਰਾਰ ਦੇ ਕੇ ਸਖਤ ਸਜ਼ਾ ਦਿੱਤੀ ਸੀ, ਨੂੰ ਫੋਨ ਅਤੇ ਚਿੱਠੀਆਂ ਰਾਹੀਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ ਅਤੇ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਕਈ ਵਾਰ ਚਿੰਤਾ ਜ਼ਾਹਿਰ ਕਰ ਚੁੱਕੀ ਹੈ। ਜਦੋਂ ਜੱਜ ਹੀ ਮਹਿਫੂਜ਼ ਨਹੀਂ, ਤਾਂ ਰਾਜਸੀ ਪ੍ਰਬੰਧ ਦੇ ਪੀੜਤ ਮਜ਼ਲੂਮਾਂ ਨੂੰ ਨਿਆਂ ਪ੍ਰਬੰਧ ਤੋਂ ਜੋ ਨਿਆਂ ਦੀ ਆਖਰੀ ਉਮੀਦ ਹੁੰਦੀ ਹੈ, ਉਸ ਦੀ ਵੀ ਕੀ ਵੁਕਅਤ ਰਹਿ ਜਾਂਦੀ ਹੈ।

ਇਹੀ ਵਜ੍ਹਾ ਹੈ ਕਿ ਪੁਲਿਸ ਉਪਰ ਬਾਰਸੂਖ ਤਾਕਤਾਂ ਦੇ ਰਾਜਸੀ ਦਬਾਓ ਅਤੇ ਪੁਲਿਸ-ਸਿਆਸਤਦਾਨਾਂ ਦੇ ਗੱਠਜੋੜ ਦਾ ਬਹੁਤ ਜ਼ਿਆਦਾ ਰੌਲਾ ਪੈ ਜਾਣ 'ਤੇ ਕਾਨੂੰਨੀ ਪੈਰਵੀ ਤਹਿਤ ਵਿਚ ਮੌਤ ਦਾ ਉਸ ਦੇ ਆਪਣੇ ਭਾਈਚਾਰੇ ਵਲੋਂ ਵੀ ਕੋਈ ਨੋਟਿਸ ਨਾ ਲੈਣਾ ਇਸ ਤ੍ਰਾਸਦੀ ਵਿਚ ਹੋਰ ਵਾਧਾ ਕਰ ਗਿਆ।

ਹਾਲਾਤ ਦੀ ਨਜ਼ਾਕਤ ਇਸ ਤੋਂ ਵੱਧ ਕੀ ਹੋ ਸਕਦੀ ਹੈ ਕਿ ਐਨੇ ਵੱਡੇ ਖੁਲਾਸੇ ਅਤੇ ਇਲਜ਼ਾਮਾਂ ਤੋਂ ਬਾਅਦ ਵੀ ਸੰਘ ਬ੍ਰਿਗੇਡ ਤਾਂ ਖਾਮੋਸ਼ ਹੈ ਹੀ, ਜਿਸ ਵੱਲ ਹੱਤਿਆ ਦੀ ਸਾਜਿਸ਼ ਦੀ ਉਂਗਲ ਉਠੀ ਹੈ ਅਤੇ ਜਿਸ ਦੀ ਮੀਡੀਆ ਫੌਜ ਦੇ ਬੇਸ਼ੁਮਾਰ ਕਪਤਾਨ ਨਫਰਤ ਅਤੇ ਦਹਿਸ਼ਤ ਫੈਲਾਉਣ ਲਈ ਹਰ ਵਕਤ ਸਰਗਰਮ ਰਹਿੰਦੇ ਹਨ, ਬਲਕਿ ਜੱਜਾਂ ਦਾ ਭਾਈਚਾਰਾ ਵੀ ਖਾਮੋਸ਼ ਹੈ ਜਿਨ੍ਹਾਂ ਦੇ ਭਾਈਚਾਰੇ ਦੇ ਇਕ ਮੈਂਬਰ ਦੀ ਸ਼ੱਕੀ ਹਾਲਾਤ ਵਿਚ ਹੋਈ ਸੀ ਅਤੇ ਉਸ ਦੇ ਪਰਿਵਾਰ ਮੈਂਬਰ ਇਸ ਪਿੱਛੇ ਡੂੰਘੀ ਸਾਜ਼ਿਸ਼ ਦੇ ਇਲਜ਼ਾਮ ਲਗਾ ਰਹੇ ਹਨ। ਗੁਜਰਾਤ ਵਿਚ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ



ਜੱਜ ਬ੍ਰਿਜਗੋਪਾਲ ਲੋਇਆ



ਸੋਹਰਾਬੂਦੀਨ ਸ਼ੇਖ



ਅਮਿਤ ਸ਼ਾਹ

ਉਨ੍ਹਾਂ ਨੇ ਇਸ ਕਹਾਣੀ ਦੀ ਪ੍ਰਮਾਣਿਕਤਾ ਦੇ ਪਰਖਚੇ ਉਡਾ ਦਿੱਤੇ ਹਨ। ਹੁਣ ਜੱਜ ਦੀ ਮੌਤ ਦਾ ਹਰ ਪਹਿਲੂ ਸਵਾਲਾਂ ਦੇ ਘੇਰੇ ਵਿਚ ਹੈ, ਪਰ ਸੱਤਾਧਾਰੀ ਧਿਰ, ਮੁੱਖਧਾਰਾ ਮੀਡੀਆ ਅਤੇ ਜੱਜ ਭਾਈਚਾਰਾ ਇਸ ਬਾਰੇ ਇਉਂ ਖਾਮੋਸ਼ ਹੈ, ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਇਹ ਪਹਿਲਾ ਮੌਕਾ ਨਹੀਂ ਜਦੋਂ ਨਿਆਂ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਅਤੇ ਸੱਤਾ ਦੇ ਗਲਿਆਰਿਆਂ ਵਿਚ ਰਾਜਸੀ ਰਸੂਖ ਨਾਲ ਅਦਾਲਤੀ ਫੈਸਲੇ ਆਪਣੇ ਹੱਕ ਵਿਚ ਕਰਵਾਉਣ ਦੇ ਮੁੱਦੇ ਨੇ ਤੂਲ ਫੜਿਆ ਹੋਵੇ। ਜਦੋਂ ਮਾਮਲੇ ਦੀਆਂ ਕੜੀਆਂ ਐਨੇ ਉਚੇਰੇ ਪੱਧਰ ਦੇ ਸੱਤਾਧਾਰੀ ਆਗੂ ਨਾਲ ਜੁੜੀਆਂ ਹੋਣ ਤਾਂ ਜੱਜ ਦੇ ਪਰਿਵਾਰ ਮੈਂਬਰਾਂ ਦਾ ਸਹਿਮ ਦੇ ਸਾਏ ਹੇਠ ਹੋਣਾ ਸੁਭਾਵਿਕ ਹੈ। ਇਸ ਤਰ੍ਹਾਂ ਦੀਆਂ ਹੋਰ ਕਈ ਮਿਸਾਲਾਂ ਹਨ ਜਦੋਂ ਸੱਤਾਧਾਰੀ ਧਿਰ ਦੇ ਦਬਾਓ ਨੂੰ ਦਰਕਿਨਾਰ ਕਰ ਕੇ ਨਿਰਪੱਖ ਫੈਸਲੇ ਸੁਣਾਉਣ ਵਾਲੇ ਜੱਜ ਅੱਜ ਵੀ ਧਮਕੀਆਂ ਦੇ ਸਾਏ ਹੇਠ ਜੀ ਰਹੇ ਹਨ। ਸਾਬਕਾ ਜੱਜ ਜਯੋਤਸਨਾ ਸੁਪਰੀਮ ਕੋਰਟ ਵਲੋਂ ਬਹੁਤ ਸਾਰੇ ਸੰਗੀਨ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਜਾਂਦੀ ਹੈ ਤਾਂ ਜੋ ਨਿਰਪੱਖ ਜਾਂਚ ਰਾਹੀਂ ਇਨਸਾਫ ਕੀਤਾ ਜਾ ਸਕੇ। ਫਿਰ ਵੀ ਕੋਈ ਵਿਰਲਾ ਮਾਮਲਾ ਹੀ ਹੋਵੇਗਾ, ਜਦੋਂ ਮਜ਼ਲੂਮਾਂ ਨੂੰ ਸੀ.ਬੀ.ਆਈ. ਦੀ ਜਾਂਚ ਦੇ ਆਧਾਰ 'ਤੇ ਅਦਾਲਤੀ ਇਨਸਾਫ ਮਿਲਿਆ ਹੋਵੇ। ਸੱਤਾਧਾਰੀ ਧਿਰ ਦਾ 'ਪਿੰਜਰੇ ਦਾ ਤੋਤਾ' ਸੀ.ਬੀ.ਆਈ. ਆਪਣੀ ਗੈਰ-ਭਰੋਸੇਯੋਗ ਭੂਮਿਕਾ ਕਾਰਨ ਆਏ ਦਿਨ ਮੀਡੀਆ ਦੀਆਂ ਸੁਰਖੀਆਂ ਵਿਚ ਰਹਿੰਦੀ ਹੈ। ਜੇ ਇਸ ਏਜੰਸੀ ਦਾ ਕੋਈ ਜੱਜ ਨਿਆਂਕਾਰੀ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਨੂੰ ਯਰਕਾਉਣ ਅਤੇ ਭਰਮਾਉਣ ਲਈ ਡਾਢੇ ਮੁਜਰਿਮ ਹਰ ਹਰਬਾ ਇਸਤੇਮਾਲ ਕਰਦੇ ਹਨ। ਇਸ ਰਿਪੋਰਟ ਨੇ ਜੋ ਤੱਥ ਸਾਹਮਣੇ ਲਿਆਂਦੇ ਹਨ, ਉਹ ਇਹੀ ਦਰਸਾਉਂਦੇ ਹਨ ਕਿ ਜੱਜ ਲੋਇਆ ਨੂੰ ਅਦਾਲਤੀ ਅਥਾਰਟੀ ਲਾਗੂ ਕਰਾਉਣ ਦਾ ਮੁੱਲ ਆਪਣੀ ਜਾਨ ਦੇ ਕੇ ਤਾਰਨਾ ਪਿਆ ਅਤੇ ਉਸ ਦੀ ਸ਼ੱਕੀ ਹਾਲਾਤ ਸਿਆਸੀ ਬਦਲਾਖੋਰੀ ਕਾਰਨ ਕਤਲਾਂ ਦੇ ਪਹਿਲਾਂ ਵੀ ਕਈ ਇਲਜ਼ਾਮ ਪੀੜਤ ਪਰਿਵਾਰ ਲਗਾ ਚੁੱਕੇ ਹਨ, ਇਸ ਲਈ ਹਾਲੀਆ ਇਲਜ਼ਾਮ ਹੈਰਤਅੰਗੇਜ਼ ਨਹੀਂ। ਇਹ ਖੁਲਾਸਾ ਇਸ ਕਰ ਕੇ ਮਹੱਤਵਪੂਰਨ ਹੈ ਕਿਉਂਕਿ ਮੋਦੀ ਸਰਕਾਰ ਦੌਰਾਨ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ, ਪੁਲਿਸ ਮੁਕਾਬਲਿਆਂ ਅਤੇ ਸਿਆਸੀ ਕਤਲਾਂ ਦੇ ਸਿਲਸਿਲੇ ਵਿਚ ਮਜ਼ਲੂਮਾਂ ਦੀ ਅਦਾਲਤੀ ਲੜਾਈ ਅਜੇ ਜਾਰੀ ਹੈ ਅਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵਲੋਂ ਮਾਮਲਿਆਂ ਦੀ ਸਹੀ ਤਰੀਕੇ ਨਾਲ ਪੈਰਵੀ ਨਾ ਕਰ ਕੇ ਬਾਰਸੂਖ ਮੁਜਰਿਮਾਂ ਨੂੰ ਇਕ ਇਕ ਕਰ ਕੇ ਕਲੀਨ ਚਿੱਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਜੇਲ੍ਹਾਂ ਵਿਚ ਸਜ਼ਾਯਾਫਤਾ ਮੁਜਰਿਮ ਵੀ ਬਰੀ ਕੀਤੇ ਜਾ ਰਹੇ ਹਨ। ਜੋ ਆਪਣੇ ਆਪ ਵਿਚ ਸਬੂਤ ਹੈ ਕਿ ਸੰਘ ਬ੍ਰਿਗੇਡ ਦੀ ਰਾਜਸੀ ਦਖਲਅੰਦਾਜ਼ੀ ਕਿਸ ਹੱਦ ਤਕ ਹੈ।

'ਦਿ ਕਾਰਵਾਂ' ਵਿਚ ਛਪੀ ਰਿਪੋਰਟ ਅਮਿਤ ਸ਼ਾਹ ਦੇ ਅਦਾਲਤ ਵਿਚ ਹਾਜ਼ਰ ਨਾ ਹੋਣ ਅਤੇ ਜੱਜਾਂ ਵਲੋਂ ਉਸ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਸਖਤ ਹਦਾਇਤਾਂ ਦਿੱਤੇ ਜਾਣ ਦੇ ਨਿੱਗਰ ਤੱਥ ਪੇਸ਼ ਕਰਦੀ ਹੈ। ਪਹਿਲੇ ਜੱਜ ਦਾ ਤਬਾਦਲਾ ਇਸ ਕਰ ਕੇ ਕਰ ਦਿੱਤਾ ਗਿਆ, ਕਿਉਂਕਿ ਉਸ ਨੇ ਅਮਿਤ ਸ਼ਾਹ ਨੂੰ ਅਦਾਲਤ ਵਿਚ ਹਾਜ਼ਰ ਨਾ ਹੋਣ ਲਈ ਸਖਤ ਝਾੜ ਪਾਈ ਸੀ। ਉਸ ਦੀ ਥਾਂ ਨਿਯੁਕਤ ਜੱਜ ਲੋਇਆ ਨੇ ਅਮਿਤ ਸ਼ਾਹ ਦੀ ਜਵਾਬ ਤਲਬੀ ਕੀਤੀ ਕਿ ਉਹ ਮੁੰਬਈ ਵਿਚ ਹੋਣ ਦੇ ਬਾਵਜੂਦ ਅਦਾਲਤ ਵਿਚ ਪੇਸ਼ੀ ਉਪਰ ਹਾਜ਼ਰ ਕਿਉਂ ਨਹੀਂ ਹੋਇਆ। ਉਸ ਨੂੰ ਪੇਸ਼ੀ ਤੋਂ ਛੋਟ ਸਿਰਫ ਮੁੰਬਈ ਤੋਂ ਬਾਹਰ ਹੋਣ ਦੀ ਸੂਰਤ ਵਿਚ ਦਿੱਤੀ ਗਈ ਸੀ। ਅਗਲੀ ਪੇਸ਼ੀ ਤੋਂ ਪਹਿਲਾਂ ਹੀ ਜੱਜ ਲੋਇਆ ਦੀ ਮੌਤ ਹੋ ਗਈ ਅਤੇ ਉਸ ਦੀ ਥਾਂ ਨਿਯੁਕਤ ਕੀਤੇ ਜੱਜ ਨੇ ਅਮਿਤ ਸ਼ਾਹ ਨੂੰ ਤੁਰੰਤ ਬਰੀ ਕਰ ਦਿੱਤਾ। ਇਸ ਜੱਜ ਨੇ ਦਸ ਹਜ਼ਾਰ ਪੰਨਿਆਂ ਦੀ ਚਾਰਜ ਸ਼ੀਟ ਵਾਲੇ ਮੁਕੱਦਮੇ ਦਾ ਫੈਸਲਾ ਸੁਣਾਉਣ ਲਈ ਮਹਿਜ਼ ਪੰਦਰਾਂ ਮਿੰਟ ਲਾਏ। ਸੀ.ਬੀ.ਆਈ. ਦਾ ਇਸ ਮਾਮਲੇ ਵਿਚ ਉਚੇਰੀ ਅਦਾਲਤ ਵਿਚ ਅਪੀਲ ਨਾ ਕਰਨਾ ਰਾਜਸੀ ਦਬਾਅ ਨਾਲ ਆਪਣੇ ਹੱਕ ਵਿਚ ਫੈਸਲਾ ਕਰਾਏ ਜਾਣ ਵੱਲ ਸਾਫ ਇਸ਼ਾਰਾ ਕਰਦਾ ਹੈ। ਇਸ ਘਟਨਾਕ੍ਰਮ ਨਾਲ ਜੋੜ ਕੇ ਦੇਖਿਆਂ ਜੱਜ ਲੋਇਆ ਦੇ ਪਰਿਵਾਰ ਵਲੋਂ ਕੀਤਾ ਦਾਅਵਾ ਪੂਰੀ ਤਰ੍ਹਾਂ ਸੱਚ ਜਾਪਦਾ ਹੈ ਕਿ ਆਪਣੇ "ਹੱਕ ਵਿਚ ਫੈਸਲਾ ਦੇਣ" ਬਦਲੇ ਜੱਜ ਨੂੰ 100 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਉਸ ਵਲੋਂ ਸਹਿਮਤ ਨਾ ਹੋਣ ਕਾਰਨ ਹੀ ਉਸ ਦੀ ਹੱਤਿਆ ਕਰਵਾਈ ਗਈ। ਹਸਪਤਾਲ ਤੋਂ ਲੈ ਕੇ ਮ੍ਰਿਤਕ ਜੱਜ ਦੀ ਲਾਸ਼ ਨੂੰ ਉਸ ਦੇ ਪਿੰਡ ਪਹੁੰਚਾਉਣ ਅਤੇ ਮੌਤ ਤੋਂ ਕਈ ਦਿਨ ਬਾਅਦ ਜੱਜ ਦਾ ਮੋਬਾਈਲ ਫੋਨ ਪਰਿਵਾਰ ਨੂੰ ਸੌਂਪਣ ਵਿਚ ਸ਼ਾਮਲ ਆਰ.ਐਸ.ਐਸ. ਦਾ ਵਿਅਕਤੀ ਕੌਣ ਸੀ ਅਤੇ ਉਸ ਇਸ ਮਾਮਲੇ ਵਿਚ ਐਨਾ ਸਰਗਰਮ ਕਿਉਂ ਸੀ, ਉਸ ਦੀ ਹਕੀਕਤ ਸਹੀ ਜਾਂਚ ਨਾਲ ਹੀ ਸਾਹਮਣੇ ਆ ਸਕਦੀ ਹੈ। ਜੱਜ ਦੇ ਪਰਿਵਾਰ ਮੈਂਬਰਾਂ ਨੂੰ ਸੱਦਣ ਦੀ ਬਜਾਏ ਲਾਸ਼ ਹਾਸਲ ਕਰਨ ਦੀ ਕਾਨੂੰਨੀ ਕਾਰਵਾਈ ਵਿਚ ਕਿਸੇ ਅਣਪਛਾਣੇ ਬੰਦੇ ਨੂੰ ਜਾਅਲੀ ਰਿਸ਼ਤੇਦਾਰ ਬਣਾ ਕੇ ਪੇਸ਼ ਕਰਨ ਦੀ ਜ਼ਰੂਰਤ ਕਿਉਂ ਪਈ ਅਤੇ ਸ੍ਰੀ ਲੋਇਆ ਦੇ ਨਾਲ ਗਏ ਦੋਵੇਂ ਜੱਜ ਖਾਮੋਸ਼ ਕਿਉਂ ਰਹੇ, ਇਹ ਤੱਥ ਇਸ ਦਾਅਵੇ ਨੂੰ ਹੀ ਵਜ਼ਨਦਾਰ ਬਣਾਉਂਦੇ ਹਨ ਕਿ ਇਹ ਕੁਦਰਤੀ ਮੌਤ ਨਹੀਂ ਸੀ; ਪਰ ਜਦੋਂ ਤਕ ਭਾਜਪਾ ਸੱਤਾ ਵਿਚ ਹੈ, ਇਸ ਮਾਮਲੇ ਦੀ ਦੁਬਾਰਾ ਜਾਂਚ ਸੰਭਵ ਨਹੀਂ।

ਹੁਣ ਦੇਖਣਾ ਇਹ ਹੈ ਕਿ ਇਸ ਖੁਲਾਸੇ ਦਾ ਨੋਟਿਸ ਲੈ ਕੇ ਮੁਲਕ ਦੀ ਸੁਪਰੀਮ ਕੋਰਟ ਇਸ ਦੀ ਵਿਸ਼ੇਸ਼ ਜਾਂਚ ਕਰਾਉਣ ਦਾ ਕੋਈ ਤਰੱਦਦ ਕਰਦੀ ਹੈ, ਜਾਂ ਇਹ ਵਿਰੋਧੀ ਧਿਰ ਲਈ ਮਹਿਜ਼ ਗੁਜਰਾਤ ਚੋਣਾਂ ਵਿਚ ਭਾਜਪਾ ਨੂੰ ਘੇਰਨ ਵਾਲਾ ਪ੍ਰਚਾਰ ਮੁੱਦਾ ਬਣ ਕੇ ਰਹਿ ਜਾਵੇਗਾ?

## ਜੱਜ ਦੇ ਪਰਿਵਾਰਕ ਮੈਂਬਰਾਂ ਵਲੋਂ ਉਠਾਏ ਗਏ ਸਵਾਲ

-ਲੋਇਆ ਦੀ ਮੌਤ ਦੇ ਵਕਤ ਬਾਰੇ ਕੋਈ ਸਪਸ਼ਟਤਾ ਨਹੀਂ। ਪੋਸਟਮਾਰਟਮ ਰਿਪੋਰਟ ਅਨੁਸਾਰ, ਮੌਤ ਦਾ ਸਮਾਂ ਪਹਿਲੀ ਦਸੰਬਰ 2014 ਨੂੰ ਸਵੇਰੇ 6:15 ਵਜੇ ਦਰਜ ਹੈ, ਜਦੋਂ ਕਿ ਪਰਿਵਾਰਕ ਮੈਂਬਰਾਂ ਦੇ ਮੁਤਾਬਕ ਉਨ੍ਹਾਂ ਨੂੰ ਇਕ ਤਾਰੀਖ ਨੂੰ ਸਵੇਰੇ 5 ਵਜੇ ਫੋਨ ਉਪਰ ਉਨ੍ਹਾਂ ਨੂੰ ਮੌਤ ਦੀ ਸੂਚਨਾ ਦਿੱਤੀ ਗਈ।

-ਕਿਹਾ ਗਿਆ ਕਿ ਲੋਇਆ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ, ਪਰਿਵਾਰ ਅਨੁਸਾਰ, ਉਸ ਦੇ ਕੱਪੜਿਆਂ 'ਤੇ ਖੂਨ ਦੇ ਦਾਗ ਸਨ।

-ਲੋਇਆ ਦੇ ਬਾਪ ਦੇ ਮੁਤਾਬਕ, ਮ੍ਰਿਤਕ ਦੇ ਸਿਰ ਉਤੇ ਸੱਟ ਵੱਜੀ ਹੋਈ ਸੀ।

-ਪਰਿਵਾਰ ਨੂੰ ਲੋਇਆ ਦਾ ਫੋਨ ਮੌਤ ਤੋਂ ਕਈ ਦਿਨ ਬਾਅਦ ਮੋੜਿਆ ਗਿਆ, ਜਿਸ ਵਿਚੋਂ ਡੇਟਾ ਡਿਲੀਟ ਕੀਤਾ ਹੋਇਆ ਸੀ।

-ਇਹ ਕਿਹਾ ਗਿਆ ਕਿ ਲੋਇਆ ਨਾਗਪੁਰ ਦੇ ਰਵੀ ਗੈਸਟ ਹਾਊਸ ਵਿਚ ਠਹਿਰੇ ਹੋਏ ਸਨ, ਉਨ੍ਹਾਂ ਨੂੰ ਰਾਤ ਨੂੰ ਦਿਲ ਦਾ ਦੌਰਾ ਪੈਣ ਤੋਂ ਪਿੱਛੋਂ ਆਟੋ ਰਿਕਸ਼ਾ ਉਪਰ ਹਸਪਤਾਲ ਲਿਜਾਇਆ ਗਿਆ। ਲੋਇਆ ਦੀ ਭੈਣ ਨੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਸਵਾਲ ਕੀਤਾ ਕਿ ਐਨੇ ਵੀ.ਆਈ.ਪੀ. ਬੰਦਿਆਂ ਦੇ ਉਥੇ ਠਹਿਰੇ ਹੋਣ ਦੇ ਬਾਵਜੂਦ ਰਵੀ ਗੈਸਟ ਹਾਊਸ ਵਿਚ ਕੋਈ ਗੱਡੀ ਨਹੀਂ ਸੀ, ਜੋ ਜੱਜ ਨੂੰ ਹਸਪਤਾਲ ਲੈ ਕੇ ਜਾਂਦੀ?

-ਰਵੀ ਗੈਸਟ ਹਾਊਸ ਤੋਂ ਸਭ ਤੋਂ ਨੇੜਲਾ ਆਟੋ ਸਟੈਂਡ ਦੋ ਕਿਲੋਮੀਟਰ ਦੂਰ ਹੈ। ਕੀ ਅੱਧੀ ਰਾਤ ਨੂੰ ਆਟੋ ਮਿਲਣਾ ਸੰਭਵ ਸੀ?

-ਆਰ.ਐਸ.ਐਸ. ਕਾਰਕੁਨ ਈਸ਼ਵਰ ਬਹੇਟੀ ਇਸ ਮਾਮਲੇ ਵਿਚ ਰੁਚਿਤ ਕਿਉਂ ਸੀ? ਇਹ ਵਰਕਰ ਲੋਇਆ ਦੀ ਮੌਤ ਤੋਂ ਬਾਅਦ ਲਾਸ਼ ਨੂੰ ਉਨ੍ਹਾਂ ਦੇ ਘਰ ਲਿਜਾਣ ਦੀ ਥਾਂ ਜੱਦੀ ਪਿੰਡ ਲੈ ਗਿਆ ਅਤੇ ਇਸ ਦੀ ਜਾਣਕਾਰੀ ਪਰਿਵਾਰਕ ਮੈਂਬਰਾਂ ਨੂੰ ਦਿੱਤੀ। ਲੋਇਆ ਦਾ ਫੋਨ ਵੀ ਡੇਟਾ ਡਿਲੀਟ ਕਰ ਕੇ ਪਰਿਵਾਰ ਨੂੰ ਇਸੇ ਨੇ ਵਾਪਸ ਕੀਤਾ।

-ਪੋਸਟਮਾਰਟਮ ਰਿਪੋਰਟ ਦੇ ਹਰ ਸਫੇ ਉਪਰ ਇਕ ਬੰਦੇ ਦੇ ਦਸਤਖਤ ਹਨ, ਜਿਸ ਦੇ ਹੇਠਾਂ ਮ੍ਰਿਤਕ ਨਾਲ ਰਿਸ਼ਤਾ ਮਰਾਠੀ ਵਿਚ 'ਚਚੇਰਾ ਭਰਾ' ਲਿਖਿਆ ਹੈ, ਲੇਕਿਨ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰ ਵਿਚ ਐਸਾ ਕੋਈ ਬੰਦਾ ਹੀ ਨਹੀਂ ਹੈ।

-ਜੇ ਲੋਇਆ ਦੀ ਮੌਤ ਕੁਦਰਤੀ ਹੋਈ ਸੀ, ਫਿਰ ਪੋਸਟਮਾਰਟਮ ਦੀ ਜ਼ਰੂਰਤ ਕਿਉਂ ਪਈ?

-ਪੋਸਟਮਾਰਟਮ ਦੇ ਬਾਅਦ ਪੰਚਨਾਮਾ ਵੀ ਨਹੀਂ ਭਰਿਆ ਗਿਆ ਜੋ ਜ਼ਰੂਰੀ ਹੁੰਦਾ ਹੈ।

-ਲੋਇਆ ਦੀ ਮੌਤ ਤੋਂ 29 ਦਿਨ ਬਾਅਦ ਉਸ ਦੀ ਥਾਂ ਲੈਣ ਵਾਲੇ ਜੱਜ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਮਾਮਲੇ ਦੀ ਸੁਣਵਾਈ 15 ਮਿੰਟ ਵਿਚ ਕਰ ਕੇ ਸਾਫ ਬਰੀ ਕਰ ਦਿੱਤਾ

-ਫਿਰ ਇਕ ਇਕ ਕਰ ਕੇ ਇਸ ਮਾਮਲੇ ਵਿਚ ਨਾਮਜ਼ਦ 11 ਹੋਰ ਬੰਦੇ, ਜਿਨ੍ਹਾਂ ਵਿਚ ਗੁਜਰਾਤ ਪੁਲਿਸ ਦੇ ਆਹਲਾ ਅਧਿਕਾਰੀ ਵੀ ਹਨ, ਬਰੀ ਕਰ ਦਿੱਤੇ ਗਏ। ਇਹ ਤੱਥ ਕੀ ਸੰਕੇਤ ਦਿੰਦੇ ਹਨ?

-ਜੱਜ ਸੁਣਵਾਈ ਦੀ ਤਾਰੀਕ 15 ਦਸੰਬਰ 2014 ਨੂੰ ਤੈਅ ਕਰਦਾ ਹੈ, ਪਰ 14 ਦਸੰਬਰ ਨੂੰ ਪਰਿਵਾਰ ਨੂੰ ਖਬਰ ਮਿਲਦੀ ਹੈ ਕਿ ਨਾਗਪੁਰ ਵਿਆਹ 'ਤੇ ਗਏ ਜੱਜ ਦੀ ਮੌਤ ਹੋ ਗਈ ਹੈ।

-ਪਰਿਵਾਰ ਦੀ ਸਹਿਮਤੀ ਤੋਂ ਬਿਨਾ ਹੀ ਜੱਜ ਦੇ ਲਾਤੂਰ ਨੇੜਲੇ ਜੱਦੀ ਪਿੰਡ 'ਚ ਲਾਸ਼ ਲਿਜਾ ਕੇ ਸਸਕਾਰ ਕਰਨ ਦਾ ਫੈਸਲਾ ਕਿਸ ਨੇ ਕੀਤਾ?

-ਪੋਸਟਮਾਰਟਮ ਵੇਲੇ ਪੁਲਿਸ ਜਾਂ ਸਾਥੀ ਜੱਜ ਕੁਝ ਵੀ ਰਿਕਾਰਡ ਕਿਉਂ ਨਹੀਂ ਕਰਦੇ, ਨਾ ਹੀ ਲਾਸ਼ ਨਾਲ ਪਿੰਡ ਜਾਂਦੇ ਹਨ। ਐਂਬੂਲੈਂਸ ਦਾ ਡਰਾਈਵਰ ਹੀ ਲਾਸ਼ ਲੈ ਕੇ ਜਾਂਦਾ ਹੈ।

-ਕੀ ਜੱਜ ਨਾਗਪੁਰ ਦੇ ਗੈਸਟ ਹਾਊਸ 'ਚ ਇਕੱਲਾ ਸੀ?

-ਕੀ ਉਸ ਨੂੰ ਕਿਸੇ ਚੰਗੇ ਹਸਪਤਾਲ ਨਹੀਂ ਸੀ ਲਿਜਾਇਆ ਜਾ ਸਕਦਾ ?

-ਨਾਜ਼ੁਕ ਹਾਲਤ ਵਿਚ ਜੱਜ ਨੂੰ ਐਸੇ ਹਸਪਤਾਲ ਵਿਚ ਆਟੋ ਵਾਲਾ ਲੈ ਕੇ ਗਿਆ ਜਿਥੇ ਈ.ਸੀ.ਜੀ. ਮਸ਼ੀਨ ਵੀ ਨਹੀਂ ਸੀ?

-48 ਸਾਲ ਦੇ ਜੱਜ ਨੂੰ ਅਜਿਹਾ ਕੁਝ ਵੀ ਨਹੀਂ ਸੀ ਕਿ ਦਿਲ ਦਾ ਦੌਰਾ ਪਵੇ।

-ਪਰਿਵਾਰ ਨੂੰ ਤੁਰੰਤ ਕਿਉਂ ਨਹੀਂ ਬੁਲਾਇਆ ਗਿਆ?

-ਪੋਸਟਮਾਰਟਮ ਸਮੇਂ ਪਰਿਵਾਰ ਦੀ ਸਹਿਮਤੀ ਜਾਂ ਹਾਜ਼ਰੀ ਕਿਉਂ ਯਕੀਨੀ ਨਾ ਬਣਾਈ ਗਈ?

-ਲਾਸ਼ ਨੂੰ ਪਿੰਡ ਲਿਜਾ ਕੇ ਸਸਕਾਰ ਕਰਨ ਦਾ ਫੈਸਲਾ ਕਿਸ ਨੇ ਕੀਤਾ ?

-ਪ੍ਰੋਟੋਕਾਲ ਅਨੁਸਾਰ ਜੱਜ ਦੀ ਲਾਸ਼ ਨਾਲ ਪੁਲਿਸ ਵਾਲੇ ਕਿਉਂ ਨਹੀਂ ਗਏ?


-ਪੋਸਟਮਾਰਟਮ ਵੇਲੇ ਐਨਾ ਖੂਨ ਨਹੀਂ ਨਿਕਲਦਾ ਹੈ ਕਿ ਕੱਪੜੇ ਖਰਾਬ ਹੋ ਜਾਣ?

-ਮੌਤ ਜਾਂ ਪੋਸਟਮਾਰਟਮ ਵੇਲੇ ਪੁਲਿਸ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕਿਉਂ ਨਹੀਂ ਨਿਭਾਈ ਗਈ?

-ਇਨ੍ਹਾਂ ਤਮਾਮ ਸਵਾਲਾਂ ਬਾਰੇ ਛੋਟੀ ਛੋਟੀ ਗੱਲ ਉਪਰ ਵੱਡੀਆਂ ਵੱਡੀਆਂ ਖਬਰਾਂ ਉਛਾਲਣ ਵਾਲਾ ਮੀਡੀਆ ਅਤੇ ਸਿਆਸੀ ਕੋੜਮਾ ਖਾਮੋਸ਼ ਕਿਉਂ ਹਨ?

*('ਦਿ ਵਾਇਰ' ਤੋਂ ਧੰਨਵਾਦ ਸਹਿਤ)*

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਬਾ-ਮੁਲਾਹਜ਼ਾ ਹੋਸ਼ਿਆਰ...ਸ਼੍ਰੋਮਣੀ ਕਮੇਟੀ ਮੈਂਬਰਾਨ

*ਜਦੋਂ ਤਕ 'ਪੰਜਾਬ ਟਾਈਮਜ਼' ਦਾ ਇਹ ਅੰਕ ਪਾਠਕਾਂ ਦੇ ਹੱਥਾਂ ਵਿਚ ਪੁੱਜੇਗਾ, ਉਦੋਂ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ ਹੋ ਚੁਕੀ ਹੋਵੇਗੀ। ਸਾਡੇ ਕਾਲਮਨਵੀਸ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲਪੁਰ ਨੇ ਇਸ ਚੋਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਮੈਂਬਰਾਂ ਦੀ ਜ਼ਮੀਰ ਝੰਜੋੜਨ ਲਈ ਇਹ ਖਤ ਉਨ੍ਹਾਂ ਦੇ ਨਾਂ ਲਿਖਿਆ ਸੀ। ਇਸ ਖਤ ਵਿਚ ਉਠਾਏ ਨੁਕਤਿਆਂ ਦਾ ਸਿੱਧਾ ਸਬੰਧ ਕਿਉਂਕਿ ਸਿੱਖੀ ਅਤੇ ਸਿੱਖਾਂ ਨਾਲ ਹੈ, ਇਸ ਲਈ ਅਸੀਂ ਇਹ ਲੇਖ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ*

**ਸਤਿਕਾਰਯੋਗ ਮੈਂਬਰ ਸਾਹਿਬਾਨ**
ਐਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ ਸਾਹਿਬ
ਫਤਿਹ ਪ੍ਰਵਾਨ ਹੋਵੇ ਜੀ।

ਖਾਲਸਾ ਪੰਥ ਦੇ ਸ਼ਾਨਾਂਮੱਤੇ ਇਤਿਹਾਸ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਘਟਨਾਵਾਂ ਦੁਹਰਾਉਣ ਦੀ ਥਾਂ ਸਿਰਫ ਇੰਨਾ ਕਹਿ ਕੇ ਅਸਲ ਗੱਲ ਸ਼ੁਰੂ ਕਰਾਂਗਾ ਕਿ ਆਪ ਜੀ ਸੁਭਾਗੇ ਤੇ ਵਡਭਾਗੇ ਹੋ, ਜੋ ਕੌਮ ਦੀ ਉਸ ਸੰਸਥਾ ਦੇ ਮੈਂਬਰ ਹੋ ਜਿਸ ਦੀ ਹੋਂਦ ਹਸਤੀ ਪਿਛੇ ਸ੍ਰੀ ਨਨਕਾਣਾ ਸਾਹਿਬ ਦਾ ਖੂਨੀ ਸਾਕਾ ਅਤੇ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਜਿਉਂਦੇ ਜੀਅ ਜੰਡ ਨਾਲ ਬੰਨ੍ਹ ਕੇ ਸਾੜੇ ਜਾਣ ਦਾ ਰੌਂਗਟੇ ਖੜ੍ਹੇ ਕਰਨ ਵਾਲਾ ਇਤਿਹਾਸ ਖੜ੍ਹਾ ਹੈ। ਗੁਰਦੁਆਰਾ ਸੁਧਾਰ ਲਹਿਰ ਦੇ ਅਨੇਕਾਂ ਸ਼ਹੀਦਾਂ ਨੂੰ ਸਿਜਦਾ ਕਰ ਕੇ ਅੱਗੇ ਚਲੀਏ।

ਜਿਵੇਂ ਤੁਸੀਂ ਹੁਣ 29 ਨਵੰਬਰ 2017 ਵਾਲੇ ਦਿਨ ਸ਼ਹੀਦ ਭਾਈ ਤੇਜਾ ਸਿੰਘ ਸਮੁੰਦਰੀ ਦੀ ਯਾਦ ਵਿਚ ਬਣੇ ਇਤਿਹਾਸਕ ਹਾਲ ਵਿਚ ਆਪਣੀ ਸੰਸਥਾ ਦੇ ਅਹੁਦੇਦਾਰਾਂ ਦੀ ਚੋਣ ਵਿਚ ਹਿੱਸਾ ਲੈਣ ਲਈ ਜਾ ਰਹੇ ਹੋ, ਇਵੇਂ ਇਨ੍ਹਾਂ ਸਤਰਾਂ ਦਾ ਲੇਖਕ ਵੀ ਚੁਣਿਆ ਹੋਇਆ ਮੈਂਬਰ ਹੋਣ ਦੀ ਬਦੌਲਤ ਸੰਨ 1997 ਵਿਚ ਇਸੇ ਹਾਲ ਵਿਖੇ ਪਹੁੰਚਿਆ ਸੀ। ਸ੍ਰੀ ਅੰਮ੍ਰਿਤਸਰ ਦੇ ਬੱਸ ਅੱਡਿਓਂ ਰਿਕਸ਼ਾ ਕਰ ਕੇ ਜਦ ਮੈਂ ਚੌਕ ਘੰਟਾ ਘਰ ਮੋਹਰੇ ਉਤਰਿਆ ਤਾਂ ਉਥੇ ਮੈਨੂੰ ਨਰਿੰਦਰ ਸਿੰਘ ਭਾਟੀਆ ਮਿਲ ਪਿਆ ਜੋ ਸਾਡੇ ਇਲਾਕੇ ਦੇ ਬੰਗਾ ਗੁਰਦੁਆਰੇ ਵਿਚ ਮੈਨੇਜਰ ਲੱਗਾ ਰਿਹਾ ਹੋਣ ਕਰ ਕੇ, ਮੈਨੂੰ ਮੈਂਬਰ ਬਣਨ ਤੋਂ ਵੀ ਕਾਫੀ ਪਹਿਲਾਂ ਦਾ ਜਾਣਦਾ ਸੀ। ਰਿਕਸ਼ੇ ਵਿਚੋਂ 'ਕੱਲਾ ਈ ਉਤਰਿਆ ਦੇਖ ਕੇ ਉਹ ਮੈਨੂੰ ਪੁੱਛਣ ਲੱਗਾ, ਮੈਂਬਰ ਸਾਬ੍ਹ 'ਕੱਲੇ ਈ ਆਏ ਓ?

"ਹੋਰ ਮੇਰੇ ਨਾਲ ਫੌਜਾਂ ਨੇ ਆਉਣਾ ਸੀ?" ਮੇਰਾ ਇਹ ਮੋੜਵਾਂ ਸਵਾਲ ਸੁਣ ਕੇ, ਪਰਦੇ ਵਾਲੀ ਗੱਲ ਕਰਨ ਵਾਂਗ ਉਹ ਆਲੇ-ਦੁਆਲੇ ਦੇਖਦਿਆਂ ਮੇਰੇ ਲਾਗੇ ਹੋ ਕੇ ਕਹਿੰਦਾ, "ਆਹ 'ਦੋਹਾਂ ਬੁੜ੍ਹਿਆਂ' ਨੂੰ ਲੜ ਲੈਣ ਦਿਓ ਕੇਰਾਂ, ਫਿਰ ਦੇਖਿਓ ਤੁਸੀਂ ਅੰਮ੍ਰਿਤਸਰ ਨੂੰ, ਖਾਸ ਕਰ ਕੇ ਨਵੰਬਰ ਮਹੀਨੇ 'ਕਿਵੇਂ' ਅਤੇ 'ਕਿੰਨੇ ਜਣੇ' ਆਉਂਦੇ ਹੋ!" ਨਾਲ ਹੀ ਉਸ ਨੇ ਪੱਕੀ ਤਾਕੀਦ ਕਰਦਿਆਂ ਇਹ ਵੀ ਕਹਿ ਦਿੱਤਾ ਕਿ ਮੇਰੀ ਇਹ ਗੱਲ ਚੇਤੇ ਰੱਖਿਓ।

'ਔਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ' ਵਾਲਾ ਅਖਾਣ ਛੇਤੀ ਹੀ ਸੱਚਾ ਹੋ ਗਿਆ। ਜਦੋਂ ਸੰਨ 1998 ਚੜ੍ਹਦਿਆਂ ਹੀ 'ਦੋਏ ਬੁੜ੍ਹੇ' (ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ) ਆਹਮੋ-ਸਾਹਮਣੇ ਹੋ ਗਏ। ਫਿਰ ਸਾਡੇ ਇਲਾਕੇ ਵਿਚ ਹੀ ਮੈਨੇਜਰ ਲੱਗਾ ਹੋਇਆ ਹੋਣ ਕਰ ਕੇ ਉਸੇ ਭਾਟੀਆ ਜੀ ਦੀ ਡਿਊਟੀ ਲਗਦੀ ਰਹੀ ਮੈਨੂੰ ਨਿਸ਼ਚਿਤ ਸਮੇਂ 'ਤੇ ਅੰਮ੍ਰਿਤਸਰ ਜਾਂ ਇਧਰ-ਉਧਰ ਪਹੁੰਚਾਉਣ ਦੀ, ਭਾਵ ਚੁੱਪ-ਚੁਪੀਤੇ ਬੱਸੇ ਬਹਿ ਕੇ ਅੰਮ੍ਰਿਤਸਰ ਜਾਣ ਵਾਲੇ ਮੇਰੇ ਵਰਗੇ 'ਬੇ-ਕਾਰ' ਮੈਂਬਰਾਂ ਦੀ ਵੀ 'ਸੱਦ-ਪੁੱਛ' ਹੋਣ ਲੱਗ ਪਈ।

ਐਨ ਉਸੇ ਤਰ੍ਹਾਂ ਜਿਵੇਂ ਦਸਾਂ ਸਾਲਾਂ ਦੇ ਬਾਦਲ ਰਾਜ ਦੌਰਾਨ, ਤੁਹਾਡੇ ਵਿਚੋਂ ਕੁਝ ਕੁ ਗਿਣਵੇਂ-ਚੁਣਵਿਆਂ ਨੂੰ ਛੱਡ ਕੇ ਬਾਕੀ ਕਿਸੇ ਦੀ ਵੀ ਵਾਤ ਨਹੀਂ ਪੁੱਛੀ ਗਈ, ਪਰ ਜਿਉਂ ਹੀ ਸੁਖਦੇਵ ਸਿੰਘ ਭੌਰ ਵਲੋਂ ਪੰਥਕ ਫਰੰਟ ਬਣਉਣ ਦੀਆਂ ਖਬਰਾਂ ਆਈਆਂ, ਬਾਦਲ ਪਰਿਵਾਰ ਨੂੰ ਤੁਹਾਡੀ ਯਾਦ ਵੀ ਆ ਗਈ।

ਜ਼ਰਾ ਕੁ ਪਿੱਛਲ-ਝਾਤ ਇਕ ਵਾਰ ਫਿਰ ਮਾਰ ਲਈਏ। ਖਿਮਾ ਕਰਨਾ, ਮੈਂ ਆਪਣੀਆਂ ਹੱਡ-ਬੀਤੀਆਂ ਨਹੀਂ ਸੁਣਾਉਣ ਲੱਗਾ, ਸਿਰਫ ਇਸ ਖਤ ਨਾਲ ਢੁਕਵੀਆਂ ਕੁਝ ਮਿਸਾਲਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਸੰਨ 1996 ਵਿਚ ਬਾਦਲ-ਟੌਹੜਾ ਸਮੇਤ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਸਾਡੀ ਮੈਂਬਰਾਂ ਦੀ ਚੋਣ ਕੀਤੀ ਸੀ। ਧਾਰਮਿਕ ਤੇ ਜਜ਼ਬਾਤੀ ਪੱਖੋਂ ਮੈਂ ਟੌਹੜਾ ਸਾਹਿਬ ਦਾ ਸਮਰਥਕ ਸਾਂ, ਪਰ ਆਪਣੇ ਜ਼ਿਲ੍ਹੇ ਨਵਾਂ ਸ਼ਹਿਰ ਦੀ ਸਿੱਖ ਸਿਆਸਤ ਦੀ ਤਤਕਾਲੀ ਲੋੜ ਮੁਤਾਬਕ ਮੈਨੂੰ ਬਾਦਲ ਖੇਮੇ ਵਿਚ ਹੀ ਗਿਣਿਆ ਜਾਂਦਾ ਸੀ। ਇਸ ਧੜੇ 'ਚ ਹੁੰਦਿਆਂ ਵੀ ਹਰ ਨਵੰਬਰ ਮੇਰੀ ਵੋਟ ਟੌਹੜਾ ਸਾਹਿਬ ਵੱਲ ਹੀ ਪੈਂਦੀ ਸੀ।

ਸੰਨ 1999 ਵਿਚ ਭਾਈ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਦੀ ਜਥੇਦਾਰੀ ਤੋਂ ਫਾਰਗ ਕਰ ਦਿੱਤਾ ਗਿਆ। ਉਹ ਗਾਹੇ-ਬਗਾਹੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਢਾਹਾਂ-ਕਲੇਰਾਂ ਹਸਪਤਾਲ ਵਿਚ ਆਉਂਦੇ ਜਾਂਦੇ ਰਹਿੰਦੇ ਸਨ, ਜਿਥੇ ਮੈਂ ਆਪਣੇ ਰੁਜ਼ਗਾਰ ਹਿਤ ਨੌਕਰੀ ਕਰ ਰਿਹਾ ਸਾਂ। ਇਕ ਸ਼ਾਮ ਉਨ੍ਹਾਂ ਦੇ ਸਾਹਮਣੇ ਬੈਠਿਆਂ ਢਾਹਾਂ ਟਰਸਟ ਦੇ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਮੇਰੀਆਂ ਸਿਫਤਾਂ ਕਰਨ ਲੱਗ ਪਏ। ਟਕਸਾਲੀ ਅਕਾਲੀ ਰਹੇ ਹੋਣ ਕਾਰਨ, ਉਹ ਮੈਥੋਂ ਪ੍ਰਭਾਵਿਤ ਸਨ। ਜਦ ਉਹ ਭਾਈ ਰਣਜੀਤ ਸਿੰਘ ਅੱਗੇ ਮੇਰੇ 'ਗੁਣ' ਦੱਸਣ ਲੱਗੇ- ਅਖੇ, ਇਹ ਕਮਾਲ ਦੇ ਬੁਲਾਰੇ ਤੇ ਵਿਦਵਾਨ ਲਿਖਾਰੀ ਹਨ, ਤਾਂ ਕੁਣੱਖੀ ਤੱਕਣੀ ਨਾਲ ਮੇਰੇ ਵੱਲ ਦੇਖ ਕੇ ਭਾਈ ਰਣਜੀਤ ਸਿੰਘ ਉਨ੍ਹਾਂ ਨੂੰ ਟੋਕਦਿਆਂ ਝੱਟ ਬੋਲ ਪਏ, "ਇਨ੍ਹਾਂ ਦੀ ਵਿਦਵਤਾ ਤੇ ਲਿਖਾਰੀ ਹੋਣਾ ਕੌਮ ਦੇ ਕਿਸ ਕੰਮ? ਹੈਗੇ ਤਾਂ ਇਹ ਬਾਦਲ ਦੀ ਗਾਂਈਂ ਹੀ ਨੇ।"

ਉਸ ਵੇਲੇ ਉਨ੍ਹਾਂ ਵੱਲੋਂ ਮੇਰੇ ਲਈ ਵਰਤਿਆ ਇਹ ਤਿੱਖਾ ਤੇ ਖਰ੍ਹਵਾਂ ਲਕਬ ਸੁਣ ਕੇ ਮੈਨੂੰ ਭਾਵੇਂ ਗੁੱਸਾ ਲੱਗਿਆ ਸੀ, ਪਰ ਦੇਖਿਆ ਜਾਵੇ ਤਾਂ ਜਿਹੜਾ ਬੰਦਾ ਗੁਰਬਾਣੀ ਤੇ ਇਤਿਹਾਸ ਦਾ ਦੁਹਰਾਉ ਕਰਦਿਆਂ ਸਟੇਜਾਂ ਉਤੇ ਗੱਜ-ਵੱਜ ਕੇ ਕਹਿੰਦਾ ਫਿਰੇ ਕਿ 'ਸੱਚਾ ਸਾਹਿਬ ਛੱਡ ਕੈ ਮਨਮੁਖ ਹੋਏ ਬੰਦੇ ਦਾ ਬੰਦਾ', ਪਰ ਖੁਦ ਅਸੂਲਾਂ ਤੇ ਸਿਧਾਂਤ ਨੂੰ ਪਿੱਠ ਦੇ ਕੇ, ਕਿਸੇ ਨਿਜਪ੍ਰਸਤ ਦਾ ਜੀ ਹਜ਼ੂਰੀਆ ਬਣਿਆ ਰਹੇ, ਤਾਂ ਉਸ ਨੂੰ 'ਵੱਗ ਦੀ ਗਾਂਈਂ' ਹੀ ਕਿਹਾ ਜਾਣਾ ਚਾਹੀਦਾ ਹੈ!



ਖੈਰ, ਮੈਂ ਕਿਸੇ ਲਈ ਹੁਣ ਇਹ ਇਤਰਾਜ਼ਯੋਗ ਸ਼ਬਦ ਵਰਤਣ ਦੀ ਗੁਸਤਾਖੀ ਕਰੇ ਬਗੈਰ ਆਪ ਜੀ ਨੂੰ ਕੁਝ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਗੁਰਦੁਆਰਾ ਸੁਧਾਰ ਲਹਿਰ ਦੇ ਅੰਤਿਮ ਪੜਾਅ ਮੌਕੇ ਸਾਡੇ ਪੁਰਖਿਆਂ ਨੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਕੀਤੀ। ਬਾਅਦ ਵਿਚ ਇਸ ਕਮੇਟੀ ਨੇ ਹੀ ਪੰਥਕ ਕਾਰਜਾਂ ਦੇ ਅਮਲ ਲਈ ਆਪਣੇ ਹਰਿਆਵਲ ਦਸਤੇ ਵਜੋਂ ਸ਼੍ਰੋਮਣੀ ਅਕਾਲੀ ਦਲ ਬਣਾਇਆ। ਦਹਾਕਿਆਂ ਦੇ ਲੰਬੇ ਤੇ ਬਿਖੜੇ ਉਤਰਾਅ ਚੜ੍ਹਾਅ ਤੋਂ ਬਾਅਦ ਇਹ ਸ਼੍ਰੋਮਣੀ ਅਕਾਲੀ ਦਲ, ਮਹਿਜ ਬਾਦਲ ਦਲ ਬਣ ਕੇ ਰਹਿ ਗਿਆ ਤੇ ਆਪਣੀ ਜਨਮ-ਦਾਤੀ ਸ਼੍ਰੋਮਣੀ ਕਮੇਟੀ ਨੂੰ ਪਾ ਕੇ ਬਹਿ ਗਿਆ ਆਪਣੀ ਜੇਬ੍ਹ ਵਿਚ। ਪੰਥ ਦੀਆਂ ਇਨ੍ਹਾਂ ਦੋਹਾਂ ਕੇਂਦਰੀ ਜਥੇਬੰਦੀਆਂ ਦੇ ਆਪਸੀ ਰਿਸ਼ਤਿਆਂ ਵਿਚ ਆਏ ਜਮੀਨ-ਅਸਮਾਨ ਦੇ ਉਲਟ-ਫੇਰ ਨੂੰ ਅਸੀਂ-ਤੁਸੀਂ ਮਹਿਜ ਦਰਸ਼ਕ ਬਣ ਕੇ ਦੇਖਦੇ ਰਹੇ। ਸਾਡੀਆਂ ਕੌਮੀ ਅਣਗਹਿਲੀਆਂ ਦੀ ਬਦੌਲਤ ਹਾਲਾਤ ਇਥੇ ਤੱਕ ਪਹੁੰਚ ਗਏ ਕਿ ਪੰਥਕ ਸਿਆਸਤ ਉਤੇ ਧਰਮ ਦਾ ਕੁੰਡਾ ਰੱਖਣ ਲਈ ਸਾਜਿਆ ਗਿਆ ਸ੍ਰੀ ਅਕਾਲ ਤਖਤ ਵੀ ਸ਼੍ਰੋਮਣੀ ਕਮੇਟੀ ਵਾਂਗ ਬਾਦਲ ਦਲ ਦੀ ਜਕੜ ਤੇ ਪਕੜ ਵਿਚ ਆ ਗਿਆ।

ਬਾਦਲ ਦਲ ਅਤੇ ਇਸ ਦੇ ਪ੍ਰਧਾਨ (ਹੁਣ ਸਰਪ੍ਰਸਤ) ਸ੍ਰੀਮਾਨ 'ਫਖਰ-ਏ-ਕੌਮ' ਨੇ ਪੰਥ ਦੀਆਂ ਜੁਗੜਿਆਂ ਤੋਂ ਚਲੀਆਂ ਆ ਰਹੀਆਂ ਸਿਧਾਂਤਕ ਰਵਾਇਤਾਂ ਅਤੇ ਪਰੰਪਰਾਵਾਂ ਦੇ ਜੜ੍ਹੀਂ ਜੋ ਤੇਲ ਦਿੱਤਾ, ਉਸ ਬਾਰੇ ਤਾਂ ਵੱਡੀ ਪੋਥੀ ਲਿਖੀ ਜਾ ਸਕਦੀ ਹੈ (ਤੇ ਇਹ ਅਹਿਮ ਕਾਰਜ ਇਤਿਹਾਸਕਾਰ ਕਰ ਵੀ ਰਹੇ ਹੋਣਗੇ), ਪਰ ਇਥੇ ਨਿਰਪੱਖ ਬੁੱਧੀਵਾਨਾਂ ਦੀ ਟਿੱਪਣੀ ਦੇਣੀ ਹੀ ਜ਼ਰੂਰੀ ਭਾਸਦੀ ਹੈ, 'ਕਾਂਗਰਸ ਨੇ ਸ੍ਰੀ ਅਕਾਲ ਤਖਤ ਢਾਹ ਕੇ ਸਿੱਖਾਂ ਦਾ ਜਾਨੀ-ਮਾਲੀ ਨੁਕਸਾਨ ਕੀਤਾ ਤੇ ਬਾਦਲ ਦਲ ਨੇ ਇਤਿਹਾਸਕ ਰਵਾਇਤਾਂ ਦਾ ਘਾਣ ਕੀਤਾ।'

ਲੰਮੇ ਫੋਲਣੇ ਕਿਆ ਫੋਲਣੇ! ਆਹ ਤਾਜ਼ੇ ਹੋਏ ਬਰਗਾੜੀ ਕਾਂਡ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਹੋਈ ਬੇਅਦਬੀ ਵਿਰੁਧ ਆਪਣੇ ਇਸ਼ਟ ਦੀ ਬੇਹੁਰਮਤੀ ਨਾ ਸਹਾਰਦਿਆਂ ਸ਼ਾਂਤਮਈ ਧਰਨੇ 'ਤੇ ਬੈਠੇ ਪ੍ਰਚਾਰਕ ਜਥੇ ਅਤੇ ਵਾਹਿਗੁਰੂ ਦਾ ਜਾਪ ਕਰ ਰਹੀਆਂ ਸੰਗਤਾਂ ਉਪਰ ਸੀਵਰੇਜ ਦੇ ਗੰਦੇ ਪਾਣੀ ਦੀ ਵਾਛੜ ਸੁੱਟਣ ਵੇਲੇ, ਬਹਿਬਲ ਕਲਾਂ ਵਿਖੇ ਸੰਗਤ ਉਤੇ ਗੋਲੀ ਚਲਾ ਕੇ ਦੋ ਨਿਹੱਥੇ ਸਿੱਖ ਨੌਜਵਾਨ ਮਾਰਨ ਵੇਲੇ ਅਤੇ ਗੋਲੀ ਚਲਾਉਣ ਵਾਲੇ ਪੁਲਿਸ ਅਫਸਰਾਂ ਨੂੰ 'ਅਣਪਛਾਤੇ' ਕਹਿਣ ਵੇਲੇ ਇਸੇ ਬਾਦਲ ਜੀ ਦਾ ਹੀ ਰਾਜ-ਭਾਗ ਸੀ, ਜਿਨ੍ਹਾਂ ਦਾ ਫਰਜੰਦ ਅੱਜ ਕੱਲ੍ਹ ਤੁਹਾਡੇ ਨਾਲ ਧੜਾ-ਧੜ ਮੀਟਿੰਗਾਂ ਕਰ ਰਿਹਾ ਹੈ। ਉਂਜ ਪ੍ਰੈਸ ਮੋਹਰੇ 'ਅਸੀਂ ਤਾਂ ਜੀ ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿਚ ਕਦੇ ਦਖਲ-ਅੰਦਾਜ਼ੀ ਨਹੀਂ ਕਰਦੇ' ਕਹਿੰਦਿਆਂ ਕੁਫਰ ਤੋਲਿਆ ਜਾਂਦਾ ਹੈ।

ਪਿਆਰੇ ਮੈਂਬਰ ਸਾਹਿਬਾਨ, ਉਨ੍ਹਾਂ ਭੀਹਾਵਲੇ ਦਿਨਾਂ ਵਿਚ ਤੁਹਾਡੇ ਵਿਚੋਂ ਵੀ ਕਈਆਂ ਦਾ ਪੰਥਕ ਖੂਨ ਖੌਲਿਆ ਸੀ। ਗੁਰਬਾਣੀ ਦੀ ਨਿਰਾਦਰੀ ਦੇਖ ਕੇ ਕਈ ਮੈਂਬਰਾਂ ਨੇ ਬਾਦਲ ਦਲ ਨੂੰ ਅਸਤੀਫੇ ਦੇ ਦਿੱਤੇ ਸਨ, ਪਰ ਜਿੰਨਾ ਕੁ ਮੈਨੂੰ ਪਤਾ ਹੈ, ਉਸ ਵੇਲੇ ਰੋਸ ਕਰਨ ਵਾਲੇ ਕਈ ਜਣੇ ਛੇਤੀ ਹੀ 'ਬਾਦਲ ਸ਼ਰਨ' ਵਿਚ ਪਰਤ ਗਏ ਸਨ, ਪਰ ਉਨ੍ਹਾਂ ਵਿਚੋਂ ਕੁਝ ਪੰਥਕ ਦਰਦ ਵਾਲੇ 'ਬਚਨ ਕੇ ਬਲੀ' ਅੱਜ ਪੰਥਕ ਫਰੰਟ ਦੇ ਝੰਡੇ ਹੇਠ ਇਕੱਤਰ ਹੋਏ ਹਨ।

ਹੁਣ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਦਾਖਲ ਹੋਣ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਵੱਲ ਮੂੰਹ ਕਰਦਿਆਂ 'ਦਲ ਭੰਜਨ ਗੁਰ ਸੂਰਮੇ' ਦਾ ਧਿਆਨ ਧਰ ਕੇ ਸੋਚਿਉ ਕਿ ਤੁਸੀਂ ਸਾਬੋ ਕੀ ਤਲਵੰਡੀ ਵਾਲੇ ਸਾਬਕਾ ਜਥੇਦਾਰ ਭਾਈ ਗੁਰਮੁਖ ਸਿੰਘ ਵੱਲੋਂ ਬੋਲੇ ਸੱਚ ਉਤੇ ਪਹਿਰਾ ਦੇਣਾ ਹੈ ਕਿ ਰਬੜ ਦੀ ਗੁੱਡੀ ਵਾਂਗ ਲਿਫ ਲਿਫ ਜਾਂਦੇ ਬਿਨਾ ਹੱਡੀ ਵਾਲੇ 'ਜਥੇਦਾਰ' ਦਾ ਪੱਖ ਪੂਰਨਾ ਹੈ, ਜਿਹੜਾ ਆਪਣੇ ਮਾਲਕਾਂ ਦੀਆਂ ਸਿਆਸੀ ਲੋੜਾਂ ਮੂਜਬ, ਚਰਿਤਰਹੀਣ 'ਬਾਬੇ' ਖਾਤਰ ਤਖਤ ਸਾਹਿਬ ਦੀ ਆਨ ਅਤੇ ਸ਼ਾਨ ਰੋਲਣ ਤੱਕ ਜਾ ਸਕਦਾ ਹੈ। ਉਸ ਦਿਨ ਸੋਚ ਲਿਓ ਕਿ ਭਾਈ ਬਲਵੰਤ ਸਿੰਘ ਨੰਦਗੜ੍ਹ, ਗਿਆਨੀ ਗੁਰਮੁਖ ਸਿੰਘ ਅਤੇ ਭਾਈ ਬਲਵੀਰ ਸਿੰਘ ਅਰਦਾਸੀਏ ਵਰਗੇ ਸਿੰਘਾਂ ਨੂੰ ਕਿਸ ਦੇ ਹੁਕਮ ਨਾਲ ਸ਼੍ਰੋਮਣੀ ਕਮੇਟੀ ਵਿਚੋਂ ਚਲਦੇ ਕੀਤਾ ਗਿਆ ਸੀ। ਇਹ ਵੀ ਪਰਖਿਉ ਕਿ ਗਿਆਨੀ ਗੁਰਬਚਨ ਸਿੰਘ ਵਿਚ ਐਡੀ ਕਿਹੜੀ 'ਮਹਾਨ ਵਿਦਵਤਾ' ਹੈ, ਜੋ ਉਹ ਬਾਦਲ ਪਰਿਵਾਰ ਦੇ ਰੂਹੇ-ਰਵਾਂ ਬਣੇ ਹੋਏ ਨੇ। ਇਹ ਵੀ ਗੰਭੀਰਤਾ ਨਾਲ ਸੋਚਿਉ ਕਿ ਲਫਾਫਿਆਂ ਵਿਚੋਂ ਪ੍ਰਧਾਨ ਨਿਕਲਣ ਵਾਲੀ ਜੱਗੋਂ ਤੇਰ੍ਹਵੀਂ ਡਿਕਟੇਟਰੀ ਰੀਤ ਬਣਨ ਪਿਛੇ ਕਸੂਰਵਾਰ ਕੌਣ ਹੈ?

ਸੋ ਖਾਲਸਾ ਜੀ, 29 ਨਵੰਬਰ ਨੂੰ ਤੁਹਾਡੇ ਵੱਲੋਂ ਕੀਤੇ ਸਿਧਾਂਤਕ ਫੈਸਲੇ ਸਦਕਾ ਇਕ ਤਾਂ ਪੰਥ ਦੇ ਕੇਂਦਰ 'ਤੇ ਪਈ ਹੋਈ ਪਰਿਵਾਰਵਾਦ ਦੀ ਮਾਰੂ 'ਪੀਲੀ ਵੇਲ' ਦੇ ਖਾਤਮੇ ਦਾ ਮੁੱਢ ਬੱਝ ਜਾਵੇਗਾ, ਦੂਸਰਾ ਜਦੋਂ ਤੁਸੀਂ ਨਿਕਟ ਭਵਿਖ ਵਿਚ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਮੌਕੇ ਪਿੰਡਾਂ-ਸ਼ਹਿਰਾਂ ਵਿਚ ਜਾਓਗੇ ਤਾਂ ਤੁਹਾਨੂੰ ਸਿੱਖ ਰੋਹ ਦਾ ਸ਼ਿਕਾਰ ਨਹੀਂ ਹੋਣਾ ਪਵੇਗਾ। ਉਸ ਦਿਨ ਦੁਨੀਆਂ ਦੇ ਕੋਨੇ ਕੋਨੇ ਵਿਚ ਬੈਠੇ ਸਿੱਖਾਂ ਅਤੇ ਤਾਰੀਖ ਦੀਆਂ ਨਜ਼ਰਾਂ ਤੁਹਾਡੇ ਵੱਲ ਦੇਖ ਰਹੀਆਂ ਹੋਣਗੀਆਂ। ਇਸ ਲਈ ਸ਼ਾਇਰ ਮੁਜ਼ੱਫਰ ਰਜ਼ਮੀ ਦਾ ਇਹ ਸ਼ਿਅਰ ਯਾਦ ਰੱਖਿਉ:

ਯੇ ਜਬਰ ਭੀ ਦੇਖਾ ਹੈ ਤਾਰੀਖ ਕੀ ਨਜ਼ਰੋਂ ਨੇ,
ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।

...ਭੁੱਲ-ਚੁੱਕ ਦੀ ਖਿਮਾ।

# ਅਜੇ ਦਿੱਲੀ ਦੂਰ ਹੈ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸ਼ਹਿਰਾਂ ਦੇ ਨਾਂਵਾਂ ਵਾਲੀਆਂ ਕਈ ਕਹਾਵਤਾਂ ਹਨ ਜਿਵੇਂ ਉਲਟੇ ਬਾਂਸ ਬਰੇਲੀ ਨੂੰ, ਲਾਹੌਰ ਦਾ ਸ਼ੌਕੀਨ ਤੇ ਬੋਝੇ 'ਚ ਗਾਜਰਾਂ, ਪਿਸ਼ੌਰ ਪਿਸ਼ੌਰ ਈ ਏ, ਵਾਇਆ ਬਠਿੰਡਾ ਆਦਿ। ਕੋਈ ਕੰਮ ਨੇਪਰੇ ਚਾੜ੍ਹਨ ਵਿਚ ਬਹੁਤ ਸਮਾਂ ਜਾਂ ਮਿਹਨਤ ਲਗਦੀ ਹੋਵੇ ਤਾਂ ਆਮ ਹੀ ਕਹਾਵਤ ਵਰਤੀ ਜਾਂਦੀ ਹੈ ਕਿ ਅਜੇ ਦਿੱਲੀ ਦੂਰ ਹੈ। ਦਿੱਲੀ ਭਾਰਤ ਦੇਸ਼ ਦੀ ਰਾਜਧਾਨੀ ਹੈ, ਰਾਜ ਦਾ ਸਿੰਘਾਸਣ ਇਥੇ ਹੈ। ਅੱਜ ਦੇਸ਼ ਦੇ ਇਸ ਲੋਕਤੰਤਰਕ ਦੌਰ ਵਿਚ ਸਾਰੀਆਂ ਪਾਰਟੀਆਂ ਦੀ ਦੌੜ ਲੱਗੀ ਰਹਿੰਦੀ ਹੈ ਕਿ ਕਿਸ ਤਰ੍ਹਾਂ ਦਿੱਲੀ ਦਾ ਸਿੰਘਾਸਣ ਹਥਿਆਇਆ ਜਾਵੇ? ਇਸ ਪ੍ਰਸੰਗ ਵਿਚ ਵੀ ਕਈ ਪਾਰਟੀਆਂ ਬਾਰੇ ਕਹਿ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਵਾਸਤੇ ਅਜੇ ਦਿੱਲੀ ਦੂਰ ਹੈ। ਇਸ ਕਹਾਵਤ ਦਾ ਵੱਖਰਾ ਤੇ ਵਧਾਇਆ ਹੋਇਆ ਰੂਪ ਵੀ ਕਿਧਰੇ ਮੇਰੀਆਂ ਨਜ਼ਰਾਂ ਵਿਚੋਂ ਗੁਜ਼ਰਿਆ ਸੀ, 'ਦਿੱਲੀ ਕਿੰਨੀ ਦੂਰ ਹੈ, ਜਿੰਨੀ ਲੰਮੀ ਖਜੂਰ ਹੈ।'

ਕੁਝ ਲੋਕਾਂ ਦਾ ਵਿਚਾਰ ਹੈ ਕਿ ਦਿੱਲੀ ਕਿਉਂਕਿ ਦੇਸ਼ ਦੀ ਰਾਜਧਾਨੀ ਦੇ ਨਾਲ ਨਾਲ ਵੱਡਾ ਸ਼ਹਿਰ ਵੀ ਹੈ, ਇਸ ਲਈ ਉਹ ਆਮ ਲੋਕਾਂ ਦੀ ਪਹੁੰਚ ਵਿਚ ਨਹੀਂ ਹੈ। ਸ਼ਾਇਦ 'ਅਜੇ ਦਿੱਲੀ ਦੂਰ ਹੈ' ਕਹਾਵਤ ਇਸੇ ਖਿਆਲ ਤੋਂ ਬਣੀ ਹੋਵੇ। ਆਮ ਪੇਂਡੂਆਂ ਨੂੰ ਤਾਂ ਨਿੱਕਾ-ਮੋਟਾ ਸ਼ਹਿਰ ਵੀ ਬਹੁਤ ਬੌਂਦਲਾ ਦਿੰਦਾ ਹੈ। ਸ਼ਹਿਰ ਦੀ ਉਚੀ ਇਮਾਰਤ ਦੇਖ ਕੇ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ ਆਹ ਤਾਂ ਬਈ ਪੱਗ ਡਿਗਦੀ ਹੈ। ਸ਼ਾਇਦ ਕਈ ਪਾਠਕਾਂ ਨੂੰ ਪਤਾ ਹੋਵੇਗਾ ਕਿ ਇਹ ਕਹਾਵਤ ਕਦੋਂ ਅਤੇ ਕਿਵੇਂ ਸ਼ੁਰੂ ਹੋਈ। ਇਹ ਲੇਖ ਉਨ੍ਹਾਂ ਲਈ ਹੈ, ਜਿਨ੍ਹਾਂ ਨੂੰ ਇਸ ਭੇਤ ਦਾ ਨਹੀਂ ਪਤਾ ਹੋਵੇਗਾ।

ਬਹੁਤੇ ਪਾਠਕ ਸੂਫੀ ਫਕੀਰ ਹਜ਼ਰਤ ਨਿਜ਼ਾਮੂਦੀਨ ਔਲੀਆ ਬਾਰੇ ਜਾਣਦੇ ਹੋਣਗੇ। ਉਨ੍ਹਾਂ ਦਾ ਜਨਮ ਕੋਈ 1236 ਵਿਚ ਹੋਇਆ। ਉਨ੍ਹਾਂ ਦੀ ਮਾਂ ਜੁਲੈਖਾ ਨੇ ਉਨ੍ਹਾਂ ਨੂੰ ਖੂਬ ਪੜ੍ਹਨ ਦੀ ਸਿੱਖਿਆ ਦਿੱਤੀ। ਉਨ੍ਹਾਂ ਨੂੰ ਦਿੱਲੀ ਦਾ ਸਰਪ੍ਰਸਤ ਸੰਤ ਵੀ ਮੰਨਿਆ ਜਾਂਦਾ ਹੈ। ਦਿੱਲੀ ਦੇ ਹਜ਼ਰਤ ਨਿਜ਼ਾਮੂਦੀਨ ਸਟੇਸ਼ਨ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਹੀ ਰੱਖਿਆ ਗਿਆ ਸੀ। ਉਹ ਸੂਫੀਆਂ ਦੀ ਚਿਸ਼ਤੀ ਸੰਪਰਦਾ ਦੇ ਚੌਥੇ ਸੰਤ ਸਨ। ਕਹਿੰਦੇ ਹਨ, ਉਹ ਹਮੇਸ਼ਾਂ ਦੁਨੀਆਂ ਦੀਆਂ ਤਕਲੀਫਾਂ ਦੇ ਹੱਲ ਲੱਭਣ ਵਿਚ ਗ੍ਰਸਤ ਰਹਿੰਦੇ ਸਨ। ਅਮੀਰ ਖੁਸਰੋ ਵੀ ਉਨ੍ਹਾਂ ਦੇ ਪੈਰੋਕਾਰ ਸਨ। ਨਿਜ਼ਾਮੂਦੀਨ ਨੇ ਦੁਨੀਆਂ ਭਰ ਨੂੰ ਬਹੁਮੁੱਲੇ ਸੰਦੇਸ਼ ਦਿੱਤੇ ਹਨ। ਚਰਚਾ ਅਧੀਨ ਇਸ ਕਹਾਵਤ ਦਾ ਸਬੰਧ ਇਸ ਸੂਫੀ ਸੰਤ ਨਾਲ ਹੀ ਹੈ।




*ਦਿੱਲੀ ਦਾ ਹਜ਼ਰਤ ਨਿਜ਼ਾਮੂਦੀਨ ਰੇਲਵੇ ਸਟੇਸ਼ਨ*


ਸੰਨ 1320 ਤੋਂ 1325 ਤੱਕ ਦਿੱਲੀ ਦੇ ਤਖਤ ਉਤੇ ਤੁਗਲਕ ਵੰਸ਼ ਦੇ ਬਾਨੀ ਗਿਆਸੂਦੀਨ ਤੁਗਲਕ ਦਾ ਰਾਜ ਸੀ। ਇਸ ਸਮੇਂ ਮੰਗੋਲ ਭਾਰਤ ਵਿਚ ਕਾਫੀ ਘੁਸਪੈਠ ਕਰ ਰਹੇ ਸਨ। ਉਸ ਨੇ ਦਿੱਲੀ ਦੇ ਗਿਆਸਪੁਰ ਇਲਾਕੇ ਵਿਚ ਆਪਣੀ ਰਿਹਾਇਸ਼ ਬਣਾਈ। ਪਰ ਦਿੱਲੀ ਵਿਚ ਨਿਜ਼ਾਮੂਦੀਨ ਔਲੀਆ ਬਹੁਤ ਹਰਮਨਪਿਆਰੇ ਸਨ। ਭਾਵੇਂ ਤੁਗਲਕ ਦੇ ਦਰਬਾਰੀ ਖੁਸਰੋ ਨੂੰ ਤਾਂ ਬੇਹੱਦ ਪਸੰਦ ਕਰਦੇ ਸਨ ਪਰ ਉਨ੍ਹਾਂ ਦੀ ਔਲੀਆ ਨਾਲ ਅਣਬਣ ਰਹਿੰਦੀ ਸੀ। ਉਨ੍ਹਾਂ ਨੂੰ ਸ਼ੱਕ ਰਹਿੰਦਾ ਸੀ ਕਿ ਔਲੀਆ ਦੇ ਮੁਰੀਦ ਤੁਗਲਕਾਂ ਦੇ ਖਿਲਾਫ ਘਾੜਤਾਂ ਘੜਦੇ ਰਹਿੰਦੇ ਹਨ। ਸੁਲ੍ਹਾ ਕਰਨ ਲਈ ਨਿਜ਼ਾਮੂਦੀਨ ਔਲੀਆ ਨੂੰ ਦਰਬਾਰ ਵਿਚ ਬੁਲਾਇਆ ਗਿਆ ਪਰ ਉਨ੍ਹਾਂ ਸੱਤਾ ਤੋਂ ਦੂਰੀ ਬਣਾਈ ਰੱਖੀ। ਇਕ ਵਾਰੀ ਗਿਆਸੂਦੀਨ ਨੇ ਖੁਦ ਔਲੀਆ ਦੇ ਕੋਲ ਆਉਣ ਲਈ ਕਿਹਾ ਤਾਂ ਔਲੀਆ ਨੇ ਕਿਹਾ ਕਿ ਉਸ ਦੇ ਘਰ ਦੋ ਦਰਵਾਜ਼ੇ ਹਨ ਜੇ ਤੁਗਲਕ ਇਕ ਦਰਵਾਜ਼ੇ ਤੋਂ ਆਏਗਾ ਤਾਂ ਉਹ ਦੂਜੇ ਦਰਵਾਜ਼ੇ ਥਾਣੀਂ ਬਾਹਰ ਨਿਕਲ ਜਾਵੇਗਾ।

ਇਕ ਵਾਰੀ ਤੁਗਲਕ ਸੋਨਾਰਗਾਉਂ ਦੀ ਲੜਾਈ ਜਿੱਤ ਕੇ ਦਿੱਲੀ ਪਰਤ ਰਿਹਾ ਸੀ। ਇਹ ਥਾਂ ਢਾਕੇ ਦੇ ਕੋਲ ਹੀ ਹੈ। ਉਸ ਨੇ ਜਿੱਤ ਦੇ ਜਸ਼ਨ ਮਨਾਉਣ ਲਈ ਦਿੱਲੀ ਤੋਂ ਕੁਝ ਮੀਲ ਦੂਰ ਜਮਨਾ 'ਤੇ ਆਪਣਾ ਸ਼ਾਹੀ ਡੇਰਾ ਲਾਇਆ ਤਾਂ ਨਾਲ ਹੀ ਉਸ ਨੇ ਖੁਸਰੋ ਰਾਹੀਂ ਨਿਜ਼ਾਮੂਦੀਨ ਨੂੰ ਸੁਨੇਹਾ ਭੇਜਿਆ ਕਿ ਮੇਰੇ ਦਿੱਲੀ ਪਹੁੰਚਣ ਤੋਂ ਪਹਿਲਾਂ ਉਹ ਦਿੱਲੀ ਛੱਡ ਜਾਵੇ। ਜਦ ਉਸ ਨੇ ਇਹ ਸੰਦੇਸ਼ ਔਲੀਆ ਨੂੰ ਪਹੁੰਚਾਇਆ ਤਾਂ ਫਾਰਸੀ ਜ਼ਬਾਨ ਵਿਚ ਉਸ ਦਾ ਪ੍ਰਤੀਕਰਮ ਸੀ, 'ਹਨੂਜ਼ ਦਿੱਲੀ ਦੂਰ ਅਸਤ' ਭਾਵ ਅਜੇ ਦਿੱਲੀ ਦੂਰ ਹੈ।

ਕਹਿੰਦੇ ਹਨ, ਜਸ਼ਨ ਮਨਾਉਣ ਲਈ ਜਮਨਾ 'ਤੇ ਲੱਕੜੀ ਦਾ ਪੁਲ ਬਣਾਇਆ ਗਿਆ ਸੀ। ਰਾਤ ਨੂੰ ਬਹੁਤ ਤੇਜ਼ ਹਨੇਰੀ ਆਈ ਤਾਂ ਸਾਰੇ ਤੰਬੂ ਉਖੜ ਗਏ ਤੇ ਤੁਗਲਕ ਦੀ ਮੌਤ ਉਥੇ ਹੀ ਹੋ ਗਈ। ਕੁਝ ਇਕ ਦਾ ਵਿਚਾਰ ਹੈ ਕਿ ਦਰਅਸਲ ਮਸਤ ਹਾਥੀਆਂ ਨੇ ਤੰਬੂ ਉਖਾੜ ਦਿੱਤੇ ਸਨ। ਇਸ ਤਰ੍ਹਾਂ ਤੁਗਲਕ ਲਈ ਦਿੱਲੀ ਦੂਰ ਹੀ ਨਹੀਂ, ਬਲਕਿ ਦਿੱਲੀ ਦੀ ਮੰਜ਼ਿਲ ਹੀ ਖਤਮ ਹੋ ਗਈ। ਪਰ ਔਲੀਆ ਦੇ ਇਸ ਕਥਨ ਤੋਂ ਦੁਨੀਆਂ ਨੂੰ ਇਕ ਕਹਾਵਤ ਮਿਲ ਗਈ।

# ਹੁਣ ਦਿਆਲ ਸਿੰਘ ਕਾਲਜ ਦੇ ਨਾਂ 'ਤੇ ਸਿਆਸਤ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ 'ਵੰਦੇ ਮਾਤਰਮ' ਕਾਲਜ ਰੱਖਣ ਦੇ ਫੈਸਲੇ ਖਿਲਾਫ ਦਿੱਲੀ ਦੇ ਕੁਝ ਸਿੱਖ ਆਗੂਆਂ ਨੇ ਖੜ੍ਹੇ ਪੈਰ ਵਿਰੋਧ ਪ੍ਰਗਟ ਕਰ ਦਿੱਤਾ। ਇਨ੍ਹਾਂ ਵਿਚੋਂ ਇੱਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਹੈ, ਜਿਸ ਨੇ ਹੁਣ ਇਸ ਕਾਲਜ ਦੀ ਕਮੇਟੀ ਦੇ





ਪ੍ਰਧਾਨ ਵਿਰੁਧ ਦਿੱਲੀ ਪੁਲਿਸ ਕੋਲ ਬਾਕਾਇਦਾ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਹੈ। ਇਸ ਪਿੱਛੋਂ ਪ੍ਰਬੰਧਕੀ ਕਮੇਟੀ ਨੇ ਹੋਰ ਵੀ ਕਰੜਾ ਸਟੈਂਡ ਲੈ ਲਿਆ ਹੈ ਕਿ ਬਦਲ ਦਿੱਤਾ ਤਾਂ ਬਦਲ ਦਿੱਤਾ, ਇਸ ਤੋਂ ਪਿੱਛੇ ਹਟਣ ਦਾ ਕੋਈ ਸਵਾਲ ਨਹੀਂ।

ਮਨਜਿੰਦਰ ਸਿੰਘ ਸਿਰਸਾ ਤੋਂ ਬਾਅਦ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਅਤੇ ਕੁਝ ਹੋਰ ਲੋਕ ਇਸ ਤਬਦੀਲੀ ਦੇ ਖਿਲਾਫ ਚੁੱਪ ਤੋੜਨ ਲਈ ਸਾਹਮਣੇ ਆਏ ਹਨ। ਸਾਬਕਾ ਪਾਰਲੀਮੈਂਟ ਮੈਂਬਰ ਤਰਲੋਚਨ ਸਿੰਘ ਦੀ ਜਿਹੜੀ ਤਿੱਖੀ ਆਵਾਜ਼ ਪਹਿਲੇ ਦਿਨ ਸੁਣੀਦੀ ਸੀ, ਉਹ ਉਸ ਦੇ ਬਾਅਦ ਓਨੀ ਤਿੱਖੀ ਨਹੀਂ ਰਹੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਕਾਲਜ ਦਾ ਨਾਂ ਬਦਲਣ ਦਾ ਕਾਫੀ ਤਿੱਖਾ ਵਿਰੋਧ ਕੀਤਾ, ਪਰ ਹੈਰਾਨੀ ਦੀ ਗੱਲ ਹੈ ਕਿ ਸੁਖਬੀਰ ਸਿੰਘ ਬਾਦਲ ਦਾ ਬਿਆਨ ਉਦੋਂ ਆਇਆ, ਜਦੋਂ ਇਸ ਵਿਵਾਦ ਨੂੰ ਇੱਕ ਹਫਤੇ ਦੇ ਕਰੀਬ ਹੋ ਗਿਆ। ਏਨਾ ਚਿਰ ਪਿੱਛੋਂ ਚੁੱਪ ਤੋੜੇ ਜਾਣ ਨਾਲ ਆਮ ਲੋਕਾਂ 'ਚ ਇਹ ਪ੍ਰਭਾਵ ਬਣਿਆ ਕਿ ਭਾਰਤੀ ਜਨਤਾ ਪਾਰਟੀ ਲੀਡਰਸ਼ਿਪ ਦੀ ਕੌੜੀ ਅੱਖ ਤੋਂ ਡਰਦਾ ਹੋਣ ਕਰਨ ਉਹ ਏਨੇ ਦਿਨਾਂ ਤੱਕ ਝਿਜਕਦਾ ਰਿਹਾ ਤੇ ਉਦੋਂ ਬੋਲਿਆ, ਜਦੋਂ ਕੋਈ ਰਾਹ ਨਹੀਂ ਸੀ ਰਹਿ ਗਿਆ।

ਮਨਜਿੰਦਰ ਸਿੰਘ ਸਿਰਸਾ ਦੀ ਇੱਕ ਮੀਡੀਆ ਚੈਨਲ ਉਤੇ ਇਸ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਮੁਖੀ ਨਾਲ ਚੋਖੀ ਕੌੜੀ ਝੜਪ ਵੀ ਹੋ ਗਈ। ਫਿਰ ਜੋ ਹੁੰਦਾ ਰਹਿੰਦਾ ਹੈ, ਉਹ ਸਿਰਸਾ ਨਾਲ ਵੀ ਹੋ ਗਿਆ। ਅੱਜ-ਕੱਲ੍ਹ ਇਸ ਦੇਸ਼ ਦੀ ਬਹੁ-ਗਿਣਤੀ ਆਬਾਦੀ ਦੇ ਜਜ਼ਬਾਤ ਭੜਕਾ ਕੇ ਰਾਜਨੀਤੀ ਕਰਨ ਵਾਲਿਆਂ ਦਾ ਮਨ-ਭਾਉਂਦਾ ਪੈਂਤੜਾ ਇਹੋ ਹੈ ਕਿ ਜਿਸ ਬੰਦੇ ਨਾਲ ਸੁਰ ਨਹੀਂ ਮਿਲਦੀ, ਉਸ ਨੂੰ ਜਾਂ ਕਹਿ ਦਿਓ ਕਿ ਉਹ ਪਾਕਿਸਤਾਨ ਚਲਾ ਜਾਵੇ ਜਾਂ ਫਿਰ ਧਮਕੀ ਦੇ ਦਿਓ ਕਿ ਤੇਰੇ ਵਰਗਿਆਂ ਨੂੰ ਪਾਕਿਸਤਾਨ ਧੱਕ ਦਿੱਤਾ ਜਾਵੇਗਾ। ਜਦੋਂ ਪੰਜਾਬੀ ਸੂਬਾ ਲਹਿਰ ਚੱਲਦੀ ਸੀ, ਉਸ ਲਹਿਰ ਦਾ ਵਿਰੋਧ ਕਰਨ ਵਾਲੇ ਟੋਲਿਆਂ ਲਈ ਮਨ-ਭਾਉਂਦਾ ਨਾਹਰਾ ਹੁੰਦਾ ਸੀ, 'ਕੱਛ ਕੜਾ ਕ੍ਰਿਪਾਨ, ਧੱਕ ਦਿਆਂਗੇ ਪਾਕਿਸਤਾਨ' ਕਈ ਸਾਲਾਂ ਤੋਂ ਇਹ ਨਾਹਰਾ ਨਹੀਂ ਸੀ ਸੁਣਿਆ ਗਿਆ ਤੇ ਅਸੀਂ ਇਸ ਗੱਲੋਂ ਖੁਸ਼ ਸਾਂ ਕਿ ਘੱਟੋ-ਘੱਟ ਏਦਾਂ ਦੀ ਬਦਮਜ਼ਗੀ ਹੁਣ ਨਹੀਂ ਹੋ ਰਹੀ।

ਇਸ ਵਾਰੀ ਦਿੱਲੀ ਵਾਲੇ ਇਸ ਵਿਵਾਦ ਵਿਚ ਮਨਜਿੰਦਰ ਸਿੰਘ ਸਿਰਸਾ ਨਾਲ ਜੋ ਹੋਇਆ, ਉਹ ਪੰਜਾਬੀ ਸੂਬੇ ਵਾਲੇ ਉਨ੍ਹਾਂ ਦਿਨਾਂ ਦੇ ਨਾਹਰੇ ਦਾ ਚੇਤਾ ਕਰਾਉਣ ਲਈ ਕਾਫੀ ਹੈ। ਬਹੁਗਿਣਤੀ ਦੀ ਫਿਰਕਾਪ੍ਰਸਤੀ ਦਾ ਜਨੂੰਨ ਇਸ ਹੱਦ ਤੱਕ ਚਲਾ ਗਿਆ ਹੈ ਕਿ ਭਾਜਪਾ ਦੀ ਟਿਕਟ ਉਤੇ ਵਿਧਾਇਕ ਬਣੇ ਹੋਏ ਅਕਾਲੀ ਆਗੂ 'ਸਿਰਸਾ' ਨੂੰ ਵੀ ਨਹੀਂ ਬਖਸ਼ਿਆ ਗਿਆ।

ਜੀ ਹਾਂ, ਇਹ ਹੱਦੋਂ ਵੱਧ ਮਾੜਾ ਰਿਵਾਜ ਪੈ ਰਿਹਾ ਹੈ ਕਿ ਜਿਸ ਕਿਸੇ ਦੀ ਗੱਲ ਬਰਦਾਸ਼ਤ ਨਾ ਹੁੰਦੀ ਹੋਵੇ, ਝੱਟ ਉਸ ਨੂੰ 'ਪਾਕਿਸਤਾਨ ਚਲਾ ਜਾਹ' ਜਾਂ ਫਿਰ 'ਤੈਨੂੰ ਪਾਕਿਸਤਾਨ ਭੇਜ ਦਿਆਂਗੇ' ਆਖਣ ਨੂੰ ਦੇਰ ਨਹੀਂ ਲਾਈ ਜਾਂਦੀ। ਭਾਰਤ ਦੀ ਜਿਸ ਮਿੱਟੀ ਵਿਚ ਇਹ ਲੋਕ ਪਲੇ ਹਨ, ਦੂਸਰੇ ਵੀ ਓਸੇ ਵਿਚ ਪਲੇ ਅਤੇ ਪ੍ਰਵਾਨ ਚੜ੍ਹੇ ਹਨ। ਭਾਰਤ ਕਿਸੇ ਇੱਕ ਸਿਆਸੀ ਪਾਰਟੀ ਜਾਂ ਕਿਸੇ ਇੱਕ ਧਰਮ ਨਾਲ ਜੁੜੇ ਹੋਏ ਲੋਕਾਂ ਦੀ ਜਾਗੀਰ ਨਹੀਂ, ਸਾਰੇ ਭਾਰਤੀਆਂ ਦਾ ਹੈ ਤੇ ਅੱਜ ਦੇ ਪੜਾਅ ਤੱਕ ਜਿਹੜਾ ਪੈਂਡਾ ਇਸ ਨੇ ਤੈਅ ਕੀਤਾ ਹੈ, ਉਸ ਵਿਚ ਇਨ੍ਹਾਂ ਸਾਰੇ ਧਰਮਾਂ ਦੇ ਲੋਕਾਂ ਦਾ ਯੋਗਦਾਨ ਹੈ। ਆਜ਼ਾਦੀ ਲੈਣ ਲਈ ਜਿਹੜੀ ਲੜਾਈ ਲੜੀ ਗਈ, ਉਸ ਵਿਚ ਭਗਤ ਸਿੰਘ ਦੇ ਨਾਲ ਫਾਂਸੀ ਦਾ ਰੱਸਾ ਚੁੰਮਣ ਵਾਲਿਆਂ ਵਿਚ ਰਾਜਗੁਰੂ ਤੇ ਸੁਖਦੇਵ ਵੀ ਸਨ ਤਾਂ ਕਾਕੋਰੀ ਕੇਸ ਵਿਚ ਉਨ੍ਹਾਂ ਵਾਂਗ ਅਸ਼ਫਾਕ ਉਲਾ ਖਾਨ ਨੇ ਫਾਂਸੀ ਦਾ ਝੂਟਾ ਲਿਆ ਸੀ।

ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਆਜ਼ਾਦੀ ਦੀ ਰਾਖੀ ਲਈ ਕੁਰਬਾਨੀ ਕਰਨ ਵਾਲਿਆਂ ਵਿਚ ਵੀ ਸਭ ਧਰਮਾਂ ਦੇ ਲੋਕ ਸ਼ਾਮਲ ਸਨ। ਆਜ਼ਾਦੀ ਮਿਲੀ ਨੂੰ ਅਜੇ ਚੰਦ ਹਫਤੇ ਗੁਜ਼ਰੇ ਸਨ, ਜਦੋਂ ਪਾਕਿਸਤਾਨ ਦੀ ਸਰਕਾਰ ਨੇ ਕਬਾਇਲੀ ਲੋਕਾਂ ਦਾ ਭੇਸ ਬਣਾ ਕੇ ਆਪਣੀ ਫੌਜ ਕਸ਼ਮੀਰ ਘਾਟੀ ਵਿਚ ਵਾੜ ਦਿੱਤੀ ਸੀ। ਉਦੋਂ ਤੱਕ ਕਸ਼ਮੀਰ ਦਾ ਰਾਜਾ ਦੋ ਦੇਸ਼ਾਂ ਵਿਚਾਲੇ ਆਜ਼ਾਦ ਰਹਿ ਕੇ ਠਾਠ ਮਾਣਨ ਦੇ ਸੁਫਨੇ ਲੈ ਰਿਹਾ ਸੀ, ਪਰ ਪਾਕਿਸਤਾਨੀ ਫੌਜ ਦੀ ਚੜ੍ਹਤ ਵੇਖ ਕੇ ਉਸ ਨੇ ਭਾਰਤ ਵਿਚ ਰਲਣ ਦੀ ਸਹਿਮਤੀ ਦੇ ਦਿੱਤੀ ਤੇ ਇਸ ਮਗਰੋਂ ਭਾਰਤੀ ਫੌਜ ਉਥੇ ਭੇਜੀ ਗਈ ਸੀ। ਹਮਲਾ ਇਸਲਾਮ ਦੇ ਨਾਂ ਉਤੇ ਨਵੇਂ ਬਣੇ ਹੋਏ ਦੇਸ਼ ਪਾਕਿਸਤਾਨ ਨੇ ਕੀਤਾ ਸੀ, ਪਰ ਉਸ ਨੂੰ ਠੱਲ੍ਹਣ ਲਈ ਪਹਿਲੇ ਪੜਾਅ ਉਤੇ ਜਿਹੜੇ ਲੋਕਾਂ ਨੇ ਜਾਨਾਂ ਵਾਰੀਆਂ ਸਨ, ਉਨ੍ਹਾਂ ਵਿਚ ਇੱਕ ਨਾਂ ਬ੍ਰਿਗੇਡੀਅਰ ਉਸਮਾਨ ਅਲੀ ਦਾ ਸੀ, ਜਿਸ ਨੂੰ ਮਰਨ ਪਿੱਛੋਂ ਮਹਾਂਵੀਰ ਚੱਕਰ ਦਿੱਤਾ ਗਿਆ ਸੀ।

ਅਗਲੀ ਜੰਗ ਦੌਰਾਨ ਖੇਮਕਰਨ ਸੈਕਟਰ ਵਿਚ ਪਾਕਿਸਤਾਨ ਦੇ ਕਈ ਟੈਂਕ ਤੋੜਨ ਦੇ ਬਾਅਦ ਹਵਾਲਦਾਰ ਅਬਦੁਲ ਹਮੀਦ ਨੇ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪਾਈ ਸੀ ਤੇ ਸਭ ਤੋਂ ਵੱਡਾ ਸਨਮਾਨ ਪਰਮਵੀਰ ਚੱਕਰ ਮਰਨ ਪਿੱਛੋਂ ਉਸ ਬਹਾਦਰ ਦੇ ਨਾਂ ਐਲਾਨ ਕੀਤਾ ਗਿਆ ਸੀ। ਤੀਸਰੀ ਜੰਗ ਮੌਕੇ ਪਾਕਿਸਤਾਨ ਖਿਲਾਫ ਲੜਦਿਆਂ ਪੰਜਾਬ ਦੇ ਨਿਰਮਲਜੀਤ ਸਿੰਘ ਸੇਖੋਂ ਨੇ ਦੇਸ਼ ਲਈ ਜਾਨ



ਮਨਜਿੰਦਰ ਸਿੰਘ ਸਿਰਸਾ

ਵਾਰੀ ਸੀ। ਉਨ੍ਹਾਂ ਸਾਰਿਆਂ ਦੀ ਕੁਰਬਾਨੀ ਕਿਸੇ ਪੱਖੋਂ ਊਣੀ-ਪੌਣੀ ਨਹੀਂ, ਸਗੋਂ ਦੂਣ-ਸਵਾਈ ਸੀ।

ਅਸੀਂ ਪਿਛਲੇ ਦਿਨਾਂ ਤੋਂ ਇੱਕ ਜਾਂ ਦੂਸਰੇ ਬਹਾਨੇ ਹੇਠ ਇੱਕ ਫਿਰਕੂ ਉਬਾਲ ਉਠਦਾ ਵੇਖਦੇ ਪਏ ਹਾਂ। ਇਸ ਵੇਲੇ ਦਿੱਲੀ ਵਿਚ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੇ ਬਹਾਨੇ ਏਸੇ ਖੇਡ ਦੀ ਸ਼ੁਰੂਆਤ ਕੀਤੀ ਗਈ ਹੈ। ਦਿਆਲ ਸਿੰਘ ਕਾਲਜ ਦੇ ਬਾਅਦ ਗੱਲ ਰੁਕ ਨਹੀਂ ਜਾਣੀ, ਕੱਲ੍ਹ ਨੂੰ ਕੋਈ ਕਹੂ ਕਿ ਦਿਆਲ ਸਿੰਘ ਨੇ ਪੰਜਾਬ ਨੈਸ਼ਨਲ ਬੈਂਕ ਸ਼ੁਰੂ ਕਰਵਾਇਆ ਸੀ, ਉਸ ਦਾ ਨਾਂ ਵੀ ਬਦਲ ਦਿੱਤਾ ਜਾਵੇ ਅਤੇ ਇੱਕ ਦਿਨ ਅਚਾਨਕ ਬੈਠਕ ਲਾ ਕੇ ਚਾਰ ਬੰਦੇ ਐਲਾਨ ਕਰ ਦੇਣਗੇ ਕਿ ਇਸ ਦਾ ਨਾਂ ਫਲਾਣਾ ਬੈਂਕ ਕਰ ਦਿੱਤਾ ਗਿਆ ਹੈ। ਇੱਕ ਵਾਰੀ ਸ਼ੁਰੂ ਹੋਈ ਅਜਿਹੀ ਖੇਡ ਫਿਰ ਰੁਕਦੀ ਨਹੀਂ ਹੁੰਦੀ। ਸਿਆਣੇ ਕਹਿੰਦੇ ਹਨ, ਕੁਚੱਜ ਦੀ ਸ਼ੁਰੂਆਤ ਇੱਕ ਵਾਰ ਹੋ ਜਾਵੇ ਤਾਂ ਕੱਚੀ ਲੱਸੀ ਵਾਂਗ ਵਧੀ ਜਾਂਦੀ ਹੈ। ਭਾਰਤ ਦੇਸ਼ ਸਦੀਆਂ ਤੋਂ, ਅਤੇ ਉਸ ਤੋਂ ਵੀ ਪਹਿਲਾਂ ਸ਼ਾਇਦ ਯੁੱਗਾਂ ਤੋਂ, ਜਿਵੇਂ ਚੱਲਦਾ ਰਿਹਾ ਹੈ, ਇਸ ਨੂੰ ਆਪਣੇ ਉਸ ਰਾਹ ਉਤੇ ਓਸੇ ਤਰ੍ਹਾਂ ਵਧਦੇ ਜਾਣਾ ਚਾਹੀਦਾ ਹੈ। ਅੜਿੱਕੇ ਇਸ ਅੱਗੇ ਉਸ ਵੇਲੇ ਵੀ ਆਏ ਸਨ, ਜਦੋਂ ਮਨੂੰ ਸਿਮ੍ਰਤੀ ਲਾਗੂ ਕਰ ਕੇ ਕਿਰਤੀ ਲੋਕਾਂ ਨੂੰ ਆਬਾਦੀਆਂ ਤੋਂ ਦੂਰ ਕਰ ਦਿੱਤਾ ਗਿਆ ਸੀ, ਅਤੇ ਉਦੋਂ ਵੀ ਆਏ, ਜਦੋਂ ਗਰੀਬਾਂ ਦੇ ਕੰਨਾਂ ਵਿਚ ਪਿਘਲਿਆ ਸ਼ੀਸ਼ਾ ਪਾਇਆ ਗਿਆ ਸੀ। ਦੇਸ਼ ਨੇ ਆਖਰ ਉਹ ਅੜਿੱਕੇ ਪਾਰ ਕਰ ਲਏ ਸਨ। ਹੁਣ ਨਵੇਂ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ, ਪਰ ਇਹ ਸਦਾ ਨਹੀਂ ਰਹਿਣੇ। ਇੱਕ ਜੁਝਾਰੂ ਕਵੀ ਨੇ ਲਿਖਿਆ ਸੀ: 'ਹੌਸਲੇ ਪਏ ਖੇਡਦੇ ਨੇ ਕਾਲੀਆਂ ਰਾਤਾਂ ਦੇ ਨਾਲ, ਇਹ ਭਰੋਸਾ ਹੈ ਮਿਰਾ, ਰੋਸ਼ਨ ਸਵੇਰੇ ਆਉਣਗੇ।' ਇਹ ਭਰੋਸਾ ਦੇਸ਼ ਦੀ ਅਗਵਾਈ ਜ਼ਰੂਰ ਕਰੇਗਾ।

# ਨਵੀਂ ਦਿੱਲੀ ਬਨਾਮ ਗੋਪਾਲ ਸਿੰਘਪੁਰਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਦਿੱਲੀ ਵਾਲੇ ਦਿਆਲ ਸਿੰਘ ਕਾਲਜ ਦਾ ਨਾਂ ਵੰਦੇ ਮਾਤਰਮ ਮਹਾਂਵਿਦਿਆਲਾ ਰੱਖੇ ਜਾਣ ਦੀਆਂ ਖਬਰਾਂ ਨੇ ਮੈਨੂੰ ਆਪਣੀ ਵਾਘਾ ਪਾਰ ਦੀ ਫੇਰੀ ਚੇਤੇ ਕਰਵਾ ਦਿੱਤੀ ਹੈ। 1965 ਦੀ ਭਾਰਤ-ਪਾਕਿ ਜੰਗ ਸਮੇਂ ਭਾਰਤੀ ਫੌਜ ਪਾਕਿਸਤਾਨ ਦੇ ਪਿੰਡਾਂ ਵਿਚ ਦਾਖਲ ਹੋਈ ਤਾਂ ਪਿੰਡ ਵਾਸੀ ਆਪਣਾ ਘਰ-



ਦਿਆਲ ਸਿੰਘ ਮਜੀਠੀਆ

ਘਾਟ ਛੱਡ ਕੇ ਆਪਣੇ ਰਿਸ਼ਤੇਦਾਰਾਂ ਦੇ ਘਰੀਂ ਚਲੇ ਗਏ। ਮੈਂ ਤੇ ਮੇਰਾ ਮਿੱਤਰ ਤਾਰਾ ਸਿੰਘ ਕਾਮਲ ਦਿੱਲੀ ਤੋਂ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਜਿੱਤੇ ਹੋਏ ਪਿੰਡ ਵੇਖਣ ਤੁਰ ਪਏ। ਅੰਬਾਲਾ ਨੇੜੇ ਜਦੋਂ ਅਸੀਂ ਉਸ ਗਿਰਜਾ ਘਰ ਨੂੰ ਵੇਖਣ ਰੁਕੇ, ਜਿਸ ਉਤੇ ਪਾਕਿਸਤਾਨੀ ਬੰਬਾਰੀ ਦੇ ਨਿਸ਼ਾਨ ਸਨ, ਤਾਂ ਬਲਰਾਜ ਸਾਹਨੀ ਵੀ ਆਪਣੀ ਗੱਡੀ ਰੁਕਵਾ ਕੇ ਇਹੀਓ ਵੇਖ ਰਿਹਾ ਸੀ। ਉਹ ਵਾਘਾ ਤੋਂ ਵਾਪਸ ਆ ਰਿਹਾ ਸੀ ਤੇ ਅਸੀਂ ਓਧਰ ਜਾ ਰਹੇ ਸਾਂ। ਉਸ ਨੇ ਓਪਰਲੇ ਪਿੰਡਾਂ ਵਿਚ ਕੀ ਤੱਕਿਆ? ਪੁੱਛਣ ਲਈ ਸਮਾਂ ਨਹੀਂ ਸੀ।

ਅਸੀਂ ਵਾਘਾ ਪਾਰ ਦੇ ਪਿੰਡ ਗੋਪਾਲ ਸਿੰਘਪੁਰਾ ਪਹੁੰਚੇ ਤਾਂ ਛੱਪੜ ਦੇ ਕੰਢੇ ਕਿਸੇ ਵਿਦਿਆਰਥੀ ਦੀ ਕਾਪੀ ਦੇ ਵਰਕੇ ਰੁਲ ਰਹੇ ਸਨ। ਇੱਕ ਵਰਕੇ ਉਤੇ ਪਿੰਡ ਦੀ ਮਸਜਿਦ, ਪੰਚਾਇਤ ਦੀ ਬੈਠਕ ਤੇ ਪਿੰਡ ਦਾ ਆਮ ਹਾਲ ਦਰਜ ਸੀ। ਲਿਖਿਆ ਸੀ, "ਇਸ ਛੋਟੇ ਸੇ ਗਾਉਂ ਮੇਂ ਤਮਾਮ ਮਕਾਨ ਕੱਚੀ ਈਟੋਂ ਔਰ ਗਾਰੇ ਕੇ ਬਨੇ ਹੂਏ ਹੈਂ। ਅਲਬੱਤਾ ਸਿੰਘ ਨੇ ਏਕ ਪੁਖਤਾ ਮਕਾਨ ਬਨਵਾਇਆ ਥਾ ਜੋ ਏਕ ਮੰਜ਼ਿਲਾ ਹੈ। ਇਸ ਕੇ ਇਲਾਵਾ ਏਕ ਪੁਖਤਾ ਈਟ ਔਰ ਸੀਮਿੰਟ ਵਾਲਾ ਗੁਰਦਵਾਰਾ ਭੀ ਹੈ। ਹਮ ਮਹਾਜਰੀਨ (ਸ਼ਰਨਾਰਥੀਆਂ) ਨੇ ਭੀ ਨਮਾਜ਼ ਪੜ੍ਹਨੇ ਕੇ ਲੀਏ ਪੁਖਤਾ ਚਬੂਤਰਾ ਬਨਾ ਲੀਆ ਹੈ। ਚੰਦਾ ਜਮਾ ਕਰ ਰਹੇ ਹੈਂ ਕਿ ਇਸ ਜਗ੍ਹਾ ਏਕ ਅੱਛੀ ਮਸਜਿਦ ਤਿਆਰ ਕਰੇਂ। ਇਰਾਦਾ ਪੁਖਤਾ ਹੈ। ਇੰਸ਼ਾ ਅੱਲਾ ਛੇ ਸਾਤ ਮਾਹ ਮੇਂ ਮਸਜਿਦ ਤਿਆਰ ਹੋ ਜਾਏਗੀ।"

ਇਸ ਗੱਲ ਨੇ ਸਾਨੂੰ ਪ੍ਰਭਾਵਿਤ ਕੀਤਾ। ਪਿੰਡ ਬੰਨ੍ਹਣ ਵਾਲੇ ਗੋਪਾਲ ਸਿੰਘ ਪ੍ਰਤੀ ਅਦਬ ਆਦਾਬ ਦੀ ਭਾਵਨਾ ਸੀ, ਦੇਸ਼ ਵੰਡ ਦੇ ਅਠਾਰਾਂ ਸਾਲ ਪਿੱਛੋਂ ਵੀ। ਉਦੋਂ ਜਦ ਕਤਲ-ਓ-ਗਾਰਤ ਦੇ ਜ਼ਖਮ ਸੀਮਾ ਦੇ ਆਰ-ਪਾਰ ਬਿਲਕੁਲ ਅੱਲ੍ਹੇ ਸਨ। ਅਜੋਕੀ ਪ੍ਰਮੁੱਖ ਸਿਆਸੀ ਪਾਰਟੀ ਦਿਆਲ ਸਿੰਘ ਕਾਲਜ ਦਾ ਨਾਂ ਵੰਦੇ ਮਾਤਰਮ ਮਹਾਵਿਦਿਆਲਾ ਰੱਖ ਕੇ ਕੀ ਸੰਦੇਸ਼ ਦੇਣਾ ਚਾਹੁੰਦੀ ਹੈ?

ਦਿਆਲ ਸਿੰਘ ਕਾਲਜ ਦੀ ਸਥਾਪਨਾ 1910 ਵਿਚ ਲਾਹੌਰ ਵਿਖੇ ਉਘੇ ਪਰਉਪਕਾਰੀ ਦਿਆਲ ਸਿੰਘ ਮਜੀਠੀਆ ਦੀ ਸੰਪਤੀ ਤੋਂ ਉਪਜੇ ਦਿਆਲ ਸਿੰਘ ਟਰਸਟ ਦੁਆਰਾ ਹੋਈ ਸੀ। ਦੇਸ਼ ਵੰਡ ਤੋਂ ਪਿੱਛੋਂ 1959 ਵਿਚ ਇਸ ਟਰੱਸਟ ਨੇ ਪੰਜਾਬ ਯੂਨੀਵਰਸਿਟੀ ਵਲੋਂ ਦਿੱਲੀ ਦੇ ਸ਼ਰਨਾਰਥੀਆਂ ਦੀ ਵਿਦਿਆ ਲਈ ਖੋਲ੍ਹੇ ਗਏ ਕੈਂਪ ਕਾਲਜ ਦੀ ਸਾਂਭ-ਸੰਭਾਲ ਆਪਣੇ ਹੱਥ ਲੈ ਕੇ ਲੋਧੀ ਐਸਟੇਟ ਵਿਚ ਇਮਾਰਤ ਉਸਾਰ ਕੇ ਦਿਆਲ ਸਿੰਘ ਕਾਲਜ ਖੋਲ੍ਹਣਾ ਵੀ ਕਮਾਲ ਸੀ, ਜਿਸ ਨੂੰ 1978 ਵਿਚ ਦਿੱਲੀ ਯੂਨੀਵਰਸਿਟੀ ਨੇ ਆਪਣੀ ਦੇਖ-ਰੇਖ ਹੇਠ ਲੈ ਲਿਆ।

ਮੈਨੂੰ ਕੈਂਪ ਕਾਲਜ 1959 ਵਿਚ ਦਿਆਲ ਸਿੰਘ ਟਰੱਸਟ ਵੱਲੋਂ ਸਾਂਭਣ ਦੀ ਓਨੀ ਹੀ ਖੁਸ਼ੀ ਹੋਈ ਸੀ, ਜਿੰਨੀ ਗੋਪਾਲ ਸਿੰਘਪੁਰਾ (ਪਾਕਿਸਤਾਨ) ਦੇ ਗੁਰਦੁਆਰੇ ਨੂੰ ਆਂਚ ਪਹੁੰਚਾਏ ਬਿਨਾ ਉਥੋਂ ਦੇ ਸ਼ਰਨਾਰਥੀਆਂ ਵਲੋਂ ਵੱਖਰੀ ਮਸਜਿਦ ਉਸਾਰੇ ਜਾਣ ਦੇ ਯਤਨਾਂ ਦੀ।

ਜਿੱਥੋਂ ਤੱਕ ਦਿਆਲ ਸਿੰਘ ਮਜੀਠੀਆ ਦੀ ਯਾਦ ਨੂੰ ਸੰਭਾਲ ਕੇ ਰੱਖਣ ਦਾ ਸਬੰਧ ਹੈ, ਦੋਹਾਂ ਪੰਜਾਬਾਂ ਦੀਆਂ ਵਿਦਿਅਕ ਸੰਸਥਾਵਾਂ ਹੀ ਨਹੀਂ, ਵੱਡੀਆਂ ਲਾਇਬਰੇਰੀਆਂ ਵੀ ਇਸ ਦੀਆਂ ਗਵਾਹ ਹਨ। ਉਧਰਲੇ ਪੰਜਾਬ ਵਾਲਿਆਂ ਨੇ ਤਾਂ ਵੱਡੇ ਹਸਪਤਾਲਾਂ ਦੇ ਨਿਰਮਾਤਾ ਸਰ ਗੰਗਾ ਰਾਮ ਨੂੰ ਵੀ ਨਹੀਂ ਵਿਸਾਰਿਆ। ਇਸ ਗੱਲ ਵਿਚ ਸ਼ੱਕ ਨਹੀਂ ਕਿ ਕਾਲਜ ਦਾ ਨਾਂ ਬਦਲਣ ਵਾਲੀ ਪੁਠੀ ਹਰਕਤ ਨੇ ਆਪਣੀ ਮੌਤ ਮਰ ਜਾਣਾ ਹੈ ਪਰ ਇਸ ਮਾਮਲੇ ਨੇ ਭਗਵਾਂਕਰਨ ਦੀ ਰਾਜਨੀਤੀ ਵਿਚ ਆ ਰਹੇ ਮੂੰਹ ਭਾਰ ਡਿਗਣ ਦੇ ਝੁਕਾਓ ਕਾਰਨ ਇਸ ਦੇ ਨੇਤਾਵਾਂ ਵੱਲੋਂ ਅੱਕੀਂ ਪਲਾਹੀਂ ਹੱਥ ਮਾਰਦਿਆਂ ਭਰਿੰਡਾਂ ਦੇ ਖੱਖਰ ਨੂੰ ਛੇੜਨਾ ਹਾਸੋ ਹੀਣਾ ਹੀ ਨਹੀਂ, ਨਿੰਦਣਯੋਗ ਵੀ ਹੈ। ਚੇਤੇ ਰਹੇ, ਦਿਆਲ ਸਿੰਘ ਟਰੱਸਟ ਦਾ ਵਰਤਮਾਨ ਪ੍ਰਧਾਨ ਅਮਿਤਾਭ ਬੰਦਾ ਹੈ। ਮੈਂ ਗੋਪਾਲ ਸਿੰਘਪੁਰਾ ਦੇ ਸਧਾਰਨ ਪਾਕਿਸਤਾਨੀਆਂ ਦਾ ਹਵਾਲਾ ਇਸ ਲਈ ਦਿੱਤਾ ਹੈ ਕਿ ਉਨ੍ਹਾਂ ਨੇ ਪੱਕੀ ਇੱਟ ਦੇ ਗੁਰਦੁਆਰੇ ਨੂੰ ਆਂਚ ਪਹੁੰਚਾਏ ਬਿਨਾ ਚੰਦਾ ਇਕੱਠਾ ਕਰਕੇ ਮਸਜਿਦ ਉਸਾਰਨ ਦਾ ਉਪਰਾਲਾ ਕੀਤਾ ਸੀ। ਜੇ ਇਥੇ ਵੀ ਵੰਦੇ ਮਾਤਰਮ ਮਹਾਵਿਦਿਆਲਾ ਦੀ ਸਥਾਪਨਾ ਲਈ ਵੱਖਰੀ ਥਾਂ ਲੱਭ ਕੇ ਨਵੀਂ ਇਮਾਰਤ ਉਸਾਰੀ ਜਾਵੇ ਤਾਂ ਸਹੀ ਸੋਚ ਵਾਲਾ ਸਮੁੱਚਾ ਸੰਸਾਰ ਇਸ ਦਾ ਸਵਾਗਤ ਕਰੇਗਾ।

**ਬਰਤਾਨੀਆ ਵਾਸੀ ਪੰਜਾਬੀ ਲੇਖਕ ਅਵਤਾਰ ਸਾਦਿਕ:** ਪਿਛਲੇ ਹਫਤੇ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਅਵਤਾਰ ਸਾਦਿਕ ਨੂੰ



ਅਵਤਾਰ ਸਾਦਿਕ

ਪਾਠਕਾਂ ਦੇ ਰੂਬਰੂ ਕੀਤਾ। ਉਸ ਨੇ ਆਪਣੇ ਇਕਬਾਲੀਆ ਬਿਆਨ ਰਾਹੀਂ ਆਪਣੀ ਸਾਹਿਤਕ ਯਾਤਰਾ ਨੂੰ ਕੌਮਾਂਤਰੀ ਖੱਬੇਪੱਖੀ ਲਹਿਰਾਂ ਤੇ ਬਰਤਾਨੀਆ ਦੀ ਮਜ਼ਦੂਰ ਸ਼੍ਰੇਣੀ ਦੇ ਘੋਲਾਂ ਨਾਲ ਲੈਸ ਕਰਕੇ ਵੀਹਵੀਂ ਸਦੀ ਦੇ 60ਵਿਆਂ ਵਿਚ ਬਰਤਾਨੀਆ ਦੀ ਨਵ-ਉਸਾਰੀ ਵਿਚੋਂ ਪੰਜਾਬੀ ਕਾਮਿਆਂ ਦੇ ਯੋਗਦਾਨ ਦਾ ਯਥਾਰਥਕ ਨਕਸ਼ਾ ਪੇਸ਼ ਕੀਤਾ। ਉਹਦੇ ਕੋਲੋਂ ਉਹਦੀਆਂ ਕਵਿਤਾਵਾਂ ਸੁਣ ਕੇ ਸਰੋਤਿਆਂ ਨੇ ਮਹਿਸੂਸ ਕੀਤਾ ਕਿ ਉਹਨੇ ਉਥੇ ਪਹੁੰਚ ਕੇ ਮਜ਼ਦੂਰੀ ਕਰਨ ਵਾਲਿਆਂ ਦੀ ਮਨੋ ਦਸ਼ਾ ਦਾ ਯਥਾਰਥਕ ਨਕਸ਼ਾ ਪੇਸ਼ ਕੀਤਾ ਹੈ। ਪੰਜਾਬੀ ਮਜ਼ਦੂਰ ਜ਼ਿੰਦਾਬਾਦ।

**ਅੰਤਿਕਾ: (ਅਵਤਾਰ ਸਾਦਿਕ ਦਾ ਨੀਂਦਰ ਨਾਮਾ)**

ਨੀਂਦੇ ਨੀਂ ਅਸੀਂ ਪੌਡਾਂ ਦੇ ਪੁੱਤ
ਸਮੇਂ ਦੇ ਨੌਕਰ, ਭੁੱਖਾਂ ਦੇ ਪਰਛਾਂਵੇਂ
ਅੰਬਰੋਂ ਟੁੱਟੇ ਤਾਰੇ ਵਾਂਗੂੰ
ਵਿਚ ਖਲਾਅ ਦੇ ਘੁੰਮੀਏ!
ਜਾਗਣ ਦਾ ਬੀਮਾ ਕਰਵਾ ਕੇ
ਪੂੰਝਣ ਲਈ ਪਿੰਡੇ ਦਾ ਮੁੜ੍ਹਕਾ
ਮਿੱਲਾਂ ਦੇ ਦਰ ਮੱਲੇ,
ਧਰਤੀ ਵਾਂਗੂੰ ਇੱਕ ਧੁਰਾ ਹੈ,
ਫੋਰਮੈਨ ਦੀ ਉਂਗਲੀ;
ਜਿਸ ਉਦਾਲੇ ਘੁੰਮੀਏ!

ਨੀਂਦੇ ਨੀਂ ਇਸ ਮੰਡੀ ਦੇ ਵਿਚ
ਤੇਰੇ ਸ਼ਿਕਵੇ ਦਾ ਕੀ ਮੁੱਲ ਹੈ,
ਸਾਡੇ ਉਤੇ ਤਰਸ ਕਰੇਂ ਜੇ
ਇਹ ਤਾਂ ਫਿਰ ਤੇਰੀ ਹੀ ਭੁੱਲ ਹੈ!
ਨੀਂਦੇ ਨੀਂ ਸਾਡੀ ਜਾਗ 'ਤੇ ਪਹਿਰੇ,
ਅੱਖਾਂ ਦੇ ਵਿਚ ਝਾਗ ਕੇ ਰਾਤਾਂ
ਚਿਹਰੇ ਹੋ ਗਏ ਬੱਗੇ
ਐਪਰ ਓਵਰ-ਟਾਈਮ ਦਾ ਨਾਂ ਸੁਣਦਿਆਂ
ਆਈਏ ਕਬਰਾਂ ਵਿਚੋਂ ਭੱਜੇ!

# ਲੰਡਨ ਦੀ ਸੰਸਥਾ ਵੱਲੋਂ ਹਰਿਮੰਦਰ ਸਾਹਿਬ ਦਾ ਇਨਾਮ ਨਾਲ ਸਨਮਾਨ

**ਅੰਮ੍ਰਿਤਸਰ:** ਲੰਡਨ (ਯੂ.ਕੇ.) ਦੀ 'ਵਰਲਡ ਬੁੱਕ ਆਫ ਰਿਕਾਰਡਜ਼' ਸੰਸਥਾ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਨੂੰ 'ਮੋਸਟ ਵਿਜ਼ਟਿਡ ਪਲੇਸ ਆਫ ਦਾ ਵਰਲਡ' (ਵਿਸ਼ਵ ਭਰ ਵਿਚੋਂ ਸਭ ਤੋਂ ਵੱਧ ਸੈਲਾਨੀਆਂ ਦੀ ਆਮਦ ਵਾਲਾ ਸਥਾਨ) ਦਾ ਪੁਰਸਕਾਰ ਦਿੱਤਾ ਗਿਆ। ਇਹ ਸਨਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਇਹ ਪੁਰਸਕਾਰ ਪ੍ਰਾਪਤ ਕੀਤਾ। ਇਸ ਪੁਰਸਕਾਰ ਉਪਰ ਸੰਸਥਾ ਦੇ ਚੇਅਰਮੈਨ ਦਿਵਾਕਰ ਸੁਕੁਲ ਅਤੇ ਇੰਗਲੈਂਡ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਦੇ ਦਸਤਖਤ ਹਨ।



'ਵਰਲਡ ਬੁੱਕ ਆਫ ਰਿਕਾਰਡਜ਼' ਦੀ ਜਨਰਲ ਸਕੱਤਰ ਸੁਰਭੀ ਕੌਲ ਨੇ ਦੱਸਿਆ ਕਿ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਤਿੰਨ ਮਹੀਨਿਆਂ ਦੀ ਆਮਦ ਦਾ ਰਿਕਾਰਡ ਤਿਆਰ ਕੀਤਾ ਗਿਆ, ਜਿਸ ਦੇ ਆਧਾਰ 'ਤੇ ਸ੍ਰੀ ਹਰਿਮੰਦਰ ਸਾਹਿਬ ਨੂੰ 'ਮੋਸਟ ਵਿਜ਼ਟਿਡ ਪਲੇਸ ਆਫ ਦਾ ਵਰਲਡ' ਪੁਰਸਕਾਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਸਨਮਾਨ ਸਾਈਂ ਸ਼ਿਰਡੀ ਦੇ ਮੰਦਰ, ਮਾਊਂਟ ਆਬੂ ਵਿਖੇ ਬ੍ਰਹਮ ਕੁਮਾਰੀ ਆਸ਼ਰਮ, ਮਾਤਾ ਵੈਸ਼ਨੋ ਦੇਵੀ ਮੰਦਰ ਨੂੰ ਦਿੱਤੇ ਜਾ ਚੁੱਕੇ ਹਨ। ਵਿਸ਼ਵ ਪੱਧਰ 'ਤੇ ਚੀਨ ਦੀ ਦੀਵਾਰ ਅਤੇ ਸਟੈਚੂ ਆਫ ਲਿਬਰਟੀ ਨੂੰ ਵੀ ਇਹ ਸਨਮਾਨ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਦਾ ਅਜਿਹਾ ਇਕੱਲਾ ਧਾਰਮਿਕ ਅਸਥਾਨ ਹੈ, ਜਿਥੇ ਮਾਨਵਤਾ ਦੀ ਸੇਵਾ, ਹਰ ਵੇਲੇ ਸਰਬੱਤ ਦੇ ਭਲੇ ਦੀ ਅਰਦਾਸ ਅਤੇ ਗੁਰਬਾਣੀ ਦਾ ਕੀਰਤਨ 24 ਘੰਟੇ ਚੱਲਦਾ ਰਹਿੰਦਾ ਹੈ ਅਤੇ ਬਿਨਾਂ ਕਿਸੇ ਭੇਦਭਾਵ ਦੇ ਰੋਜ਼ਾਨਾ ਹਜ਼ਾਰਾਂ ਲੋਕ ਲੰਗਰ ਛਕਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ, ਜਿਸ ਦਾ ਗੁਣਗਾਣ ਖੁਦ ਗੁਰੂ ਸਾਹਿਬ ਨੇ ਕੀਤਾ ਹੈ, ਕਿਸੇ ਪੁਰਸਕਾਰ ਦਾ ਮੁਥਾਜ ਨਹੀਂ ਹੈ ਪਰ ਅਜਿਹੇ ਸਨਮਾਨਾਂ ਨਾਲ ਸਿੱਖ ਕੌਮ ਦਾ ਮਾਣ-ਸਨਮਾਨ ਵਧਦਾ ਹੈ। ਸੰਸਥਾ ਦੇ ਆਗੂ ਰਣਦੀਪ ਸਿੰਘ ਕੋਹਲੀ ਨੇ ਆਖਿਆ ਕਿ ਇਹ ਸਨਮਾਨ ਇਥੇ ਲੋਕਾਂ ਦੀ ਆਮਦ, ਸ਼ਰਧਾ ਸਤਿਕਾਰ, ਸਥਾਨ ਦੀ ਮਹਾਨਤਾ, ਵਾਤਾਵਰਨ ਦੇ ਆਧਾਰ ਉਤੇ ਭੇਟ ਕੀਤਾ ਗਿਆ ਹੈ।

### ਐਵਾਰਡ ਦੇਣ ਵਾਲੀ ਸੰਸਥਾ ਸਵਾਲਾਂ ਦੇ ਘੇਰੇ ਵਿਚ

**ਸਿਡਨੀ:** ਸ੍ਰੀ ਹਰਿਮੰਦਰ ਸਾਹਿਬ ਨੂੰ ਐਵਾਰਡ ਦੇਣ ਵਾਲੀ 'ਵਰਲਡ ਬੁੱਕ ਆਫ ਰਿਕਾਰਡਜ਼' ਦੀ ਹੋਂਦ ਸਵਾਲਾਂ ਦੇ ਘੇਰੇ ਹੇਠ ਆ ਗਈ ਹੈ। ਲੰਡਨ ਤੋਂ ਚੱਲਦੀ ਦੱਸੀ ਗਈ ਇਹ ਸੰਸਥਾ ਜਿਸ ਪਤੇ ਉਤੇ ਰਜਿਸਟਰ ਹੋਈ ਹੈ, ਉਥੇ ਪੰਜ ਹੋਰ ਸੰਸਥਾਵਾਂ ਇਹੋ ਪਤਾ ਦੱਸ ਕੇ ਲੰਡਨ ਵਿਚ ਰਜਿਸਟਰ ਹੋਈਆਂ ਹਨ ਤੇ ਇਥੇ ਸਿਰਫ ਦੋ ਕਮਰਿਆਂ ਵਾਲੇ ਘਰ ਵਿਚ 'ਵਰਲਡ ਬ੍ਰਾਹਮਣ ਆਰਗੇਨਾਈਜ਼ੇਸ਼ਨ' ਵੀ ਰਜਿਸਟਰਡ ਹੈ। ਆਸਟਰੇਲੀਆ ਵਿਚ ਸਿਡਨੀ ਦੇ ਜਿਸ ਪਤੇ ਉਤੇ ਉਸ ਦਾ ਦਫਤਰ ਦੱਸਿਆ ਗਿਆ ਹੈ, ਉਥੇ ਕਿਸੇ ਦਫਰਤ ਦੀ ਥਾਂ ਰਿਹਾਇਸ਼ੀ ਘਰ ਹੈ ਅਤੇ ਚਾਰੇ ਪਾਸੇ ਘਰ ਬਣੇ ਹੋਏ ਹਨ। ਇਸ ਇਲਾਕੇ ਵਿਚ ਰਹਿੰਦੇ ਸੁਰੇਸ਼ ਕੁਮਾਰ ਨੇ ਕਿਹਾ ਕਿ 'ਵਰਲਡ ਗਿੰਨੀਜ਼ ਬੁੱਕ ਰਿਕਾਰਡ' ਬਾਰੇ ਤਾਂ ਸਭ ਲੋਕ ਜਾਣਦੇ ਹਨ, ਪਰ 'ਵਰਲਡ ਬੁੱਕ ਆਫ ਰਿਕਾਰਡਜ਼' ਨਾਮ ਦੀ ਪਹਿਲੀ ਵਾਰ ਸੁਣੀ ਸੰਸਥਾ ਭੰਬਲਭੂਸਾ ਪੈਦਾ ਕਰਦੀ ਹੈ। ਸੰਸਥਾ ਦੇ ਅਹੁਦੇਦਾਰ ਸੰਤੋਸ਼ ਸ਼ੁਕਲਾ ਨੇ ਕਿਹਾ ਕਿ ਸੰਸਥਾ ਗੈਰ ਮੁਨਾਫੇ ਵਜੋਂ ਕੰਮ ਕਰਦਿਆਂ ਸਮਾਜਿਕ ਕੰਮਾਂ ਨੂੰ ਪ੍ਰਣਾਈ ਹੋਈ ਹੈ। ਉਨ੍ਹਾਂ ਨੇ ਨਾ ਕੋਈ ਦਫਤਰ ਖੋਲ੍ਹੇ ਤੇ ਨਾ ਹੀ ਤਨਖ਼ਾਹਦਾਰ ਮੁਲਾਜ਼ਮ ਰੱਖੇ ਹਨ, ਸਾਰਾ ਕੁਝ ਲੋਕ ਸੇਵਾ ਨਾਲ ਚੱਲ ਰਿਹਾ ਹੈ।

### ਸ਼੍ਰੋਮਣੀ ਕਮੇਟੀ 'ਤੇ ਪੁਰਸਕਾਰ ਵਾਪਸ ਕਰਨ ਲਈ ਦਬਾਅ

**ਅੰਮ੍ਰਿਤਸਰ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਮਨਜੀਤ ਸਿੰਘ ਭੋਮਾ, ਜਥੇਬੰਦਕ ਸਕੱਤਰ ਸਰਬਜੀਤ ਸਿੰਘ ਸੋਹਲ, ਐਡਵੋਕੇਟ ਅਮਰਜੀਤ ਸਿੰਘ ਪਠਾਨਕੋਟ ਤੇ ਕੁਲਦੀਪ ਸਿੰਘ ਮਜੀਠਾ ਨੇ ਵਰਲਡ ਬੁੱਕ ਆਫ ਰਿਕਾਰਡ ਵੱਲੋਂ ਹਰਿਮੰਦਰ ਸਾਹਿਬ ਨੂੰ 'ਮੋਸਟ ਵਿਜ਼ਟਿਡ ਪਲੇਸ ਆਫ ਦਿ ਵਰਲਡ' ਐਵਾਰਡ ਦੇਣ ਦੇ ਮਾਮਲੇ ਉਤੇ ਕਿਹਾ ਕਿ ਗੁਰੂ ਸਾਹਿਬ ਵੱਲੋਂ ਇਸ ਪਵਿੱਤਰ ਅਸਥਾਨ ਨੂੰ ਪਹਿਲਾਂ ਹੀ ਪਹਿਲਾ ਦਰਜਾ ਦਿੱਤਾ ਹੋਇਆ ਹੈ ਤੇ ਇਸ ਨੂੰ ਕਿਸੇ ਦੁਨਿਆਵੀ ਸਰਟੀਫਿਕੇਟ ਦੀ ਲੋੜ ਨਹੀਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਇਹ ਪੁਰਸਕਾਰ ਵਾਪਸ ਨਾ ਕੀਤਾ ਤਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਸ ਕਾਗਜ਼ ਦੇ ਟੁੱਕੜੇ ਨੂੰ ਸਾੜੇਗੀ।

## ਹਰਿਮੰਦਰ ਸਾਹਿਬ ਦੀ ਘੰਟਾ ਘਰ ਡਿਓਢੀ ਦੀ ਦਿੱਖ ਸੰਵਾਰਨ ਦੀ ਸੇਵਾ ਸ਼ੁਰੂ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੀ ਦਿੱਖ ਸੁਧਾਰਨ ਮਗਰੋਂ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਘੰਟਾ ਘਰ ਡਿਓਢੀ ਦੀ ਦਿੱਖ ਸੰਵਾਰਨ ਦਾ ਫੈਸਲਾ ਕੀਤਾ ਹੈ। ਆਜ਼ਾਦੀ ਤੋਂ ਬਾਅਦ ਉਸਾਰੀ ਗਈ ਘੰਟਾ ਘਰ ਡਿਓਢੀ, ਹਰਿਮੰਦਰ ਸਾਹਿਬ ਦਾ ਮੁੱਖ ਪ੍ਰਵੇਸ਼ ਦੁਆਰ ਹੈ। ਅਜਿਹੀ ਹੀ ਡਿਓਢੀ, ਸਾਹਮਣੇ ਆਟਾ ਮੰਡੀ ਚੌਕ ਵੱਲ ਵੀ ਹੈ ਪਰ ਸ਼ਰਧਾਲੂਆਂ ਦੀ ਵਧੇਰੇ ਆਮਦ ਘੰਟਾ ਘਰ ਦੁਆਰ ਵੱਲੋਂ ਹੀ ਹੁੰਦੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਸ ਦੀ ਦਿੱਖ ਸੰਵਾਰਨ ਦਾ ਫੈਸਲਾ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ, ਜੋ ਮਾਹਿਰਾਂ ਦੀ ਮਦਦ ਨਾਲ ਸੇਵਾ ਕਰਨਗੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਇਸ ਕਾਰ ਸੇਵਾ ਦੌਰਾਨ ਦਰਸ਼ਨੀ ਡਿਓਢੀ ਵਿਚੋਂ ਕੇਂਦਰੀ ਸਿੱਖ ਅਜਾਇਬ ਘਰ ਲਈ ਜਾਂਦੀਆਂ ਦੋ ਪੌੜੀਆਂ ਨੂੰ ਬੰਦ ਕੀਤਾ ਜਾਵੇਗਾ, ਇਸ ਦਾ ਫਰਸ਼ ਨਵਾਂ ਤਿਆਰ ਕੀਤਾ ਜਾਵੇਗਾ, ਵੱਖ-ਵੱਖ ਆਕਾਰ ਦੇ ਥੰਮ੍ਹਾਂ ਨੂੰ ਇਕ ਆਕਾਰ ਤੇ ਦਿੱਖ ਦਿੱਤੀ ਜਾਵੇਗੀ, ਡਿਓਢੀ ਦੀ ਛੱਤ ਹੇਠਾਂ ਵੀ ਮੀਨਾਕਾਰੀ ਹੋਵੇਗੀ, ਇਸ ਦੇ ਪੰਜ ਗੁੰਬਦਾਂ ਵਿਚੋਂ ਮੁੱਖ ਗੁੰਬਦ ਉਤੇ ਸੋਨੇ ਦਾ ਕਲਸ਼ ਲੱਗੇਗਾ ਅਤੇ ਗੁੰਬਦਾਂ ਦੀ ਵੀ ਮੁਰੰਮਤ ਹੋਵੇਗੀ।

ਇਸੇ ਤਰ੍ਹਾਂ ਨਵੀਂ ਸੀਲਿੰਗ ਵੀ ਲੱਗੇਗੀ। ਡਿਓਢੀ ਦੀ ਛੱਤ ਉਤੇ ਮੀਨਾਕਾਰੀ ਹੋਣ ਨਾਲ ਅੰਦਰ ਅਤੇ ਬਾਹਰ ਇਕਸਾਰਤਾ ਬਣ ਜਾਵੇਗੀ। ਬਜ਼ੁਰਗ ਅਤੇ ਅਪਾਹਜ ਸ਼ਰਧਾਲੂਆਂ ਲਈ ਡਿਓਢੀ ਦੇ ਦੋਵੇਂ ਪਾਸੇ ਲਿਫਟ ਦਾ ਪ੍ਰਬੰਧ ਹੋਵੇਗਾ। ਇਹ ਲਿਫਟ ਦੋ ਪਾਸੇ ਖੁੱਲ੍ਹਣ ਵਾਲੀ ਹੋਵੇਗੀ। ਕੇਂਦਰੀ ਸਿੱਖ ਅਜਾਇਬ ਘਰ ਦੀਆਂ ਆਉਣ-ਜਾਣ ਵਾਲੀਆਂ ਪੌੜੀਆਂ ਇਥੋਂ ਬੰਦ ਕਰ ਕੇ ਪਰਿਕਰਮਾ ਵਿਚੋਂ ਬਣਾਈਆਂ ਜਾ ਰਹੀਆਂ ਹਨ।

## ਖੁਸ਼ਹਾਲੀ ਦਾ ਰਾਹ ਬਣਿਆ ਵਿਰਾਸਤ-ਏ-ਖਾਲਸਾ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਣਾਇਆ ਗਿਆ ਵਿਸ਼ਵ ਪ੍ਰਸਿੱਧ 'ਵਿਰਾਸਤ-ਏ-ਖਾਲਸਾ' ਹੁਣ ਸ੍ਰੀ ਆਨੰਦਪੁਰ ਸਾਹਿਬ ਦੇ ਨਾਲ ਲੱਗਦੇ ਇਲਾਕੇ ਦੇ ਲੋਕਾਂ ਲਈ ਲਾਈਫ ਲਾਈਨ ਬਣ ਚੁੱਕਾ ਹੈ ਕਿਉਂਕਿ ਇਸ ਦੇ ਹੋਂਦ ਵਿਚ ਆਉਣ ਨਾਲ ਸਿੱਧੇ ਤੇ ਅਸਿੱਧੇ ਢੰਗ ਨਾਲ ਵਪਾਰ ਵਿਚ ਜ਼ਿਕਰਯੋਗ ਵਾਧਾ ਦਰਜ ਕੀਤਾ ਗਿਆ ਹੈ। ਇਹੀ ਨਹੀਂ 25 ਨਵੰਬਰ 2017 ਨੂੰ ਸਫਲਤਾਪੂਰਵਕ ਛੇ ਸਾਲ ਪੂਰੇ ਕਰਨ ਵਾਲੇ ਇਸ ਮਹਾਨ ਪ੍ਰੋਜੈਕਟ ਦੇ ਹੁਣ ਤੱਕ 83 ਲੱਖ ਤੋਂ ਵੱਧ ਸੈਲਾਨੀ ਦਰਸ਼ਨ ਕਰ ਚੁੱਕੇ ਹਨ। ਇਹ ਪ੍ਰੋਜੈਕਟ ਵਿਦੇਸ਼ੀ ਸ਼ਖ਼ਸੀਅਤਾਂ ਦੀ ਵੀ ਖਾਸ ਪਸੰਦ ਬਣਦਾ ਜਾ ਰਿਹਾ ਹੈ।

ਇਹੀ ਕਾਰਨ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਭ ਤੋਂ ਪਹਿਲਾਂ ਸਾਲ 2005 ਵਿਚ ਬਰਤਾਨੀਆ ਦੇ ਪ੍ਰਿੰਸ ਚਾਰਲਜ਼ ਅਤੇ ਕੈਮਿਲਾ ਪਾਰਕਰ ਨੇ ਇਸ ਨਿਰਮਾਣ ਅਧੀਨ ਕੰਪਲੈਕਸ ਦਾ ਦੌਰਾ ਕੀਤਾ ਸੀ ਜਦੋਂਕਿ ਉਸ ਤੋਂ ਬਾਅਦ 14 ਅਪਰੈਲ 2006 ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਕੰਪਲੈਕਸ ਦਾ ਇਕ ਹਿੱਸਾ ਸੰਤਾਂ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ ਸੰਗਤ ਨੂੰ ਸਮਰਪਤ ਕੀਤਾ ਅਤੇ ਬਾਅਦ ਵਿਚ ਪੰਜਾਬ ਸਰਕਾਰ ਨੇ 25 ਨਵੰਬਰ 2011 ਨੂੰ ਇਹ ਪ੍ਰੋਜੈਕਟ ਆਮ ਸੈਲਾਨੀਆਂ ਲਈ ਖੋਲ੍ਹ ਦਿੱਤਾ ਸੀ। ਉਸ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਮੌਰੀਸ਼ਸ ਦੇ ਰਾਸ਼ਟਰਪਤੀ ਕੈਲਾਸ਼ ਪੁਰਿਆਗ ਸਣੇ ਕਈ ਦੇਸ਼ਾਂ ਦੇ ਮੈਂਬਰ ਪਾਰਲੀਮੈਂਟ ਵੀ ਇਸ ਦੇ ਦਰਸ਼ਨ ਕਰ ਚੁੱਕੇ ਹਨ।



ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਨੂੰ ਵੇਖਣ ਲਈ ਸਮਾਂ ਜਾਂ ਸਮਰੱਥਾ ਨਿਰਧਾਰਤ ਨਾ ਹੁੰਦੀ ਤਾਂ ਇਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਕਈ ਗੁਣਾ ਤੱਕ ਵੱਧ ਹੋਣੀ ਸੀ। ਜੇਕਰ ਵਪਾਰਕ ਪੱਖ ਤੋਂ ਦੇਖਿਆ ਜਾਵੇ ਤਾਂ ਇਕ ਸੰਸਥਾ ਵੱਲੋਂ ਕੀਤੀ ਗਈ ਖੋਜ ਅਨੁਸਾਰ 'ਵਿਰਾਸਤ-ਏ-ਖਾਲਸਾ' ਦੇ 40 ਕਿਲੋਮੀਟਰ ਦੇ ਘੇਰੇ ਅੰਦਰ ਛੋਟੇ ਦੁਕਾਨਦਾਰਾਂ, ਢਾਬਿਆਂ, ਮਕੈਨਿਕਾਂ, ਹੋਟਲਾਂ ਤੇ ਧਾਰਮਿਕ ਸਥਾਨਾਂ ਦੀ ਆਮਦਨ ਵੀ ਕਾਫੀ ਵਧੀ ਹੈ। ਹੋਰ ਤਾਂ ਹੋਰ 'ਵਿਰਾਸਤ-ਏ-ਖਾਲਸਾ' ਬਣਨ ਤੋਂ ਬਾਅਦ ਜਿਥੇ ਸ੍ਰੀ ਆਨੰਦਪੁਰ ਸਾਹਿਬ ਸਣੇ ਇਥੇ ਆਉਂਦੇ ਮਾਰਗਾਂ 'ਤੇ ਹੋਟਲਾਂ ਦੀ ਗਿਣਤੀ ਕਾਫੀ ਵਧੀ ਹੈ, ਉਥੇ ਹੀ ਬੈਂਕਿੰਗ ਸੈਕਟਰ ਨੂੰ ਵੀ ਕਾਫੀ ਹੁੰਗਾਰਾ ਮਿਲਿਆ ਹੈ।

## ਸਾਊਦੀ ਅਰਬ 'ਚ ਫਸੇ ਪੰਜਾਬੀ ਨੌਜਵਾਨ

**ਨੂਰਪੁਰ ਬੇਦੀ:** ਏਜੰਟ ਵੱਲੋਂ ਵਿਦੇਸ਼ ਭੇਜੇ ਤਿੰਨ ਨੌਜਵਾਨਾਂ ਨੂੰ ਟਰਾਲਾ ਡਰਾਈਵਰ ਦੀ ਜਗ੍ਹਾ ਬੰਧੂਆ ਮਜ਼ਦੂਰ ਬਣਾ ਕੇ ਸ਼ੋਸ਼ਣ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ ਉਤੇ ਇਨ੍ਹਾਂ ਨੌਜਵਾਨਾਂ ਦੀ ਵੀਡੀਓ ਵਾਇਰਲ ਹੋਈ ਹੈ।

ਪਿੰਡ ਮਵਾ ਅਬਾਦੀ ਬਾਹਤੀਆਂ ਵਾਸੀ ਸਗਲੀ ਰਾਮ, ਸੋਮਨਾਥ ਤੇ ਚੰਨਣ ਰਾਮ ਨੇ ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਨੂੰ ਦਿੱਤੀ ਸ਼ਿਕਾਇਤ ਦੀ ਕਾਪੀ ਪੱਤਰਕਾਰਾਂ ਨੂੰ ਦਿੰਦਿਆਂ ਦੱਸਿਆ ਕਿ ਉਨ੍ਹਾਂ ਆਪਣੇ ਪੁੱਤਰਾਂ ਅਜੇ ਸਿੰਘ ਪੁੱਤਰ ਸਗਲੀ ਰਾਮ, ਜਸਵੀਰ ਸਿੰਘ ਪੁੱਤਰ ਸੋਮਨਾਥ ਤੇ ਸੁਰੇਸ਼ ਕੁਮਾਰ ਪੁੱਤਰ ਚੰਨਣ ਰਾਮ ਨੂੰ ਨੰਗਲ ਦੇ ਇਕ ਏਜੰਟ ਰਾਹੀਂ ਸਾਊਦੀ ਅਰਬ ਦੀ ਇਕ ਕੰਪਨੀ ਵਿਚ ਬਤੌਰ ਟਰਾਲਾ ਡਰਾਈਵਰ ਭੇਜਣ ਦੀ ਗੱਲ ਕੀਤੀ ਸੀ, ਜਿਸ ਲਈ ਏਜੰਟ ਨੂੰ ਬਾਕਾਇਦਾ ਤੈਅ ਰਕਮ ਵੀ ਅਦਾ ਕੀਤੀ ਸੀ। ਏਜੰਟ ਨੇ ਭਰੋਸਾ ਦਿੱਤਾ ਸੀ ਕਿ ਏਅਰਪੋਰਟ ਤੋਂ ਕੰਪਨੀ ਦਾ ਕੋਈ ਵਿਅਕਤੀ ਇਨ੍ਹਾਂ ਨੌਜਵਾਨਾਂ ਨੂੰ ਲਿਜਾਏਗਾ ਤੇ ਕੰਮ ਉਤੇ ਲਾਏਗਾ। ਤਿੰਨਾਂ ਨੌਜਵਾਨਾਂ ਨੂੰ 17 ਨਵੰਬਰ ਨੂੰ ਸਾਊਦੀ ਅਰਬ ਭੇਜ ਦਿੱਤਾ, ਪਰ ਉਥੇ ਪੁੱਜਣ ਉਤੇ ਕੰਪਨੀ ਦਾ ਇਕ ਮੁਲਾਜ਼ਮ ਤਿੰਨਾਂ ਨੂੰ ਕਿਸੇ ਤਬੇਲੇ 'ਚ ਛੱਡ ਆਇਆ ਤੇ ਉਥੇ ਉਨ੍ਹਾਂ ਤੋਂ ਜਬਰੀ ਮਜ਼ਦੂਰੀ ਕਰਵਾਈ ਜਾਣ ਲੱਗੀ।

ਸਾਊਦੀ ਅਰਬ ਦੇ ਸੁੰਨਸਾਨ ਇਲਾਕੇ 'ਚੋਂ ਆਪਣੇ ਮਾਪਿਆਂ ਨੂੰ ਭੇਜੀ ਵੀਡੀਓ ਵਿਚ ਨੌਜਵਾਨਾਂ ਨੇ ਦੱਸਿਆ ਕਿ ਏਜੰਟ ਨੇ ਉਨ੍ਹਾਂ ਨੂੰ ਸਲੀਮ ਮੁਹੰਮਦ ਅਲੱਗਲਤਾਨੀ ਕੰਪਨੀ 'ਚ ਬਤੌਰ ਟਰਾਲਾ ਡਰਾਈਵਰ ਭੇਜਣ ਦਾ ਵਾਅਦਾ ਕੀਤਾ ਸੀ, ਪਰ ਉਨ੍ਹਾਂ ਨੂੰ ਬੰਧੂਆ ਮਜ਼ਦੂਰ ਬਣਾ ਲਿਆ। ਹਾਲਤ ਮਾੜੀ ਹੋਣ 'ਤੇ ਉਹ ਉਥੋਂ ਭੱਜ ਗਏ ਅਤੇ ਭੁੱਖੇ-ਭਾਣੇ ਕਿਸੇ ਸੁੰਨਸਾਨ ਜਗ੍ਹਾ ਉਤੇ ਰਹਿ ਰਹੇ ਹਨ। ਇਸ ਦੌਰਾਨ ਮਾਪਿਆਂ ਨੇ ਦੱਸਿਆ ਕਿ ਸਬੰਧਤ ਏਜੰਟ ਦਾ ਕਹਿਣਾ ਹੈ ਕਿ ਉਸ ਨੇ ਨੌਜਵਾਨਾਂ ਨੂੰ ਸਾਊਦੀ ਅਰਬ ਭੇਜਣਾ ਸੀ, ਇਸ ਤੋਂ ਅੱਗੇ ਉਹ ਕੁਝ ਨਹੀਂ ਕਰ ਸਕਦਾ।

## ਹੁਣ ਹਿੰਦੂ ਐਕਟ ਤਹਿਤ ਬੱਚਾ ਗੋਦ ਲੈਣ ਲਈ ਲਾਜ਼ਮੀ ਹੋਵੇਗੀ ਰਜਿਸਟ੍ਰੇਸ਼ਨ

**ਨਵੀਂ ਦਿੱਲੀ:** ਬੱਚਾ ਗੋਦ ਲੈਣ ਵਾਲੇ ਮਾਪਿਆਂ ਨੂੰ ਹਿੰਦੂ ਐਕਟ (ਅਡੋਪਸ਼ਨ ਐਂਡ ਮੈਨਟੇਨਿਸ਼ ਐਕਟ) ਤਹਿਤ ਲਾਜ਼ਮੀ ਤੌਰ ਉਤੇ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ। ਜੁਵੇਨਾਇਲ ਜਸਟਿਸ (ਜੇ.ਜੇ) ਐਕਟ-2015 ਤਹਿਤ ਹਿੰਦੂ, ਬੋਧੀ, ਜੈਨੀ ਤੇ ਸਿੱਖ ਮਾਪੇ ਬੱਚਾ ਗੋਦ ਲੈ ਸਕਦੇ ਹਨ। ਇਸ ਜੇ.ਜੇ.ਐਕਟ 'ਚ ਇਹ ਵਿਵਸਥਾ ਹੈ ਕਿ ਬੱਚੇ ਦੇ ਅਸਲ ਮਾਪਿਆਂ ਬਾਰੇ ਪਤਾ ਕੀਤਾ ਜਾ ਸਕਦਾ ਹੈ ਜੋ ਕਿ 60 ਸਾਲ ਪੁਰਾਣਾ ਬੱਚਾ ਗੋਦ ਦੇਣ ਵਾਲੇ ਐਚ.ਏ. ਐਮ.ਏ.ਐਕਟ 'ਚ ਨਹੀਂ ਸੀ।

## ਸਿੱਖਾਂ ਦੀ ਕਾਲੀ ਸੂਚੀ ਦੇ ਖਾਤਮੇ ਵਾਲੀ ਮੁਹਿੰਮ ਰੰਗ ਲਿਆਈ

**ਨਵੀਂ ਦਿੱਲੀ:** ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਜਾ ਰਹੀ ਮੁਹਿੰਮ ਨੂੰ ਵੱਡੀ ਕਾਮਯਾਬੀ ਮਿਲੀ। ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਕਾਲੀ ਸੂਚੀ ਦੇ ਖਾਤਮੇ ਲਈ ਦਿੱਲੀ ਹਾਈ ਕੋਰਟ ਵਿਚ ਪਾਈ ਪਟੀਸ਼ਨ ਉਤੇ ਸੁਣਵਾਈ ਕਰਦੇ ਹੋਏ ਬੈਂਚ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਨੋਟਿਸ ਜਾਰੀ ਕੀਤਾ ਹੈ।

ਅਦਾਲਤ ਨੇ ਮੰਤਰਾਲੇ ਨੂੰ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੇ ਸੂਚੀ 'ਚ ਸ਼ਾਮਲ ਨਾਂਵਾਂ ਨੂੰ ਹਟਾਉਣ ਅਤੇ ਕਾਲੀ ਸੂਚੀ ਦੇ ਖਾਤਮੇ ਦਾ ਤਰੀਕਾ ਦੱਸਣ ਲਈ 4 ਹਫਤਿਆਂ ਦਾ ਸਮਾਂ ਦਿੱਤਾ ਹੈ। ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਇਨ੍ਹਾਂ ਹੁਕਮਾਂ ਨੂੰ ਕਾਲੀ ਸੂਚੀ ਦੇ ਖਾਤਮੇ ਵੱਲ ਵੱਡਾ ਕਦਮ ਕਰਾਰ ਦਿੱਤਾ। ਜੌਲੀ ਨੇ ਕਿਹਾ ਕਿ ਪੰਜਾਬ ਦੇ ਕਾਲੇ ਦੌਰ ਦੌਰਾਨ ਵਿਦੇਸ਼ਾਂ ਵਿਚ ਸਿਆਸੀ ਪਨਾਹ ਲੈਣ ਵਾਲੇ ਸਿੱਖਾਂ ਦੇ ਨਾਂ ਇਸ ਸੂਚੀ 'ਚ ਸ਼ਾਮਲ ਹਨ। ਕਈ ਵਾਰ ਦਿੱਲੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਦੇ ਜਤਨਾਂ ਸਦਕਾ ਕਾਲੀ ਸੂਚੀ ਵਿਚੋਂ ਨਾਂ ਹਟਾਉਣ ਦਾ ਸਰਕਾਰਾਂ ਨੇ ਦਾਅਵਾ ਕੀਤਾ ਹੈ ਪਰ ਇਸ ਸਬੰਧੀ ਗ੍ਰਹਿ ਮੰਤਰਾਲੇ ਕੋਲ ਜਦ ਵੀ ਆਰ.ਟੀ.ਆਈ. ਲਗਾ ਕੇ ਜਾਣਕਾਰੀ ਮੰਗੀ ਜਾਂਦੀ ਸੀ ਤਾਂ ਕਿਸੇ ਵੀ ਸਰਕਾਰ ਵੱਲੋਂ ਜਵਾਬ ਦੇਣ ਤੋਂ ਪਾਸਾ ਵੱਟ ਲਿਆ ਜਾਂਦਾ ਸੀ। ਜਿਸ ਕਰ ਕੇ ਮਜਬੂਰੀ ਵਿਚ ਦਿੱਲੀ ਕਮੇਟੀ ਨੂੰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਨੀ ਪਈ।

ਜੌਲੀ ਨੇ ਅਫਸੋਸ ਜਤਾਇਆ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਨੂੰ ਹਮੇਸ਼ਾ ਸਰਕਾਰਾਂ ਤੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਕਿਉਂਕਿ ਸਰਕਾਰਾਂ ਦੀ ਗੰਭੀਰਤਾ ਸਿੱਖ ਮਾਮਲਿਆਂ ਨੂੰ ਹੱਲ ਕਰਨ ਪ੍ਰਤੀ ਕਦੇ ਨਜ਼ਰ ਨਹੀਂ ਆਈ। ਇਸ ਸਬੰਧੀ ਉਨ੍ਹਾਂ ਨੇ ਦਿੱਲੀ ਕਮੇਟੀ ਵੱਲੋਂ ਭਖਦੇ ਸਿੱਖ ਮਸਲਿਆਂ ਉਤੇ ਲੜੀ ਜਾ ਰਹੀ ਲੜਾਈ ਦਾ ਵੇਰਵਾ ਦਿੱਤਾ। ਜਿਸ ਵਿਚ ਗੁਰਦੁਆਰਾ ਗਿਆਨ ਗੋਦੜੀ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ ਦਾ ਪਿਆਊ, ਸਿੱਖਾ ਉਤੇ ਬਣਦੇ ਚੁਟਕਲੇ, ਕਕਾਰਾ 'ਤੇ ਰੋਕ, ਗੁਰਦੁਆਰਾ ਡਾਂਗਮਾਰ ਸਾਹਿਬ ਅਤੇ ਗੁਰਦੁਆਰਾ ਚੁੰਗਥਾਨ ਸਣੇ ਕਾਲੀ ਸੂਚੀ ਸਬੰਧੀ ਮਾਮਲੇ ਮੁੱਖ ਹਨ।

### ਹਾਈ ਕੋਰਟ ਵੱਲੋਂ ਮੋਦੀ ਸਰਕਾਰ ਨੂੰ ਨੋਟਿਸ



# ਏਅਰ ਇੰਡੀਆ ਵੱਲੋਂ ਬਰਮਿੰਘਮ ਤੋਂ ਅੰਮ੍ਰਿਤਸਰ ਰੂਟ ਦੀ ਤਿਆਰੀ




**ਲੰਡਨ:** ਏਅਰ ਇੰਡੀਆ ਵੱਲੋਂ ਬਰਮਿੰਘਮ ਤੋਂ ਦਿੱਲੀ ਸਿੱਧੀ ਹਵਾਈ ਸੇਵਾ ਦੀ ਸਫਲਤਾ ਤੋਂ ਬਾਅਦ ਹੁਣ ਬਰਮਿੰਘਮ ਤੋਂ ਅੰਮ੍ਰਿਤਸਰ ਸਿੱਧੀ ਹਵਾਈ ਉਡਾਣ ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਏਅਰ ਇੰਡੀਆ ਵੱਲੋਂ ਅਗਸਤ, 2013 ਵਿਚ ਦਿੱਲੀ-ਬਰਮਿੰਘਮ ਵਿਚਕਾਰ ਸਫਰ ਸ਼ੁਰੂ ਕੀਤਾ ਸੀ। ਚਾਰ ਸਾਲਾਂ ਦੌਰਾਨ 5 ਲੱਖ ਤੋਂ ਵੱਧ ਯਾਤਰੀਆਂ ਨੇ ਸਫਰ ਕੀਤਾ। ਯੂ.ਕੇ. ਸਥਿਤ ਹਵਾਈ ਡਾਇਰੈਕਟਰ ਵਿਲੀਅਮ ਪੀਰਸਨ ਨੇ ਕਿਹਾ ਹੈ ਕਿ ਇਹ ਖੁਸ਼ੀ ਵਾਲੀ ਖਬਰ ਹੈ ਕਿ ਭਾਰਤ ਦੇ ਦੋ ਸ਼ਹਿਰਾਂ ਨਾਲ ਸਿੱਧਾ ਸੰਪਰਕ ਹੈ, 2 ਲੱਖ ਤੋਂ ਵੱਧ ਬ੍ਰਿਟਿਸ਼-ਭਾਰਤੀ ਭਾਰਤ ਦੀ ਯਾਤਰਾ ਕਰਦੇ ਹਨ।

ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਉਹ ਅਗਸਤ, 2017 ਵਿਚ ਸੰਸਦ ਮੈਂਬਰ ਬਣਨ ਤੋਂ ਬਾਅਦ ਪਹਿਲੀ ਭਾਰਤ ਫੇਰੀ ਉਤੇ ਗਏ ਸਨ ਤਾਂ ਇਸ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਏਅਰ ਇੰਡੀਆ ਅਤੇ ਭਾਰਤ ਦੇ ਹਵਾਬਾਜ਼ੀ ਮਹਿਕਮੇ ਕੋਲ ਚੁੱਕਿਆ ਸੀ। ਯੂ.ਕੇ. ਵੱਸਦੇ ਪੰਜਾਬੀਆਂ ਨੂੰ ਇਸ ਦਾ ਵੱਡਾ ਲਾਭ ਹੋਵੇਗਾ। ਐਮ.ਪੀ. ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਉਹ ਹੁਣੇ ਭਾਰਤ ਫੇਰੀ ਤੋਂ ਵਾਪਸ ਆਈ ਹੈ ਅਤੇ ਉਨ੍ਹਾਂ ਬਰਮਿੰਘਮ ਦੇ ਪੰਜਾਬੀਆਂ ਦੀ ਇਸ ਮੰਗ ਨੂੰ ਸਰਕਾਰ ਕੋਲ ਉਠਾਇਆ ਸੀ, ਇਸ ਉਡਾਣ ਦੇ ਐਲਾਨ ਦਾ ਉਹ ਸਵਾਗਤ ਕਰਦੀ ਹੈ। ਐਮ.ਪੀ. ਵਰਿੰਦਰ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਹਮੇਸ਼ਾ ਹੀ ਇਹ ਮੰਗ ਰੱਖੀ ਹੈ ਕਿ ਅੰਮ੍ਰਿਤਸਰ ਪੰਜਾਬ ਦਾ ਅਜਿਹਾ ਸ਼ਹਿਰ ਹੈ, ਜਿਸ ਦਾ ਸਬੰਧ ਧਾਰਮਿਕ ਤੌਰ 'ਤੇ ਬਹੁਤ ਮਹੱਤਤਾ ਰੱਖਦਾ ਹੈ। ਏਅਰ ਇੰਡੀਆ ਨੂੰ ਜਲਦੀ ਹੀ ਲੰਡਨ ਤੋਂ ਵੀ ਸਿੱਧੀ ਅੰਮ੍ਰਿਤਸਰ ਉਡਾਣ ਸ਼ੁਰੂ ਕਰ ਦੇਣੀ ਚਾਹੀਦੀ ਹੈ।

## ਚੰਡੀਗੜ੍ਹ ਅੱਡੇ ਉਤੇ 'ਚਿਆਲ ਰੇਡੀਓ' ਦੀ ਸ਼ੁਰੂਆਤ

**ਚੰਡੀਗੜ੍ਹ:** ਭਾਰਤ ਦੇ ਪਹਿਲੇ ਤੇ ਸਭ ਤੋਂ ਪੁਰਾਣੇ ਰੇਡੀਓ ਸਟੇਸ਼ਨ, ਰੇਡੀਓ ਇੰਡੀਗੋ ਵੱਲੋਂ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡਾ ਅਥਾਰਟੀ ਨਾਲ ਮਿਲ ਕੇ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਉਤੇ ਰੇਡੀਓ (ਚਿਆਲ ਰੇਡੀਓ) ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਥੋਂ ਰੇਡੀਓ ਇੰਡੀਗੋ ਹੁਣ ਹਵਾਈ ਅੱਡੇ 'ਤੇ ਅੰਤਰਰਾਸ਼ਟਰੀ ਗੀਤ ਚਲਾਏਗਾ। ਇਸ ਤੋਂ ਇਲਾਵਾ ਭਾਰਤ ਵਿਚ ਪਹਿਲੀ ਵਾਰ 'ਚਿਆਲ ਰੇਡੀਓ' ਵਿਸ਼ੇਸ਼ ਰੂਪ ਵਿਚ ਆਪਣੇ ਹਵਾਈ ਮੁਸਾਫਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦਾ ਮਨੋਰੰਜਨ ਵੀ ਕਰੇਗਾ, ਇਥੇ ਹੀ ਬੱਸ ਨਹੀਂ ਉਨ੍ਹਾਂ ਦੇ ਵਰਤੋਂ ਦੀਆਂ ਚੀਜ਼ਾਂ ਤੋਂ ਇਲਾਵਾ ਉਡਾਣ ਸਬੰਧੀ ਸੂਚਨਾ ਅਤੇ ਮੁਸਾਫਰਾਂ ਦੇ ਪਸੰਦੀਦਾ ਗੀਤ ਵੀ ਸੁਣੇ ਜਾ ਸਕਣਗੇ।

# ਚੰਡੀਗੜ੍ਹ ਅੱਡੇ ਦੇ ਨਾਮਕਰਨ ਦਾ ਮਾਮਲਾ ਮੁੜ ਭਖਿਆ




**ਬਠਿੰਡਾ:** ਕੇਂਦਰ ਸਰਕਾਰ ਨੇ ਮੁਹਾਲੀ ਸਥਿਤ ਕੌਮਾਂਤਰੀ ਹਵਾਈ ਅੱਡੇ ਦੇ ਨਾਮਕਰਨ ਦਾ ਮਾਮਲਾ ਮੁੜ ਖੋਲ੍ਹ ਲਿਆ ਹੈ। ਕੇਂਦਰੀ ਹਵਾਬਾਜ਼ੀ ਮੰਤਰਾਲੇ ਨੇ ਹਰਿਆਣਾ ਸਰਕਾਰ ਤੋਂ ਮੁੜ ਕੌਮਾਂਤਰੀ ਹਵਾਈ ਅੱਡੇ ਦੇ ਨਾਮਕਰਨ ਬਾਰੇ ਰਾਇ ਮੰਗੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ ਉਤੇ ਰੱਖਣ ਬਾਰੇ ਕੇਂਦਰੀ ਹਵਾਬਾਜ਼ੀ ਮੰਤਰੀ ਨੂੰ 26 ਮਈ ਨੂੰ ਪੱਤਰ ਭੇਜਿਆ ਸੀ। ਉਨ੍ਹਾਂ ਵਿਧਾਨ ਸਭਾ ਵਿਚ 2008 ਵਿਚ ਪਾਸ ਕੀਤੇ ਮਤੇ ਦਾ ਹਵਾਲਾ ਵੀ ਦਿੱਤਾ। ਹਰਿਆਣਾ ਸਰਕਾਰ ਇਸ ਮਾਮਲੇ ਵਿਚ ਵੱਖਰੀ ਰਾਇ ਰੱਖ ਰਹੀ ਹੈ।

ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਮ ਉਤੇ ਰੱਖਣ ਦਾ ਮਾਮਲਾ ਕੇਂਦਰ ਸਰਕਾਰ ਦੋ ਸਾਲਾਂ ਤੋਂ ਲਟਕਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਜਨਵਰੀ 2015 ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਦੇ ਨਾਂ ਉਤੇ ਰੱਖਣ ਦੀ ਮੰਗ ਕੀਤੀ ਸੀ। ਇਸ ਪਿੱਛੋਂ ਉਨ੍ਹਾਂ 27 ਅਗਸਤ 2015 ਨੂੰ ਪ੍ਰਧਾਨ ਮੰਤਰੀ ਨੂੰ ਵੀ ਪੱਤਰ ਭੇਜਿਆ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਸਤੰਬਰ 2015 ਨੂੰ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਦਾ ਉਦਘਾਟਨ ਕੀਤਾ ਸੀ। ਉਦਘਾਟਨ ਮਗਰੋਂ ਮਾਮਲਾ ਉਦੋਂ ਨਵਾਂ ਮੋੜ ਲੈ ਗਿਆ, ਜਦੋਂ ਹਰਿਆਣਾ ਦੀ ਭਾਜਪਾ ਸਰਕਾਰ ਨੇ ਇਸ ਹਵਾਈ ਅੱਡੇ ਦਾ ਨਾਮ ਡਾ. ਮੰਗਲ ਸੇਨ ਦੇ ਨਾਂ ਉਤੇ ਰੱਖਣ ਦੀ ਕੇਂਦਰ ਨੂੰ ਅਪੀਲ ਕਰ ਦਿੱਤੀ।

2010 ਵਿਚ ਹਰਿਆਣਾ ਸਰਕਾਰ ਨੇ ਭਗਤ ਸਿੰਘ ਦੇ ਨਾਮ 'ਤੇ ਸਹਿਮਤੀ ਦਿੱਤੀ ਸੀ। ਇਸ ਕਰ ਕੇ ਇਹ ਮਾਮਲਾ ਠੰਢੇ ਬਸਤੇ ਪਾ ਦਿੱਤਾ ਗਿਆ, ਪਰ ਦੋ ਸਾਲਾਂ ਮਗਰੋਂ ਹੁਣ ਕੇਂਦਰ ਸਰਕਾਰ ਨੇ ਮੁੜ ਹਰਿਆਣਾ ਸਰਕਾਰ ਨੂੰ ਰਾਇ ਜਾਣਨ ਸਬੰਧੀ ਪੱਤਰ ਭੇਜਿਆ ਹੈ। ਸੂਤਰਾਂ ਮੁਤਾਬਕ ਹਰਿਆਣਾ ਸਰਕਾਰ ਇਸ ਮਾਮਲੇ ਉਤੇ ਪੰਜਾਬ ਸਰਕਾਰ ਨਾਲ ਸਹਿਮਤ ਨਹੀਂ ਹੈ।

# ਇੰਡੀਗੋ ਏਅਰਲਾਈਨਜ਼ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ

**ਨਵੀਂ ਦਿੱਲੀ:** ਇੰਡੀਗੋ ਏਅਰਲਾਈਨਜ਼ ਹੁਣ ਫਿਰ ਵਿਵਾਦਾਂ ਵਿਚ ਆ ਗਈ ਹੈ। ਉਸ ਦੇ ਕੁਝ ਮੁਲਾਜ਼ਮਾਂ ਵੱਲੋਂ ਇਕ ਸਵਾਰੀ ਦੀ ਕੁੱਟਮਾਰ ਪਿੱਛੋਂ ਇੰਡੀਗੋ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ, ਜਿਹੜਾ ਇਕ ਮੁਸਾਫਰ ਨੇ ਦਰਜ ਕਰਵਾਇਆ ਹੈ।




ਪ੍ਰਮੋਦ ਕੁਮਾਰ ਜੈਨ ਨੇ ਇਹ ਕੇਸ ਸਰੋਜਨੀ ਨਗਰ ਪੁਲਿਸ ਸਟੇਸ਼ਨ ਵਿਚ ਦਰਜ ਕਰਵਾਇਆ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਬੈਂਗਲੁਰੂ ਤੋਂ ਦੁਬਈ ਫਲਾਈਟ ਵਿਚ ਏਅਰਲਾਈਨ ਨੇ ਉਸ ਤੋਂ ਭਾਰਤੀ ਕਰੰਸੀ ਲੈਣ ਤੋਂ ਇਨਕਾਰ ਕਰ ਦਿੱਤਾ। ਪ੍ਰਮੋਦ ਨੇ ਦੱਸਿਆ ਕਿ ਲਗਾਤਾਰ ਕਹਿਣ ਉਤੇ ਵੀ ਉਨ੍ਹਾਂ ਨੇ ਭਾਰਤੀ ਕਰੰਸੀ ਨਹੀਂ ਲਈ। ਇਹ ਦੇਸ਼ ਧ੍ਰੋਹ ਦਾ ਕੇਸ ਹੈ ਤੇ ਕੋਈ ਭਾਰਤੀ ਏਅਰਲਾਈਨ ਭਾਰਤੀ ਕਰੰਸੀ ਲੈਣ ਤੋਂ ਨਾਂਹ ਨਹੀਂ ਕਰ ਸਕਦੀ। ਉਨ੍ਹਾਂ ਦੇ ਇਤਰਾਜ਼ ਕਰਨ ਉਤੇ ਸਟਾਫ ਨੇ ਕੰਪਨੀ ਪਾਲਿਸੀ ਦਾ ਹਵਾਲਾ ਦਿੱਤਾ। ਦੱਸ ਦਈਏ ਕਿ ਕੁਝ ਦਿਨ ਪਹਿਲਾਂ ਇੰਡੀਗੋ ਖਿਲਾਫ ਅਜਿਹਾ ਮਾਮਲਾ ਸਾਹਮਣੇ ਆਇਆ ਸੀ, ਜਿਸ ਵਿਚ ਵੀਡੀਓ ਵਿਚ ਇੰਡੀਗੋ ਦੇ ਗਰਾਊਂਡ ਸਟਾਫ ਨੇ ਬਜ਼ੁਰਗ ਮੁਸਾਫਰ ਨਾਲ ਕੁੱਟਮਾਰ ਕੀਤੀ ਸੀ। ਕੰਪਨੀ ਨੇ ਮੁਆਫੀ ਮੰਗੀ ਸੀ।


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ ਕੋਟਾਨਿ ਕੋਟਿ ਵਧਾਈ

ਸ੍ਰੀ ਗੁਰੂ ਨਾਨਕ ਦੇ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਮੋਤੀਆ ਬਿੰਦ ਮੁਫਤ ਆਪਰੇਸ਼ਨ ਕੈਂਪ



ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ

ਕੈਂਪ 9 ਅਕਤੂਬਰ 2017 ਤੋਂ ਸ਼ੁਰੂ ਹੈ ਜੋ 2019 ਵਿਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਜਾਰੀ ਰਹੇਗਾ। ਕੈਂਪ ਦਾ ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ

ਸੰਗਤਾਂ ਦੇ ਦਾਸ

ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ

ਸ. ਬਹਾਦਰ ਸਿੰਘ (ਚੇਅਰਮੈਨ)

ਸੇਲਮ, ਓਰੇਗਾਨ (ਯੂ. ਐਸ. ਏ.)

ਫੋਨ: 503-559-8233



ਸ. ਬਹਾਦਰ ਸਿੰਘ (ਚੇਅਰਮੈਨ)

ਵਨ ਬੀਟ ਹਸਪਤਾਲ, ਭੀਰਾ ਖੀਰੀ

# ਬੇਕਰਸਫੀਲਡ ਵਿਚ ਸਜਿਆ ਗੁਰੂ ਨਾਨਕ ਪ੍ਰਕਾਸ਼ ਪੁਰਬ ਮੌਕੇ 18ਵਾਂ ਮਹਾਨ ਨਗਰ ਕੀਰਤਨ

**ਬੇਕਰਸਫੀਲਡ (ਬਿਊਰੋ):** ਗੁਰਦੁਆਰਾ ਸਿੱਖ ਟੈਂਪਲ ਦਾ ਦਰਬਾਰ, ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਵਲੋਂ ਸ਼ਬਦ ਕੀਰਤਨ ਉਪਰੰਤ ਨਗਰ ਕੀਰਤਨ ਅਰੰਭ ਹੋਣ ਲਈ ਗੁਰੂ ਚਰਨਾਂ ਵਿਚ ਅਰਦਾਸ ਕਰ ਰਹੇ ਗੁਰੂ ਘਰ ਦੇ ਮੁੱਖ ਗ੍ਰੰਥੀ, ਦਰਬਾਰ ਹਾਲ ਦੇ ਬਾਹਰ ਵੱਡੀ ਗਿਣਤੀ ਵਿਚ ਜੁੜੀਆਂ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੀਆਂ ਸੰਗਤਾਂ-ਮਾਹੌਲ ਵਿਚ ਇਲਾਹੀ ਰੰਗ ਘੁਲ ਰਿਹਾ ਸੀ। ਇਸੇ ਮਾਹੌਲ ਵਿਚ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਇਕ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ



ਸਾਹਿਬ ਦੀ ਛਤਰਛਾਇਆ ਹੇਠ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 18ਵਾਂ ਮਹਾਨ ਨਗਰ ਕੀਰਤਨ 19 ਨਵੰਬਰ, ਐਤਵਾਰ ਨੂੰ ਅਰੰਭ ਹੋਇਆ।

ਨਗਰ ਕੀਰਤਨ ਦੀ ਅਗਵਾਈ ਨਿਸ਼ਾਨਚੀ ਅਤੇ ਪੰਜ ਪਿਆਰੇ ਕਰ ਰਹੇ ਸਨ। ਗੁਰੂ ਮਹਾਰਾਜ ਦੀ ਪਾਲਕੀ 'ਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਭਜਨ ਸਿੰਘ, ਭਾਈ ਗੁਰਮੇਜ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਜਸ਼ਮੇਰ ਸਿੰਘ ਤੇ ਭਾਈ




ਰਣਜੀਤ ਸਿੰਘ ਇਲਾਹੀ ਬਾਣੀ ਦਾ ਕੀਰਤਨ ਕਰ ਰਹੇ ਸਨ। ਤੀਜੇ ਫਲੋਟ 'ਤੇ ਢਾਡੀ ਲਖਬੀਰ ਸਿੰਘ ਦਾ ਜਥਾ ਢਾਡੀ ਵਾਰਾਂ ਰਾਹੀਂ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸੰਗਤਾਂ ਤੱਕ ਪੁੱਜਦਾ ਕਰ ਰਿਹਾ ਸੀ।

ਗੁਰੂ ਮਹਾਰਾਜ ਦੀ ਸਵਾਰੀ ਪਿਛੇ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ। ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਗੂੰਜ ਰਹੇ ਸਨ। ਵੱਖ ਵੱਖ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਦੇ ਫਲੋਟ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ। ਰੰਗ-ਬਰੰਗੀਆਂ ਚੁੰਨੀਆਂ ਤੇ ਦਸਤਾਰਾਂ ਖਾਲਸਾਈ ਮਾਹੌਲ ਸਿਰਜ ਰਹੀਆਂ ਸਨ। ਨੀਲੇ ਤੇ ਕੇਸਰੀ ਬਾਣੇ ਵਿਚ ਸਜੇ ਸਿੰਘ ਗਤਕੇ ਦੇ ਜੌਹਰ ਵਿਖਾ ਕੇ ਸੰਗਤ ਨੂੰ ਚਕ੍ਰਿਤ ਕਰ ਰਹੇ ਸਨ। ਜਗ੍ਹਾ ਜਗ੍ਹਾ ਸ਼ਰਧਾਲੂਆਂ ਵਲੋਂ ਸੰਗਤਾਂ ਲਈ ਭਾਂਤ ਸੁਭਾਂਤੇ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ।

ਨਗਰ ਕੀਰਤਨ ਦੇ ਮੂਹਰੇ ਮੂਹਰੇ ਪ੍ਰੈਸ਼ਰ ਵਾਸ਼ ਨਾਲ ਸਫਾਈ ਦੀ ਸੇਵਾ ਮਨਿੰਦਰ ਸਿੰਘ ਮਨੀ ਅਤੇ ਸਾਥੀ ਹਰ ਸਾਲ ਦੀ ਤਰ੍ਹਾਂ ਕਰ ਰਹੇ ਸਨ। ਬੀਬੀਆਂ ਵੀ ਪਾਣੀ ਤਰੌਂਕ ਅਤੇ ਝਾੜੂ ਮਾਰ ਕੇ ਸੇਵਾ ਕਰ ਰਹੀਆਂ ਸਨ। ਹੋਰ ਵੀ ਬਹੁਤ ਸਾਰੇ ਸੇਵਾਦਾਰਾਂ ਨੇ ਵਧ ਚੜ੍ਹ ਕੇ ਸੇਵਾ ਕੀਤੀ। ਨਗਰ ਕੀਰਤਨ ਵਿਚ ਸੇਵਾ ਨਿਭਾ ਰਹੇ ਸ. ਹਰਦਿਆਲ ਸਿੰਘ ਮੱਲ੍ਹੀ ਦੇ ਪੁੱਤਰ ਪੁਲਿਸ ਅਫਸਰ ਸ. ਸੰਦੀਪ ਸਿੰਘ ਮੱਲ੍ਹੀ ਦਾ ਸੰਗਤ ਵਲੋਂ ਸਨਮਾਨ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੋਰ ਸੇਵਾਦਾਰਾਂ ਦਾ ਸਨਮਾਨ ਵੀ ਕੀਤਾ ਗਿਆ।

ਨਗਰ ਕੀਰਤਨ ਰਾਹੀਂ ਇਹ ਸੁਨੇਹਾ ਦਿੱਤਾ ਗਿਆ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਬੀਤਤ ਕਰਨ ਵਾਲੇ ਨੋਬਲ ਪ੍ਰਾਈਜ਼ ਹਾਸਲ ਕਰਦੇ ਹਨ। ਇਸ ਤੋਂ ਇਲਾਵਾ ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਜਾਲ ਵਿਚੋਂ ਨਿਕਲਣ ਅਤੇ ਦੇਹਧਾਰੀ ਅਖੌਤੀ ਗੁਰੂਆਂ ਦੀ ਮੁਥਾਜੀ ਕਰਨ ਤੋਂ ਬਚ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਿਆ ਗਿਆ। ਨਗਰ ਕੀਰਤਨ ਸ਼ਹਿਰ ਦੀਆਂ ਸੜਕਾਂ ਤੋਂ ਹੁੰਦਾ ਹੋਇਆ ਵਾਪਸ ਗੁਰੂ ਘਰ ਆ ਕੇ ਅਰਦਾਸ ਪਿਛੋਂ ਸਮਾਪਤ ਹੋਇਆ।

ਇਸ ਤੋਂ ਪਹਿਲਾਂ ਗੁਰਪੁਰਬ ਸਬੰਧੀ ਸਜੇ ਦੀਵਾਨਾਂ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਗਿਆਨੀ ਹਰਭਜਨ ਸਿੰਘ, ਗਿਆਨੀ ਜਸਵਿੰਦਰ ਸਿੰਘ ਤੇ ਗਿਆਨੀ ਮਨਦੀਪ ਸਿੰਘ ਰੋਜ਼ਾਨਾ ਸ਼ਾਮ ਦੇ ਦੀਵਾਨਾਂ ਵਿਚ ਸੰਗਤਾਂ ਨੂੰ ਗੁਰਬਾਣੀ ਸ਼ਬਦ ਨਾਲ ਨਿਹਾਲ ਕਰਦੇ ਰਹੇ। ਉਪਰੰਤ ਕਥਾਵਾਚਕ ਗਿਆਨੀ ਇਕਬਾਲ ਸਿੰਘ ਨੇ ਕਥਾ ਵਿਆਖਿਆ



ਰਾਹੀਂ ਅਤੇ ਭਾਈ ਲਖਬੀਰ ਸਿੰਘ ਦੇ ਢਾਡੀ ਜਥਾ ਨੇ ਢਾਡੀ ਵਾਰਾਂ ਰਾਹੀਂ ਪਹਿਲੀ ਪਾਤਿਸ਼ਾਹੀ ਦਾ ਤੇ ਸਿੱਖ ਇਤਿਹਾਸ ਸਰਵਣ ਕਰਵਾਇਆ।

ਨਗਰ ਕੀਰਤਨ ਸਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰਨਾਂ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਮਿਲ-ਬੈਠ ਕੇ ਸਾਰਾ ਪ੍ਰੋਗਰਾਮ ਉਲੀਕਦੀਆਂ ਸਨ ਜਿਨ੍ਹਾਂ ਵਿਚ ਸੰਗਤ ਮੈਂਬਰ ਵੀ ਸਲਾਹ-ਮਸ਼ਵਰਾ ਕਰਦੇ ਸਨ। ਸ.



ਸਕੰਦਰ ਸਿੰਘ ਜੱਸੜ, ਸ. ਸਕੰਦਰ ਸਿੰਘ ਗਰੇਵਾਲ, ਸ. ਮੱਸਾ ਸਿੰਘ ਬਾਜਵਾ, ਸ. ਦਿਲਜੀਤ ਸਿੰਘ ਬਾਜਵਾ, ਸ. ਮਨਜੀਤ ਸਿੰਘ ਗਿੱਲ, ਸ. ਗੁਰਮੀਤ ਸਿੰਘ, ਸ. ਸ਼ਿੰਦਰ ਸਿੰਘ ਅਤੇ ਸ. ਬਲਬੀਰ ਸਿੰਘ ਨੇ ਸਮਾਗਮਾਂ ਦੀ ਸਫਲਤਾ ਲਈ ਦਿਨ ਰਾਤ ਇਕ ਕਰੀ ਰੱਖਿਆ। ਗੁਰੂ ਘਰ ਦੇ ਸਟੇਜ ਸਕੱਤਰ ਸ. ਰਜਿੰਦਰਪਾਲ ਸਿੰਘ ਲੋੜ ਅਨੁਸਾਰ ਸਾਰੀ ਸਮੱਗਰੀ ਦਾ ਲੈਣ-ਦੇਣ ਕਰਨ ਵਿਚ ਰੁਝੇ ਰਹਿੰਦੇ ਅਤੇ ਸ਼ਾਮ ਨੂੰ ਸਟੇਜ ਦੀ ਸੇਵਾ ਵੀ ਸੰਭਾਲਦੇ। ਸ. ਬਲਬੀਰ ਸਿੰਘ ਅਤੇ ਸ. ਗੁਰਮੀਤ ਸਿੰਘ ਨੇ ਤਿੰਨ ਹਫਤੇ ਆਪਣੇ ਕੰਮ ਤੋਂ ਛੁੱਟੀਆਂ ਕਰ ਕੇ ਮੁੱਖ ਸੇਵਾਦਾਰਾਂ



ਦੀ ਡਿਊਟੀ ਨਿਭਾਈ।

ਬੀਬੀ ਰਾਜਵੰਤ ਕੌਰ ਗਿੱਲ ਅਤੇ ਸ. ਹੰਸਰਾਜ ਸਿੰਘ ਚੀਮਾ ਜਿਥੇ ਵਾਤਾਵਰਣ ਨੂੰ ਸ਼ੁੱਧ ਕਰਨ ਵਿਚ ਹੱਥ ਵਟਾਉਂਦੇ ਰਹੇ, ਉਥੇ ਸੰਗਤਾਂ ਦੀ ਚਾਹ-ਪਾਣੀ ਰਾਹੀਂ ਆਓ-ਭਗਤ ਵਿਚ ਵੀ ਜੁਟੇ ਰਹੇ। ਕੁਝ ਬੀਬੀਆਂ ਤਾਂ ਸਵੇਰ ਤੋਂ ਸ਼ਾਮ ਤੱਕ ਲੰਗਰ ਤਿਆਰ ਕਰਨ ਵਿਚ ਮਗਨ ਰਹਿੰਦੀਆਂ ਅਤੇ ਸ਼ਾਮ ਨੂੰ ਕਥਾ-ਕੀਰਤਨ ਦਾ ਅਨੰਦ ਵੀ ਮਾਣਦੀਆਂ। ਸ. ਸੁਲੱਖਣ ਸਿੰਘ ਰਾਏ, ਸ. ਹਰਦਿਆਲ ਸਿੰਘ ਮੱਲ੍ਹੀ ਅਤੇ ਸ. ਦਿਲਜੀਤ ਸਿੰਘ ਨੇ ਲੰਗਰ ਦੀ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਫਸਟ ਚੁਆਇਸ ਅਰਜੰਟ ਕੇਅਰ ਦੇ ਡਾਕਟਰ ਯਾਦਵਿੰਦਰ ਕੰਗ, ਗੁਡ ਸਮੈਰਿਟਨ ਹਸਪਤਾਲ ਦੇ ਡਾ. ਮਤਾਬ ਸਿੰਘ ਅਤੇ ਡਾ. ਸੁਖਦੀਪ ਸਿੰਘ ਸੰਧੂ (ਸੰਤ ਬਾਬਾ ਵਸਾਖਾ ਸਿੰਘ ਦੇ ਨਜ਼ਦੀਕੀ) ਨੇ ਪਰਿਵਾਰਾਂ ਸਮੇਤ ਲੰਗਰਾਂ ਦੀ ਸੇਵਾ ਕੀਤੀ।

ਸ਼ੁੱਕਰਵਾਰ ਸ਼ਾਮ ਨੂੰ ਲੰਗਰ ਦੇ ਸਟਾਲ ਲੱਗਣੇ ਸ਼ੁਰੂ ਹੋ ਗਏ ਸਨ। ਸੇਵਾਦਾਰ ਸਥਾਨਕ ਵੀ ਸਨ ਤੇ ਦੂਰ-ਦੁਰਾਡੇ ਦੇ ਸ਼ਹਿਰਾਂ ਤੋਂ ਆ ਕੇ ਵੀ ਸੇਵਾ ਵਿਚ ਜੁਟੇ ਹੋਏ ਸਨ। ਹਰ ਸਾਲ ਰੀਨੋ ਸ਼ਹਿਰ ਤੋਂ ਆ ਕੇ ਸੇਵਾਦਾਰ ਜਲੇਬੀਆਂ ਅਤੇ ਨੂਡਲਜ਼ ਤੋਂ ਇਲਾਵਾ ਖਾਸ ਕਰ ਬੱਚਿਆਂ ਵਾਸਤੇ ਹੋਰ ਵੀ ਕਈ ਤਰ੍ਹਾਂ ਦੇ ਭੋਜਨ ਤਿਆਰ ਕਰਕੇ ਆਪਣੀ ਸੇਵਾ ਸਫਲ ਕਰ ਰਹੇ ਸਨ। ਡਾ. ਯਾਦਵਿੰਦਰ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਬਦਾਮਾਂ ਦੇ ਦੁੱਧ ਦੀ ਸੇਵਾ ਅਤੇ ਡਾ. ਮਤਾਬ ਸਿੰਘ ਤੇ ਉਨ੍ਹਾਂ ਦੇ ਸਟਾਫ ਵਲੋਂ ਡੋਸੇ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ ਜਾ ਰਹੀ ਸੀ।

ਭਗਤ ਪੂਰਨ ਸਿੰਘ ਸੁਸਾਇਟੀ ਨਾਲ ਜੁੜੇ ਬੱਚੇ ਤੇ ਨੌਜਵਾਨ ਲੰਗਰ ਦੀਆਂ ਸੇਵਾਵਾਂ ਤਾਂ ਕਰ ਹੀ ਰਹੇ ਸਨ, ਨਾਲ ਨਾਲ ਲੋੜਵੰਦ ਲੋਕਾਂ ਨੂੰ ਭੋਜਨ ਛਕਾਉਣ ਤੇ ਤਨ ਢਕਣ ਲਈ ਕੱਪੜਾ ਵਗੈਰਾ ਦੇ ਕੇ ਲੋੜੀਂਦੀ ਮਦਦ ਕਰਨ ਲਈ ਵੀ ਪ੍ਰੇਰ ਰਹੇ ਸਨ। ਜੈਕਾਰਾ ਮੂਵਮੈਂਟ ਸੰਸਥਾ ਵੀ ਨੌਜਵਾਨ ਬੱਚਿਆਂ ਨੂੰ ਸਿੱਖੀ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਬਾਰੇ ਚਾਨਣਾ ਪਾ ਰਹੀ ਸੀ।

ਸਮੁੱਚੇ ਸਮਾਗਮਾਂ ਨੂੰ ਓਮਨੀ ਵੀਡੀਓ ਵਾਲੇ ਸ. ਸ਼ਿਆਰਾ ਸਿੰਘ ਢੀਂਡਸਾ ਨੇ ਕੈਮਰਾਬੰਦ ਕੀਤਾ। ਸਨਿਚਰਵਾਰ ਅਤੇ ਐਤਵਾਰ ਦੇ ਸਾਰੇ ਪ੍ਰੋਗਰਾਮ ਦਾ ਓਮਨੀ ਵੀਡੀਓ ਦੇ ਉਪਰਾਲੇ ਸਦਕਾ ਸੁਖਦੇਵ ਸਿੰਘ ਢਿੱਲੋਂ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਦੇ ਸਹਿਯੋਗ ਨਾਲ 'ਰੇਡੀਓ ਪੰਜਾਬ' 'ਤੇ ਸਿੱਧਾ ਪ੍ਰਸਾਰਨ ਕੀਤਾ ਗਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੇਵਾਦਾਰਾਂ ਅਤੇ ਸੰਗਤਾਂ ਦਾ ਗੁਰਪੁਰਬ ਤੇ ਨਗਰ ਕੀਰਤਨ ਸਬੰਧੀ ਸਮਾਗਮਾਂ ਵਿਚ ਵਧ ਚੜ੍ਹ ਕੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਹੈ।

(ਹੋਰ ਤਸਵੀਰਾਂ ਅਗਲੇ ਸਫੇ 'ਤੇ)

**ਸਨਿਚਰ ਤੇ ਐਤਵਾਰ ਦੇ ਸਮਾਗਮਾਂ ਦੀ ਵੀਡੀਓ**
**www.omnivideousa.com**
**ਉਤੇ ਵੇਖੀ ਜਾ ਸਕਦੀ ਹੈ।**

**ਤਸਵੀਰਾਂ:**
**ਸ਼ਿਆਰਾ ਸਿੰਘ ਢੀਂਡਸਾ**
**ਓਮਨੀ ਵੀਡੀਓ, ਬੇਕਰਸਫੀਲਡ**
**ਫੋਨ: 661-703-6664**







# ਗੁਰਦੁਆਰਾ ਸਿੱਖ ਟੈਂਪਲ ਬੇਕਰਸਫੀਲਡ

## ਗੁਰਪੁਰਬ ਸਬੰਧੀ ਸਮਾਗਮ: ਤਸਵੀਰਾਂ ਦੀ ਜ਼ੁਬਾਨੀ


























# ਪਾਕਿਸਤਾਨ ਦੀ ਸਿੱਖ ਵਿਰਾਸਤ 'ਤੇ ਝਾਤੀ



ਜਮਰੌਦ ਵਿਚ ਇਕ ਸਿੱਖ ਨੌਜਵਾਨ ਨਾਲ ਲਿਖਾਰੀ ਅਮਰਦੀਪ ਸਿੰਘ।

## ਅਮਰਦੀਪ ਸਿੰਘ ਦੀਆਂ ਕਿਤਾਬਾਂ ਵਾਚਦਿਆਂ


**ਕਲਾ ਪਰਿਕਰਮਾ**

**ਜਗਜੀਤ ਸਿੰਘ ਸੇਖੋਂ**


ਪਾਕਿਸਤਾਨ ਵਿਚ ਰੁਲ ਰਹੀਆਂ ਸਿੱਖ ਨਿਸ਼ਾਨੀਆਂ ਬਾਰੇ ਸਿੰਗਾਪੁਰ ਵੱਸਦੇ ਅਮਰਦੀਪ ਸਿੰਘ ਨੇ ਦੋ ਕਿਤਾਬਾਂ ਤਿਆਰ ਕੀਤੀਆਂ ਹਨ। ਪਹਿਲੀ ਕਿਤਾਬ 'ਲੌਸਟ ਹੈਰੀਟੇਜ: ਦਿ ਸਿੱਖ ਲਗੇਸੀ ਇਨ ਪਾਕਿਸਤਾਨ' ਕੁਝ ਸਾਲ ਪਹਿਲਾਂ ਛਪੀ ਸੀ ਅਤੇ ਹੁਣ ਇਸ ਦਾ ਅਗਲਾ ਭਾਗ 'ਦਿ ਕੁਐਸਟ ਕਾਂਟੀਨਿਊਜ਼: ਲੌਸਟ ਹੈਰੀਟੇਜ- ਦਿ ਸਿੱਖ ਲਗੇਸੀ ਇਨ ਪਾਕਿਤਸਾਨ' ਛਪੀਆਂ ਹਨ। ਇਸ ਵਿਚ ਪਾਕਿਸਤਾਨ ਵਿਚ ਹਾਸ਼ੀਏ 'ਤੇ ਪੁੱਜੀਆਂ ਸਿੱਖ ਨਿਸ਼ਾਨੀਆਂ ਬਾਰੇ ਤਸਵੀਰਾਂ ਸਮੇਤ ਖੁਲਾਸਾ ਕੀਤਾ ਗਿਆ ਹੈ।

ਅਮਰਦੀਪ ਸਿੰਘ ਦੱਸਦਾ ਹੈ ਕਿ ਇਹ ਨਿਸ਼ਾਨੀਆਂ ਕੂਕ ਕੂਕ ਕੇ ਪੁੱਛ ਰਹੀਆਂ ਹਨ ਕਿ ਇਨ੍ਹਾਂ ਦਾ ਖਿਆਲ ਛੱਡ ਕਿਉਂ ਦਿੱਤਾ ਗਿਆ? ਅਮਰਦੀਪ ਸਿੰਘ ਅਸਲ ਵਿਚ ਆਪਣੇ ਪੁਰਖਿਆਂ ਦੀਆਂ ਪੈੜਾਂ ਨੱਪਦਾ ਨੱਪਦਾ ਇਸ ਵਿਰਾਸਤ ਤੱਕ ਜਾ ਪੁੱਜਾ ਸੀ। ਉਸ ਦੇ ਪੁਰਖੇ ਮੁਜ਼ੱਫਰਾਬਾਦ ਤੋਂ ਭਾਰਤ ਆਏ ਸਨ। ਮੁਜ਼ੱਫਰਾਬਾਦ ਮਕਬੂਜ਼ਾ ਕਸ਼ਮੀਰ ਵਿਚ ਪੈਂਦਾ ਹੈ। ਉਹ ਕੁਝ ਸਮਾਂ ਅਮਰੀਕਾ ਵਿਚ ਵੀ ਰਿਹਾ ਅਤੇ ਫਿਰ 2003 ਵਿਚ ਉਸ ਨੇ ਸਿੰਗਾਪੁਰ ਦੀ ਨਾਗਰਿਕਤਾ ਲੈ ਲਈ। ਹੁਣ ਉਸ ਦਾ ਅਗਲਾ ਨਿਸ਼ਾਨਾ ਅਫ਼ਗਾਨਿਸਤਾਨ ਵਿਚ ਸਿੱਖਾਂ ਦੀ ਵਿਰਾਸਤ ਅਤੇ ਉਥੋਂ ਦੇ ਗੁਰਧਾਮਾਂ ਬਾਰੇ ਕਿਤਾਬ ਤਿਆਰ ਕਰਨਾ ਹੈ। ਆਪਣੇ ਨਵੇਂ ਪ੍ਰੋਜੈਕਟ ਨੂੰ ਸਿਰੇ ਲਾਉਣ ਲਈ ਉਹ ਖੂਬ ਖੋਜ ਕਰ ਰਿਹਾ ਹੈ। ਉਸ ਦਾ ਆਖਣਾ ਹੈ ਕਿ ਉਹ ਆਪਣੀਆਂ ਪਹਿਲੀਆਂ ਦੋਵੇਂ ਕਿਤਾਬਾਂ ਵਾਂਗ ਇਹ ਪ੍ਰੋਜੈਕਟ ਵੀ ਛੇਤੀ ਹੀ ਸਿਰੇ ਚਾੜ੍ਹ ਲਵੇਗਾ।

ਆਪਣੀਆਂ ਕਿਤਾਬਾਂ ਬਾਰੇ ਅਮਰਦੀਪ ਸਿੰਘ ਦੱਸਦਾ ਹੈ ਕਿ ਇਹ ਕੋਈ ਧਾਰਮਿਕ ਕਿਤਾਬਾਂ ਨਹੀਂ ਹਨ, ਬਲਕਿ ਇਨ੍ਹਾਂ ਵਿਚ ਪਿਛਲੇ 70ਵਰ੍ਹਿਆਂ ਦੌਰਾਨ ਪਾਕਿਸਤਾਨ ਵਿਚ ਸਿੱਖੀ ਦੀ ਵਿਰਾਸਤ ਦਾ ਜੋ ਹਸ਼ਰ ਹੋਇਆ ਹੈ, ਉਸ ਨੂੰ ਤਸਵੀਰਾਂ ਸਮੇਤ ਪੇਸ਼ ਕੀਤਾ ਗਿਆ ਹੈ। ਉਸ ਨੇ ਸਿੱਖ ਰਾਜ ਦੌਰਾਨ ਬਣਾਏ ਕਿਲ੍ਹਿਆਂ ਬਾਰੇ ਵੀ ਪੂਰੀ ਤਫ਼ਸੀਲ ਆਪਣੀਆਂ ਕਿਤਾਬਾਂ ਵਿਚ ਦਿੱਤੀ ਹੈ। ਉਸ ਨੇ ਖੈਬਰ ਇਲਾਕੇ ਦੇ ਉਨ੍ਹਾਂ 27 ਕਿਲ੍ਹਿਆਂ ਦਾ ਜ਼ਿਕਰ ਵੀ ਕੀਤਾ ਹੈ ਜੋ ਸਿੱਖਾਂ ਨਾਲ ਸਬੰਧਤ ਹਨ, ਪਰ ਬਹੁਤੇ ਲੋਕ ਇਨ੍ਹਾਂ ਬਾਰੇ ਜਾਣਦੇ ਤੱਕ ਨਹੀਂ ਹਨ। ਇਨ੍ਹਾਂ ਵਿਚ ਖੈਬਰ ਪਾਸ ਦੇ ਸਥਿਤ ਜਮਰੌਦ ਦਾ ਕਿਲ੍ਹਾ ਵੀ ਹੈ, ਜਿਥੇ ਹਰੀ ਸਿੰਘ ਨਲਵਾ ਮਾਰਿਆ ਗਿਆ ਸੀ। ਨੇੜੇ ਹੀ ਸਕਰਦੂ ਦਾ ਗੁਰਦੁਆਰਾ ਵੀ ਸ਼ਾਮਲ ਹੈ।









ਪਾਕਿਸਤਾਨ ਵਿਚ ਸਿੱਖੀ ਦੀ ਵਿਰਾਸਤ ਬਾਰੇ ਰਚੀਆਂ ਅਮਰਦੀਪ ਦੀਆਂ ਕਿਤਾਬਾਂ ਦੇ ਮੁਖੜੇ।

ਅਮਰਦੀਪ ਸਿੰਘ ਮੁਤਾਬਕ, ਉਹ 2014 ਵਿਚ ਅਚਨਚੇਤ ਪਾਕਿਸਤਾਨ ਗਿਆ ਸੀ, ਪਰ ਉਥੇ ਸਿੱਖਾਂ ਦੀਆਂ ਵਿਰਾਸਤੀ ਨਿਸ਼ਾਨੀਆਂ ਦੀ ਮਾੜੀ ਹਾਲਤ, ਰੂਹ ਨੂੰ ਝੰਜੋੜਨ ਵਾਲੀ ਸੀ। ਉਸ ਨੇ ਉਸੇ ਵੇਲੇ ਹੀ ਫੈਸਲਾ ਕੀਤਾ ਕਿ ਉਹ ਇਨ੍ਹਾਂ ਨਿਸ਼ਾਨੀਆਂ ਬਾਰੇ ਗੱਲ ਤੋਰੇਗਾ। ਅਮਰਦੀਪ ਸਿੰਘ ਕਿੱਤੇ ਵਜੋਂ ਬੈਂਕਰ ਹੈ ਅਤੇ ਇਨ੍ਹਾਂ ਕਿਤਾਬਾਂ ਨੇ ਉਸ ਨੂੰ ਲਿਖਾਰੀਆਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ। ਉਸ ਦੇ ਇਸ ਅਨੂਠੇ ਕਾਰਜ ਦੀ ਹਰ ਪਾਸਿਓਂ ਤਾਰੀਫ਼ ਹੋਈ ਹੈ। ਅੰਮ੍ਰਿਤਸਰ ਵਿਚ ਸੰਤਾਲੀ ਦੀ ਵੰਡ ਨਾਲ ਸਬੰਧਤ ਅਜਾਇਬਘਰ ਵਿਚ ਵੀ ਉਸ ਦੀਆਂ ਕਿਤਾਬਾਂ ਬਾਰੇ ਚਰਚਾ ਕਰਵਾਈ ਗਈ। ਇਹੀ ਨਹੀਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਉਸ ਦਾ ਮਾਣ-ਤਾਣ ਕੀਤਾ ਹੈ ਅਤੇ ਉਸ ਦੀਆਂ ਇਨ੍ਹਾਂ ਕਿਤਾਬਾਂ ਨੂੰ ਮਾਨਤਾ ਵੀ ਦਿੱਤੀ ਹੈ। ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬੰਡੂਗਰ ਨੇ ਲਿਖਾਰੀ ਦਾ ਸਨਮਾਨ ਵੀ ਕੀਤਾ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਕੁੜੀਆਂ ਦੇ ਖਾਲਸਾ ਕਾਲਜ, ਬੀ.ਬੀ.ਕੇ. ਡੀ.ਏ.ਵੀ. ਕਾਲਜ ਅਤੇ ਹੋਰ ਥਾਈਂ ਵੀ ਉਸ ਦੇ ਮਾਣ ਵਿਚ ਸਮਾਗਮ ਕਰਵਾਏ ਗਏ।

ਯਾਦ ਰਹੇ ਕਿ ਹੁਣ ਤੱਕ ਪਾਕਿਸਤਾਨ ਦੇ ਗੁਰਧਾਮਾਂ ਬਾਰੇ ਹੀ ਚਰਚਾ ਚਲਦੀ ਰਹੀ ਹੈ, ਸਿੱਖ ਰਾਜ ਦੀਆਂ ਨਿਸ਼ਾਨੀਆਂ ਬਾਰੇ ਗੱਲ ਘੱਟ ਹੀ ਹੋਈ ਹੈ। ਇਸ ਪੱਖ ਤੋਂ ਅਮਰਦੀਪ ਸਿੰਘ ਦੀਆਂ ਕਿਤਾਬਾਂ ਦੀ ਅਹਿਮੀਅਤ ਵਧੇਰੇ ਹੈ। ਉਹ ਖੁਦ ਵੀ ਆਖਦਾ ਹੈ ਕਿ ਉਸ ਨੇ ਆਪਣੀ ਇਸ ਕਿਤਾਬ ਨੂੰ ਧਾਰਮਿਕ ਰੰਗਣ ਵਿਚ ਰੰਗਣ ਦੀ ਥਾਂ ਸਿੱਖ ਵਿਰਾਸਤ ਬਾਰੇ ਚਰਚਾ ਛੇੜਨ ਦਾ ਯਤਨ ਕੀਤਾ ਹੈ। ਉਸ ਦੀਆਂ ਇਹ ਦੋਵੇਂ ਕੌਫ਼ੀ ਟੇਬਲ ਕਿਤਾਬਾਂ ਸਿੱਖ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।



ਆਪਣੀਆਂ ਦੋਹਾਂ ਕਿਰਤਾਂ ਨਾਲ ਅਮਰਦੀਪ ਸਿੰਘ।

### ਕਾਸ਼ ! ਅਸੀਂ ਪਾਕਿਸਤਾਨ ਨੂੰ ਕਿਹਾ ਹੁੰਦਾ...

*ਅਮਰਦੀਪ ਸਿੰਘ ਦੀ ਨਵੀਂ ਕਿਤਾਬ 'ਦਿ ਕੁਐਸਟ ਕਾਂਟੀਨਿਊਜ਼: ਲੌਸਟ ਹੈਰੀਟੇਜ- ਦਿ ਸਿੱਖ ਲਗੇਸੀ ਇਨ ਪਾਕਿਤਸਾਨ' ਬਾਰੇ ਦਿੱਲੀ ਵਿਚ ਚਰਚਾ ਕਰਦਿਆਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਪਾਕਿਸਤਾਨ ਨਾਲ ਭਾਰਤ ਦੇ ਵਧੇਰੇ ਸੁਘੜ ਰਿਸ਼ਤੇ ਹੋਣੇ ਚਾਹੀਦੇ ਹਨ ਤਾਂ ਕਿ ਉਸ ਖੇਤਰ ਵਿਚ ਸਿੱਖਾਂ ਦੀ ਅਮੀਰ ਵਿਰਾਸਤ ਨੂੰ ਬਚਾਇਆ ਜਾ ਸਕੇ। ਇਸ ਮਾਮਲੇ ਵਿਚ ਭਾਰਤ ਨੂੰ ਪਾਕਿਸਤਾਨ ਨਾਲ ਉਚੇਚੀ ਗੱਲ ਕਰਨੀ ਚਾਹੀਦੀ ਸੀ। ਹੁਣ ਵੀ ਬਹੁਤੀ ਦੇਰ ਨਹੀਂ ਹੋਈ, ਦੋਹਾਂ ਮੁਲਕਾਂ ਨੂੰ ਦੁਸ਼ਮਣੀ ਛੱਡ ਕੇ ਨੇੜੇ ਆਉਣਾ ਚਾਹੀਦਾ ਹੈ। ਦੋਵੇਂ ਭਾਵੇਂ ਵੱਖਰੇ ਮੁਲਕ ਹਨ, ਪਰ ਪਹਿਲਾਂ ਇਕ ਹੀ ਮੁਲਕ ਸਨ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਦਸੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-302



*ਇਸ ਕੁੱਤੇ ਨੂੰ ਹਰ ਲੀਡਰ ਦੇ ਘਰ ਮੋਹਰੇ ਲੈ ਜਾਉ ਯਾਰ।*
*ਆ ਜਾਵੇਗਾ ਸੰਗ ਦਾ ਭੋਰਾ ਗਲ ਵਿਚ ਪਾਇਆ ਦੇਖ ਕੇ ਹਾਰ।*

## ਕੈਪਸ਼ਨ ਮੁਕਾਬਲਾ-300



ਪਾਰ ਸਮੁੰਦਰੋਂ ਹੋਏ ਵਸੇਬੇ
ਆਈ ਗੁਰਮੁਖੀ ਨਾਲ।
ਪਿੰਡੋਂ ਆਈ ਬੇਬੇ ਖੁਸ਼ ਹੈ
ਅਖਬਾਰ ਪੰਜਾਬੀ ਭਾਲ।
ਮਾਣ ਹੈ ਉਨ੍ਹਾਂ ਲੋਕਾਂ 'ਤੇ
ਜੋ ਫਰਜ਼ ਰਹੇ ਨੇ ਪਾਲ।

**-ਜਗਮੀਤ ਸਿੰਘ ਪੰਧੇਰ**

---

ਇੱਕ ਗਹਿਣਾ ਬੇਬੇ ਐਸਾ ਪਾਇਆ,
ਨਾਲ ਗਿਆ ਸਮੁੰਦਰੋਂ ਪਾਰ।
ਵੀਣੀ ਦੀ ਵੰਗ ਨਾ ਮੁੰਦਰੀ ਦਾ ਨਗ,
ਨਾ ਉਹ ਬੇਬੇ ਦੇ ਗਲ ਦਾ ਹਾਰ।
ਵਿਦਿਆ ਦਾ ਗਹਿਣਾ ਪਾਈ ਬੈਠੀ,
ਪੰਜਾਬੀ ਦੇ ਪੜ੍ਹੇ ਅਖਬਾਰ।

**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**

---

ਵਿਦਿਆ ਹੁੰਦੀ ਅਨਮੋਲ ਗਹਿਣਾ
ਮੈਂ ਬੱਚਿਆਂ ਨੂੰ ਖੂਬ ਪੜ੍ਹਾਇਆ।
ਚਾਰ ਅੱਖਰ ਪੜ੍ਹੇ ਸੀ ਮਾਂ ਬੋਲੀ ਦੇ
ਉਹੀ ਮੇਰਾ ਸਰਮਾਇਆ।
ਸਾਰਾ ਟੱਬਰ ਕੰਮ 'ਤੇ ਜਾਵੇ
ਅਖਬਾਰ ਨੇ ਮੇਰਾ ਜੀ ਪਰਚਾਇਆ।

**-ਅਮਰਜੀਤ ਸਿੰਘ ਤੂਰ**

---

ਵਿੱਦਿਆ ਤੀਜਾ ਨੇਤਰ ਹੁੰਦਾ,
ਕਹਿੰਦੇ ਨੇ ਲੋਕ ਸਿਆਣੇ।
ਪੜ੍ਹੇ-ਲਿਖਿਆਂ 'ਚ ਅਨਪੜ੍ਹ ਬੰਦੇ ਨੂੰ
ਕੋਈ ਨਾ ਅੱਜ ਪਛਾਣੇ।
ਸਮੇਂ ਦੇ ਹਾਣੀ ਬਣਨਾ ਜੇ,
ਪਾਓ ਵਿੱਦਿਆ ਦਾ ਗਹਿਣਾ।
ਦੇਸ਼-ਵਿਦੇਸ਼ ਜਿੱਥੇ ਮਰਜ਼ੀ ਜਾਓ
ਨਾਲ ਸਦਾ ਇਹ ਰਹਿਣਾ।

**-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ**

---

ਚਾਰ ਅੱਖਰ ਸੀ ਜੋ ਪੱਲੇ,
ਰਹਿਣ ਨਾ ਦਿੰਦੇ ਮੈਨੂੰ 'ਕੱਲੇ।
'ਪੰਜਾਬ ਟਾਈਮਜ਼' ਹੱਥ ਜੇ ਆਵੇ,
ਅੱਖਰ ਅੱਖਰ ਮੈਨੂੰ ਭਾਵੇ।
ਵਿਹਲੇ ਵਖਤ ਮੈਂ ਪੜ੍ਹ ਅਖਬਾਰ,
ਘੁੰਮ ਆਉਂਦੀ ਹਾਂ ਸਾਰਾ ਸੰਸਾਰ।

**-ਦਵਿੰਦਰ ਕੌਰ**

---

ਨਵਾਰ ਦਾ ਮੰਜਾ, ਪੰਜਾਬੀ ਪਹਿਰਾਵਾ
ਹੱਥ ਫੜ੍ਹੀ ਪੰਜਾਬੀ ਅਖਬਾਰ।
ਬੇਬੇ ਦਾ ਇਕੱਲਾਪਨ ਦੂਰ ਕਰਦਾ
'ਪੰਜਾਬ ਟਾਈਮਜ਼' ਅਖਬਾਰ।
ਨੀਝ ਲਾ ਕੇ ਪੜ੍ਹੇ ਲੇਖ-ਕਹਾਣੀਆਂ
ਪਲੇਟ ਤੇ ਕੱਪ ਪਏ ਵਿਚਕਾਰ।
ਨੂੰਹ-ਪੁੱਤ ਨੂੰ ਸੁਣਾਊ ਖਬਰਾਂ
ਚੰਗੇ ਵੇਲੇ ਪੜ੍ਹ ਲਏ ਸੀ ਅੱਖਰ ਚਾਰ।

**-ਮੇਜਰ ਕੁਲਾਰ, ਬੋਪਾਰਾਏਕਲਾਂ**

---

ਮਾਂਵਾਂ ਦੇ ਦਿਲ ਕੋਮਲ ਹੁੰਦੇ
ਧੀਆਂ-ਪੁੱਤਾਂ ਲਈ ਕਰਦੀ ਅਰਦਾਸ।
ਪੁੱਤ ਪਰਵਾਸੀ ਹੋ'ਗੇ ਕੰਮਾਂ-ਕਾਰਾਂ 'ਚ
ਵਿਹਲ ਨਾ ਉਨ੍ਹਾਂ ਕੋਲ ਦਿਨ ਰਾਤ।
ਉਨ੍ਹਾਂ ਬਿਨ ਜੀਅ ਨਹੀਂ ਲੱਗਦਾ
ਆਪ ਵੀ ਰੁਖ ਕਰਿਆ ਅਮਰੀਕਾ ਦਾ।
ਪੁਰਾਣੇ ਵੇਲਿਆਂ ਦੀ ਪੜ੍ਹੀ ਗੁਰਮੁਖੀ
ਬੇਬੇ ਹੁਣ ਪੜ੍ਹਦੀ ਹਾਲ ਸ਼ਰੀਕਾਂ ਦਾ।

**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਵਿਦਿਆ ਵੀਚਾਰੀ ਪਰਉਪਕਾਰੀ
ਆਖਦੇ ਤਾਹੀਂਓ ਜੇਬ ਦੀ ਘੜੀ।
ਚਾਰ ਅੱਖਰ ਸਿੱਖੇ ਕੰਮ ਹੀ ਆਉਂਦੇ
ਸੰਭਵ ਹੁੰਦਾ ਪੜ੍ਹਨਾ ਅਖਬਾਰ
ਪਤਾ ਲੱਗਦਾ ਦੁਨੀਆਂ ਬਾਰੇ।
ਮਾਂ ਬੋਲੀ 'ਚ ਸਿੱਖੇ ਜੇ ਅੱਖਰ ਚਾਰ
ਸਾਧਨ ਹੈ ਦਰਪਣ ਜੱਗ ਸਾਰਾ
ਕੀ, ਕਿਉਂ, ਕਿਵੇਂ-ਸੁਆਲਾਂ ਦਾ ਹੱਲ।

**-ਦਰਸ਼ਨਪਾਲ ਦੋਸਾਂਝ**

---

ਪਿੰਡ ਕੀਤੀਆਂ ਪੰਜ ਜਮਾਤਾਂ ਪੂਰੀਆਂ
ਅੱਗੇ ਬਾਪੂ ਨਹੀਂ ਪੜ੍ਹਾਇਆ।
ਛੋਟੀ ਉਮਰੇ ਕਰ'ਤਾ ਵਿਆਹ
ਉਨ੍ਹਾਂ ਅਮਰੀਕਾ ਮੈਨੂੰ ਮੰਗਵਾਇਆ।
ਫਿਰ ਚੁੱਕ ਕੇ ਮੰਜਾ ਨਵਾਰੀ
ਵਿਹੜੇ ਦੇ ਵਿਚ ਮੈਂ ਡਾਹਿਆ।
ਵਿਹਲੀ ਹੋ ਗਈ ਘਰ ਦੇ ਕੰਮ ਤੋਂ
ਅਖਬਾਰ ਪੜ੍ਹਨ ਦਾ ਮਨ ਬਣਾਇਆ।
ਬੇਬਾਕ 'ਪੰਜਾਬ ਟਾਈਮਜ਼' ਮੈਨੂੰ ਪਿਆਰਾ
'ਵਧੀਆ ਲੇਖ' ਇਹੋ ਹੈ ਇਹਦਾ ਨਾਅਰਾ।

**-ਗੋਰਾ ਪ੍ਰਜਾਪਤ, ਨਿਊ ਯਾਰਕ**

# 8ਵੀਂ ਫੇਲ੍ਹ ਮੁੰਡਾ ਬਣਿਆ ਕਰੋੜਪਤੀ

**ਨਵੀਂ ਦਿੱਲੀ:** ਇਕ ਬੱਚਾ ਜਿਹੜਾ ਅੱਠਵੀਂ ਵਿਚੋਂ ਫੇਲ੍ਹ ਹੋ ਗਿਆ ਸੀ, ਨੇ ਕਦੇ ਨਹੀਂ ਸੋਚਿਆ ਹੋਵੇਗਾ ਕਿ ਉਹ 23 ਸਾਲ ਦੀ ਉਮਰੇ ਸੀ.ਬੀ.ਆਈ. ਅਤੇ ਰਿਲਾਇੰਸ ਵਰਗੇ ਅਦਾਰਿਆਂ



ਨੂੰ ਸੇਵਾਵਾਂ ਦੇਵੇਗਾ। ਇਹ ਸ਼ਖਸ ਹੈ ਮੁੰਬਈ ਵਿਚ ਰਹਿਣ ਵਾਲਾ ਹੈਕਰ ਤ੍ਰਿਸ਼ਨਿਤ ਅਰੋੜਾ।

ਬਚਪਨ ਤੋਂ ਹੀ ਤ੍ਰਿਸ਼ਨਿਤ ਦਾ ਮਨ ਪੜ੍ਹਾਈ 'ਚ ਨਹੀਂ ਲੱਗਦਾ ਸੀ। ਇਸ ਕਾਰਨ ਉਸ ਦੇ ਮਾਪੇ ਕਾਫੀ ਪਰੇਸ਼ਾਨ ਸਨ। ਉਸ ਦਾ ਮਨ ਸਿਰਫ ਕੰਪਿਊਟਰ 'ਚ ਲੱਗਦਾ ਸੀ। ਕੰਪਿਊਟਰ 'ਚ ਜਿੰਨਾ ਮਰਜ਼ੀ ਮੁਸ਼ਕਲ ਪਾਸਵਰਡ ਹੋਵੇ, ਉਹ ਅਸਾਨੀ ਨਾਲ ਖੋਲ੍ਹ ਦਿੰਦਾ ਹੈ। ਅੱਠਵੀਂ 'ਚ ਫੇਲ੍ਹ ਹੋਣ ਤੋਂ ਬਾਅਦ ਉਸ ਨੇ ਕੰਪਿਊਟਰ ਨਾਲ ਜੁੜਿਆ ਕੋਈ ਕੰਮ ਕਰਨ ਦੀ ਸੋਚੀ। ਉਸ ਵੇਲੇ ਉਸ ਨੇ ਫੈਸਲਾ ਲਿਆ ਕਿ ਉਹ ਹੈਕਰ ਬਣੇਗਾ। ਇਸ ਤੋਂ ਬਾਅਦ ਉਸ ਨੇ ਇਸ ਦੀ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ ਤੇ 21 ਸਾਲ ਦੀ ਉਮਰ 'ਚ ਹੀ ਉਸ ਨੇ ਟੀ.ਸੀ.ਐਸ. ਸਿਕਿਉਰਿਟੀ ਨਾਂ ਦੀ ਇਕ ਸਾਇਬਰ ਕੰਪਨੀ ਬਣਾਈ। ਇਹ ਨੈਟਵਰਕਿੰਗ ਨੂੰ ਸੁਰੱਖਿਅਤ ਕਰਨ ਦਾ ਕੰਮ ਕਰਦੀ ਹੈ। ਅੱਜ ਸੀ.ਬੀ.ਆਈ., ਰਿਲਾਇੰਸ, ਅਮੂਲ, ਗੁਜਰਾਤ ਪੁਲਿਸ ਅਤੇ ਪੰਜਾਬ ਪੁਲਿਸ ਤ੍ਰਿਸ਼ਨਿਤ ਦੀਆਂ ਸੇਵਾਵਾਂ ਲੈਂਦੀਆਂ ਹਨ। 2013 'ਚ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਉਸ ਨੂੰ ਸਨਮਾਨਤ ਵੀ ਕੀਤਾ ਸੀ। ਅੱਜ ਉਸ ਦੀਆਂ ਕੰਪਨੀਆਂ ਦਾ ਟਰਨਓਵਰ ਇਕ ਕਰੋੜ ਤੋਂ ਵੀ ਉਪਰ ਹੈ।

# ਦੁਨੀਆਂ 'ਚ ਛੇਤੀ ਹੀ ਤਬਾਹੀ ਵਾਲੇ ਭੂਚਾਲ ਦਾ ਦਾਅਵਾ

**ਵਾਸ਼ਿੰਗਟਨ:** ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆਂ ਵਿਚ ਛੇਤੀ ਹੀ ਤਬਾਹੀ ਵਾਲੇ ਭੂਚਾਲ ਆ ਸਕਦੇ ਹਨ। ਇਹ ਧਰਤੀ ਦੀ ਚੱਕਰਾਂ ਦੀ ਗਤੀ ਕਾਰਨ ਹੋ ਸਕਦਾ ਹੈ।

ਕੁਆਰਟਜ਼ ਦੀ ਰਿਪੋਰਟ ਮੁਤਾਬਕ 2018 'ਚ 15-20 ਦੀ ਥਾਂ ਔਸਤਨ 25-30 ਵੱਡੇ ਭੂਚਾਲ ਆ ਸਕਦੇ ਹਨ। ਕਾਲੋਰਾਡੋ ਯੂਨੀਵਰਸਿਟੀ ਦੇ ਰੋਜ਼ਰ ਬਿਲਹਮ ਅਤੇ ਯੂਨੀਵਰਸਿਟੀ ਆਫ ਮੋਂਟਾਨਾ ਦੇ ਰਿਬੈਕਾ ਸਾਲ 1900 ਤੋਂ ਲੈ ਕੇ ਸੱਤ ਗਤੀ ਦੇ ਕਈ ਭੂਚਾਲਾਂ ਦਾ ਅਧਿਐਨ ਕਰ ਚੁਕੇ ਹਨ। ਉਨ੍ਹਾਂ ਦੀ ਖੋਜ ਅਨੁਸਾਰ ਜਦ ਵੀ ਧਰਤੀ ਦੇ ਚੱਕਰ ਲਾਉਣ ਦੀ ਗਤੀ ਘੱਟ ਹੁੰਦੀ ਹੈ ਤਾਂ ਕਈ ਵੱਡੇ ਭੂਚਾਲ ਆਏ ਹਨ। ਇਸ ਸਾਲ ਉਨ੍ਹਾਂ ਦੀ ਇਹ ਖੋਜ ਜਿਓਫਿਜ਼ੀਕਲ ਰਿਸਰਚ ਲੈਟਰ ਵਿਚ ਪ੍ਰਕਾਸ਼ਿਤ ਵੀ ਹੋ ਚੁਕੀ ਹੈ।

ਰੋਜ਼ਰ ਬਿਲਹਮ ਨੇ ਅਕਤੂਬਰ ਵਿਚ ਦੱਸਿਆ ਕਿ ਧਰਤੀ ਦੇ ਘੁੰਮਣ ਤੇ ਐਕਿਟੀਵਿਟੀ ਵਿਚ ਬੜੇ ਮਜ਼ਬੂਤ ਸਬੰਧ ਹਨ, ਇਹੀ ਵਜ੍ਹਾ ਹੈ ਕਿ ਅਗਲੇ ਸਾਲ ਤੱਕ ਵੱਡੇ ਭੂਚਾਲ ਆਉਣ ਦੀ ਸੰਭਾਵਨਾ ਵਧ ਜਾਂਦੀ ਹੈ। ਧਰਤੀ ਦੀ ਰੋਟੇਸ਼ਨ ਦਿਨ ਵਿਚ ਕੁਝ ਮਿਲੀਸੈਕੰਡ ਲਈ ਹੁੰਦੀ ਹੈ। ਸਟੱਡੀ ਵਿਚ ਇਹ ਵੀ ਪਾਇਆ ਗਿਆ ਕਿ ਹਰ 32 ਸਾਲ ਵਿਚ ਵੱਡੇ ਭੂਚਾਲਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਅਤੇ ਇਸ ਦਾ ਕਾਰਨ ਧਰਤੀ ਦੀ ਹਲਕੀ ਜਿਹੀ ਰੋਟੇਸ਼ਨ ਵੀ ਹੁੰਦੀ ਹੈ।

# ਇਰਾਕ 'ਚ ਲੜਕੀਆਂ ਦੇ ਵਿਆਹ ਦੀ ਉਮਰ ਨੌਂ ਸਾਲ ਕਰਨ ਦਾ ਮਤਾ

**ਬਗਦਾਦ:** ਇਰਾਕ ਦੀ ਸੰਸਦ ਵਿਚ ਹਾਲ ਹੀ ਵਿਚ ਪੇਸ਼ ਕੀਤੇ ਗਏ ਬਾਲ ਨਿਕਾਹ ਬਿੱਲ ਦਾ ਸੰਸਦ ਤੋਂ ਲੈ ਕੇ ਸੜਕ ਤੱਕ ਵਿਰੋਧ ਹੋ ਰਿਹਾ ਹੈ। ਇਸ ਵਿਚ ਲੜਕੀਆਂ ਦੇ ਵਿਆਹ ਦੀ ਉਮਰ 18 ਤੋਂ ਘਟਾ ਕੇ 9 ਸਾਲ ਕਰਨ ਦਾ ਪ੍ਰਸਤਾਵ ਹੈ। ਨਿਕਾਹ ਦੀ ਘੱਟੋ ਘੱਟ ਉਮਰ ਨਾਲ ਸਬੰਧਤ ਸਾਲ 1959 ਦੇ ਕਾਨੂੰਨ ਵਿਚ ਸੋਧ ਲਈ ਇਹ ਬਿੱਲ 31 ਅਕਤੂਬਰ ਨੂੰ ਇਕ ਰੂੜ੍ਹੀਵਾਦੀ ਸ਼ੀਆ ਐਮ.ਪੀ. ਨੇ ਪੇਸ਼ ਕੀਤਾ ਸੀ।

ਇਸ ਵਿਚ ਵਿਵਸਥਾ ਹੈ ਕਿ ਲੜਕੀ ਦੇ ਪਰਿਵਾਰ ਵਾਲੇ ਆਪਣੇ ਧਰਮ ਗੁਰੂ (ਸ਼ੀਆ ਜਾਂ ਸੁੰਨੀ) ਦੀ ਸਲਾਹ 'ਤੇ ਉਸ ਦੇ ਨਿਕਾਹ ਦਾ ਫੈਸਲਾ ਲੈ ਸਕਦੇ ਹਨ। ਇਸ ਬਿੱਲ ਦਾ ਸੋਸ਼ਲ ਮੀਡੀਆ, ਸੰਸਦ ਅਤੇ ਸੜਕ ਉਤੇ ਭਾਰੀ ਵਿਰੋਧ ਹੋ ਰਿਹਾ ਹੈ। ਆਜ਼ਾਦ ਐਮ.ਪੀ. ਅਤੇ ਇਰਾਕੀ ਕਾਨੂੰਨ ਕਮਿਸ਼ਨ ਦੇ ਮੈਂਬਰ ਫੈਕ ਅਲ-ਸ਼ੇਖ ਨੇ ਕਿਹਾ ਕਿ ਇਸ ਦੇ ਲਾਗੂ ਹੁੰਦੇ ਹੀ ਜੱਜਾਂ ਨੂੰ ਵੀ ਸ਼ੀਆ ਜਾਂ ਸੁੰਨੀ ਉਲਮਾ ਦੀ ਰਾਇ ਲੈਣਾ ਲਾਜ਼ਮੀ ਹੋ ਜਾਵੇਗਾ।

ਸੇਵਾ ਮੁਕਤ ਫੌਜੀ ਅਧਿਕਾਰੀ ਹਦੀ ਅੱਬਾਸ ਨੇ ਇਸ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਸ ਕਾਨੂੰਨ ਨਾਲ ਬੱਚੀਆਂ ਨਾਲ ਜਬਰ ਜਨਾਹ ਕਰਨ ਵਾਲਿਆਂ ਨੂੰ ਕਾਨੂੰਨੀ ਸੁਰੱਖਿਆ ਮਿਲ ਜਾਏਗੀ। ਇਰਾਕ ਦੇ ਤੱਟੀ ਸ਼ਹਿਰ ਬਸਰਾ ਦੀ ਇਕ ਅਧਿਆਪਕਾ ਨੇ ਪ੍ਰਸਤਾਵਿਤ ਕਾਨੂੰਨ ਨੂੰ ਬੱਚੀਆਂ ਦੀ ਮਾਸੂਮੀਅਤ ਦਾ ਕਤਲ ਦੱਸਿਆ ਹੈ। ਕਈ ਔਰਤ ਐਮ.ਪੀ. ਨੇ ਵੀ ਇਸ ਬਿੱਲ ਦਾ ਵਿਰੋਧ ਕੀਤਾ ਹੈ।

# ਕੈਨੇਡਾ ਸਰਕਾਰ ਨੇ ਸਿੱਖਾਂ ਨੂੰ ਬਖਸ਼ਿਆ ਮਾਣ

**ਟੋਰਾਂਟੋ:** ਹੁਣ ਕੈਨੇਡਾ ਵਿਚ ਅੰਮ੍ਰਿਤਧਾਰੀ ਸਿੱਖ ਘਰੇਲੂ ਉਡਾਣਾਂ ਵਿਚ ਛੇ ਸੈਂਟੀਮੀਟਰ ਤੋਂ ਛੋਟੀ ਸ੍ਰੀ ਸਾਹਿਬ ਪਹਿਨ ਕੇ ਸਫਰ ਕਰਨ ਕਰ ਸਕਦੇ ਹਨ।

ਕੈਨੇਡਾ ਸਰਕਾਰ ਨੇ ਇਹ ਖੁੱਲ੍ਹ ਦਿੱਤੀ ਹੈ। ਕੈਨੇਡਾ ਦੇ ਕਾਢ, ਵਿਗਿਆਨ ਅਤੇ ਆਰਥਿਕ ਵਿਕਾਸ ਮੰਤਰੀ ਨਵਦੀਪ ਸਿੰਘ ਬੈਂਸ ਨੇ ਦੱਸਿਆ ਕਿ ਨਵੇਂ ਨਿਯਮ ਮੁਤਾਬਕ ਸ੍ਰੀ ਸਾਹਿਬ ਦਾ ਆਕਾਰ 6 ਸੈਂਟੀਮੀਟਰ ਤੋਂ ਛੋਟਾ ਹੋਣਾ ਚਾਹੀਦਾ ਹੈ ਜੋ ਕੱਪੜਿਆਂ ਹੇਠ ਪਹਿਨੀ ਜਾਣੀ ਚਾਹੀਦੀ ਹੈ। ਟਰਾਂਸਪੋਰਟ ਕੈਨੇਡਾ ਦੇ ਸੋਧੇ ਹੋਏ ਨਿਯਮਾਂ ਅਨੁਸਾਰ ਅਮਰੀਕਾ ਤੋਂ ਇਲਾਵਾ ਕੈਨੇਡਾ ਤੋਂ ਚੱਲਣ ਵਾਲੀਆਂ ਉਡਾਣਾਂ ਵਿਚ ਮੁਸਾਫਰਾਂ ਨੂੰ 6 ਸੈਂਟੀਮੀਟਰ ਤੋਂ ਛੋਟੇ ਬਲੇਡ ਲਿਜਾਣ ਦੀ ਖੁੱਲ੍ਹ ਮਿਲੀ ਹੈ।

ਅਮਰੀਕਾ ਵਿਚ 11 ਸਤੰਬਰ 2001 ਦੇ ਅਤਿਵਾਦੀ ਹਮਲਿਆਂ ਮਗਰੋਂ ਸ੍ਰੀ ਸਾਹਿਬ ਉਪਰ ਰੋਕ ਲੱਗ ਗਈ ਸੀ ਜਿਸ ਵਿਚ ਅਜੇ ਢਿੱਲ ਨਹੀਂ ਦਿੱਤੀ ਗਈ। ਬੀਤੇ ਸਮੇਂ ਵਿਚ ਸ੍ਰੀ ਸਾਹਿਬ ਪਹਿਨ ਕੇ ਰਾਜਧਾਨੀ ਵਾਸ਼ਿੰਗਟਨ 'ਚ ਵ੍ਹਾਈਟ ਹਾਊਸ ਅੰਦਰ ਦਾਖਲ ਹੋਣ ਸਮੇਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਅਤੇ ਸ. ਬੈਂਸ ਨੂੰ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਚੁੱਕਾ ਹੈ।

## ਹਾਰਦਿਕ ਪਟੇਲ ਵੱਲੋਂ ਕਾਂਗਰਸ ਨੂੰ ਸਿੱਧੀ ਹਮਾਇਤ

**ਅਹਿਮਦਾਬਾਦ:** ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਹੁਲਾਰਾ ਮਿਲਿਆ ਜਦੋਂ ਪਾਟੀਦਾਰ ਅੰਦੋਲਨ ਦੇ ਮੁਖੀ ਹਾਰਦਿਕ ਪਟੇਲ ਨੇ ਕਾਂਗਰਸ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਪਾਟੀਦਾਰ ਅਨਾਮਤ ਅੰਦੋਲਨ ਸਮਿਤੀ (ਪਾਸ) ਆਗੂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਪਟੇਲਾਂ ਨੂੰ ਵਿਸ਼ੇਸ਼ ਵਰਗ 'ਚ ਰਾਖਵਾਂਕਰਨ ਦੇਣ ਦੀ ਮੰਗ ਨੂੰ ਮੰਨ ਲਿਆ ਹੈ।

ਜੇਕਰ ਕਾਂਗਰਸ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੱਤਾ 'ਚ ਆਉਂਦੀ ਹੈ ਤਾਂ ਉਹ ਪਟੇਲਾਂ ਨੂੰ ਐਸ.ਸੀ., ਐਸ.ਟੀ. ਅਤੇ ਓ.ਬੀ.ਸੀ. ਦੇ 50 ਫੀਸਦੀ ਕੋਟੇ ਤੋਂ ਅਲਹਿਦਾ ਰਾਖਵਾਂਕਰਨ ਦੇਵੇਗੀ। ਹਾਰਦਿਕ ਨੇ ਕਿਹਾ ਕਿ ਕਾਂਗਰਸ ਸਰਕਾਰ ਬਣਾਉਣ 'ਤੇ ਵਿਧਾਨ ਸਭਾ 'ਚ ਬਿੱਲ ਪੇਸ਼ ਕਰ ਕੇ ਰਾਖਵਾਂਕਰਨ ਦਿੱਤਾ ਜਾਵੇਗਾ। ਉਸ ਨੇ ਕਿਹਾ, "ਗੁਜਰਾਤ ਵਿਚ ਮੇਰੀ ਲੜਾਈ ਭਾਜਪਾ ਖਿਲਾਫ਼ ਹੈ ਅਤੇ ਅਸੀਂ ਸਿੱਧੇ ਜਾਂ ਅਸਿੱਧੇ ਤੌਰ ਉਤੇ ਕਾਂਗਰਸ ਨੂੰ ਹਮਾਇਤ ਦੇਵਾਂਗੇ ਕਿਉਂਕਿ ਉਨ੍ਹਾਂ ਰਾਖਵੇਂਕਰਨ ਦੀ ਸਾਡੀ ਮੰਗ ਨੂੰ ਮੰਨ ਲਿਆ ਹੈ।"

# ਚਾਚਾ ਹੀ ਨਿਕਲਿਆ ਮਾਸੂਮਾਂ ਦਾ ਕਾਤਲ





**ਕੁਰੂਕਸ਼ੇਤਰ:** ਪਿੰਡ ਸਾਰਸਾ ਤੋਂ ਲਾਪਤਾ ਤਿੰਨ ਮਾਸੂਮ ਬੱਚਿਆਂ, ਸਮੀਰ (11), ਲੜਕੀ ਸਿਮਰਨ (8) ਅਤੇ ਸਮਰ (4) ਪੁੱਤਰ ਸੋਹਣ ਲਾਲ ਉਰਫ ਸੋਨੂੰ, ਦੀ ਹੱਤਿਆ ਉਨ੍ਹਾਂ ਦੇ ਚਾਚੇ ਨੇ ਹੀ ਕੀਤੀ ਸੀ।

ਦੋਸ਼ੀ ਜਗਦੀਪ ਸਿੰਘ ਨੇ ਆਪਣਾ ਗੁਨਾਹ ਕਬੂਲ ਕਰਦੇ ਹੋਏ ਦੱਸਿਆ ਕਿ ਉਸ ਨੇ ਹੀ ਆਪਣੀ ਕਾਰ ਵਿਚ ਬਿਠਾ ਕੇ ਤਿੰਨੇ ਬੱਚਿਆਂ ਨੂੰ ਪੰਚਕੂਲਾ ਦੇ ਮੋਰਨੀ ਖੇਤਰ 'ਚ ਮਾਰਿਆ ਹੈ। ਉਸ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਮੋਰਨੀ ਖੇਤਰ ਦੇ ਪਿੰਡ ਸ਼ੇਰ ਗੁੱਜਰਾਂ ਦੇ ਨੇੜੇ ਜੰਗਲ ਵਿਚੋਂ ਤਿੰਨੇ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਜਗਦੀਪ ਬੱਚਿਆਂ ਦੇ ਪਿਤਾ ਸੋਹਣ ਲਾਲ ਉਰਫ ਸੋਨੂੰ ਦਾ ਚਚੇਰਾ ਭਰਾ ਹੈ। ਉਸ ਨੇ ਬੱਚਿਆਂ ਨੂੰ ਪਿੱਛੋਂ ਸਿਰ ਵਿਚ ਗੋਲੀ ਮਾਰ ਕੇ ਪਹਾੜੀ ਵਿਚ ਧੱਕਾ ਦਿੱਤਾ ਸੀ।

# ਬਾਦਲਾਂ ਦੀਆਂ ਬੱਸਾਂ ਖਿਲਾਫ ਰੋਡਵੇਜ਼ ਮੁਲਾਜ਼ਮਾਂ ਦਾ ਮੋਰਚਾ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਬਦਲਣ ਦੇ ਬਾਵਜੂਦ ਬਾਦਲ ਪਰਿਵਾਰ ਦੀਆਂ ਬੱਸਾਂ ਦੀ ਸਰਦਾਰੀ ਤੋਂ ਰੋਡਵੇਜ਼ ਕਾਮੇ ਔਖੇ ਹਨ। ਉਮੀਦ ਕੀਤੀ ਜਾ ਰਹੀ ਸੀ ਕੈਪਟਨ ਸਰਕਾਰ ਆਉਣ ਪਿੱਛੋਂ ਨਿੱਜੀ ਬੱਸਾਂ ਦੀ ਅਜਾਰੇਦਾਰੀ ਟੁੱਟੇਗੀ ਪਰ ਕੈਪਟਨ ਸਰਕਾਰ ਨੇ ਇਸ ਪਾਸਿਉਂ ਅਜੇ ਤੱਕ ਮੂੰਹ ਮੋੜਿਆ ਹੋਇਆ ਹੈ। ਕੈਪਟਨ ਸਰਕਾਰ ਦੀ ਇਸ ਢਿੱਲ ਤੋਂ ਅੱਕੇ ਰੋਡਵੇਜ਼ ਕਾਮਿਆਂ ਨੇ ਹੁਣ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

## ਕੈਪਟਨ ਵੱਲੋਂ ਕਾਰਵਾਈ ਤੋਂ ਅੱਖ ਮੀਚਣ 'ਤੇ ਨਾਰਾਜ਼ਗੀ

ਪੰਜਾਬ ਰੋਡਵੇਜ਼ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਨੇ ਗੇਟ ਰੈਲੀ ਕਰ ਕੇ ਚਿਤਾਵਨੀ ਦਿੱਤੀ ਕਿ ਜੇ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਚਾਰ ਦਸੰਬਰ ਨੂੰ ਚੱਕਾ ਜਾਮ ਕੀਤਾ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਰੋਡਵੇਜ਼ ਕਾਮੇ ਮਹਿਸੂਸ ਕਰਦੇ ਸਨ ਕਿ ਸੂਬੇ ਵਿਚ ਸੱਤਾ ਬਦਲਣ ਨਾਲ ਵਿਭਾਗ ਵਿਚੋਂ ਭ੍ਰਿਸ਼ਟਾਚਾਰ ਖਤਮ ਹੋਵੇਗਾ ਤੇ ਨਿੱਜੀ ਬੱਸਾਂ ਦਾ ਦਬਦਬਾ ਵੀ ਘਟੇਗਾ। ਪਰ ਅੱਠ ਮਹੀਨਿਆਂ ਤੋਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਹੈ, ਪਰ ਬਦਲਿਆ ਕੁਝ ਵੀ ਨਹੀਂ। ਪਹਿਲਾਂ ਵਾਂਗ ਹੀ ਵਿਭਾਗ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤੇ ਨਿੱਜੀ ਬੱਸਾਂ ਵਾਲਿਆਂ ਦੀਆਂ ਨਾਜਾਇਜ਼ ਬੱਸਾਂ ਪਹਿਲਾਂ ਵਾਂਗ ਹੀ ਚੱਲ ਰਹੀਆਂ ਹਨ।

ਰੋਡਵੇਜ਼ ਕਾਮਿਆਂ ਨੇ ਚਿਤਾਵਨੀ ਦਿੱਤੀ ਕਿ ਪੰਜਾਬ ਦੇ ਬੱਸ ਅੱਡਿਆਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ। ਕਾਂਗਰਸ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨੂੰ ਪੈਨਸ਼ਨਾਂ ਦੇਣ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ ਤੋਂ ਬਾਅਦ ਉਹ ਮੁੱਕਰ ਗਏ। ਜਥੇਬੰਦੀ ਨੇ ਮੰਗ ਕੀਤੀ ਕਿ ਠੇਕੇਦਾਰੀ ਸਿਸਟਮ ਬੰਦ ਕਰ ਕੇ ਪੱਕੀ ਭਰਤੀ ਕੀਤੀ ਜਾਵੇ ਅਤੇ 1990 ਵਾਲੀ ਟਰਾਂਸਪੋਰਟ ਨੀਤੀ ਲਾਗੂ ਕਰ ਕੇ ਸਰਕਾਰੀ ਅਦਾਰੇ ਨੂੰ ਬਚਾਇਆ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕਿਲੋਮੀਟਰ ਸਕੀਮ ਤਹਿਤ ਪਾਈਆਂ ਜਾ ਰਹੀਆਂ ਬੱਸਾਂ ਦਾ ਸਮੁੱਚੇ ਰੋਡਵੇਜ਼ ਕਾਮਿਆਂ ਵੱਲੋਂ ਵਿਰੋਧ ਕੀਤਾ ਜਾਵੇਗਾ।




TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366

# ਮੁੰਬਈ ਹਮਲੇ: ਨੌਂ ਵਰ੍ਹਿਆਂ ਬਾਅਦ ਵੀ ਇਨਸਾਫ ਦੀ ਉਡੀਕ





**ਨਵੀਂ ਦਿੱਲੀ:** ਲਸ਼ਕਰ-ਏ-ਤੋਇਬਾ ਦੇ ਦਸ ਅਤਿਵਾਦੀਆਂ ਵੱਲੋਂ ਮੁੰਬਈ ਵਿਚ 166 ਵਿਅਕਤੀਆਂ ਦੀ ਹੱਤਿਆ ਨੂੰ ਨੌਂ ਸਾਲ ਪੂਰੇ ਹੋ ਗਏ ਹਨ ਪਰ ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਸਜ਼ਾ ਨਹੀਂ ਮਿਲੀ ਹੈ। ਪਾਕਿਸਤਾਨ ਵਿਚ ਵੀ ਇਹ ਮਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤੋਂ ਸੰਕੇਤ ਮਿਲਦਾ ਹੈ ਕਿ ਪਾਕਿਸਤਾਨ ਲਈ ਇਹ ਕੇਸ ਕਦੇ ਵੀ ਤਰਜੀਹੀ ਨਹੀਂ ਰਿਹਾ, ਖਾਸ ਤੌਰ ਉਤੇ ਇਸ ਹਮਲੇ ਦੇ ਸਾਜ਼ਿਸ਼ਘਾੜੇ ਹਾਫਿਜ਼ ਸਈਦ ਨੂੰ ਰਿਹਾਅ ਕੀਤੇ ਜਾਣ ਬਾਅਦ। ਦੱਸਣਯੋਗ ਹੈ ਕਿ ਨਵੰਬਰ 2008 ਵਿਚ ਕਰਾਚੀ ਤੋਂ ਕਿਸ਼ਤੀ ਰਾਹੀਂ ਮੁੰਬਈ ਪੁੱਜੇ ਲਸ਼ਕਰ ਦੇ ਅਤਿਵਾਦੀਆਂ ਵੱਲੋਂ ਕੀਤੇ ਹਮਲੇ ਵਿਚ 166 ਜਣੇ ਮਾਰੇ ਗਏ ਅਤੇ 300 ਤੋਂ ਵੱਧ ਲੋਕ ਫੱਟੜ ਹੋਏ ਸਨ।

ਇਕ ਸੀਨੀਅਰ ਵਕੀਲ ਦਾ ਕਹਿਣਾ ਹੈ ਕਿ ਮੁੰਬਈ ਹਮਲੇ ਦਾ ਕੇਸ ਇਸਲਾਮਾਬਾਦ ਵਿਚ ਅਤਿਵਾਦ-ਵਿਰੋਧੀ ਅਦਾਲਤ (ਏ.ਟੀ.ਸੀ.) ਵਿਚ 2009 ਤੋਂ ਚੱਲ ਰਿਹਾ ਹੈ। ਮੁਲਕ ਵਿਚ ਕਿਸੇ ਅਤਿਵਾਦ-ਵਿਰੋਧੀ ਅਦਾਲਤ ਵਿਚ ਅੱਠ ਸਾਲ ਤੋਂ ਵੱਧ ਸਮਾਂ ਚੱਲਣ ਵਾਲਾ ਕੋਈ ਵਿਰਲਾ ਹੀ ਕੇਸ ਹੋਵੇਗਾ, ਜੋ ਹਾਲੇ ਵੀ ਪੈਂਡਿੰਗ ਹੋਵੇ। ਏ.ਟੀ.ਸੀ. ਤੇਜ਼ੀ ਨਾਲ ਸੁਣਵਾਈ ਲਈ ਹੁੰਦੀ ਹੈ ਪਰ ਇਸ ਕੇਸ 'ਚ ਉਹ ਸੈਸ਼ਨ ਅਦਾਲਤ ਵਾਂਗ ਕੰਮ ਕਰ ਰਹੀ ਹੈ। 26/11 ਹਮਲੇ ਦੀ 9ਵੀਂ ਬਰਸੀ ਤੋਂ ਪਹਿਲਾਂ ਪਾਕਿਸਤਾਨ ਨੇ ਲਸ਼ਕਰ-ਏ-ਤੋਇਬਾ ਦੇ ਬਾਨੀ ਸਈਦ ਨੂੰ ਰਿਹਾਅ ਕੀਤੇ ਜਾਣ ਪਿੱਛੋਂ ਇਸ ਵਕੀਲ ਨੇ ਕਿਹਾ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰ ਇਸ ਕੇਸ ਨੂੰ ਜਲਦੀ ਨਹੀਂ ਨਿਬੇੜਨਾ ਚਾਹੁੰਦੀ ਕਿਉਂਕਿ ਇਹ ਮਾਮਲਾ ਉਸ ਦੇ ਰਿਵਾਇਤੀ ਵਿਰੋਧੀ ਭਾਰਤ ਨਾਲ ਸਬੰਧਤ ਹੈ।

ਸੁਪਰੀਮ ਕੋਰਟ ਦੇ ਵਕੀਲ ਮੋਬੀਨ ਅਹਿਮਦ ਕਾਜ਼ੀ ਨੇ ਕਿਹਾ ਕਿ ਉਹ ਹੈਰਾਨ ਹੈ ਕਿ ਪਾਕਿਸਤਾਨ ਇਸ ਅਪਰਾਧਕ ਕੇਸ ਦੇ ਫੈਸਲੇ ਉਤੇ ਐਨਾ ਸਮਾਂ ਕਿਉਂ ਲੈ ਰਿਹਾ ਹੈ। ਜੇਕਰ ਭਾਰਤ ਠੋਸ ਸਬੂਤ ਨਹੀਂ ਦਿੰਦਾ ਤਾਂ ਸ਼ੱਕੀਆਂ ਨੂੰ ਸਬੂਤਾਂ ਦੀ ਘਾਟ ਦੇ ਲਾਹਾ ਦੇ ਕੇ ਬਰੀ ਕਰ ਦੇਣਾ ਚਾਹੀਦਾ ਹੈ, ਪਰ ਇਸ ਤਰ੍ਹਾਂ ਲੱਗਦਾ ਹੈ ਕਿ ਪਾਕਿਸਤਾਨ ਨੂੰ 'ਕੌਮਾਂਤਰੀ ਦਬਾਅ' ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਉਸ ਨੇ 'ਬਿਨਾਂ ਸਬੂਤ' ਦੇ ਮੁੰਬਈ ਹਮਲੇ ਦੇ ਸ਼ੱਕੀਆਂ ਨੂੰ ਜੇਲ੍ਹ ਵਿਚ ਰੱਖਿਆ ਹੈ। ਸਈਦ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਸਈਦ ਦੀ ਰਿਹਾਈ ਨੇ ਇਸ ਕੇਸ ਦਾ ਸਾਹਮਣਾ ਕਰ ਰਹੇ ਛੇ ਸ਼ੱਕੀਆਂ ਦਾ 'ਹੌਸਲਾ ਬੁਲੰਦ' ਕੀਤਾ ਹੈ। ਸਤਵਾਂ ਸ਼ੱਕੀ ਲਸ਼ਕਰ ਕਮਾਂਡਰ ਜ਼ਕੀਉਰ ਰਹਿਮਾਨ ਲਖਵੀ ਦੋ ਸਾਲ ਪਹਿਲਾਂ ਜ਼ਮਾਨਤ ਉਤੇ ਰਿਹਾਅ ਹੋ ਗਿਆ ਸੀ ਅਤੇ ਉਦੋਂ ਤੋਂ ਉਹ ਅਣਦੱਸੀ ਜਗ੍ਹਾ ਉਤੇ ਰਹਿ ਰਿਹਾ ਹੈ।

### ਅਮਰੀਕਾ ਦੀ ਚਿਤਾਵਨੀ

**ਵਾਸ਼ਿੰਗਟਨ:** ਅਮਰੀਕਾ ਨੇ ਹਾਫਿਜ਼ ਸਈਦ ਨੂੰ ਮੁੜ ਗ੍ਰਿਫਤਾਰ ਕਰ ਕੇ ਸਜ਼ਾ ਦੇਣ ਦੀ ਮੰਗ ਕੀਤੀ ਹੈ ਅਤੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਬਦਨਾਮ ਦਹਿਸ਼ਤਗਰਦ ਖਿਲਾਫ ਫੈਸਲਾਕੁਨ ਕਾਰਵਾਈ ਕਰਨ ਵਿਚ ਨਾਕਾਮ ਰਿਹਾ ਹੈ ਤਾਂ ਉਸ ਨੇ ਦੁਵੱਲੇ ਸਬੰਧਾਂ 'ਤੇ ਪੈਣ ਵਾਲੇ ਅਸਰ ਦੇ ਸਿੱਟੇ ਭੁਗਤਣੇ ਪੈਣਗੇ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਸਾਰਾਹ ਸੈਂਡਰਸ ਨੇ ਕਿਹਾ ਕਿ ਅਮਰੀਕਾ ਲਸ਼ਕਰੇ ਤਾਇਬਾ ਦੇ ਨੇਤਾ ਨੂੰ ਘਰ ਵਿਚ ਨਜ਼ਰਬੰਦੀ ਤੋਂ ਰਿਹਾਅ ਕਰਨ ਦੀ ਸਖਤ ਨਿਖੇਧੀ ਕਰਦਾ ਹੈ।

### ਤੁਕਾਰਾਮ ਦੀ ਧੀ ਨੂੰ ਅੱਜ ਵੀ ਪਿਉ ਦੇ ਮੁੜਨ ਦੀ ਉਮੀਦ

**ਮੁੰਬਈ:** ਅਤਿਵਾਦੀ ਅਜਮਲ ਕਸਾਬ ਨੂੰ ਫੜਨ ਦੀ ਕੋਸ਼ਿਸ਼ ਕਰਦਿਆਂ ਮਾਰੇ ਗਏ ਪੁਲਿਸ ਮੁਲਾਜ਼ਮ ਤੁਕਾਰਾਮ ਓਮਲੇ ਦੀ ਧੀ ਦਾ ਕਹਿਣਾ ਹੈ ਕਿ ਪਰਿਵਾਰ ਨੂੰ ਮੁੰਬਈ ਅਤਿਵਾਦੀ ਹਮਲਿਆਂ ਤੋਂ ਨੌਂ ਸਾਲ ਬਾਅਦ ਵੀ ਉਨ੍ਹਾਂ ਦੀ ਵਾਪਸੀ ਦਾ ਇੰਤਜ਼ਾਰ ਹੈ। ਮੁੰਬਈ ਹਮਲਿਆਂ ਦੇ ਇਸ ਨਾਇਕ ਦੀ ਵੱਡੀ ਧੀ ਵੈਸ਼ਾਲੀ ਓਮਲੇ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਕਿਹਾ ਕਿ "ਅਸੀਂ ਮਹਿਸੂਸ ਕਰਦੇ ਹਾਂ ਕਿ ਪਾਪਾ ਕਿਸੇ ਵੀ ਸਮੇਂ ਘਰ ਆਉਣਗੇ। ਉਂਜ ਸਾਡੇ ਦਿਲ ਵਿਚ ਇਹ ਧੂਹ ਪੈਂਦੀ ਹੈ ਕਿ ਉਹ ਹੁਣ ਕਦੇ ਵੀ ਸਾਡੇ ਵਿੱਚ ਨਹੀਂ ਹੋਣਗੇ।" ਸਹਾਇਕ ਸਬ ਇੰਸਪੈਕਟਰ ਓਮਲੇ 27 ਨਵੰਬਰ 2008 ਨੂੰ ਤੜਕੇ ਕਸਾਬ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ ਸੀ। ਉਨ੍ਹਾਂ ਨਤੀਜੇ ਦੀ ਪ੍ਰਵਾਹ ਕੀਤੇ ਬਗੈਰ ਕਸਾਬ ਨੂੰ ਘੁੱਟ ਕੇ ਜੱਫਾ ਮਾਰ ਲਿਆ ਸੀ। ਇਸੇ ਬਹਾਦਰੀ ਕਾਰਨ ਪੁਲਿਸ ਕਸਾਬ ਨੂੰ ਜਿਉਂਦਾ ਫੜਨ ਵਿਚ ਕਾਮਯਾਬ ਰਹੀ।

## ਮਿਸਰ ਵਿਚ ਜੁੰਮੇ ਦੀ ਨਮਾਜ਼ ਮੌਕੇ ਦਹਿਸ਼ਤੀ ਹਮਲਾ, 305 ਹਲਾਕ



**ਕਾਹਿਰਾ:** ਮਿਸਰ ਦੇ ਗੜਬੜ ਵਾਲੇ ਉਤਰੀ ਸਿਨਾਈ ਖਿੱਤੇ ਵਿਚ ਜੁੰਮੇ ਦੀ ਨਮਾਜ਼ ਮੌਕੇ ਮਸਜਿਦ 'ਚ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਹਮਲੇ ਦੌਰਾਨ 305 ਵਿਅਕਤੀ ਹਲਾਕ ਅਤੇ 109 ਹੋਰ ਜ਼ਖ਼ਮੀ ਹੋ ਗਏ।

ਰਿਪੋਰਟਾਂ ਮੁਤਾਬਕ ਚਾਰ ਵਾਹਨਾਂ ਉਤੇ ਆਏ ਦਹਿਸ਼ਤਗਰਦਾਂ ਨੇ ਅਲ-ਆਰਿਸ਼ ਸ਼ਹਿਰ ਵਿਚ ਅਲ-ਰਾਵਦਾ ਮਸਜਿਦ 'ਤੇ ਬੰਬ ਧਮਾਕੇ ਮਗਰੋਂ ਗੋਲੀਆਂ ਚਲਾ ਦਿੱਤੀਆਂ। ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਸਜਿਦ ਵਿਚ ਨਮਾਜ਼ ਪੜ੍ਹ ਰਹੇ ਸੁਰੱਖਿਆ ਬਲਾਂ ਦੇ ਹਮਾਇਤੀਆਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ ਜਾਪਦਾ ਹੈ। ਪੁਲਿਸ ਅਤੇ ਫੌਜੀਆਂ 'ਤੇ ਵੱਡੀ ਗਿਣਤੀ ਵਿਚ ਹਮਲੇ ਸਾਬਕਾ ਰਾਸ਼ਟਰਪਤੀ ਮੁਹੰਮਦ ਮੋਰਸੀ ਨੂੰ 2013 'ਚ ਸੱਤਾ ਤੋਂ ਹਟਾਏ ਜਾਣ ਤੋਂ ਬਾਅਦ ਵਧੇ ਹਨ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸੁਰੱਖਿਆ ਬਲਾਂ ਦੇ 700 ਜਵਾਨ ਮਾਰੇ ਜਾ ਚੁੱਕੇ ਹਨ।

ਮਿਸਰ 'ਚ ਇਸ ਸਾਲ ਦਹਿਸ਼ਤੀ ਹਮਲਿਆਂ ਦੌਰਾਨ ਵੱਡੀ ਗਿਣਤੀ ਵਿਚ ਜਾਨਾਂ ਗਈਆਂ ਹਨ। 26 ਮਈ ਨੂੰ ਬੰਦੂਕਧਾਰੀਆਂ ਨੇ ਮੱਧ ਮਿਸਰ ਵਿਚ ਬੱਸ 'ਚ ਲੈ ਕੇ ਜਾ ਰਹੇ ਇਸਾਈਆਂ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਹਮਲੇ 'ਚ 28 ਵਿਅਕਤੀ ਹਲਾਕ ਹੋ ਗਏ ਸਨ ਜਦਕਿ 25 ਹੋਰ ਜ਼ਖ਼ਮੀ ਹੋ ਗਏ ਸਨ। 9 ਅਪਰੈਲ ਨੂੰ ਅਲੈਗਜ਼ੈਂਡਰੀਆ ਅਤੇ ਤਾਂਤਾ ਸ਼ਹਿਰਾਂ 'ਚ ਗਿਰਜਾ ਘਰਾਂ 'ਤੇ ਹੋਏ ਦੋ ਫਿਦਾਈਨ ਹਮਲਿਆਂ 'ਚ 46 ਵਿਅਕਤੀ ਹਲਾਕ ਹੋ ਗਏ ਸਨ।

## ਓਂਟਾਰੀਓ ਨੇ ਸੋਧਿਆ ਕਿਰਤ ਕਾਨੂੰਨ

**ਟੋਰਾਂਟੋ:** ਓਂਟਾਰੀਓ ਸੂਬੇ ਦੀ ਲਿਬਰਲ ਸਰਕਾਰ ਨੇ ਕਿਰਤੀਆਂ ਅਤੇ ਜਥੇਬੰਦੀਆਂ ਦੀ ਚਿਰੋਕਣੀ ਮੰਗ ਉਤੇ ਸਹੀ ਪਾ ਕੇ ਸੋਧੀਆਂ ਨੀਤੀਆਂ ਲਾਗੂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਖੁਸ਼ ਕਰਨ ਦੇ ਨਾਲ-ਨਾਲ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲਈ ਜ਼ਮੀਨ ਵੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਘੱਟੋ ਘੱਟ ਉਜਰਤ 15 ਡਾਲਰ ਕਰਨਾ, ਸਿਹਤ ਸਹੂਲਤਾਂ, ਕਿਰਤੀਆਂ ਦੀ ਸੁਰੱਖਿਆ, ਉਲੰਘਣਾ ਕਰਨ ਉਤੇ ਜਰਮਾਨੇ ਆਦਿ ਸ਼ਾਮਲ ਹਨ।

ਸੂਬੇ ਵਿਚ ਮੌਜੂਦਾ ਉਜਰਤ 11.60 ਡਾਲਰ ਪ੍ਰਤੀ ਘੰਟਾ ਹੈ ਜੋ ਪਹਿਲੀ ਜਨਵਰੀ ਤੋਂ 14 ਡਾਲਰ ਅਤੇ 2019 ਤੱਕ 15 ਡਾਲਰ ਪ੍ਰਤੀ ਘੰਟਾ ਹੋ ਜਾਵੇਗੀ। ਯੂਨੀਅਨਾਂ, ਵਪਾਰੀਆਂ ਅਤੇ ਸਕਾਲਰਾਂ ਨਾਲ ਲੰਬੀਆਂ ਬਹਿਸਾਂ ਤੇ ਸਲਾਹਾਂ ਮਗਰੋਂ ਇਹ 'ਬਿੱਲ 148' ਅਸੈਂਬਲੀ ਵਿਚ ਪੇਸ਼ ਕੀਤਾ ਗਿਆ ਜੋ ਲਿਬਰਲ ਤੇ ਡੈਮੋਕ੍ਰੇਟਾਂ ਦੀ ਵੱਡੀ ਹਮਾਇਤ ਨਾਲ ਪਾਸ ਹੋ ਗਿਆ। ਕੰਜ਼ਰਵੇਟਿਵ ਮੈਂਬਰਾਂ ਨੇ ਇਸ ਬਿੱਲ ਦਾ ਵਿਰੋਧ ਕੀਤਾ। ਮੁੱਖ ਮੰਤਰੀ ਕੈਥਲਿਨ ਵਿੰਨ ਨੇ ਆਖਿਆ ਕਿ ਇਹ ਬਿੱਲ ਲੋਕਾਂ ਨੂੰ ਗਰੀਬੀ ਵਿਚੋਂ ਕੱਢੇਗਾ ਪਰ ਵਿਰੋਧੀ ਇਸ ਨੂੰ ਨੌਕਰੀਆਂ ਦਾ ਨੁਕਸਾਨ ਆਖ ਰਹੇ ਹਨ। ਨਵੇਂ ਕਾਨੂੰਨ ਤਹਿਤ ਕੱਚੇ, ਆਰਜ਼ੀ ਕਾਮਿਆਂ ਨੂੰ ਪੱਕੇ ਕਾਮਿਆਂ ਦੇ ਬਰਾਬਰ ਉਜਰਤ, ਇਕੋ ਕੰਪਨੀ ਨਾਲ ਪੰਜ ਸਾਲ ਕੰਮ ਕਰਨ ਵਾਲੇ ਨੂੰ ਤਿੰਨ ਹਫਤਿਆਂ ਦੀ ਕਮਾਈ ਛੁੱਟੀ, ਕਿਰਤੀ ਨਾਲ ਧੱਕਾ ਰੋਕਣਾ, ਸੋਧਾਂ ਅਤੇ ਹੋਰ ਕਈ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ।

## ਸੁਰੱਖਿਆ ਬਲਾਂ ਉਤੇ ਪੱਥਰਬਾਜ਼ੀ ਦੇ ਦੋਸ਼ੀਆਂ ਨੂੰ ਮੁਆਫੀ ਦਾ ਐਲਾਨ



**ਨਵੀਂ ਦਿੱਲੀ:** ਜੰਮੂ-ਕਸ਼ਮੀਰ ਵਿਚ ਸੁਰੱਖਿਆ ਬਲਾਂ ਉਤੇ ਪੱਥਰਬਾਜ਼ੀ ਦੇ ਦੋਸ਼ੀਆਂ ਨੂੰ ਪਹਿਲੀ ਵਾਰ ਆਮ ਮੁਆਫੀ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਕਾਰਨ 4500 ਨੌਜਵਾਨਾਂ ਖਿਲਾਫ ਕੇਸ ਵਾਪਸ ਲੈ ਲਏ ਜਾਣਗੇ।

ਕਸ਼ਮੀਰ ਦੇ ਹਾਲਾਤ ਉਤੇ ਨਿਯੁਕਤ ਵਾਰਤਾਕਾਰ ਦਿਨੇਸ਼ਵਰ ਸ਼ਰਮਾ ਦੀ ਸਿਫਾਰਸ਼ ਉਤੇ ਕੇਂਦਰ ਨੇ ਇਹ ਫੈਸਲਾ ਕੀਤਾ ਹੈ। ਪਿਛਲੇ ਸਾਲ ਪੱਥਰਬਾਜ਼ੀ ਦੇ ਕੁੱਲ 11500 ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚੋਂ 4500 ਕੇਸ ਪਹਿਲੀ ਵਾਰ ਪੱਥਰਬਾਜ਼ੀ ਕਰਨ ਵਾਲਿਆਂ ਉਤੇ ਦਰਜ ਹੋਏ ਹਨ। ਜੰਮੂ-ਕਸ਼ਮੀਰ ਵਿਚ ਅਤਿਵਾਦੀਆਂ ਨਾਲ ਲੜਦੇ ਹੋਏ ਮਾਰੇ ਜਾਣ ਵਾਲੇ ਸੂਬਾ ਪੁਲਿਸ ਦੇ ਜਵਾਨਾਂ ਦੇ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਵਿਚ ਕੇਂਦਰ ਸਰਕਾਰ ਦੀ ਹਿੱਸੇਦਾਰੀ 10 ਗੁਣਾ ਵਧਾਉਣ ਦਾ ਵੀ ਪ੍ਰਸਤਾਵ ਹੈ।

ਜੰਮੂ-ਕਸ਼ਮੀਰ ਵਿਚ ਅਤਿਵਾਦ ਛੱਡ ਕੇ ਮੁੱਖ ਧਾਰਾ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਲਈ ਸੀ.ਆਰ.ਪੀ.ਐਫ. ਨੇ ਹੈਲਪਲਾਈਨ ਨੰਬਰ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਅਜਿਹੇ ਨੌਜਵਾਨਾਂ ਦੇ ਪਰਿਵਾਰਾਂ, ਦੋਸਤਾਂ, ਸ਼ੁਭਚਿੰਤਕਾਂ ਦੀ ਸਹਾਇਤਾ ਲਈ 'ਮਦਦਗਾਰ' ਹੈਲਪਲਾਈਨ ਵੀ ਸ਼ੁਰੂ ਕੀਤੀ ਗਈ ਹੈ।

## ਭਾਰਤ ਦੀ ਦਰਜਾਬੰਦੀ ਬਾਰੇ ਸਟੈਂਡਰਡ ਐਂਡ ਪੂਅਰ ਦਾ ਵੱਖਰਾ ਰਾਹ

**ਨਵੀਂ ਦਿੱਲੀ:** ਮੂਡੀਜ਼ ਵੱਲੋਂ ਭਾਰਤ ਦੀ ਨਿਵੇਸ਼ ਦਰਜਾਬੰਦੀ ਵਧਾਉਣ ਤੋਂ ਬਾਅਦ ਇਕ ਹੋਰ ਦਰਜਾਬੰਦੀ ਏਜੰਸੀ 'ਸਟੈਂਡਰਡ ਤੇ ਪੂਅਰਜ਼' (ਐਸਐਂਡਪੀ) ਨੇ ਇਸੇ ਰਾਹ ਚੱਲਣ ਤੋਂ ਇਨਕਾਰ ਕਰ ਦਿੱਤਾ।

ਇਸ ਏਜੰਸੀ ਨੇ ਸਰਕਾਰ ਦਾ ਕਰਜ਼ੇ ਵੱਧ ਹੋਣ ਅਤੇ ਆਮਦਨ ਘੱਟ ਹੋਣ ਦਾ ਹਵਾਲਾ ਦਿੰਦਿਆਂ ਸਭ ਤੋਂ ਘੱਟ ਨਿਵੇਸ਼ ਦਰਜਾ 'ਬੀ.ਬੀ.ਬੀ.-ਮਨਫੀ' ਬਰਕਰਾਰ ਰੱਖਿਆ ਹੈ। ਹਾਲਾਂਕਿ ਐਸਐਂਡਪੀ ਨੇ ਭਾਰਤ ਬਾਰੇ ਨਿਵੇਸ਼ ਦ੍ਰਿਸ਼ਟੀਕੋਣ 'ਨਾਂਹਪੱਖੀ' ਤੋਂ ਬਦਲ 'ਸਥਿਰ' ਕਰ ਦਿੱਤਾ। ਮੂਡੀਜ਼ ਤੋਂ ਬਾਅਦ ਹੋਰ ਏਜੰਸੀਆਂ ਵੱਲੋਂ ਭਾਰਤ ਦਾ ਦਰਜਾ ਵਧਾਉਣ ਪ੍ਰਤੀ ਆਸਵੰਦ ਸਰਕਾਰ ਨੇ ਇਸ ਕਦਮ ਨੂੰ 'ਨਾਜਾਇਜ਼' ਦੱਸਿਆ। ਸਰਕਾਰ ਨੇ ਐਸਐਂਡਪੀ ਨੂੰ 'ਰੂੜ੍ਹੀਵਾਦੀ' ਦਰਜਾਬੰਦੀ ਏਜੰਸੀ ਗਰਦਾਨਿਆ।

## ਸਿਆਸੀ ਜੁਮਲਾ ਸੀ ਮੋਦੀ ਦਾ ਗੁਜਰਾਤ ਮਾਡਲ



**ਨਵੀਂ ਦਿੱਲੀ**: ਉਘੇ ਅਰਥਸ਼ਾਸਤਰੀ ਅਤੇ ਸਮਾਜਿਕ ਕਾਰਕੁਨ ਜੌਹਨ ਡਰੇਜ਼ ਨੇ 'ਗੁਜਰਾਤ ਮਾਡਲ' ਦੀਆਂ ਧੱਜੀਆਂ ਉਡਾਉਂਦਿਆਂ ਆਖਿਆ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਕਿਸੇ ਤਰ੍ਹਾਂ ਦਾ ਕੋਈ ਮਾਡਲ ਹੈ ਕਿਉਂਕਿ ਸਮਾਜਿਕ ਮਾਪਦੰਡਾਂ ਉਤੇ ਸੂਬਾ ਪਛੜਿਆ ਹੋਇਆ ਹੈ। ਟਾਈਮਜ਼ ਸਾਹਿਤ ਮੇਲੇ 'ਚ ਬੈਲਜੀਅਮ ਦੇ ਜੰਮਪਲ ਡਰੇਜ਼ ਨੇ ਕਿਹਾ, ਵਿਕਾਸ ਦੇ ਕਿਸੇ ਵੀ ਪੈਮਾਨੇ ਉਤੇ ਤੁਸੀਂ ਝਾਤ ਮਾਰੋ, ਉਹ ਭਾਵੇਂ ਸਮਾਜਿਕ, ਮਨੁੱਖੀ ਵਿਕਾਸ, ਬਾਲ ਵਿਕਾਸ, ਗਰੀਬੀ ਜਾਂ ਕੁਝ ਹੋਰ ਹੋਵੇ, ਤਾਂ ਪਤਾ ਲੱਗਦਾ ਹੈ ਕਿ ਗੁਜਰਾਤ ਹਮੇਸ਼ਾ ਔਸਤਨ ਪੱਧਰ ਉਤੇ ਆਉਂਦਾ ਹੈ।"

ਡਰੇਜ਼ ਨੇ ਕਿਹਾ ਕਿ ਨਰੇਂਦਰ ਮੋਦੀ ਦੇ ਗੁਜਰਾਤ ਦਾ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਜਿਹੋ ਜਿਹੇ ਹਾਲਾਤ ਸਨ, ਉਹੋ ਜਿਹੇ ਹਾਲਾਤ ਬਾਅਦ ਵਿਚ ਵੀ ਬਣੇ ਹੋਏ ਹਨ। ਨਰੇਗਾ ਦੇ ਪਹਿਲੇ ਖਰੜੇ ਨੂੰ ਤਿਆਰ ਕਰਨ 'ਚ ਸਹਾਇਤਾ ਕਰਨ ਵਾਲੇ ਡਰੇਜ਼ ਨੇ ਕਿਹਾ ਕਿ 'ਗੁਜਰਾਤ ਮਾਡਲ' ਦਾ ਜੁਮਲਾ ਪਹਿਲੀ ਵਾਰ ਲੋਕ ਸਭਾ ਚੋਣਾਂ (2014) ਦੌਰਾਨ ਉਛਾਲਿਆ ਗਿਆ।

'ਗੁਜਰਾਤ ਘੜਮੱਸ' ਨਾਮ ਦਾ ਲੇਖ ਲਿਖਣ ਵਾਲੇ ਅਰਥਸ਼ਾਸਤਰੀ ਨੇ ਕਿਹਾ ਕਿ ਕੁਝ ਨਾ ਕੁਝ ਘਾਟ ਰੜਕਦੀ ਹੈ ਅਤੇ ਇਹ ਵਿਕਾਸ ਲਈ ਨਿੱਜੀ ਕਾਰੋਬਾਰੀਆਂ ਉਤੇ ਨਿਰਭਰਤਾ ਦੀਆਂ ਹੱਦਾਂ ਵੀ ਹੋ ਸਕਦੀਆਂ ਹਨ। ਰੇਟਿੰਗ ਏਜੰਸੀ ਮੂਡੀਜ਼ ਵੱਲੋਂ ਭਾਰਤ ਦੀ ਰੇਟਿੰਗ ਨੂੰ 'ਬੀਏਏ3' ਤੋਂ ਵਧਾ ਕੇ 'ਬੀਏਏ2' ਕਰਨ ਉਤੇ ਟਿੱਪਣੀ ਕਰਦਿਆਂ ਉਨ੍ਹਾਂ ਇਸ ਦੀ ਭਰੋਸੇਯੋਗਤਾ ਉਤੇ ਸਵਾਲ ਉਠਾਏ। ਉਨ੍ਹਾਂ ਆਧਾਰ ਬਾਰੇ ਖਦਸ਼ੇ ਜਤਾਉਂਦਿਆਂ ਕਿਹਾ ਕਿ ਇਸ ਨਾਲ ਜਾਸੂਸੀ ਦੀ ਖੇਡ ਆਰੰਭ ਹੋ ਜਾਵੇਗੀ। 'ਆਧਾਰ ਬਾਰੇ ਮੇਰਾ ਵਿਰੋਧ ਲੋਕ ਭਲਾਈ ਨਾਲ ਸਬੰਧਤ ਮੁੱਦਿਆਂ ਨੂੰ ਲੈ ਕੇ ਨਹੀਂ ਸਗੋਂ ਆਮ ਲੋਕਾਂ ਦੀ ਆਜ਼ਾਦੀ ਉਤੇ ਖਤਰੇ ਨੂੰ ਲੈ ਕੇ ਹੈ।' ਪਾਟੀਦਾਰਾਂ, ਜਾਟਾਂ ਅਤੇ ਹੋਰਾਂ ਵੱਲੋਂ ਰਾਖਵੇਂਕਰਨ ਲਈ ਕੀਤੇ ਗਏ ਪ੍ਰਦਰਸ਼ਨਾਂ ਲਈ ਡਰੇਜ਼ ਨੇ ਖੇਤੀਬਾੜੀ ਦੇ ਵਿਕਾਸ ਵਿਚ ਆਈ ਖੜੋਤ ਨੂੰ ਜ਼ਿੰਮੇਵਾਰ ਠਹਿਰਾਇਆ।

## ਹੁਣ ਦੀਵਾਲੀਆ ਹੋ ਕੇ ਵੀ ਨਹੀਂ ਸਰਨਾ

**ਨਵੀਂ ਦਿੱਲੀ:** ਜਾਣਬੁਝ ਕੇ ਕਰਜ਼ਾ ਨਾ ਚੁਕਾਉਣ ਵਾਲੇ ਹੁਣ ਦੀਵਾਲੀਆ ਕਾਨੂੰਨ ਦਾ ਫਾਇਦਾ ਨਹੀਂ ਲੈ ਸਕਣਗੇ। ਇਸ ਬਾਬਤ ਕੇਂਦਰੀ ਮੰਤਰੀ ਮੰਡਲ ਨੇ ਦੀਵਾਲੀਆ ਕਾਨੂੰਨ ਵਿਚ ਬਦਲਾਅ ਕਰਨ ਲਈ ਡਰਾਫਟ ਲਿਆਉਣ ਦਾ ਮਤਾ ਪਾਸ ਕੀਤਾ ਹੈ।

ਰਾਸ਼ਟਰਪਤੀ ਦੀ ਸਹੀ ਤੋਂ ਬਾਅਦ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਜਾਵੇਗਾ। ਮੌਜੂਦਾ ਹਾਲਾਤ 'ਚ ਨੈਸ਼ਨਲ ਕੰਪਨੀ ਲਾ ਟ੍ਰਿਬਿਊਨਲ ਯਾਨੀ ਐਨ.ਸੀ.ਐਲ.ਟੀ. ਕਰਜ਼ ਦੇਣ ਵਾਲਿਆਂ ਦੇ ਕਹਿਣ 'ਤੇ ਤੈਅ ਕਰਦੀ ਹੈ ਕਿ ਕੰਪਨੀ ਨੂੰ ਦੀਵਾਲੀਆ ਐਲਾਣਨਾ ਹੈ ਜਾਂ ਨਹੀਂ। ਇਸੇ ਦਾ ਫਾਇਦਾ ਚੁੱਕ ਕੇ ਕਈ ਬੰਦੇ ਜਾਣਬੁਝ ਕੇ ਕਰਜ਼ਾ ਨਹੀਂ ਮੋੜਦੇ। ਹੁਣ ਜਿਹੜਾ ਨਵਾਂ ਕਾਨੂੰਨ ਲਿਆਇਆ ਜਾ ਰਿਹਾ ਹੈ, ਉਸ 'ਚ ਅਜਿਹਾ ਕੁਝ ਨਹੀਂ ਹੋ ਸਕੇਗਾ।

# ਭਾਜਪਾ ਲਈ ਗਲੇ ਦੀ ਹੱਡੀ ਬਣੀਆਂ ਗੁਜਰਾਤ ਚੋਣਾਂ!

ਅੱਜ ਦੇ ਯੁੱਗ ਵਿਚ ਧਾਰਮਿਕ ਕੱਟੜਤਾ ਅਤੇ ਵਿਕਾਸ ਨਾਲੋ ਨਾਲ ਨਹੀਂ ਚੱਲ ਸਕਦੇ, ਜਿਸ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਬਜ਼ਿੱਦ ਹੈ। ਹਿਮਾਚਲ ਪ੍ਰਦੇਸ਼ 'ਚ ਚੋਣਾਂ ਹੋ ਚੁਕੀਆਂ ਹਨ। ਇੱਥੇ ਕਾਂਗਰਸ ਅਤੇ ਭਾਜਪਾ ਬਦਲ ਬਦਲ ਕੇ ਰਾਜ ਕਰਦੀਆਂ ਰਹੀਆਂ ਹਨ। 22 ਸਾਲਾਂ ਤੋਂ ਗੁਜਰਾਤ 'ਤੇ ਰਾਜ ਕਰਦੀ ਆ ਰਹੀ ਭਾਜਪਾ ਭੈਅ ਭੀਤ ਹੈ ਅਤੇ ਉਸ ਲਈ ਆਉਂਦੀ ਵਿਧਾਨ ਸਭਾ ਚੋਣ ਗਲੇ ਦੀ ਹੱਡੀ



**ਹਰਜਿੰਦਰ ਸਿੰਘ ਗੁਲਪੁਰ**
ਫੋਨ: 91-98722-38981

ਬਣੀ ਹੋਈ ਹੈ। ਭਾਜਪਾ ਗੁਜਰਾਤ 'ਚ ਇਸ ਸਮੇਂ ਬੈਕ ਫੁੱਟ 'ਤੇ ਹੈ, ਕਿਉਂਕਿ ਕਾਂਗਰਸ ਕੋਲ ਉਥੇ ਕੁਝ ਵੀ ਗਵਾਉਣ ਲਈ ਨਹੀਂ ਹੈ। ਦੂਜੇ ਪਾਸੇ ਭਾਜਪਾ ਨੇ 2014 ਦੀਆਂ ਲੋਕ ਸਭਾ ਚੋਣਾਂ ਗੁਜਰਾਤ ਮਾਡਲ ਨੂੰ ਹਥਿਆਰ ਬਣਾ ਕੇ ਜਿੱਤੀਆਂ ਸਨ। ਗੁਜਰਾਤ ਮਾਡਲ ਦਾ ਮੁਲੰਮਾ ਬੁਰੀ ਤਰ੍ਹਾਂ ਫਿੱਕਾ ਪੈ ਗਿਆ ਹੈ। ਗੁਜਰਾਤ 'ਚ ਭਾਜਪਾ ਦੀ ਹਾਰ ਇੱਕ ਤਰ੍ਹਾਂ ਉਸ ਦਾ ਲੱਕ ਤੋੜ ਦੇਵੇਗੀ।

ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀਆਂ ਰੈਲੀਆਂ ਵਿਚ ਵਧਦੀ ਭੀੜ ਦੇਖ ਕੇ ਭਾਜਪਾ ਲੀਡਰਸ਼ਿਪ ਦੇ ਪੈਰਾਂ ਥੱਲਿਓਂ ਜਮੀਨ ਖਿਸਕਦੀ ਪ੍ਰਤੱਖ ਨਜ਼ਰ ਆ ਰਹੀ ਹੈ। ਮੋਦੀ ਅਤੇ ਭਾਜਪਾ ਦਾ ਕ੍ਰਿਸ਼ਮਾ ਫਿੱਕਾ ਪੈਂਦਾ ਜਾਪਦਾ ਹੈ। ਅਖੌਤੀ ਵਿਕਾਸ ਦੇ ਮੁੱਦੇ ਨੂੰ ਲੈ ਕੇ ਗੁਜਰਾਤ ਦੀ ਜਨਤਾ ਗੁੱਸੇ 'ਚ ਹੈ ਤੇ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਗੁਜਰਾਤੀਆਂ ਦੇ ਭਾਜਪਾ ਸਰਕਾਰ ਖਿਲਾਫ ਗੁੱਸੇ ਨੂੰ ਆਪਣੇ ਹੱਕ ਵਿਚ ਵੋਟਾਂ ਦੇ ਜ਼ਰੀਏ ਭੁਗਤਾਉਣ ਦਾ ਕੋਈ ਵੀ ਮੌਕਾ ਕਾਂਗਰਸ ਹੱਥੋਂ ਨਹੀਂ ਜਾਣ ਦੇ ਰਹੀ।

ਪਿਛਲੇ 2 ਸਾਲਾਂ ਤੋਂ ਗੁਜਰਾਤ ਵਿਚ ਰਾਖਵੇਂਕਰਣ ਦੇ ਮੁੱਦੇ 'ਤੇ ਪਾਟੀਦਾਰ, ਓ. ਬੀ. ਸੀ. (ਹੋਰ ਪੱਛੜੇ ਵਰਗ) ਅਤੇ ਦਲਿਤਾਂ ਵਲੋਂ 3 ਵੱਡੇ ਅੰਦੋਲਨ ਚੱਲ ਰਹੇ ਹਨ। ਇਸ ਤੋਂ ਇਲਾਵਾ ਕਿਸਾਨ, ਆਦਿਵਾਸੀ ਅਤੇ ਵਿਮੁਕਤ ਵਰਗਾਂ ਨਾਲ ਸਬੰਧਤ ਲੋਕ ਵੀ ਸਰਕਾਰ ਤੋਂ ਨਾ ਖੁਸ਼ ਹਨ। ਭਾਜਪਾ ਸਰਕਾਰ ਇਨ੍ਹਾਂ ਸਾਰੇ ਵਰਗਾਂ ਦੀ ਆਵਾਜ਼ ਵਿਕਾਸ ਦਾ ਢੋਲ ਵਜਾ ਕੇ ਦਬਾਉਣ ਦਾ ਅਸਫਲ ਯਤਨ ਕਰਦੀ ਆ ਰਹੀ ਹੈ। ਬਿਹਾਰ ਦੀ ਤਰਜ 'ਤੇ ਗੁਜਰਾਤ 'ਚ ਵੀ ਸੱਤਾਧਾਰੀ ਭਾਜਪਾ ਅਤੇ ਕਾਂਗਰਸ ਪਾਰਟੀ ਵੱਖ ਵੱਖ ਵਰਗਾਂ ਨੂੰ ਆਪੋ ਆਪਣੇ ਪਾਲੇ ਵਿਚ ਲਿਆਉਣ ਲਈ ਜੁਟੀਆਂ ਹੋਈਆਂ ਹਨ। ਵਿਕਾਸ ਮਾਡਲ ਪੂਰੀ ਤਰ੍ਹਾਂ ਅਲੋਪ ਹੈ। ਕਾਂਗਰਸ ਵਲੋਂ ਇਸ ਚੋਣ ਦਾ ਇੰਚਾਰਜ ਅਸ਼ੋਕ ਗਹਿਲੋਤ ਨੂੰ ਬਣਾਇਆ ਗਿਆ ਹੈ, ਜਿਸ ਦਾ ਸਬੰਧ ਪਛੜੇ ਤਬਕੇ ਨਾਲ ਹੈ। ਕਾਂਗਰਸ ਨੇ ਮੁਸਲਮਾਨਾਂ ਸਣੇ ਘੱਟ ਗਿਣਤੀਆਂ ਦੀ ਗੋਲਬੰਦੀ ਆਪਣੇ ਹੱਕ ਵਿਚ ਕਰਨ ਲਈ ਸਬੰਧਤ ਨੇਤਾਵਾਂ ਦੀ ਫੌਜ ਗੁਜਰਾਤ 'ਚ ਭੇਜ ਦਿੱਤੀ ਹੈ, ਜਿਸ ਨੇ ਭਾਜਪਾ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ।

ਗੁਜਰਾਤ ਵਿਚ 40% ਓ. ਬੀ. ਸੀ., 11% ਕਸ਼ੱਤਰੀ, 7% ਦਲਿਤ, 14.75% ਆਦਿਵਾਸੀ, 12% ਪਟੇਲ ਅਤੇ 9% ਮੁਸਲਮਾਨ ਹਨ। 20% ਠਾਕਰ ਅਤੇ 58% ਹੋਰ ਜਾਤੀਆਂ ਹਨ। ਮੁਸਲਮਾਨਾਂ ਨੂੰ ਛੱਡ ਕੇ ਦੋਵੇਂ ਪਾਰਟੀਆਂ ਇਨ੍ਹਾਂ ਜਾਤਾਂ ਨੂੰ ਲੁਭਾਉਣ ਲਈ ਡਟੀਆਂ ਹੋਈਆਂ ਹਨ। ਪਹਿਲੀ ਵਾਰ 1985 ਵਿਚ ਮਾਧਵ ਸਿੰਘ ਸੋਲੰਕੀ ਨੇ ਕਸ਼ੱਤਰੀਆ, ਹਰੀਜਨ, ਆਦਿਵਾਸੀ ਅਤੇ ਮੁਸਲਮਾਨ ਵੋਟਾਂ ਦਾ ਧਰੁਵੀਕਰਣ ਕਰ ਕੇ ਸਿਆਸੀ ਖੇਲ ਖੇਲਿਆ ਸੀ ਤੇ 149 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਭਾਜਪਾ ਨੇ ਵੀ ਉਕਤ ਵਰਗਾਂ ਦਾ ਸਮਰਥਨ ਹਾਸਲ ਕਰਨ ਲਈ ਇਨ੍ਹਾਂ ਵਰਗਾਂ ਨਾਲ ਸਬੰਧਤ ਨੇਤਾਵਾਂ ਦਾ ਹਵਾਈ ਬੇੜਾ ਗੁਜਰਾਤ ਵਿਚ ਉਤਾਰ ਦਿੱਤਾ ਹੈ। ਦੋਹਾਂ ਪਾਰਟੀਆਂ ਨੇ 32 ਸਾਲ ਬਾਅਦ ਮੁੜ ਗੁਜਰਾਤ ਨੂੰ ਜਾਤੀਵਾਦ ਦੇ ਚਿੱਕੜ ਵਿਚ ਫਸਾ ਦਿੱਤਾ ਹੈ। ਦਲਿਤ ਨੇਤਾ ਜਿਗਨੇਸ਼ ਮੇਵਾਣੀ ਦਾ ਵੀ ਗੁਜਰਾਤ ਦੇ ਨੌਜਵਾਨਾਂ ਵਿਚ ਕਾਫੀ ਰਸੂਖ ਹੈ। ਉਸ ਨੇ ਕਿਸੇ ਵੀ ਪਾਰਟੀ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰਦਿਆਂ ਭਾਜਪਾ ਖਿਲਾਫ ਵੋਟ ਪਾਉਣ ਦਾ ਇਸ਼ਾਰਾ ਕਰ ਦਿੱਤਾ ਹੈ।

ਗੁਜਰਾਤ ਵਿਚ 182 ਵਿਧਾਨ ਸਭਾ ਸੀਟਾਂ ਲਈ ਦੋ ਪੜਾਵਾਂ-9 ਤੇ 14 ਦਸੰਬਰ ਨੂੰ ਵੋਟਾਂ ਪੈਣੀਆਂ ਹਨ, ਜਿਸ ਵਿਚ 4.33 ਕਰੋੜ ਵੋਟਰ ਹਿੱਸਾ ਲੈਣਗੇ। ਜਾਤੀ ਅੰਦੋਲਨਾਂ ਨੇ ਰਾਜ ਦਾ ਰਾਜਨੀਤਕ ਮਾਹੌਲ ਬਦਲ ਦਿੱਤਾ ਹੈ। ਦਲਿਤ, ਪੱਛੜੇ ਵਰਗ, ਮੁਸਲਮਾਨ ਅਤੇ ਪਾਟੀਦਾਰ ਤਾਂ ਸਰਕਾਰ ਦੇ ਖਿਲਾਫ ਹਨ ਹੀ, ਨੋਟਬੰਦੀ ਅਤੇ ਜੀ. ਐਸ. ਟੀ. ਪਿੱਛੋਂ ਉਥੋਂ ਦਾ ਵਪਾਰੀ ਵਰਗ ਵੀ ਸਰਕਾਰ ਦੇ ਖਿਲਾਫ ਹੈ। ਮੋਦੀ ਅਤੇ ਅਮਿਤ ਸ਼ਾਹ ਗੁਜਰਾਤੀਆਂ ਦੀ ਨਾਰਾਜ਼ਗੀ ਦਾ ਅੰਦਾਜ਼ਾ ਲਾ ਚੁਕੇ ਹਨ। ਉਨ੍ਹਾਂ ਵਲੋਂ ਗੁਜਰਾਤੀਆਂ ਨੂੰ ਭਰਮਾਉਣ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਾਰੇ ਵਰਗਾਂ ਦੇ ਤੇਵਰਾਂ ਤੋਂ ਲਗਦਾ ਹੈ ਕਿ ਉਹ ਇਸ ਵਾਰ ਭਾਜਪਾ ਨੂੰ ਸਬਕ ਸਿਖਾਉਣ ਦਾ ਮਨ ਬਣਾ ਚੁਕੇ ਹਨ।

ਇਸ ਵਾਰ ਜਿੱਥੇ ਰਾਹੁਲ ਗਾਂਧੀ ਨੂੰ ਸੁਣਨ ਵਿਚ ਲੋਕ ਦਿਲਚਸਪੀ ਲੈ ਰਹੇ ਹਨ, ਉਥੇ ਭਾਜਪਾ ਦੀਆਂ ਰੈਲੀਆਂ ਵਿਚ ਭੀੜ ਨਹੀਂ ਜੁੜ ਰਹੀ। ਭਾਜਪਾ ਨੇ ਹਿੰਦੂਤਵ ਦੇ ਫਾਇਰ ਬਰਾਂਡ ਨੇਤਾ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆਨਾਥ ਯੋਗੀ ਨੂੰ ਵੀ ਗੁਜਰਾਤ ਭੇਜਿਆ, ਉਸ ਦੀ ਰੈਲੀ ਪੂਰੀ ਤਰ੍ਹਾਂ ਫਲਾਪ ਰਹੀ।



ਰਾਹੁਲ ਗਾਂਧੀ

ਹਿਮਾਚਲ ਪ੍ਰਦੇਸ਼ 'ਚ ਵੀ ਭਾਜਪਾ ਨੂੰ ਆਸ ਅਨੁਸਾਰ ਹੁੰਗਾਰਾ ਨਹੀਂ ਮਿਲਿਆ। ਉਥੇ ਵੀ ਰਾਜਨਾਥ ਸਿੰਘ ਦੀ ਸਭਾ ਵਿਚ ਖਾਲੀ ਕੁਰਸੀਆਂ ਕਾਰਨ ਉਸ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣਾ ਪਿਆ ਸੀ। ਦੋਹਾਂ ਪਾਰਟੀਆਂ ਵਲੋਂ ਭ੍ਰਿਸ਼ਟ ਨੇਤਾਵਾਂ ਨੂੰ ਟਿਕਟਾਂ ਦੇਣ ਕਾਰਨ ਹਿਮਾਚਲ ਦੇ ਲੋਕ ਖੁੱਲ੍ਹ ਕੇ ਕਿਸੇ ਵੀ ਪਾਰਟੀ ਦੇ ਸਮਰਥਨ ਵਿਚ ਨਹੀਂ ਆਏ। ਭਾਜਪਾ ਨੂੰ ਹਿਮਾਚਲ 'ਚ ਜਿੱਥੇ ਸਰਕਾਰ ਵਿਰੋਧੀ ਭਾਵਨਾਵਾਂ ਦਾ ਲਾਹਾ ਮਿਲਣ ਦੀ ਆਸ ਹੈ, ਉਥੇ ਕਾਂਗਰਸ ਨੂੰ ਆਸ ਹੈ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਤੋਂ ਅਵਾਜ਼ਾਰ ਲੋਕ ਉਸ ਦੇ ਹੱਕ ਵਿਚ ਭੁਗਤ ਸਕਦੇ ਹਨ।

ਗੁਜਰਾਤ 'ਚ ਜਦੋਂ ਪਾਟੀਦਾਰ ਅੰਦੋਲਨ ਦੇ ਵਿਰੋਧ ਵਿਚ ਓ. ਬੀ. ਸੀ. ਅੰਦੋਲਨ ਸ਼ੁਰੂ ਹੋਇਆ ਤਾਂ ਇਸ ਅੰਦੋਲਨ ਦੀ ਅਗਵਾਈ ਦੇ ਰੂਪ ਵਿਚ ਅਪਲੇਸ਼ ਠਾਕਰ ਦਾ ਚਿਹਰਾ ਸਾਹਮਣੇ ਆਇਆ। ਓ. ਬੀ. ਸੀ. ਨੇਤਾਵਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਾਟੀਦਾਰਾਂ ਨੂੰ ਓ. ਬੀ. ਸੀ. ਵਿਚ ਸ਼ਾਮਿਲ ਨਾ ਕੀਤਾ ਜਾਵੇ। ਇਹ ਵਰਗ ਪਿਛਲੇ ਸਮੇਂ ਦੌਰਾਨ ਗਰੀਬਾਂ, ਮਜ਼ਦੂਰਾਂ ਤੇ ਕਿਸਾਨ ਮੁੱਦਿਆਂ 'ਤੇ ਸਰਕਾਰ ਨੂੰ ਘੇਰਦਾ ਰਿਹਾ ਹੈ। ਅਲਪੇਸ਼ ਠਾਕਰ ਹੁਣ ਕਾਂਗਰਸ ਵਿਚ ਸ਼ਾਮਲ ਹੋ ਗਿਆ ਹੈ।

ਜੁਲਾਈ 2016 ਵਿਚ ਊਨਾ ਵਿਖੇ ਮਰੇ ਹੋਏ ਪਸ਼ੂਆਂ ਦੀ ਚਮੜੀ ਉਤਾਰ ਰਹੇ ਦਲਿਤ ਨੌਜਵਾਨਾਂ ਦੀ ਬੇਰਹਿਮੀ ਨਾਲ ਮਾਰ-ਕੁੱਟ ਕੀਤੀ ਗਈ ਸੀ, ਜਿਸ ਖਿਲਾਫ ਦਲਿਤ ਸਮਾਜ ਤੋਂ ਇਲਾਵਾ ਦੂਸਰੇ ਲੋਕਾਂ ਵਿਚ ਦੇਸ਼ ਵਿਆਪੀ ਗੁੱਸੇ ਦੀ ਲਹਿਰ ਫੈਲ ਗਈ ਸੀ। ਦਲਿਤ ਸੰਸਥਾਵਾਂ ਨੇ ਭਾਜਪਾ ਖਿਲਾਫ ਅੰਦੋਲਨ ਛੇੜ ਦਿੱਤਾ। ਇਸ ਅੰਦੋਲਨ ਨੇ 35 ਸਾਲਾ ਐਡਵੋਕੇਟ ਜਿਗਨੇਸ਼ ਮੇਵਾਣੀ ਨੂੰ ਬਤੌਰ ਦਲਿਤ ਆਗੂ ਸਾਹਮਣੇ ਲਿਆਂਦਾ, ਲੱਖਾਂ ਦਲਿਤ ਨੌਜਵਾਨਾਂ ਨੂੰ ਆਪਣੀ ਤਰਫ ਖਿੱਚਿਆ। ਇਸੇ ਦੌਰਾਨ 20,000 ਦਲਿਤਾਂ ਨੂੰ ਮੈਲਾ ਅਤੇ ਮ੍ਰਿਤਕ ਪਸ਼ੂ ਨਾ ਚੁੱਕਣ ਦੀ ਸਹੁੰ ਪੁਆਈ ਗਈ।

ਇਸ ਸਮੇਂ ਭਾਜਪਾ ਅਤੇ ਕਾਂਗਰਸ ਪਾਟੀਦਾਰ ਨੇਤਾ ਹਾਰਦਿਕ ਪਟੇਲ ਅਤੇ ਦਲਿਤ ਨੇਤਾ ਜਿਗਨੇਸ਼ ਮੇਵਾਣੀ ਨੂੰ ਆਪਣੇ ਆਪਣੇ ਖੇਮੇ ਵਿਚ ਲਿਆਉਣ ਲਈ ਯਤਨਸ਼ੀਲ ਹਨ। ਭਾਜਪਾ ਪਾਟੀਦਾਰ ਨੇਤਾਵਾਂ ਵਿਚ ਫੁੱਟ ਪਾਉਣ ਲਈ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਅਪਨਾ ਰਹੀ ਹੈ। ਕੁਝ ਨੇਤਾਵਾਂ ਨੂੰ ਮੋਟੀਆਂ ਰਕਮਾਂ ਦਾ ਲਾਲਚ ਦੇਣ ਦੀਆਂ ਖਬਰਾਂ ਵੀ ਚਰਚਾ ਵਿਚ ਹਨ। ਭਾਜਪਾ ਵਲੋਂ ਪਾਟੀਦਾਰ ਅੰਦੋਲਨ ਦੇ ਇੱਕ ਨੇਤਾ ਨਰਿੰਦਰ ਪਟੇਲ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਇੱਕ ਕਰੋੜ ਦੇਣ ਦਾ ਮਾਮਲਾ ਵੀ ਚਰਚਾ ਵਿਚ ਹੈ। ਭਾਜਪਾ ਰਾਹੁਲ ਅਤੇ ਹਾਰਦਿਕ ਪਟੇਲ ਦੀ ਇੱਕ ਹੋਟਲ ਵਿਚ ਹੋਈ ਮੁਲਾਕਾਤ ਦੀ ਜਾਸੂਸੀ ਤੱਕ ਕਰਵਾ ਚੁਕੀ ਹੈ।

ਨੋਟਬੰਦੀ ਅਤੇ ਜੀ. ਐਸ. ਟੀ. ਨਾਲ ਲੱਖਾਂ ਕਾਰੋਬਾਰੀ ਬਰਬਾਦ ਹੋ ਚੁਕੇ ਹਨ। ਗੁਜਰਾਤ ਅੰਦਰ ਰੁਜ਼ਗਾਰ ਦਾ ਮੁੱਦਾ ਵੀ ਕਾਫੀ ਅਹਿਮ ਹੈ। ਭਾਜਪਾ ਦੀ ਘਬਰਾਹਟ ਦਾ ਆਲਮ ਇਹ ਹੈ ਕਿ ਜਿਸ ਦਿਨ ਤੋਂ ਚੋਣ ਕਮਿਸ਼ਨ ਨੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਦਾ ਐਲਾਨ ਕੀਤਾ, ਉਦੋਂ ਤੋਂ ਹੀ ਗੁਜਰਾਤ 'ਚ ਭਰਮਾਊ ਐਲਾਨਾਂ, ਨੀਂਹ ਪੱਥਰਾਂ ਅਤੇ ਉਦਘਾਟਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕੇਂਦਰ ਸਰਕਾਰ ਨੇ 11 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟ ਦਾ ਐਲਾਨ ਵੀ ਕੀਤਾ ਹੈ। ਕੇਂਦਰ ਸਰਕਾਰ ਜੀ. ਐਸ. ਟੀ. ਦੇ ਮੁੱਦੇ 'ਤੇ ਵੀ ਯੂ ਟਰਨ ਲੈ ਚੁਕੀ ਹੈ। ਪ੍ਰਧਾਨ ਮੰਤਰੀ ਨੇ ਗੁਜਰਾਤ 'ਚ 650 ਕਰੋੜ ਰੁਪਏ ਦੀ ਰੋਰੋ ਫੇਰੀ ਸੇਵਾ ਦਾ ਉਦਘਾਟਨ ਕੀਤਾ। 78 ਕਰੋੜ ਰੁਪਏ ਕਿਸਾਨਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ। ਫਲਾਈ ਓਵਰ, ਵਾਟਰ ਟਰੀਟਮੈਂਟ ਪਲਾਂਟ ਅਤੇ ਕੂੜਾ ਪ੍ਰੋਸੈਸਿੰਗ ਪ੍ਰਾਜੈਕਟ ਆਦਿ ਕਰੋੜਾਂ ਰੁਪਏ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਗਿਆ।

ਭਾਜਪਾ ਦੇ ਹਿੰਦੂਤਵੀ ਮੁੱਦੇ ਨੇ ਦੇਸ਼ ਭਰ ਵਿਚ ਨਫਰਤ ਅਤੇ ਹਿੰਸਾ ਦਾ ਮਾਹੌਲ ਪੈਦਾ ਕੀਤਾ ਹੈ। ਗਊ ਰੱਖਿਆ ਦੇ ਨਾਂ 'ਤੇ ਅਨੇਕਾਂ ਨਿਰਦੋਸ਼ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ। ਸਰਕਾਰ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਗਿਆ ਹੈ। ਰਾਮ ਮੰਦਿਰ ਮੁੱਦਾ ਲੋਕਾਂ ਨੂੰ ਫਜ਼ੂਲ ਦਾ ਲੱਗਣ ਲੱਗਾ ਹੈ ਜਿਸ 'ਤੇ ਭਾਜਪਾ ਪਿਛਲੇ 30 ਸਾਲਾਂ ਤੋਂ ਸਿਆਸਤ ਕਰਦੀ ਆਈ ਹੈ। ਗੁਜਰਾਤ ਦੇ ਹਰ ਵਰਗ ਨਾਲ ਸਬੰਧਤ ਕਾਰੋਬਾਰੀ ਦੂਜੇ ਰਾਜਾਂ 'ਚ ਸਥਾਪਤ ਹੋਣ ਲਈ ਯਤਨ ਕਰ ਰਹੇ ਹਨ। ਸਰਦਾਰ ਸਰੋਵਰ ਡੈਮ ਦਾ ਮੁੱਦਾ ਆਪਣੇ ਆਪ ਵਿਚ ਵੱਡੀ ਸਮੱਸਿਆ ਹੈ। ਵਾਤਾਵਰਣ ਪ੍ਰੇਮੀ ਮੇਧਾ ਪਾਟੇਕਰ ਸਰੋਵਰ ਕਾਰਨ ਉਜਾੜੇ ਗਏ ਲੋਕਾਂ ਦੀ ਪੁਨਰ ਸਥਾਪਤੀ ਲਈ ਸੰਘਰਸ਼ ਕਰ ਰਹੀ ਹੈ। 'ਦ ਹਿੰਦੀ ਵਾਇਰ' ਨੂੰ ਦਿੱਤੀ ਇੱਕ ਇੰਟਰਵਿਊ ਵਿਚ ਉਸ ਨੇ ਇਸ ਡੈਮ ਦੀ ਉਸਾਰੀ ਦੌਰਾਨ ਅਰਬਾਂ ਰੁਪਏ ਦਾ ਘਪਲਾ ਕੀਤੇ ਜਾਣ ਦੇ ਦੋਸ਼ ਲਾਏ ਹਨ।

ਆਮ ਜਨਤਾ ਲਈ ਸਿਹਤ ਅਤੇ ਸਿੱਖਿਆ ਵਰਗੀਆਂ ਜੀਵਨ ਦੀਆਂ ਮੁੱਢਲੀਆਂ ਸਹੂਲਤਾਂ



ਨਰਿੰਦਰ ਮੋਦੀ

ਨਦਾਰਦ ਹਨ। ਭਾਜਪਾ ਸਰਕਾਰ ਦੇ ਰਾਜਕਾਲ ਦੌਰਾਨ ਵੱਡੇ ਵੱਡੇ ਪੂੰਜੀਪਤੀਆਂ ਦੀ ਆਮਦਨ ਨੂੰ ਹੀ ਜਰਬਾਂ ਆਈਆਂ ਹਨ। ਹਾਰਦਿਕ ਪਟੇਲ ਦਾ ਕਹਿਣਾ ਹੈ ਕਿ ਗੁਜਰਾਤ ਅੰਦਰ 50 ਲੱਖ ਗੁਜਰਾਤੀ ਨੌਜਵਾਨ ਬੇਰੁਜ਼ਗਾਰ ਹਨ, 80 ਲੱਖ ਕਿਸਾਨ ਕਰਜਈ ਹਨ ਅਤੇ ਪੂਰੇ ਦੇਸ਼ ਦੇ ਮੁਕਾਬਲੇ ਖੇਤੀ ਲਈ ਬੇਹੱਦ ਜਰੂਰੀ ਡੀ. ਏ. ਪੀ. ਖਾਦ ਗੁਜਰਾਤ 'ਚ 90 ਰੁਪਏ ਮਹਿੰਗੀ ਹੈ। ਗਰੀਬੀ ਵਿਚ 22 ਸਾਲ ਪਹਿਲਾਂ ਜਨਮੇ ਬੱਚਿਆਂ ਦੀ ਹਾਲਤ ਅੱਜ ਵੀ ਪਹਿਲਾਂ ਵਰਗੀ ਹੈ। ਆਪਣੇ ਅਧਿਕਾਰਾਂ ਦੀ ਮੰਗ ਕਰਨ ਵਾਲਿਆਂ ਖਿਲਾਫ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ। ਭਾਜਪਾ ਦੇ ਬੇਲਗਾਮ ਨੇਤਾ ਘੱਟ ਗਿਣਤੀਆਂ ਖਿਲਾਫ ਜ਼ਹਿਰ ਉਗਲ ਰਹੇ ਹਨ ਜਿਸ ਕਾਰਨ ਇਨ੍ਹਾਂ ਵਰਗਾਂ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

ਆਮ ਆਦਮੀ ਪਾਰਟੀ ਵੀ 2 ਕੁ ਸਾਲ ਤੋਂ ਗੁਜਰਾਤ ਵਿਚ ਸਰਗਰਮ ਹੈ। ਇਸ ਵਾਰ ਉਹ 50 ਕੁ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰ ਰਹੀ ਹੈ। ਭਾਜਪਾ ਦੀ ਇੱਕੋ ਇੱਕ ਟੇਕ ਵਿਰੋਧੀ ਵੋਟਾਂ ਦੇ ਵੰਡਾਰੇ 'ਤੇ ਹੈ। ਹਾਲਾਤ ਦੇ ਮੱਦੇਨਜ਼ਰ ਆਖਿਆ ਜਾ ਸਕਦਾ ਹੈ ਕਿ ਭਾਜਪਾ ਲਈ ਮੁੜ ਤੋਂ ਸੱਤਾ ਦੇ ਗਲਿਆਰਿਆਂ ਵਿਚ ਪਹੁੰਚਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜਰੂਰ ਹੈ। ਉਂਜ ਰਾਜਨੀਤੀ ਵਿਚ ਕੁਝ ਵੀ ਅਸੰਭਵ ਨਹੀਂ ਹੁੰਦਾ।

# ਹੋ ਰਹੀ ਹੈ ਫੀਲਡ ਹਾਕੀ ਦੀ ਬੱਲੇ ਬੱਲੇ

**ਖੇਡ ਡਾਇਰੀ**

**ਮੁਹੰਮਦ ਸ਼ਾਹਿਦ ਬਾਰੇ ਕਿਤਾਬ ਰਿਲੀਜ਼:** ਮੌਜੂਦਾ ਦੌਰ ਵਿਚ ਹਾਕੀ ਖੇਡਣ ਦੀ ਸ਼ੈਲੀ ਵਿਚ ਭਾਵੇਂ ਬਹੁਤ ਤਬਦੀਲੀ ਆ ਗਈ ਹੈ ਪਰ ਕਲਾਤਮਕ ਹਾਕੀ ਖੇਡਣ ਵਾਲੇ ਕਈ ਖਿਡਾਰੀ ਅਜੇ ਵੀ ਲੋਕਾਂ ਦੇ ਜ਼ਿਹਨ ਵਿਚ ਜ਼ਿੰਦਾ ਹਨ। ਇਨ੍ਹਾਂ ਵਿਚੋਂ ਇੱਕ ਨਾਂ ਹੈ, ਮੁਹੰਮਦ ਸ਼ਾਹਿਦ। ਉਘੇ ਖੇਡ ਲੇਖਕ ਸੰਦੀਪ ਮਿਸ਼ਰਾ ਦੀ ਮੁਹੰਮਦ ਸ਼ਾਹਿਦ ਬਾਰੇ


**ਸੁਖਵੀਰ ਗਰੇਵਾਲ**

ਕਿਤਾਬ ਆਈ ਹੈ, ਜਿਸ ਦਾ ਨਾਂ ਹੈ, 'ਦਿ ਮੁਹੰਮਦ ਆਫ ਬਨਾਰਸ।' ਇਹ ਕਿਤਾਬ 1982 ਤੋਂ ਲੈ ਕੇ 2016 ਤੱਕ ਭਾਰਤੀ ਹਾਕੀ ਦੇ ਉਤਰਾਅ-ਚੜਾਅ ਬਾਰੇ ਚਾਨਣਾ ਪਾਉਂਦੀ ਹੈ। ਹਾਕੀ ਨਾਲ ਲੰਮੇ ਅਰਸੇ ਤੋਂ ਵਾਹ-ਵਾਸਤਾ ਰੱਖਣ ਵਾਲੇ ਮੁਹੰਮਦ ਸ਼ਾਹਿਦ ਦੀ ਕਲਾਤਮਕ ਹਾਕੀ ਬਾਰੇ ਜਾਣਦੇ ਹੋਣਗੇ। ਕਿਤਾਬ ਦੀ ਬਾਹਰੀ ਦਿੱਖ ਅਤੇ ਵਿਸ਼ੇ ਤੋਂ ਲਗਦਾ ਹੈ ਕਿ ਪੜ੍ਹਨਯੋਗ ਹੋਵੇਗੀ।

**ਪੰਜਾਬ ਪੁਲਿਸ:** ਪੰਜਾਬ ਪੁਲਿਸ ਦੀ ਹਾਕੀ ਟੀਮ ਦੀ ਲੰਮਾ ਅਰਸਾ ਚੜ੍ਹਤ ਰਹੀ ਹੈ ਪਰ ਪਿਛਲੇ ਕਈ ਸਾਲਾਂ ਤੋਂ ਇਹ ਟੀਮ ਕਿਸੇ ਵੱਡੇ ਟੂਰਨਾਮੈਂਟ ਵਿਚ ਚਮਕਣ ਵਿਚ ਅਸਫਲ ਰਹੀ ਸੀ। ਹਾਲ ਹੀ ਵਿਚ ਇਸ ਟੀਮ ਨੇ ਸੁਰਜੀਤ ਯਾਦਗਾਰੀ ਹਾਕੀ ਕੱਪ ਜਿੱਤਿਆ ਹੈ। ਇਸ ਤੋਂ ਪਹਿਲਾਂ ਪੰਜਾਬ ਪੁਲਿਸ ਨੇ ਇਹ ਕੱਪ 2000 ਵਿਚ ਜਿੱਤਿਆ ਸੀ, ਸੋ ਲਗਭਗ ਡੇਢ ਦਹਾਕੇ ਬਾਅਦ ਇਹ ਟੀਮ ਮੁੜ ਜੇਤੂ ਲੀਹ 'ਤੇ ਆਈ ਹੈ। ਕੋਈ ਸਮਾਂ ਸੀ ਜਦੋਂ ਖਿਡਾਰੀ ਪੰਜਾਬ ਪੁਲਿਸ ਵਿਚ ਭਰਤੀ ਹੋਣ ਨੂੰ ਪਹਿਲ ਦਿੰਦੇ ਸਨ ਪਰ ਕੁਝ ਸਮਾਂ ਇਹ ਰੁਝਾਨ ਮੱਠਾ ਵੀ ਪਿਆ ਰਿਹਾ ਜਿਸ ਕਰਕੇ ਟੀਮ ਦੀ ਕਾਰਗੁਜ਼ਾਰੀ ਵੀ ਮੱਧਮ ਪਈ। ਉਲੰਪੀਅਨਾਂ ਦੀ ਟੀਮ ਵਿਚ ਆਮਦ ਨਾਲ ਟੀਮ ਮੁੜ ਲੀਹ 'ਤੇ ਪਈ ਹੈ।

**ਵਿਸ਼ਵ ਕੱਪ:** ਸਾਲ 2018 ਵਿਚ ਹਾਕੀ ਦੇ ਦੋ ਵਿਸ਼ਵ ਕੱਪ ਹੋਣੇ ਹਨ। ਕੁੜੀਆਂ ਦਾ ਵਿਸ਼ਵ ਕੱਪ ਜੁਲਾਈ ਦੇ ਮਹੀਨੇ ਲੰਡਨ ਵਿਚ ਅਤੇ ਮੁੰਡਿਆਂ ਦਾ ਭੁਬਨੇਸ਼ਨਵਰ (ਉੜੀਸਾ) ਵਿਚ ਦਸੰਬਰ ਦੇ ਮਹੀਨੇ ਹੋਵੇਗਾ। ਕੁੜੀਆਂ ਦੇ ਵਿਸ਼ਵ ਕੱਪ ਲਈ ਐਫ. ਆਈ. ਐਚ. ਨੇ ਡਰਾਅ ਐਲਾਨ ਕਰ ਕਰ ਦਿੱਤੇ ਹਨ। ਇਸ ਵੱਕਾਰੀ ਟੂਰਨਾਮੈਂਟ ਵਿਚ 16 ਟੀਮਾਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਨੂੰ ਚਾਰ ਪੂਲਾਂ ਵਿਚ ਵੰਡਿਆ ਗਿਆ ਹੈ। ਪੂਲ 'ਸੀ' ਵਿਚ ਭਾਰਤ ਦਾ ਪਹਿਲਾ ਮੈਚ ਮੇਜ਼ਬਾਨ ਇੰਗਲੈਂਡ ਨਾਲ ਹੋਵੇਗਾ। ਭਾਰਤ ਦੇ ਪੂਲ ਵਿਚ ਅਮਰੀਕਾ ਤੇ ਆਇਰਲੈਂਡ ਦੀਆਂ ਟੀਮਾਂ ਵੀ ਹਨ ਜਿਸ ਕਰਕੇ ਮੁਕਾਬਲਾ ਕਾਫੀ ਸਖਤ ਹੋਣ ਦੀ ਸੰਭਾਵਨਾ ਹੈ।

**ਵੈਨਕੂਵਰ ਫੀਲਡ ਹਾਕੀ ਲੀਗ:** ਠੰਢ ਦੇ ਮੌਸਮ ਕਰਕੇ ਕੈਨੇਡਾ ਦੇ ਬਹੁਤੇ ਸ਼ਹਿਰਾਂ ਵਿਚ ਆਊਟਡੋਰ ਫੀਲਡ ਹਾਕੀ ਲਗਭਗ ਬੰਦ ਹੋ ਗਈ ਹੈ ਪਰ ਵੈਨਕੂਵਰ ਏਰੀਏ ਵਿਚ ਅਜੇ ਵੀ ਪੂਰੇ ਜੋਬਨ 'ਤੇ ਹੈ। ਮੁੰਡਿਆਂ ਦੇ ਵਰਗ ਦੀ ਲੀਗ ਚਾਰ ਵਰਗਾਂ ਵਿਚ ਚੱਲ ਰਹੀ ਹੈ। ਪ੍ਰੀਮੀਅਰ ਵਰਗ ਵਿਚ 10 ਟੀਮਾਂ ਹਨ ਤੇ 8 ਮੈਚ ਖੇਡ ਕੇ 22 ਅੰਕਾਂ ਨਾਲ ਵੈਸਟ ਵੈਨਕੂਵਰ (ਏ) ਦੀ ਸਿਖਰ 'ਤੇ ਚੱਲ ਰਹੀ ਹੈ। ਯੂਨਾਈਟਿਡ ਬ੍ਰਦਰਜ਼ (ਏ) ਦੀ ਟੀਮ 19 ਅੰਕਾਂ ਨਾਲ ਦੂਜੇ ਸਥਾਨ 'ਤੇ ਹੈ ਜਿਸ ਨੇ 9 ਮੈਚ ਖੇਡੇ ਹਨ। ਡਿਵੀਜ਼ਨ-1 ਵਿਚ ਸੁਰਿੰਦਰ





ਲਾਇਨਜ਼ (ਸੀ) ਨੇ ਪਹਿਲਾ ਅਤੇ ਵੈਨਕੂਵਰ ਹਾਕਸ (ਬੀ) ਨੇ ਦੂਜਾ ਸਥਾਨ ਬਣਾਇਆ ਹੋਇਆ ਹੈ। ਇਸੇ ਤਰ੍ਹਾਂ ਡਿਵੀਜ਼ਨ-2 ਵਿਚ 20 ਅੰਕਾਂ ਨਾਲ ਬਰਨਬੀ ਲੈਕਰਜ਼ (ਸੀ) ਅਤੇ 19 ਅੰਕਾਂ ਨਾਲ ਸੁਰਿੰਦਰ ਲਾਇਨਜ਼ (ਡੀ) ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਚੱਲ ਰਹੀਆਂ ਹਨ। ਡਿਵੀਜ਼ਨ-3 ਵਿਚ ਸਰੀ ਸ਼ਾਰਕਸ ਨੇ ਪਹਿਲਾ ਅਤੇ ਬਰਨਬੀ ਲੈਕਰਜ਼ ਨੇ ਦੂਜਾ ਸਥਾਨ ਬਣਾਇਆ ਹੋਇਆ ਹੈ।

**ਵਰਲਡ ਹਾਕੀ ਲੀਗ:** ਕੁੜੀਆਂ ਦੀ ਵਰਲਡ ਹਾਕੀ ਲੀਗ ਪਿਛਲੇ ਦਿਨੀਂ ਆਕਲੈਂਡ (ਨਿਊਜ਼ੀਲੈਂਡ) ਵਿਚ ਸਮਾਪਤ ਹੋ ਗਈ। ਨੀਦਰਲੈਂਡ ਨੇ ਫਾਈਨਲ ਵਿਚ ਮੇਜ਼ਬਾਨ ਨਿਊਜ਼ੀਲੈਂਡ ਨੂੰ 3-0 ਦੇ ਫਰਕ ਨਾਲ ਹਰਾ ਕੇ ਖਿਤਾਬੀ ਬਾਜ਼ੀ ਮਾਰ ਲਈ। ਉਲੰਪਿਕ ਚੈਂਪੀਅਨ ਇੰਗਲੈਂਡ ਨੂੰ ਹਰਾ ਕੇ ਕੋਰੀਆ ਤੀਜੇ ਸਥਾਨ 'ਤੇ ਰਿਹਾ।

**ਅਮਰੀਕਾ ਟੂਰ:** ਕੈਨੇਡਾ ਦੀ ਜੂਨੀਅਰ ਫੀਲਡ ਹਾਕੀ ਟੀਮ (ਅੰਡਰ-18) ਨੇ ਪਿਛਲੇ ਦਿਨੀਂ ਅਮਰੀਕਾ ਦਾ ਦੌਰਾ ਕੀਤਾ। ਇਸ ਟੀਮ ਨੇ ਅਮਰੀਕਾ ਦੀ ਕੌਮੀ ਜੂਨੀਅਰ ਟੀਮ ਨਾਲ ਚਾਰ ਮੈਚਾਂ ਦੀ ਟੈਸਟ ਲੜੀ ਖੇਡੀ। ਇਸ ਦੌਰੇ ਨੂੰ ਸਾਲ 2018 ਦੀ ਪੈਨ-ਅਮਰੀਕਨ ਚੈਂਪੀਅਨਸ਼ਿਪ ਅਤੇ ਯੂਥ ਉਲੰਪਿਕ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਟੀਮ ਵਿਚ ਭਾਵੇਂ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਸੂਬਿਆਂ ਦੇ ਖਿਡਾਰੀ ਜ਼ਿਆਦਾ ਹਨ ਪਰ ਅਲਬਰਟਾ ਦੇ ਤਿੰਨ ਖਿਡਾਰੀਆਂ ਦਾ ਜੂਨੀਅਰ ਟੀਮ ਵਿਚ ਸਥਾਨ ਪਾਉਣਾ ਇਸ ਸੂਬੇ ਦੀ ਹਾਕੀ ਲਈ ਇੱਕ ਚੰਗਾ ਸੰਕੇਤ ਮੰਨਿਆ ਜਾ ਰਿਹਾ ਹੈ। ਟੀਮ ਦੇ ਮੁੱਖ ਕੋਚ ਜੀਓਫ ਮਿਥਿਊਜ਼ ਦਾ ਵੀ ਕਹਿਣਾ ਹੈ ਕਿ ਅਲਬਰਟਾ ਅਤੇ ਕਿਊਬਿਕ ਦੇ ਖਿਡਾਰੀਆਂ ਦੇ ਟੀਮ ਵਿਚ ਆਉਣ ਨਾਲ ਉਹ ਬਹੁਤ ਖੁਸ਼ ਹਨ। ਟੀਮ 'ਚ 10 ਖਿਡਾਰੀ ਪੰਜਾਬੀ ਮੂਲ ਦੇ ਹਨ ਜਿਸ ਨਾਲ ਇਸ ਭਾਈਚਾਰੇ ਦੇ ਇਸ ਖੇਡ ਨਾਲ ਲਗਾਓ ਦੀ ਇੱਕ ਹੋਰ ਮਿਸਾਲ ਪੈਦਾ ਹੋ ਗਈ ਹੈ।

ਇਸ ਟੀਮ ਵਿਚ ਓਂਟਾਰੀਓ ਸੂਬੇ ਤੋਂ ਗੰਗਾ ਸਿੰਘ (ਜੂਨੀਅਰ), ਐਡਮ ਕੰਪਾਸੀ, ਜੋਸ਼ੂਆ ਕਿਊਮਪਲ, ਰਾਜਨ ਸਿੰਘ, ਨਿੱਤਿਆਨੰਦ ਰੇਵੰਕਰ, ਪਾਸਕਲ ਬਰੀਸਨ, ਬ੍ਰਿਟਿਸ਼ ਕੋਲੰਬੀਆ ਤੋਂ ਅਮਰਾਜ਼ ਢਿੱਲੋਂ, ਅਰਜਨ ਹੋਠੀ, ਬਰੈਂਡਨ ਗੁਰਾਲਿਊਕ, ਏਥਨ ਮੈਨਟੈਵਿਸ਼, ਜਸਮੀਤ ਬੜਿੰਗ, ਜੈਸਨ ਧਾਲੀਵਾਲ, ਮਨਵੀਰ ਝੰਮਟ, ਨਮਨ ਸ਼ਰਮਾ, ਰੂਪਕੰਵਰ ਢਿੱਲੋਂ, ਰੌਵਨ ਚਾਈਲਡਜ਼, ਸੈਮ ਸੀਬੈਰੀ, ਅਲਬਰਟਾ ਤੋਂ ਰੌਬਿਨਪ੍ਰੀਤ ਸਿੰਘ ਵਿਰਕ, ਸ਼ਾਹਬਾਜ਼ ਬੱਟ, ਕੈਵਿਨ ਵਾਟਸਨ, ਕਿਊਬਿਕ ਤੋਂ ਕੈਸੀ ਬਰੈਨਨ ਅਤੇ ਇਸਾਨ ਫੈਰੀਅਨ ਨੂੰ ਟੀਮ ਵਿਚ ਸ਼ਾਮਲ ਕੀਤਾ ਗਿਆ ਹੈ।

**ਯੰਗਸਿਤਾਨ ਮੈਗਜ਼ੀਨ:** ਪੰਜਾਬੀ ਅਤੇ ਅੰਗਰੇਜ਼ੀ ਦੋ ਭਾਸ਼ਾਵਾਂ ਵਿਚ ਛਪਣ ਜਾ ਰਹੇ ਖੇਡ ਮੈਗਜ਼ੀਨ 'ਯੰਗਸਿਤਾਨ' ਨੂੰ ਅੰਤਿਮ ਛੂਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਵਿਸ਼ੇਸ਼ ਅੰਕ ਵਿਚ ਕੈਨੇਡਾ ਦੇ ਫੀਲਡ ਹਾਕੀ ਦੇ 2017 ਦੇ ਸੀਜ਼ਨ ਦੇ ਸਾਰੇ ਟੂਰਨਾਮੈਂਟ ਕਵਰ ਕੀਤੇ ਜਾਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਇਸ ਵਿਚ ਸਿਹਤ ਮਾਹਿਰਾਂ ਦੇ ਵੀ ਜਾਣਕਾਰੀ ਭਰਪੂਰ ਲੇਖ ਛਾਪੇ ਜਾਣਗੇ। ਇਹ ਪਹਿਲੀ ਵਾਰ ਹੋਵੇਗਾ ਕਿ ਫੀਲਡ ਹਾਕੀ ਦਾ ਕੋਈ ਰਸਾਲਾ ਕੈਨੇਡਾ ਭਰ 'ਚ ਵੰਡਿਆ ਜਾਵੇਗਾ।

# ਪੰਜਾਬੀ ਬਾਰੇ ਰੌਲੇ ਦੀ ਥਾਂ ਠੋਸ ਕਾਰਜ ਵਿੱਢੇ ਜਾਣ

ਅੱਜ ਕੱਲ੍ਹ ਪੰਜਾਬੀ ਨੂੰ ਲੈ ਕੇ ਅਚਾਨਕ ਮਾਹੌਲ ਭਖਿਆ ਹੋਇਆ ਹੈ। ਸ਼ਾਹਰਾਹਾਂ 'ਤੇ ਲੱਗੀਆਂ ਤਖ਼ਤੀਆਂ ਉਤੇ ਪੰਜਾਬੀ ਦੇ ਯੋਗ ਸਥਾਨ ਨੂੰ ਲੈ ਕੇ ਚੱਲੀ ਗੱਲ ਤੋਂ ਕਈ ਸੈਮੀਨਾਰ ਅਤੇ ਮੁਜ਼ਾਹਰੇ ਵੀ ਹੋਏ ਹਨ ਜਿਨ੍ਹਾਂ ਵਿਚ ਸਿੱਖਿਆ ਮਾਧਿਅਮ ਦੇ ਤੌਰ 'ਤੇ ਪੰਜਾਬੀ ਦੀ ਵਰਤੋਂ ਤੇ ਪੰਜਾਬੀ ਸਭਿਆਚਾਰ ਦੇ ਵਾਹਨ ਵਜੋਂ ਪੰਜਾਬੀ ਦੇ ਮਹੱਤਵ ਬਾਰੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਵੱਲੋਂ ਉਠਾਏ ਗਏ ਕੁਝ ਕਦਮਾਂ ਵਿਚ ਵੀ ਪੰਜਾਬੀ ਖਿਲਾਫ਼ ਸਾਜ਼ਿਸ਼ ਦੀ ਗੱਲ ਕੀਤੀ ਜਾ ਰਹੀ ਹੈ, ਪਰ ਇਸ ਸਾਰੇ ਰੌਲੇ-ਰੱਪੇ ਵਿਚ ਪੰਜਾਬੀ ਨਾਲ ਜੁੜੇ ਅਹਿਮ ਮੁੱਦੇ ਨੂੰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ ਜਿਸ ਦਾ ਜ਼ਿੰਮਾ ਵੀ ਕੇਂਦਰ ਸਰਕਾਰ ਜਾਂ ਕਿਸੇ ਬਾਹਰਲੀ ਤਾਕਤ ਦਾ ਨਹੀਂ,

**ਡਾ. ਹਰਜਿੰਦਰ ਸਿੰਘ**
**ਡਾ. ਭੋਜ ਰਾਜ**

ਸਗੋਂ ਸਾਡਾ ਆਪਣਾ ਹੀ ਹੈ। ਇਹ ਅਹਿਮ ਮੁੱਦਾ ਹੈ, ਪੰਜਾਬੀ ਨੂੰ ਵਿਕਸਿਤ ਕਰ ਕੇ ਉਚ ਪੱਧਰੀ ਗਿਆਨ-ਵਿਗਿਆਨ ਦੀ ਵਾਹਕ ਤੇ ਉਚੇਰੀ ਸਿੱਖਿਆ ਦਾ ਮਾਧਿਅਮ ਬਣਨ ਦੇ ਯੋਗ ਬਣਾਉਣ ਦਾ। ਇਸ ਮੰਤਵ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਕਈ ਅਦਾਰਿਆਂ ਨੂੰ ਚੋਖੇ ਸਾਧਨ ਮੁਹੱਈਆ ਕਰਵਾ ਕੇ ਟੀਚੇ ਦਿੱਤੇ ਗਏ ਸਨ ਜਿਨ੍ਹਾਂ ਦੀ ਪ੍ਰਾਪਤੀ ਪੱਖੋਂ ਉਹ ਉਮੀਦਾਂ 'ਤੇ ਪੂਰੇ ਨਹੀਂ ਉਤਰੇ। ਅਫ਼ਸੋਸ ਦੀ ਗੱਲ ਹੈ ਕਿ ਇਸ ਪੱਧਰ 'ਤੇ ਮਾੜੀ ਕਾਰਗੁਜ਼ਾਰੀ ਉਤੇ ਸਵਾਲ ਕਰਨ ਦੀ ਬਜਾਏ ਕਈ ਲੋਕਾਂ ਨੇ ਪੰਜਾਬੀ ਦੇ ਰੁਤਬੇ ਦੀ ਕਸੌਟੀ ਰਾਜ ਮਾਰਗਾਂ 'ਤੇ ਲੱਗੀਆਂ ਤਖ਼ਤੀਆਂ ਉਤੇ ਪੰਜਾਬੀ ਦੇ ਸਥਾਨ ਨੂੰ ਹੀ ਬਣਾ ਲਿਆ ਹੈ।

ਸਾਡੇ ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਹੈ ਅਤੇ ਪੰਜਾਬ ਸਰਕਾਰ ਦੇ ਵੱਖ ਵੱਖ ਅਦਾਰਿਆਂ ਤੇ ਪ੍ਰਸ਼ਾਸਨ ਵਿਚ ਵੀ ਕਾਫ਼ੀ ਹੱਦ ਤਕ ਪੰਜਾਬੀ ਦੀ ਵਰਤੋਂ ਹੁੰਦੀ ਹੈ। ਤਹਿਸੀਲ ਪੱਧਰ ਦੀਆਂ ਹੇਠਲੀਆਂ ਅਦਾਲਤਾਂ ਵਿਚ ਵੀ ਜ਼ਿਆਦਾਤਰ ਪੰਜਾਬੀ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਹ ਉਹ ਦੁਨੀਆਂ ਹੈ ਜਿਸ ਵਿਚ ਆਮ ਬੰਦਾ ਵਿਚਰਦਾ ਹੈ ਜੋ ਜ਼ਿਆਦਾਤਰ ਪੇਂਡੂ ਜਾਂ ਛੋਟੇ ਕਸਬਿਆਂ ਵਿਚੋਂ ਹੈ ਤੇ ਆਰਥਿਕ ਤੌਰ 'ਤੇ ਵੀ ਪਸਮਾਂਦਾ ਹੈ। ਦੂਜੀ ਦੁਨੀਆਂ ਖਾਂਦੇ-ਪੀਂਦੇ ਮੱਧ ਵਰਗ ਤੇ ਉਚ ਮੱਧ ਵਰਗ ਦੀ ਹੈ ਜੋ ਜ਼ਿਆਦਾਤਰ ਸ਼ਹਿਰੀ ਹੈ। ਇਸ ਤਬਕੇ ਨੂੰ ਪੰਜਾਬੀ ਦੇ ਹੱਕ ਵਿਚ ਰਾਜਨੀਤਕ ਬਿਆਨਬਾਜ਼ੀ ਕਰਨ ਅਤੇ ਸ਼ੌਕੀਆ ਜਿਹੇ ਉਦਰੇਵੇਂ ਦੀ ਭਾਵਨਾ ਪ੍ਰਗਟ ਕਰਨ ਤੋਂ ਸਿਵਾਏ ਇਸ ਨਾਲ ਕੋਈ ਜ਼ਿਆਦਾ ਹੇਜ ਨਹੀਂ ਹੈ, ਕਿਉਂਕਿ ਇਸ ਨੂੰ ਪਤਾ ਹੈ ਕਿ ਅੱਜ ਦੇ ਗਲੋਬਲੀ ਸੰਸਾਰ ਵਿਚ ਉਸ ਦੇ ਬੱਚਿਆਂ ਲਈ ਰੁਜ਼ਗਾਰ ਦੇ ਵਧੀਆ ਸਾਧਨ ਅਕਸਰ ਪੰਜਾਬ ਤੋਂ ਬਾਹਰ ਅਤੇ ਉਹ ਵੀ ਅੰਗਰੇਜ਼ੀ ਦੇ ਸਹਾਰੇ ਹੀ ਉਪਲਬਧ ਹਨ। ਅੱਜ ਕੱਲ੍ਹ ਬਾਹਰ ਜਾਣ ਦੀ ਹੋੜ ਵਿਚ ਪਿੰਡਾਂ ਦੇ ਮੁੰਡੇ-ਕੁੜੀਆਂ ਨੂੰ ਵੀ ਅੰਗਰੇਜ਼ੀ ਸਿੱਖਣ ਲਈ ਪ੍ਰਾਈਵੇਟ ਅਦਾਰਿਆਂ ਵਿਚ ਮੋਟੀਆਂ ਰਕਮਾਂ ਖਰਚ ਕਰਦੇ ਦੇਖਿਆ ਜਾ ਸਕਦਾ ਹੈ।

ਸਪਸ਼ਟ ਹੈ ਕਿ ਪੰਜਾਬੀ ਸਹਾਰੇ ਪੜ੍ਹਨ-ਲਿਖਣ ਤੇ ਰੁਜ਼ਗਾਰ ਪ੍ਰਾਪਤ ਕਰਨ ਵਾਲਾ ਕਿਹੜਾ ਤਬਕਾ ਰਹਿ ਗਿਆ ਹੈ। ਇਸ ਨੂੰ ਵੀ ਭਾਵੇਂ ਭਾਵੇਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਜਿਹੇ ਲਾਰੇ ਲਗਾਏ ਜਾਂਦੇ ਹਨ, ਪਰ ਅਸਲੀਅਤ ਇਹ ਹੈ ਕਿ ਇਸ ਨੂੰ ਅਪਣੀ ਸਮਝ-ਬੂਝ ਵਧਾਉਣ ਲਈ ਪੰਜਾਬੀ ਦਾ ਹੀ ਸਹਾਰਾ ਹੈ। ਸਮਾਜ ਵਿਚ ਤਿੱਖੀ ਹੋ ਰਹੀ ਵਰਗ ਵੰਡ ਤੇ ਉਸ ਦੇ ਨਤੀਜੇ ਵਜੋਂ ਮਹਿੰਗੀ ਹੋ ਰਹੀ ਸਿੱਖਿਆ- ਜਿਸ ਦੇ ਮਿਆਰ ਦੀ ਕਸੌਟੀ ਹੁਣ ਅੰਗਰੇਜ਼ੀ ਮਾਧਿਅਮ ਬਣ ਚੁੱਕਿਆ ਹੈ, ਇਸ ਤਬਕੇ ਦੀ ਪਹੁੰਚ ਤੋਂ ਬਾਹਰ ਹੈ। ਇਸ ਤਬਕੇ ਲਈ ਪੰਜਾਬੀ ਭਾਸ਼ਾ ਹੀ ਗਿਆਨ ਦਾ ਇਕੋ-ਇਕ ਰਾਹ ਹੈ। ਜੇ ਜਮਹੂਰੀ ਆਦਰਸ਼ਾਂ ਅਨੁਸਾਰ ਇਸ ਨੂੰ ਮਿਆਰੀ ਸਿੱਖਿਆ ਦੇਣੀ ਹੈ ਤਾਂ ਸਿਰਫ਼ ਸਕੂਲ ਪੱਧਰ ਤਕ ਹੀ ਨਹੀਂ, ਸਗੋਂ ਉਚੇਰੀ ਸਿੱਖਿਆ ਵੀ ਪੰਜਾਬੀ ਵਿਚ ਉਪਲਬਧ ਹੋਣੀ ਚਾਹੀਦੀ ਹੈ। ਇਹ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਨਾਲ ਹੀ ਸੰਭਵ ਹੋ ਸਕਦਾ ਹੈ।

ਇਹ ਗੱਲ ਸਹੀ ਹੈ ਕਿ ਸਾਹਿਤ, ਕਲਾ, ਸਭਿਆਚਾਰ ਅਤੇ ਕਾਫ਼ੀ ਹੱਦ ਤਕ ਸਮਾਜ-ਵਿਗਿਆਨਕ ਵਿਸ਼ਿਆਂ ਦੀ ਪੜ੍ਹਾਈ ਲਈ ਪੰਜਾਬੀ ਦੀ ਵਰਤੋਂ ਵਿਚ ਕੋਈ ਖ਼ਾਸ ਕਠਿਨਾਈ ਨਹੀਂ ਆਉਂਦੀ, ਪਰ ਅੱਜ ਦੇ ਵਿਗਿਆਨ ਅਤੇ ਤਕਨੀਕੀ ਵਿਕਾਸ ਦੇ ਯੁੱਗ ਵਿਚ ਰੁਜ਼ਗਾਰ ਪ੍ਰਾਪਤੀ ਲਈ ਵਿਗਿਆਨ ਤੇ ਤਕਨਾਲੋਜੀ ਦੀ ਵੀ ਸਖ਼ਤ ਜ਼ਰੂਰਤ ਹੈ। ਸੋ ਇਨ੍ਹਾਂ ਵਿਸ਼ਿਆਂ ਦੀ ਉਚ ਪਧਰੀ ਸਿੱਖਿਆ ਲਈ ਪੰਜਾਬੀ ਭਾਸ਼ਾ ਨੂੰ ਸਮਰੱਥ ਬਣਾਇਆ ਜਾਵੇ। ਲੋਕ ਪਰਚਾਵੇ ਲਈ ਹੀ ਸਹੀ, ਪੰਜਾਬੀ ਦੇ ਵਿਕਾਸ ਲਈ ਲੋੜੀਂਦੀ ਰਾਜਨੀਤਕ ਇੱਛਾ ਸ਼ਕਤੀ ਤਹਿਤ ਇਸ ਦੀ ਜ਼ਿੰਮੇਵਾਰੀ ਯੂਨੀਵਰਸਿਟੀਆਂ ਤੇ ਹੋਰ ਅਜਿਹੇ ਅਦਾਰਿਆਂ ਨੂੰ ਦਿੱਤੀ ਗਈ ਜਿਥੇ ਭਾਸ਼ਾ ਦੇ ਵਿਕਾਸ ਲਈ ਕਈ-ਕਈ ਵਿਭਾਗ ਖੋਲ੍ਹੇ ਗਏ ਤੇ ਮਾਇਕ ਸਹਾਇਤਾ ਦੀ ਵੀ ਤੋਟ ਨਹੀਂ ਰਹਿਣ ਦਿੱਤੀ। ਇਹ ਕੰਮ ਇਸ ਪੱਧਰ ਦੇ ਅਦਾਰਿਆਂ ਵਿਚ ਹੀ ਹੋ ਸਕਦਾ ਸੀ, ਪਰ ਹੋਇਆ ਨਹੀਂ। ਯੂਨੀਵਰਸਿਟੀਆਂ ਵਿਚ ਪਸਰੀ ਪੇਤਲੀ ਰਾਜਨੀਤੀ (ਜਿਸ ਲਈ ਛੇਕੜ ਪੰਜਾਬੀ ਦੇ ਵਿਕਾਸ ਦਾ ਨਾਅਰਾ ਲਗਾਉਣ ਵਾਲੇ ਸਿਆਸਤਦਾਨ ਹੀ ਜ਼ਿੰਮੇਵਾਰ




ਸਨ) ਅਤੇ ਇਸ ਰਾਜਨੀਤੀ ਦਾ ਫ਼ਾਇਦਾ ਚੁੱਕਣ ਵਾਲੇ ਕਈ ਪ੍ਰਤਿਭਾਹੀਣ ਖੋਜੀ ਤੇ ਅਧਿਆਪਕ ਅਜਿਹੀ ਖਿਚੜੀ ਪਕਾਉਂਦੇ ਰਹੇ ਜਿਸ ਨਾਲ ਉਨ੍ਹਾਂ ਦਾ ਆਪਣਾ ਭਰਪੂਰ ਵਿਕਾਸ ਹੋਇਆ, ਪਰ ਪੰਜਾਬੀ ਭਾਸ਼ਾ ਦਾ ਨਹੀਂ।

ਭਾਸ਼ਾ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਕੋਈ ਵੀ ਭਾਸ਼ਾ ਚੰਗੀ-ਮਾੜੀ ਨਹੀਂ ਹੁੰਦੀ। ਫਿਰ ਵੀ ਇਸ ਨੂੰ ਕਿਸੇ ਖ਼ਾਸ ਉਦੇਸ਼ ਦੀ ਪ੍ਰਾਪਤੀ ਵਾਸਤੇ ਸਮਰੱਥ ਬਣਾਉਣ ਲਈ ਸੁਯੋਗ ਤੇ ਪ੍ਰਤਿਭਾਸ਼ਾਲੀ ਵਿਦਵਾਨਾਂ ਦੀ ਲੋੜ ਹੁੰਦੀ ਹੈ। ਕਿੰਨੀਆਂ ਹੀ ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿਚ ਵਿਗਿਆਨ ਦੀ ਮਿਆਰੀ ਪੜ੍ਹਾਈ ਤੇ ਖੋਜ ਹੋ ਰਹੀ ਹੈ। ਇਹ ਸਭ ਪੰਜਾਬੀ ਵਿਚ ਕਿਉਂ ਸੰਭਵ ਨਹੀਂ ਹੋਇਆ?

ਇਸ ਮੰਤਵ ਲਈ ਪਹਿਲੀ ਜ਼ਰੂਰਤ ਵਿਗਿਆਨਕ ਸ਼ਬਦਾਵਲੀ ਦਾ ਨਿਰਮਾਣ ਕਰਨਾ ਹੈ। ਇਹ ਆਪਣੇ-ਆਪ ਵਿਚ ਹੀ ਚੁਣੌਤੀ ਹੈ। ਇਸ ਕਾਰਜ ਵਿਦਵਾਨਾਂ ਦੀ ਟੀਮ ਬਣਾਈ ਜਾਂਦੀ ਹੈ ਤੇ ਉਸ ਦੀ ਪ੍ਰਗਤੀ ਨੂੰ ਹਰ ਕਦਮ 'ਤੇ ਪਰਖਿਆ ਜਾਂਦਾ ਹੈ। ਇਸ ਦਾ ਵਿਸ਼ਲੇਸ਼ਣ ਕਰ ਕੇ ਹੋਰਾਂ ਦੇ ਸੁਝਾਅ ਲਏ ਜਾਂਦੇ ਹਨ ਤੇ ਅੰਤ ਵਿਚ ਪ੍ਰਮਾਣਿਕ ਤੇ ਮਿਆਰੀ ਸ਼ਬਦਾਵਲੀ ਘੜੀ ਜਾਂਦੀ ਹੈ ਜਿਸ ਦੇ ਆਧਾਰ 'ਤੇ ਗਿਆਨ ਵਿਗਿਆਨ ਦੀਆਂ ਪੁਸਤਕਾਂ ਲਿਖੀਆਂ ਜਾਂਦੀਆਂ ਹਨ ਜਾਂ ਅੰਗਰੇਜ਼ੀ ਸਮੇਤ ਹੋਰਾਂ ਭਾਸ਼ਾਵਾਂ ਤੋਂ ਉਨ੍ਹਾਂ ਦਾ ਪੰਜਾਬੀ ਅਨੁਵਾਦ ਕਰ ਲਿਆ ਜਾਂਦਾ ਹੈ। ਦੇਖਣ ਨੂੰ ਇਹ ਨਿਯਮ ਬੜਾ ਸਰਲ ਲੱਗਦਾ ਹੈ, ਪਰ ਇਸ ਦੀ ਸਰਲਤਾ ਦੇ ਬਾਵਜੂਦ ਪੰਜਾਬ ਦੇ ਕਿਸੇ ਵੀ ਉਚ ਸਿੱਖਿਆ ਅਦਾਰੇ ਵਿਚ ਇਸ ਨੂੰ ਢੁਕਵੇਂ ਢੰਗ ਨਾਲ ਲਾਗੂ ਹੁੰਦੇ ਨਹੀਂ ਦੇਖਿਆ ਗਿਆ। ਲੱਗਦਾ ਹੈ, ਜਿਵੇਂ ਕੋਈ ਯੋਗ ਅਗਵਾਈ ਦੇਣ ਵਾਲਾ ਹੀ ਨਹੀਂ ਸੀ।

ਕੁਝ ਸਮਾਂ ਪਹਿਲਾਂ ਅਸੀਂ ਪੰਜਾਬੀ ਵਿਚ ਉਪਲਬਧ ਵਿਗਿਆਨਕ ਲਿਖਤਾਂ ਦੀ ਪੜਚੋਲ ਸ਼ੁਰੂ ਕੀਤੀ। ਇਸ ਦੌਰਾਨ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਇੱਕ ਅਨੁਭਵੀ ਪ੍ਰੋਫ਼ੈਸਰ ਤੇ ਵਿਗਿਆਨ ਦੇ ਸਿਰਮੌਰ ਸਮਝੇ ਜਾਣ ਵਾਲੇ ਲੇਖਕ ਦੀਆਂ ਲਿਖਤਾਂ ਪੜ੍ਹਨ ਦਾ ਵੀ ਮੌਕਾ ਮਿਲਿਆ। ਉਨ੍ਹਾਂ ਦੀ ਹਰ ਪੁਸਤਕ ਦੇ ਮੁੱਖ ਬੰਧ ਵਿਚ ਇਸ ਦੇ 'ਅਰਥਪੂਰਨ', 'ਖੋਜ ਪੂਰਨ', 'ਵਿਲੱਖਣ', 'ਨਵੀਨਤਮ ਜਾਣਕਾਰੀ ਭਰਪੂਰ' ਅਤੇ 'ਪੰਜਾਬੀ ਨੂੰ ਉਚੇਰੇ ਪੱਧਰ 'ਤੇ ਵਿਗਿਆਨ ਦੀ ਪੜ੍ਹਾਈ ਦੇ ਮਾਧਿਅਮ ਦੇ ਤੌਰ 'ਤੇ ਵਿਕਸਿਤ ਕਰਨ' ਵਿਚ ਸਹਾਈ ਹੋਣ ਆਦਿ ਦੇ ਦਾਅਵੇ ਕੀਤੇ ਗਏ ਹਨ, ਪਰ ਨਿਰਾਸ਼ਾ ਹੀ ਨਹੀਂ, ਸਗੋਂ ਹੈਰਾਨੀ ਵੀ ਹੋਈ, ਕਿਉਂਕਿ ਇਨ੍ਹਾਂ ਵਿਚ ਬਹੁਤ ਕੁਝ ਅਜਿਹਾ ਲਿਖਿਆ ਗਿਆ ਹੈ ਜਿਸ ਦਾ ਵਿਗਿਆਨ ਨਾਲ ਕੋਈ ਸਬੰਧ ਹੀ ਨਹੀਂ ਹੈ। ਇਸ ਲੇਖਕ ਨੂੰ ਵਿਗਿਆਨ ਲੇਖਣ ਦੇ ਖੇਤਰ ਵਿਚ ਆਪਣੇ ਕਈ ਦਹਾਕਿਆਂ ਦੇ ਤਜਰਬੇ 'ਤੇ ਮਾਣ ਹੈ, ਪਰ ਉਸ ਦੀ ਭਾਸ਼ਾ ਅਤੇ ਵਿਗਿਆਨ, ਦੋਵਾਂ 'ਤੇ ਪ੍ਰਸ਼ਨ ਚਿੰਨ੍ਹ ਲਗਾਏ ਜਾ ਸਕਦੇ ਹਨ। ਇਹ ਗੱਲ ਰੜਕਦੀ ਹੈ ਕਿ ਇਸ ਲੇਖਕ ਵੱਲੋਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਬਣਾਈ ਗਈ ਸ਼ਬਦਾਵਲੀ ਵਿਚੋਂ ਬਹੁਤ ਸਾਰੇ ਸ਼ਬਦ ਮੰਨਣਯੋਗ ਹੀ ਨਹੀਂ ਲੱਗਦੇ। ਕਈ ਤਾਂ ਉਸ ਦੀਆਂ ਵੱਖ ਵੱਖ ਲਿਖਤਾਂ ਵਿਚ ਬਦਲਦੇ ਵੀ ਰਹਿੰਦੇ ਹਨ। ਪੰਜਾਬੀ ਵਿਚ ਪਹਿਲਾਂ ਤੋਂ ਪ੍ਰਚਲਿਤ ਵਿਗਿਆਨਕ ਸ਼ਬਦਾਵਲੀ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਮਨਮਰਜ਼ੀ ਨਾਲ ਸ਼ਬਦ ਘੜਨੇ ਸ਼ੁਰੂ ਕਰ ਦਿੱਤੇ। ਮਿਸਾਲ ਵਜੋਂ: ਲਿਵਿੰਗ ਹੋਸਟ ਨੂੰ 'ਜਿਉਂਦੇ ਅਤਿਥੀ'; ਸੈਂਟਰੀਫਿਊਗਲ ਫੋਰਸ ਨੂੰ 'ਘੁੰਮਣ ਸ਼ਕਤੀ', ਐਕਸੈਲਰੇਸ਼ਨ ਨੂੰ 'ਚਾਲ ਬਦਲ', ਔਪਟੀਮਮ ਨੂੰ 'ਕਿਰਿਆਸ਼ੀਲ', ਰੀਪ੍ਰੋਡਕਟਿਵ ਸਿਸਟਮ ਨੂੰ 'ਉਪਜਾਊ ਪ੍ਰਣਾਲੀ', ਮੈਮਲ ਨੂੰ 'ਪਸ਼ੂ', ਐਨਜ਼ਾਈਮ ਨੂੰ 'ਕਣ', ਸਪਰਮ ਨੂੰ 'ਅਣੂ', ਫੋਟੋਸਿੰਥਸਿਸ ਨੂੰ 'ਸੂਰਜ ਕਿਰਨ ਉਪਜਾਊ ਢੰਗ' ਅਤੇ ਗ੍ਰੀਨ ਹਾਊਸ ਇਫੈਕਟ ਨੂੰ 'ਸ਼ੀਸ਼ੇ ਵਾਲੀ ਵਿਸ਼ੇਸ਼ਤਾ' ਲਿਖਿਆ ਗਿਆ ਹੈ। ਇਨ੍ਹਾਂ ਪੁਸਤਕਾਂ ਵਿਚ ਅਜਿਹੇ ਵਿਸ਼ਿਆਂ ਦੀ ਵੀ ਚਰਚਾ ਹੈ ਜਿਨ੍ਹਾਂ ਦਾ ਵਿਗਿਆਨ ਨਾਲ ਕੋਈ ਸਬੰਧ ਹੀ ਨਹੀਂ।

ਜੇ ਪੰਜਾਬੀ ਪ੍ਰੇਮੀ ਸੱਚਮੁੱਚ ਚਾਹੁੰਦੇ ਹਨ ਕਿ ਉਨ੍ਹਾਂ ਦੀ ਭਾਸ਼ਾ ਆਉਣ ਵਾਲੀਆਂ ਪੀੜ੍ਹੀਆਂ ਦੇ ਬੌਧਿਕ ਵਿਕਾਸ ਦਾ ਸਾਧਨ ਬਣੇ, ਕਾਲਜ ਤੇ ਯੂਨੀਵਰਸਿਟੀ ਪੱਧਰ ਦੇ ਤਕਨੀਕੀ ਤੇ ਵਿਗਿਆਨਕ ਵਿਸ਼ਿਆਂ ਤਕ ਉਨ੍ਹਾਂ ਨੂੰ ਪਹੁੰਚ ਮੁਹੱਈਆ ਕਰਵਾਏ ਤੇ ਗਿਆਨ ਵਿਗਿਆਨ ਦੇ ਖੇਤਰ ਵਿਚ ਵਿਸ਼ਵ ਪੱਧਰ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਾ ਮਾਧਿਅਮ ਬਣੇ ਤਾਂ ਸੜਕਾਂ 'ਤੇ ਲੱਗੀਆਂ ਤਖ਼ਤੀਆਂ ਤਕ ਹੀ ਸੀਮਿਤ ਨਾ ਰਹਿ ਕੇ ਉਹ ਆਪਣਾ ਧਿਆਨ ਸਮਾਜ ਦੇ ਉਨ੍ਹਾਂ ਅਦਾਰਿਆਂ ਵੱਲ ਦੇਣ ਜਿਨ੍ਹਾਂ ਨੂੰ ਵਰ੍ਹਿਆਂ ਪਹਿਲਾਂ ਪੰਜਾਬੀ ਦੇ ਵਿਕਾਸ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਨ੍ਹਾਂ ਦੀ ਕਾਰਗੁਜ਼ਾਰੀ ਦੀ ਉੱਚ ਪੱਧਰੀ ਸਮੀਖਿਆ ਕਰ ਕੇ ਇਸ ਦੀ ਗੁਣਵੱਤਾ ਦਾ ਜਾਇਜ਼ਾ ਲਿਆ ਜਾਵੇ, ਤੇ ਪੁੱਛਿਆ ਜਾਵੇ ਕਿ ਪੰਜਾਹ-ਪੰਜਾਹ ਸਾਲਾਂ ਦੀ ਕਾਰਗੁਜ਼ਾਰੀ ਦੀ ਠੋਸ ਪ੍ਰਾਪਤੀ ਕੀ ਹੈ? ਏਨਾ ਪੈਸਾ ਤੇ ਸਮਾਂ ਖਰਚ ਕੇ ਵੀ ਇਨ੍ਹਾਂ ਅਦਾਰਿਆਂ ਦੇ ਪੰਜਾਬੀ ਨੂੰ 'ਉਚੇਰੀ ਸਿੱਖਿਆ ਦਾ ਮਾਧਿਅਮ ਬਣਾਉਣ' ਦੇ ਦਾਅਵੇ ਦੀ ਸਚਾਈ ਕਿਤੇ ਨਜ਼ਰ ਕਿਉਂ ਨਹੀਂ ਆ ਰਹੀ? ਪੰਜਾਬੀ ਦੀ ਸਮਰੱਥਾ ਦੇ ਨਿਰਮਾਣ ਦੇ ਮੁੱਦੇ ਨੂੰ ਵਿਚਾਰੇ ਬਗੈਰ ਹਰ ਥਾਂ ਇਸ ਦੀ ਵਰਤੋਂ ਦੀ ਮੰਗ ਕਰਦੇ ਰਹਿਣ ਨਾਲ ਕੁਝ ਲੋਕਾਂ ਨੂੰ ਰਾਜਨੀਤਕ ਲਾਹਾ ਤਾਂ ਮਿਲ ਸਕਦਾ ਹੈ, ਪਰ ਪੰਜਾਬੀ ਅਤੇ ਪੰਜਾਬੀਆਂ ਨੂੰ ਕੋਈ ਫਾਇਦਾ ਹੋਣ ਵਾਲਾ ਨਹੀਂ।

# ਮੋਦੀਤੰਤਰ: ਨਿੱਤ ਨਵਾਂ ਦੁਸ਼ਮਣ ਲੱਭਣ ਦੀ ਸਿਆਸਤ

ਮੱਧ-ਅਕਤੂਬਰ ਤੋਂ ਸਾਡਾ ਸਭ ਦਾ ਧਿਆਨ ਚੋਣ ਤਰੀਕਾਂ ਦੇ ਰੌਲੇ ਨੇ ਖਿੱਚਿਆ ਹੋਇਆ ਹੈ ਅਤੇ ਸਰਕਾਰੀ ਤਰਜੀਹਾਂ ਅਤੇ ਮੁਲਾਜ਼ਮਾਂ ਦਾ ਸਭ ਤੋਂ ਵੱਧ ਧਿਆਨ ਗੁਜਰਾਤ ਚੋਣਾਂ ਵੱਲ ਕੁਝ ਵਧੇਰੇ ਹੀ ਵੰਡਿਆ ਗਿਆ ਹੈ। ਹਾਲੇ ਇਸੇ ਮਹੀਨੇ ਦੇ ਆਰੰਭ ਵਿਚ ਹਿਮਾਚਲ ਪ੍ਰਦੇਸ਼ ਵਿਚ ਵੋਟਾਂ ਪੈ ਕੇ ਹਟੀਆਂ ਸਨ, ਪਰ ਉਸ ਤੋਂ ਤੁਰੰਤ ਮਗਰੋਂ ਗੁਜਰਾਤ ਦੀ ਚੋਣ ਜੰਗ ਦਾ ਐਲਾਨ ਹੋ ਗਿਆ ਹੈ। ਇਸ ਤੋਂ ਬਾਅਦ ਕਰਨਾਟਕ ਚੋਣਾਂ ਦੀ ਵਾਰੀ ਆ ਜਾਣੀ ਹੈ; ਉਸ ਤੋਂ ਅੱਗੇ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਚੋਣਾਂ ਹੋਣਗੀਆਂ ਅਤੇ ਫਿਰ ਆਵੇਗੀ ਸਭ ਤੋਂ ਵੱਡੀ ਜੰਗ, ਭਾਵ 2019 ਦੀਆਂ ਲੋਕ

**ਹਰੀਸ਼ ਖਰੇ**

ਸਭਾ ਚੋਣਾਂ। ਇਹ ਸੱਚ ਹੈ ਕਿ ਚੋਣ ਮੁਕਾਬਲੇ ਹੀ ਜਮਹੂਰੀ ਵਿਵਸਥਾ ਤੇ ਉਸ ਦੀ ਉਚਿਤਤਾ ਦਾ ਕੇਂਦਰੀ ਧੁਰਾ ਹੁੰਦੇ ਹਨ। ਚੋਣ ਜਿੱਤਾਂ ਤੋਂ ਹੀ ਜੇਤੂਆਂ ਨੂੰ ਸ਼ਾਸਨ ਕਰਨ ਦਾ ਫ਼ਤਵਾ ਮਿਲਦਾ ਹੈ। ਇਸੇ ਲਈ, ਹਰ ਚੋਣ ਮੁਕਾਬਲਾ ਜਿੱਤਣ ਲਈ ਖ਼ਾਸ ਕਿਸਮ ਦੀ ਕਾਹਲ ਤੇ ਵਾਜਬੀਅਤ ਦੀ ਲੋੜ ਪੈਂਦੀ ਹੈ। ਇਸੇ ਕਾਰਨ ਹਰ ਹਾਲ ਚੋਣ ਜਿੱਤਣੀ ਸਾਡਾ ਮੁੱਖ ਉਦੇਸ਼ ਤੇ ਮੁੱਖ ਪੇਸ਼ਾ ਬਣ ਜਾਂਦਾ ਹੈ।

2014 ਤੋਂ ਹੀ ਸੱਤਾਧਾਰੀ ਧਿਰ ਨੇ ਅਨੇਕਾਂ ਦੁਸ਼ਮਣਾਂ ਨਾਲ ਸਿੱਝਣ ਦਾ ਬਿਰਤਾਂਤ ਚਤੁਰਾਈ ਨਾਲ ਸਿਰਜ ਕੇ ਖ਼ੁਦ ਲਈ ਬੇਹੱਦ ਪ੍ਰਬੀਨਤਾ ਸਹਿਤ ਸਿਆਸੀ ਰਫ਼ਤਾਰ ਹਾਸਲ ਕਰ ਲਈ ਹੈ। ਕਦੇ ਚੀਨ ਨੂੰ ਦੁਸ਼ਮਣ ਵਜੋਂ ਪੇਸ਼ ਕੀਤਾ ਗਿਆ, ਕਦੇ ਪਾਕਿਸਤਾਨ ਨੂੰ ਦੁਸ਼ਮਣ ਆਖਿਆ ਗਿਆ ਤੇ ਕਦੇ ਦੋਹਾਂ ਨੂੰ ਅੱਗੜ-ਪਿੱਛੜ ਵੈਰ ਭਾਵ ਨਾਲ ਕਾਰਜ ਕਰਨ ਵਾਲਿਆਂ ਵਜੋਂ ਪੇਸ਼ ਕੀਤਾ ਗਿਆ। ਦੁਸ਼ਮਣ ਨਾਲ ਸਿੱਝਣਾ ਰਾਸ਼ਟਰੀ ਤਰਜੀਹ ਅਤੇ ਦੇਸ਼ ਭਗਤੀ ਦੇ ਜਜ਼ਬੇ ਤਹਿਤ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ ਰਹੀ। ਭਾਰਤ ਮਾਤਾ ਲਈ ਖੜ੍ਹੇ ਹੋਣ ਲਈ ਆਮ ਨਾਗਰਿਕਾਂ 'ਤੇ ਦਬਾਅ ਪਾਉਣ, ਉਨ੍ਹਾਂ ਨੂੰ ਪ੍ਰੇਰਿਤ ਕਰਨ ਤੇ ਲੋੜ ਪੈਣ 'ਤੇ ਮਜਬੂਰ ਕਰਨ ਦੀ ਵੀ ਲੋੜ ਪਈ। ਉਨ੍ਹਾਂ ਨੂੰ ਸਮੇਂ-ਸਮੇਂ ਉਚੀ ਉਚੀ 'ਵੰਦੇ ਮਾਤਰਮ' ਦੇ ਨਾਅਰੇ ਲਾ ਕੇ ਅਤੇ ਸਿਨਮਾ ਹਾਲਾਂ ਵਿਚ ਰਾਸ਼ਟਰੀ ਤਰਾਨਾ ਚੱਲਦੇ ਸਮੇਂ ਸਤਿਕਾਰ ਨਾਲ ਖੜ੍ਹੇ ਹੋ ਕੇ ਆਪਣੀ ਦੇਸ਼ ਭਗਤੀ ਸਿੱਧ ਕਰਨ ਲਈ ਵੀ ਕਿਹਾ ਗਿਆ। ਦੇਸ਼ ਭਗਤੀ ਦਾ ਅਜਿਹਾ ਦਿਖਾਵਾ ਕਰਨ ਤੋਂ ਵਾਂਝੇ ਰਹਿ ਗਏ ਸ਼ੱਕੀਆਂ ਦੀ ਖਿੱਚ-ਧੂਹ ਕੀਤੀ ਗਈ; ਤੇ ਉਨ੍ਹਾਂ ਖ਼ਿਲਾਫ਼ ਦੇਸ਼ ਧਰੋਹ ਦੇ ਮਾਮਲੇ ਵੀ ਦਰਜ ਕੀਤੇ ਗਏ, ਜਿਵੇਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਕੁਝ ਮੁੰਡਿਆਂ ਨਾਲ ਹੋਇਆ ਸੀ। ਅਜਿਹਾ ਹਰ ਕਾਰਜ ਭਾਰਤ ਮਾਤਾ ਦੀ ਮਹਿਮਾ ਤੇ ਮਹਾਨਤਾ ਨੂੰ ਮੰਨਣ ਤੋਂ ਇਨਕਾਰ ਕਰਨ ਵਾਲੇ ਕਿਸੇ ਨਾ ਕਿਸੇ 'ਦੁਸ਼ਮਣ' ਬਾਰੇ ਸਿਰਜੇ ਬਿਰਤਾਂਤ ਨੂੰ ਮਜ਼ਬੂਤੀ ਬਖ਼ਸ਼ਣ ਲਈ ਬੜੀ ਰਚਨਾਤਮਿਕਤਾ ਨਾਲ ਕੀਤਾ ਗਿਆ। ਜਿਨ੍ਹਾਂ ਵੀ ਵਿਅਕਤੀਆਂ ਕੋਲ ਸੱਤਾਧਾਰੀ ਧਿਰ ਦਾ ਵਿਰੋਧ ਕਰਨ ਦਾ ਕੋਈ ਵਾਜਬ ਕਾਰਨ ਸੀ, ਉਨ੍ਹਾਂ ਸਭਨਾਂ ਨੂੰ 'ਦੇਸ਼ ਧਰੋਹੀ' ਤਾਂ ਭਾਵੇਂ ਨਹੀਂ ਆਖਿਆ ਗਿਆ, ਪਰ ਰਾਸ਼ਟਰ-ਵਿਰੋਧੀ ਕਰਾਰ ਜ਼ਰੂਰ ਦੇ ਦਿੱਤਾ ਗਿਆ।

ਕੁਝ ਚਿਰ ਲਈ ਤਾਂ ਇਹ ਸਭ ਠੀਕ ਢੰਗ ਨਾਲ ਚੱਲਿਆ। ਪਾਕਿਸਤਾਨੀ ਸਰਕਾਰ ਨੇ ਵੀ ਇਸ ਮਾਮਲੇ ਵਿਚ ਪੂਰਾ ਸਾਥ ਦਿੱਤਾ; ਪਹਿਲਾਂ ਦੀਨਾਨਗਰ ਤੇ ਫਿਰ ਪਠਾਨਕੋਟ ਵਿਚ ਅਤਿਵਾਦੀ ਹਮਲੇ ਹੋਏ; ਹਾਫ਼ਿਜ਼ ਸਈਦ ਨੂੰ ਕਦੇ ਜੇਲ੍ਹ ਡੱਕ ਦਿੱਤਾ ਤੇ ਕਦੇ ਬਾਹਰ ਲਿਆਂਦਾ ਗਿਆ; ਸ੍ਰੀਨਗਰ ਦੀਆਂ ਸੜਕਾਂ 'ਤੇ ਵੱਡੇ ਹਜੂਮ ਪਥਰਾਅ ਕਰਦੇ ਰਹੇ, ਗੁਆਂਢੀ ਮੁਲਕ ਵੱਲੋਂ ਗੋਲੀਬੰਦੀ ਦੀ ਕਈ ਵਾਰ ਉਲੰਘਣਾ ਹੋਈ, ਸਰਹੱਦ-ਪਾਰੋਂ ਦਹਿਸ਼ਤੀ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਕੱਟੜ ਦੇਸ਼ ਭਗਤੀ ਦੀ ਵਰਤੋਂ ਇੰਜ ਹੋਣ ਲੱਗ ਪਈ, ਜਿਵੇਂ ਕਿਸੇ ਡਾਕਟਰ ਨੇ ਅਜਿਹਾ ਕਰਨ ਲਈ ਆਖਿਆ ਹੋਵੇ। ਉਸ ਤੋਂ ਬਾਅਦ ਅਸੀਂ ਬੇਹੱਦ ਤਸੱਲੀਬਖ਼ਸ਼ ਢੰਗ ਨਾਲ 'ਸਰਜੀਕਲ ਹਮਲੇ' ਕੀਤੇ ਅਤੇ ਉਤਰ ਪ੍ਰਦੇਸ਼



ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਨੂੰ ਚੰਗੀ ਤਰ੍ਹਾਂ ਭੁਨਾਇਆ ਗਿਆ।

ਅਚਾਨਕ, ਇਹ ਸਾਰੀ ਖੇਡ ਖ਼ਤਮ ਹੋ ਗਈ। ਨੋਟਬੰਦੀ ਨਾਂ ਦੀ ਤਬਾਹੀ ਅਤੇ ਜੀ.ਐਸ.ਟੀ. ਨਾਂ ਦੀ ਗੜਬੜੀ ਕਰ ਦਿੱਤੀ ਗਈ। ਫ਼ੈਸਲਾਕੁਨ ਲੀਡਰਸ਼ਿਪ ਬਾਰੇ ਆਰੰਭਕ ਖ਼ੁਸ਼ੀ ਕਾਫ਼ੂਰ ਹੋ ਗਈ ਅਤੇ ਕਰੋੜਾਂ ਲੋਕਾਂ ਨੇ ਆਪਣੀਆਂ ਨਾ ਘਟਣ ਵਾਲੀਆਂ ਦੁੱਖ-ਤਕਲੀਫ਼ਾਂ, ਨੀਮ-ਬੇਰੁਜ਼ਗਾਰੀ, ਬੇਰੁਜ਼ਗਾਰੀ ਵੱਲ ਧਿਆਨ ਦਿੱਤਾ ਅਤੇ ਉਨ੍ਹਾਂ ਨੇ ਸਰਕਾਰ ਦੇ ਵਾਅਦਿਆਂ ਮੁਤਾਬਿਕ 'ਅੱਛੇ ਦਿਨ' ਆਉਣ ਵਿਚ ਹੋ ਰਹੀ ਦੇਰੀ ਉਤੇ ਕਿੰਤੂ-ਪ੍ਰੰਤੂ ਕਰਨੀ ਸ਼ੁਰੂ ਕਰ ਦਿੱਤਾ। ਇਸ ਤੋਂ ਵੀ ਬਦਤਰ ਗੱਲ ਇਹ ਹੋਈ ਕਿ ਨਿੱਤ ਦੇ ਕਸ਼ਟਾਂ ਤੋਂ ਸਾਡੀ ਖਲਾਸੀ ਕਰਵਾਉਣ ਵਿਚ ਨਾਕਾਮ ਰਹਿਣ 'ਤੇ ਸੱਤਾਧਾਰੀਆਂ ਦੀ ਸਮਰੱਥਾ ਤੇ ਯੋਗਤਾ ਬਾਰੇ ਵੀ ਸੁਆਲ ਉਠਣ ਲੱਗ ਪਏ। ਸੋਸ਼ਲ ਮੀਡੀਆ 'ਤੇ ਸਰਕਾਰ ਪ੍ਰਤੀ ਰੋਹ ਤੇ ਰੋਸ ਪ੍ਰਤੱਖ ਦਿਸਣ ਲੱਗਾ ਤੇ ਵੱਡੇ ਪੱਧਰ 'ਤੇ ਖਿੱਲੀ ਉਡਣ ਲੱਗੀ।

ਧਰਮ ਨਿਰਪੱਖ ਵਿਕਾਸ ਬਾਰੇ ਵਿਵਾਦ ਉਠਣ ਲੱਗੇ। ਵਿਕਾਸ ਦੇ ਅਖੌਤੀ ਗੁਜਰਾਤ ਮਾਡਲ ਤੇ ਉਸ ਦੀਆਂ ਕਲਪਿਤ ਉਪਲਬਧੀਆਂ ਤੇ ਕਾਰਗੁਜ਼ਾਰੀਆਂ ਉਤੇ ਪਹਿਲੀ ਵਾਰ ਸੁਆਲ ਕੀਤੇ ਜਾ ਰਹੇ ਹਨ। ਨਾਕਾਮੀਆਂ ਤੇ ਨੀਮ-ਕਾਮਯਾਬੀਆਂ ਬਾਰੇ ਵਿਰੋਧੀ ਧਿਰਾਂ ਸਪਸ਼ਟੀਕਰਨ ਮੰਗ ਰਹੀਆਂ ਹਨ। ਹੁਣ ਕੀ ਕਰਨਾ ਚਾਹੀਦਾ ਹੈ? 'ਫ਼ਿਰਕਾਪ੍ਰਸਤ' ਸਮਝੇ ਜਾਣ ਬਿਨਾਂ ਅਸੀਂ ਬਹੁਗਿਣਤੀ ਨੂੰ ਗੁੱਸੇ ਕਿਵੇਂ ਕਰ ਸਕਦੇ ਹਾਂ? ਪਹਿਲੀ ਗੱਲ ਇਹ ਹੈ ਕਿ ਹਿੰਦੂ ਵੋਟ ਬੈਂਕ ਨੂੰ ਦੇਸ਼ ਵਿਦੇਸ਼ ਵਿਚ ਮੁਸਲਮਾਨਾਂ ਤੋਂ ਦਰਪੇਸ਼ ਖ਼ਤਰਿਆਂ ਬਾਰੇ ਲਗਾਤਾਰ ਚੇਤੇ ਕਰਵਾਉਣਾ ਪੈਂਦਾ ਹੈ। ਇਹੋ ਜਿਹੇ ਯਤਨ ਕਰਦੇ ਰਹਿਣਾ ਵੀ ਸੁਖਾਲ਼ਾ ਨਹੀਂ ਹੈ। ਤੀਹਰੇ ਤਲਾਕ ਦਾ ਮਾਮਲਾ ਸੁਪਰੀਮ ਕੋਰਟ ਨੇ ਸੁਲਝਾ ਦਿੱਤਾ; ਮੁਸਲਮਾਨ ਅਤੇ ਉਨ੍ਹਾਂ ਦੇ ਆਗੂ ਕੁਝ ਤਹੱਮਲ ਨਾਲ ਚੱਲ ਰਹੇ ਹਨ ਅਤੇ ਉਹ ਯੁਕਤੀਪੂਰਨ ਢੰਗ ਨਾਲ ਆਪੋ-ਆਪਣੇ ਖੋਲਾਂ ਵਿਚ ਪਰਤ ਗਏ ਹਨ।

ਨੀਤੀਗਤ ਸੁਆਲ ਇਹ ਬਣਦਾ ਹੈ ਕਿ ਸੱਤਾਧਾਰੀ ਧਿਰ ਪ੍ਰਤੀ ਅਪ੍ਰਵਾਨਗੀ ਅਤੇ ਭਰਮ-ਨਿਵਾਰਣ ਦੀ ਲਹਿਰ ਨੂੰ ਠੱਲ੍ਹ ਕਿਵੇਂ ਪਾਈ ਜਾਵੇ? ਇਸ ਲਈ ਸਾਨੂੰ ਨਵੇਂ ਦੁਸ਼ਮਣ ਖੋਜਣੇ ਹੋਣਗੇ। ਵਿਦੇਸ਼ੀ ਦੁਸ਼ਮਣਾਂ ਦੀ ਤਰਕੀਬ ਨੂੰ ਪਹਿਲਾਂ ਬਹੁਤ ਵਾਰ ਵਰਤਿਆ ਜਾ ਚੁੱਕਾ ਹੈ। ਡੋਕਲਾਮ ਵਿਵਾਦ ਤੋਂ ਬਾਅਦ ਇਸ ਮੁੱਦੇ 'ਤੇ ਮੁੜ ਵਿਚਾਰ ਜ਼ਰੂਰੀ ਹੋ ਗਿਆ ਜਿਸ ਦੇ ਪ੍ਰਤੱਖ ਨਤੀਜੇ ਨਹੀਂ ਨਿਕਲ ਸਕੇ ਜਿਨ੍ਹਾਂ ਨੂੰ ਜਿੱਤ ਦੇ ਬਿਰਤਾਂਤ ਨਾਲ ਜੋੜਿਆ ਜਾ ਸਕਦਾ ਜਾਂ ਫਿਰ ਚੋਣ-ਮੰਚ 'ਤੇ ਵਰਤਿਆ ਜਾ ਸਕਦਾ। ਇਸੇ ਲਈ ਦੇਸ਼ ਅੰਦਰ ਹੀ ਦੁਸ਼ਮਣਾਂ ਦੀ ਭਾਲ਼ ਸ਼ੁਰੂ ਹੋ ਗਈ। ਇਤਿਹਾਸ ਤੋਂ ਮਦਦ ਲੈਣੀ ਪਵੇਗੀ।

ਹਿੰਦੂ ਵੋਟ ਬੈਂਕ ਨੂੰ ਮਜ਼ਬੂਤੀ ਨਾਲ ਕਾਇਮ ਰੱਖਣ ਲਈ ਨਵੀਆਂ ਤੇ ਨਿਵੇਕਲੀਆਂ ਰਣਨੀਤੀਆਂ ਉਲੀਕਣੀਆਂ ਹੋਣਗੀਆਂ। ਸਵਾਲ ਇਹ ਹੈ ਕਿ ਹੁਣ ਸਾਨੂੰ ਸਭ ਨੂੰ ਕਿਵੇਂ ਭੜਕਾਇਆ ਜਾਵੇ? ਇਤਿਹਾਸਕ ਪੱਖਪਾਤ ਤੇ ਰੋਸ ਦੀ ਸੜ੍ਹਾਂਦ ਮਹਿਸੂਸ ਕਰਨ ਲਈ ਸਾਨੂੰ ਸਭ ਨੂੰ ਗਰਦਨ ਫੜ ਕੇ ਘਸੀਟ ਲਿਆ ਗਿਆ। ਅਜਿਹੀ ਕਿਸੇ ਵੀ ਗੱਲ ਨਾਲ ਕੰਮ ਬਣ ਜਾਵੇਗਾ ਜਿਸ ਨਾਲ ਸਾਡੇ ਅੰਦਰੂਨੀ ਡਰ ਤੇ ਪੱਖਪਾਤ ਉਭਰਨ। ਮਸਲਨ, ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਕਾਲਜ ਕਰ ਦੇਵਾਂਗੇ। ਪਦਮਾਵਤੀ ਫ਼ਿਲਮ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਰਾਜਪੂਤਾਂ ਦੀ ਸੂਰਬੀਰਤਾ ਦੀ ਧਾਰਨਾ ਦੇ ਸੋਹਲੇ ਗਾਉਣ ਤਕ ਹੀ ਮਹਿਦੂਦ ਨਹੀਂ ਹੈ, ਸਗੋਂ ਇਸ ਮਾਮਲੇ ਨੂੰ ਤੂਲ ਦਿੱਤਾ ਜਾ ਰਿਹਾ ਹੈ।

ਸਾਡੇ ਸੱਤਾਧਾਰੀ ਕੁਲੀਨ ਵਰਗ ਨੂੰ ਇਕ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦੂ ਭਾਈਚਾਰੇ ਵਿਚ ਭਾਵਨਾਤਮਕ ਉਤਸ਼ਾਹ ਕਾਇਮ ਰੱਖਣ ਜਾਂ ਖੁੱਲ੍ਹਾ ਵਿਰੋਧ ਕਰਨ ਦੀ ਸਮਰੱਥਾ ਨਹੀਂ ਹੈ। ਉਂਜ ਵੀ, ਪਿਛਲੇ ਤਿੰਨ ਵਰ੍ਹਿਆਂ ਦੌਰਾਨ ਹਿੰਦੂਆਂ ਤੋਂ ਪੂਰਾ ਭਾਵਨਾਤਮਿਕ ਲਾਹਾ ਲਿਆ ਜਾ ਚੁੱਕਾ ਹੈ। ਹਿੰਦੂ ਲੋਕ ਹੁਣ ਇਹ ਸੁਆਲ ਪੁੱਛ ਸਕਦੇ ਹਨ ਕਿ ਪਦਮਾਵਤੀ ਫ਼ਿਲਮ ਉਤੇ ਪਾਬੰਦੀ ਲੱਗਣ ਨਾਲ ਕਿੰਨੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ।

# ਜਦੋਂ ਸਾਹਿਬ ਬਹਾਦਰ ਰਿਟਾਇਰ ਹੋ ਗਏ

30-35 ਸਾਲ ਦੀ ਪ੍ਰਸ਼ਾਸਨਿਕ ਸੇਵਾ ਤੋਂ ਬਾਅਦ ਕੜਕ ਅਫਸਰ ਦੇ ਤੌਰ 'ਤੇ ਮਸ਼ਹੂਰ ਸਾਹਿਬ ਜੀ ਆਖਰਕਾਰ ਰਿਟਾਇਰ ਹੋ ਗਏ। ਉਸ ਬਾਰੇ ਮਸ਼ਹੂਰ ਸੀ ਕਿ ਸਾਰੀ ਨੌਕਰੀ ਦੌਰਾਨ ਵਾਹ ਲਗਦਿਆਂ ਉਸ ਨੇ ਕਦੇ ਕਿਸੇ ਦਾ ਕੰਮ ਸਿਰੇ ਨਹੀਂ ਸੀ ਚੜ੍ਹਨ ਦਿੱਤਾ। ਬਲਕਿ ਚੰਗੇ ਭਲੇ ਹੋ ਰਹੇ ਕੰਮ ਵਿਚ ਅਜਿਹਾ ਫਾਨਾ ਫਸਾਉਂਦਾ ਕਿ ਅਗਲੇ ਦੀਆਂ ਗੋਡੇ ਮਾਰ ਮਾਰ ਕੇ ਜੁੱਤੀਆਂ ਘਸ ਜਾਂਦੀਆਂ। ਚੰਡੀਗੜ੍ਹ ਵਿਚਲਾ ਦੋ ਕਨਾਲ ਦਾ ਸਰਕਾਰੀ ਬੰਗਲਾ ਤੇ ਉਸ ਦਾ ਹਰਿਆ-ਭਰਿਆ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ
ਫੋਨ: 91-98151-24449

ਬਗੀਚਾ, ਰਸੋਈਏ, ਚਪੜਾਸੀ, ਡਰਾਈਵਰ, ਮਾਲੀ, ਰੀਡਰ, ਸਟੈਨੋ, ਗੰਨਮੈਨਾਂ ਦੀ ਧਾੜ ਅਤੇ ਬਿਲਾਨਾਗਾ ਸਲਾਮਾਂ ਠੋਕਣ ਵਾਲੀ ਚਮਚਿਆਂ ਦੀ ਭੀੜ ਇੱਕ ਦਮ ਸਾਥ ਛੱਡ ਗਈ। ਹਾਲਾਂਕਿ ਵਿਦਾਇਗੀ ਦਾ ਇਹ ਦਿਨ ਭਰਤੀ ਹੋਣ ਵਾਲੇ ਦਿਨ ਤੋਂ ਹੀ ਤੈਅ ਸੀ, ਪਰ ਸਾਹਿਬ ਜੀ ਨੂੰ ਇੰਜ ਲੱਗਾ ਜਿਵੇਂ ਅਸਮਾਨ ਸਿਰ 'ਤੇ ਆਣ ਡਿੱਗਾ ਹੋਵੇ।

ਸੇਵਾ ਮੁਕਤੀ ਤੋਂ ਬਾਅਦ ਵਿਹਲਾ ਬੈਠਾ ਸਾਹਿਬ ਹੈਰਾਨ-ਪ੍ਰੇਸ਼ਾਨ ਹੋ ਗਿਆ ਪਰ ਦਿਲ ਵਿਚ ਉਮੀਦ ਦਾ ਦੀਵਾ ਅਜੇ ਵੀ ਟਿਮਟਮਾ ਰਿਹਾ ਸੀ। ਉਸ ਨੂੰ ਸਾਰੀ ਨੌਕਰੀ ਇਹ ਵਹਿਮ ਰਿਹਾ ਕਿ ਉਹ ਗਿਆਨ ਦਾ ਸਾਗਰ ਹੈ ਤੇ ਉਸ ਤੋਂ ਬਗੈਰ ਮਹਿਕਮਾ ਅਤੇ ਸਰਕਾਰ ਨਹੀਂ ਚੱਲ ਸਕਦੀ। ਹੋਰ ਕੁਝ ਨਹੀਂ ਤਾਂ ਤਰਲੇ-ਮਿੰਨਤਾਂ ਕਰ ਕੇ ਸਰਕਾਰ ਉਸ ਦੇ ਅਨਮੋਲ ਤਜਰਬੇ ਦਾ ਲਾਭ ਉਠਾਉਣ ਲਈ ਉਸ ਨੂੰ ਕਿਸੇ ਕਮਿਸ਼ਨ ਦਾ ਚੇਅਰਮੈਨ ਬਣਨ ਲਈ ਤਾਂ ਮਨਾ ਹੀ ਲਏਗੀ। ਰੋਜ਼ਾਨਾ ਸੈਂਕੜੇ ਲੋਕ ਆਉਣਗੇ ਸਲਾਹ-ਮਸ਼ਵਰੇ ਲੈਣ ਲਈ। ਘੰਟਾ ਦੋ ਘੰਟੇ ਬਾਹਰ ਇੰਤਜ਼ਾਰ ਕਰਾਉਣ ਤੋਂ ਬਾਅਦ ਮਿਲਿਆ ਕਰਾਂਗਾ। ਸਾਹਿਬ ਮਾਰਗ ਦਰਸ਼ਨ ਦੇਣ ਲਈ ਤੱਤਪਰ, ਉਮੀਦ ਭਰੀਆਂ ਅੱਖਾਂ ਨਾਲ ਰਸਤਾ ਨਿਹਾਰਦਾ ਹੈ। ਪਰ ਅਫਸੋਸ! ਕੋਈ ਵੀ ਉਸ ਦੇ ਨਜ਼ਦੀਕ ਨਹੀਂ ਫਟਕਦਾ। ਦੁਖਿਆਰੀ ਸ਼ਾਮ ਤੋਂ ਬਾਅਦ ਉਦਾਸੀ ਭਰੀ ਸਵੇਰ ਚੜ੍ਹੀ ਆਉਂਦੀ ਹੈ। ਦਿਨ, ਹਫਤੇ ਅਤੇ ਮਹੀਨੇ ਬੀਤਣ ਤੋਂ ਬਾਅਦ ਮਾਰਗ ਦਰਸ਼ਕ ਬਣਨ ਦੀ ਉਮੀਦ ਆਖਰ ਖਤਮ ਹੋ ਜਾਂਦੀ ਹੈ।

ਨਿਰਾਸ਼ਾ ਦੇ ਭੰਵਰ ਵਿਚ ਗੋਤੇ ਖਾਂਦਾ ਸਾਹਿਬ ਬੇਚੈਨ ਹੋ ਜਾਂਦਾ ਹੈ। ਸਵੇਰੇ ਪੜ੍ਹੇ ਜਾ ਚੁਕੇ ਅਖਬਾਰ ਨੂੰ ਦੋਹਰੀ-ਤੀਹਰੀ ਵਾਰ ਪੜ੍ਹਦਾ ਹੈ। ਖਾਮੋਸ਼ ਪਏ ਮੋਬਾਇਲ ਫੋਨ ਨੂੰ ਵਾਰ ਵਾਰ ਸਕਰੀਨ ਆਨ ਕਰ ਕੇ ਵੇਖਦਾ ਹੈ, ਕਿਤੇ ਕੋਈ ਕਾਲ ਮਿਸ ਤਾਂ ਨਹੀਂ ਹੋ ਗਈ। ਪਤਨੀ ਕੋਲ ਫੋਨ ਖਰਾਬ ਹੋਣ ਦਾ ਸ਼ੱਕ ਜ਼ਾਹਰ ਕਰਦਾ ਹੈ। ਅਖੀਰ ਆਕੜ ਜੇਬ ਵਿਚ ਰੱਖ ਕੇ ਆਪ ਹੀ ਪੁਰਾਣੇ ਸੰਗੀ-ਸਾਥੀਆਂ ਅਤੇ ਰਿਸ਼ਤੇਦਾਰਾਂ ਨੂੰ ਫੋਨ ਖੜਕਾਉਂਦਾ ਹੈ। ਲਗਾਤਾਰ ਵੱਜਦੀ ਘੰਟੀ ਸੁਣ ਕੇ ਦੁਖੀ ਹੁੰਦਾ ਹੈ। ਕੋਈ ਫੋਨ ਨਹੀਂ ਉਠਾਉਂਦਾ। ਕਾਲੋਨੀ, ਬਾਜ਼ਾਰ, ਪਾਰਕ ਤੇ ਆਬਾਦੀ 'ਚ ਕਿਸੇ ਜਾਣੇ ਪਛਾਣੇ ਚਿਹਰੇ ਨੂੰ ਤਲਾਸ਼ਣ ਦੀ ਬੇਕਾਰ ਕੋਸ਼ਿਸ਼ ਕਰਦਾ ਹੈ। ਕਦੇ ਕਿਸੇ ਦਾ ਕੰਮ ਸੰਵਾਰਿਆ ਹੋਵੇ ਤਾਂ ਕੋਈ ਲੱਭੇ!

ਹੁਣ ਕਾਰ ਦਾ ਦਰਵਾਜ਼ਾ ਖੁਦ ਖੋਲ੍ਹਣਾ ਪੈਂਦਾ ਹੈ ਤੇ ਖੁਦ ਹੀ ਚਲਾਉਣੀ ਪੈਂਦੀ ਹੈ। 15-20 ਹਜ਼ਾਰ ਦੀ ਤਨਖਾਹ 'ਤੇ ਪ੍ਰਾਈਵੇਟ ਡਰਾਈਵਰ ਕੌਣ ਰੱਖੇ? ਪੈਟਰੋਲ ਪੰਪ 'ਤੇ ਤੇਲ ਪਵਾਉਣ ਸਮੇਂ ਬਟੂਆ ਖੋਲ੍ਹਣ ਲੱਗਿਆਂ ਉਸ ਦਾ ਕਲੇਜਾ ਮੂੰਹ ਨੂੰ ਆਉਂਦਾ ਹੈ। 35 ਸਾਲਾਂ ਦੌਰਾਨ ਉਹ ਤਾਂ ਭੁੱਲ ਹੀ ਗਿਆ ਸੀ ਕਿ ਤੇਲ ਮੁੱਲ ਮਿਲਦਾ ਹੈ ਅਤੇ ਐਨਾ ਮਹਿੰਗਾ ਹੋ ਗਿਆ ਹੈ। ਹੁਣ ਸ਼ਾਪਿੰਗ ਕਰਨ ਪਿਛੋਂ ਬਿੱਲ ਖੁਦ ਚੁਕਾਉਣਾ ਪੈਂਦਾ ਹੈ, ਕਿਸੇ ਅਸਾਮੀ ਵੱਲ ਨਹੀਂ ਭੇਜ ਸਕਦੇ। ਥਿਏਟਰ ਦੇ ਸਾਹਮਣੇ ਲੱਗੀ



ਲੰਬੀ ਲਾਈਨ ਉਸ ਨੂੰ ਪ੍ਰੇਸ਼ਾਨ ਕਰਦੀ ਹੈ। ਟਰੇਨ ਵਿਚ ਸਫਰ ਕਰਦੇ ਸਮੇਂ ਆਪਣਾ ਬੈਗ ਖੁਦ ਘਸੀਟਣਾ ਪੈਂਦਾ ਹੈ।

ਪਾਰਕ ਵਿਚ ਟਹਿਲਦਿਆਂ ਕਿਸੇ ਪੁਰਾਣੇ ਮਾਤਹਿਤ ਨੂੰ ਅੱਖ ਬਚਾ ਕੇ ਦੂਸਰੇ ਪਾਸੇ ਮੁੜਦਾ ਵੇਖ ਕੇ ਪ੍ਰੇਸ਼ਾਨ ਹੋ ਜਾਂਦਾ ਹੈ। ਵਿਚਾਰਾ ਭੁੱਲ ਜਾਂਦਾ ਹੈ ਕਿ ਉਸ ਨੇ ਕਦੇ ਕਿਸੇ ਅਧੀਨ ਕਰਮਚਾਰੀ ਨੂੰ ਚੰਗੀ ਰਿਪੋਰਟ ਨਹੀਂ ਸੀ ਦਿੱਤੀ। ਛੋਟੀ ਕਿਹੀ ਗਲਤੀ ਹੋਣ 'ਤੇ ਫਾਈਲ ਮੂੰਹ 'ਤੇ ਮਾਰਦਾ ਸੀ। ਭਾਰੀ ਮਨ ਅਤੇ ਭਾਰੀ ਕਦਮਾਂ ਨਾਲ ਉਹ ਘਰ ਪਰਤ ਆਉਂਦਾ ਹੈ। ਉਸ ਨੂੰ ਲੱਗਦਾ ਹੈ ਕਿ ਦੁਨੀਆਂ ਉਸ ਦੀ ਉਮੀਦ ਤੋਂ ਪਹਿਲਾਂ ਹੀ ਬਦਲ ਗਈ ਹੈ। ਬੇਚੈਨ ਸਾਹਿਬ ਹੁਣ ਮਿਲਣਸਾਰ ਹੋਣ ਦੀ ਕੋਸ਼ਿਸ਼ ਕਰਦਾ ਹੈ। ਕਿਸੇ ਨਜ਼ਦੀਕੀ ਤੋਂ ਨਜ਼ਦੀਕੀ ਰਿਸ਼ਤੇਦਾਰ ਦੀ ਖੁਸ਼ੀ ਗਮੀ ਵਿਚ ਸ਼ਾਮਲ ਨਾ ਹੋਣ ਵਾਲਾ ਸਾਹਿਬ ਹੁਣ ਮੁੰਡਨ ਅਤੇ ਤੇਹਰਵੀਂ ਤੱਕ ਦੇ ਸੱਦੇ ਦੀ ਇੱਜਤ ਕਰਨ ਲੱਗਾ ਹੈ। ਹਰੇਕ ਜਾਣ-ਪਛਾਣ ਵਾਲੇ ਦਾ ਜਨਮ ਦਿਨ ਵੀ ਯਾਦ ਆ ਗਿਆ ਹੈ ਤੇ ਵਧਾਈ ਦੇਣੀ ਵੀ। ਆਦਤ ਨਹੀਂ ਸੀ, ਇਸ ਲਈ ਕੰਮ ਬਹੁਤ ਅਜੀਬ ਲੱਗਦਾ ਹੈ, ਸਾਹਿਬ ਨੂੰ। ਪਰ ਵਿਹਲਾ ਵਿਚਾਰਾ ਕਰੇ ਵੀ ਕੀ?

ਇਸ ਸਭ ਦੇ ਬਾਵਜੂਦ ਸਾਹਿਬ ਦੀ ਬੇਚੈਨੀ ਵਧਦੀ ਹੀ ਜਾ ਰਹੀ ਹੈ। ਦੁਨੀਆਂ ਨੂੰ ਬਦਲਦਿਆਂ ਵੇਖ ਸਾਹਿਬ ਦਾ ਮਨ ਖਰਾਬ ਹੋ ਜਾਂਦਾ ਹੈ। ਉਸ ਦੇ ਸਾਹਮਣੇ ਮੰਗਤਿਆਂ ਵਾਂਗ ਤਰਲੇ ਕੱਢਣ ਵਾਲੇ ਰਿਸ਼ਤੇਦਾਰ ਹੁਣ ਵੇਖ ਕੇ ਮੂੰਹ ਘੁਮਾ ਲੈਂਦੇ ਹਨ। ਕਿਸੇ ਦਾ ਕੰਮ ਜੋ ਨਹੀਂ ਸੀ ਸੰਵਾਰਿਆ ਕਦੇ। ਆਸ ਲੈ ਕੇ ਆਏ ਰਿਸ਼ਤੇਦਾਰਾਂ ਨੂੰ ਰਾਤ ਕਿਸੇ ਸਰਾਂ ਵਿਚ ਠਹਿਰਨਾ ਪੈਂਦਾ ਸੀ। ਹੁਣ ਤਾਂ ਉਹ ਪਿੱਠ ਪਿੱਛੇ 'ਚਲਿਆ ਕਾਰਤੂਸ' ਕਹਿ ਦਿੰਦੇ ਹਨ। ਹੁਣ ਤਾਂ ਕਰਿਆਨੇ ਵਾਲੇ ਤੱਕ ਦਾ ਵਿਹਾਰ ਬਦਲ ਗਿਆ ਹੈ, ਪਹਿਲਾਂ ਜਿੰਨੀ ਇੱਜਤ ਨਹੀਂ ਦਿੰਦਾ। ਸਾਹਿਬ ਹੁਣ ਅਧਿਆਤਮਕ ਦੁਨੀਆਂ ਵਿਚ ਘੁਸਣ ਦੀ ਕੋਸ਼ਿਸ਼ ਕਰਨ ਲੱਗਦਾ ਹੈ। ਆਸਥਾ ਅਤੇ ਸੰਸਕਾਰ ਚੈਨਲ ਵੇਖਦਾ ਹੈ। ਪਰ ਜਦੋਂ ਵੀ ਮੰਦਿਰ-ਗੁਰਦੁਆਰੇ ਜਾਂਦਾ ਹੈ, ਧਿਆਨ ਨਹੀਂ ਲੱਗਦਾ। ਮਨ ਵਿਚ ਅਚਾਨਕ ਪੁਰਾਣਾ ਦਫਤਰ ਸਮੇਤ ਚਪੜਾਸੀਆਂ-ਰੀਡਰਾਂ ਦੇ ਘੁਸ ਆਉਂਦਾ ਹੈ। ਨਿਮਰਤਾ ਨਾਲ ਦੂਹਰੇ ਹੁੰਦੇ ਅਫਸਰ ਤੇ ਅਸਾਮੀਆਂ ਆ ਵੜਦੀਆਂ ਹਨ। ਸਾਹਿਬ ਧਾਰਮਿਕ ਹੋਣ ਦੀ ਨਾਕਾਮ ਕੋਸ਼ਿਸ਼ ਕਰਦਾ ਹੈ। ਜਲਦ ਹੀ ਸਮਝ ਜਾਂਦਾ ਹੈ ਕਿ ਧਰਮ-ਕਰਮ ਉਸ ਵਰਗੇ ਇਨਸਾਨ ਦੇ ਵੱਸ ਦੀ ਗੱਲ ਨਹੀਂ।

ਹੈਰਾਨ-ਪ੍ਰੇਸ਼ਾਨ ਸਾਹਿਬ ਵਾਲ ਡਾਈ ਕਰਨਾ ਛੱਡ ਚੁਕਾ ਹੈ। ਘਰੇ ਆ ਕੇ ਟਸ਼ਨੇ-ਪਸ਼ਨੇ ਲਾਉਣ ਤੇ ਕੁੱਲ ਜਹਾਨ ਦੀਆਂ ਚੁਗਲੀਆਂ ਮਾਰਨ ਵਾਲਾ ਸਰਕਾਰੀ ਨਾਈ ਕਦੋਂ ਦਾ ਰਸਤਾ ਭੁੱਲ ਗਿਆ ਹੈ। ਤੇਜ਼ੀ ਨਾਲ ਬੁੱਢਾ ਹੋ ਰਿਹਾ ਸਾਹਿਬ ਪਹਿਲਾਂ ਨਾਲੋਂ ਵੀ ਵੱਧ ਚਿੜਚਿੜਾ ਹੋ ਗਿਆ ਹੈ। ਸਭ ਪਾਸਿਓਂ ਹਤਾਸ਼ ਸਾਹਿਬ ਘਰ ਵਿਚ ਸਾਹਿਬੀ ਘੋਟਣ ਦੀ ਕੋਸ਼ਿਸ਼ ਕਰਦਾ ਹੈ ਪਰ ਮੂੰਹ ਦੀ ਖਾਂਦਾ ਹੈ। ਰੋਜ ਦੀ ਚਿਕ-ਚਿਕ ਤੋਂ ਦੁਖੀ ਬੇਟਾ ਕੰਨੀ ਵੱਟ ਜਾਂਦਾ ਹੈ। ਪੋਤੇ-ਪੋਤਰੀਆਂ ਵੀ ਦੂਰ ਭੱਜਦੇ ਹਨ। ਸਾਰੀ ਉਮਰ ਦੀ ਅੱਕੀ ਸੜੀ ਪਤਨੀ ਉਸ ਨੂੰ ਨਾਕਾਬਲੇ ਬਰਦਾਸ਼ਤ ਘੋਸ਼ਿਤ ਕਰ ਦਿੰਦੀ ਹੈ। ਬਹੁਤ ਲਾਡ ਪਿਆਰ ਨਾਲ ਪਾਲਿਆ ਵਿਦੇਸ਼ੀ ਨਸਲ ਦਾ ਮਹਿੰਗਾ ਕੁੱਤਾ ਵੀ ਸਾਹਿਬ ਨੂੰ ਵੇਖ ਕੇ ਪਲੰਘ ਥੱਲੇ ਵੜ ਜਾਂਦਾ ਹੈ।

ਇਸੇ ਤਰ੍ਹਾਂ ਕੁੜ੍ਹਦਾ ਹੈ, ਨੌਕਰੀ ਦੌਰਾਨ ਸਾਰਿਆਂ ਨੂੰ ਤੰਗ ਕਰਨ ਵਾਲਾ, ਕਿਸੇ ਦਾ ਭਲਾ ਨਾ ਕਰਨ ਵਾਲਾ, ਸਭਨਾਂ ਦੀ ਬੇਇੱਜਤੀ ਕਰਨ ਵਾਲਾ ਤੇ ਆਪਣੇ ਆਪ ਨੂੰ ਰੱਬ ਸਮਝਣ ਵਾਲਾ, ਹਰ ਅਫਸਰ। ਖੁਦ ਵੀ ਦੁਖੀ ਰਹਿੰਦਾ ਹੈ ਤੇ ਆਸ-ਪਾਸ ਵਾਲਿਆਂ ਨੂੰ ਵੀ ਦੁਖੀ ਕਰਦਾ ਹੈ। ਰਿਟਾਇਰ ਸਾਹਿਬ ਹੋਰ ਕਰ ਵੀ ਕੀ ਸਕਦਾ ਹੈ'? ਜਦ ਤੱਕ ਜਿਉਂਦਾ ਹੈ, ਇਹੋ ਕੁਝ ਕਰਦਾ ਰਹੇਗਾ। ਜੈਸੇ ਕੋ ਤੈਸਾ! ਜੋ ਬੀਜੋਗੇ, ਉਹੀ ਵੱਢੋਗੇ। ਪਹਿਲਾਂ ਇਹ ਕਿਸੇ ਨਾਲ ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ, ਹੁਣ ਲੋਕ ਨਹੀਂ ਕਰਦੇ।

---

**ਆਜ਼ਾਦੀ ਦੇ ਪਰਵਾਨੇ**

# ਬੱਬਰ ਮਾਸਟਰ ਦਲੀਪ ਸਿੰਘ ਗੋਸਲ

ਬੱਬਰ ਮਾਸਟਰ ਦਲੀਪ ਸਿੰਘ ਗੋਸਲ ਦਾ ਜਨਮ ਪਿੰਡ ਗੋਸਲਾਂ ਬਲਾਕ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਵਿਚ ਸ. ਅੱਛਰ ਸਿੰਘ ਦੇ ਘਰ ਹੋਇਆ। ਇਸ ਪਿੰਡ ਦੀ ਹਦਬਸਤ ਨੰਬਰ 85 ਅਤੇ ਰਕਬਾ ਜਮੀਨ 164 ਹੈਕਟੇਅਰ ਹੈ। ਇਹ ਪਿੰਡ ਬੰਗਾ ਤੋਂ ਮੁਕੰਦਪੁਰ ਵਾਲੀ ਸੜਕ 'ਤੇ ਦੋ ਕੁ ਮੀਲ ਦੂਰ ਹੈ। ਪਿੰਡ ਦਾ ਨਾਂ ਗੋਸਲਾਂ ਪਿੰਡ ਦੇ ਬੰਨ੍ਹਣ ਵਾਲੇ ਗੋਸਲ ਗੋਤ ਦੇ ਜੱਟਾਂ ਤੋਂ ਪਿਆ।

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਗੋਸਲ ਗੋਤ ਬਾਰੇ ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ 'ਜੱਟਾਂ ਦਾ ਇਤਿਹਾਸ' ਦੇ ਪੰਨਾ 74 'ਤੇ ਇਸ ਪ੍ਰਕਾਰ ਲਿਖਿਆ ਹੈ, "ਇਹ ਜੱਟਾਂ ਦਾ ਛੋਟਾ ਜਿਹਾ ਗੋਤ ਹੈ। ਇਹ ਡੋਗਰ ਜੱਟਾਂ ਦੀ ਉਪ ਸ਼ਾਖਾ ਹੈ। ਡੋਗਰ ਜੱਟ ਆਪਣਾ ਪਿਛੋਕੜ ਅਗਨੀ ਕੁਲ ਰਾਜਪੂਤਾਂ ਨਾਲ ਜੋੜਦੇ ਹਨ। ਡੋਗਰ ਬਹੁਤੇ ਮੁਸਲਮਾਨ ਬਣ ਗਏ ਸਨ। ਇਹ ਝਗੜਾਲੂ ਤੇ ਬੇਇਤਬਾਰੇ ਸਨ। ਵਾਰਿਸ ਸ਼ਾਹ ਨੇ ਡੋਗਰ ਜੱਟਾਂ ਨੂੰ ਆਪਣੀ ਅਮਰ ਰਚਨਾ 'ਹੀਰ' ਵਿਚ ਬੇਇਤਬਾਰੇ ਹੀ ਲਿਖਿਆ ਹੈ। ਖੀਵੇ, ਮਰੂ, ਮਿੱਤਰ ਤੇ ਢਾਂਦੀ ਵੀ ਡੋਗਰਾਂ ਦੇ ਉਪ ਗੋਤ ਹਨ। ਗੋਸਲ ਜੱਟਾਂ ਦਾ ਸਿੱਧ ਬਾਲਾ ਸੀ, ਜਿਸ ਦੀ ਸਮਾਧ ਪਿੰਡ ਬਡਰੁੱਖਾਂ, ਜ਼ਿਲ੍ਹਾ ਸੰਗਰੂਰ ਵਿਚ ਹੈ ਜਿਥੇ ਗੋਸਲਾਂ ਦੇ ਕਾਫੀ ਘਰ ਹਨ। ਗੋਸਲ ਜੱਟ ਇਸ ਦੀ ਸਮਾਧ 'ਤੇ ਮੱਥਾ ਟੇਕਦੇ ਹਨ। ਗੁੱਜਰ ਅਤੇ ਗੋਸਲ ਇਕੋ ਗੋਤ ਹੈ। ਇਹ ਵੀ ਮੱਧ ਏਸ਼ੀਆ ਤੋਂ ਭਾਰਤ ਆਉਣ ਵਾਲਾ ਪ੍ਰਾਚੀਨ ਜੱਟ ਕਬੀਲਾ ਹੈ।"

ਬੱਬਰ ਦਲੀਪ ਸਿੰਘ ਦਸਵੀਂ ਜਮਾਤ ਪਾਸ ਕਰ ਕੇ ਪਿੰਡ ਖਾਨਖਾਨਾ ਦੇ ਸਕੂਲ ਵਿਚ ਮਾਸਟਰ ਲੱਗ ਗਿਆ। ਉਹ ਗੁਰਬਾਣੀ ਦੀ ਸਮਝ ਰੱਖਣ ਵਾਲਾ ਸੀ। ਬੱਬਰ ਅਕਾਲੀਆਂ ਨਾਲ ਨੇੜਤਾ ਹੋਈ ਤਾਂ ਇਨ੍ਹਾਂ ਵਲੋਂ ਕੀਤੇ ਇਕੱਠਾਂ ਵਿਚ ਅੰਗਰੇਜ਼ ਸਰਕਾਰ ਦੀਆਂ ਸਿੱਖਾਂ ਵਿਰੁਧ ਕੀਤੀਆਂ ਵਧੀਕੀਆਂ ਦੇ ਪਾਜ ਖੋਲ੍ਹਦਾ।

ਬੱਬਰ ਅਕਾਲੀ ਟਰਾਇਲ ਕੇਸ ਨੰਬਰ 2, ਸੰਨ 1924 ਦੌਰਾਨ ਸੁਲਤਾਨੀ ਗਵਾਹ ਨੰਬਰ 38, ਵਰਿਆਮ ਸਿੰਘ ਪੁੱਤਰ ਅਤਰ ਸਿੰਘ ਪਿੰਡ ਪਾਸਲਾ ਨੇ ਬਿਆਨ ਦਿੱਤਾ ਕਿ ਪਿੰਡ ਰੁੜਕਾ ਕਲਾਂ ਦੇ ਅਕਾਲੀਆਂ ਦੇ ਦੀਵਾਨ ਵਿਚ ਭਾਸ਼ਣ ਦਿੱਤਾ, ਜਿਸ ਵਿਚ ਉਹ ਹਾਜ਼ਰ ਸੀ। ਬੱਬਰ ਦਲੀਪ ਸਿੰਘ ਨੇ ਭਾਸ਼ਣ ਵਿਚ ਕਿਹਾ ਕਿ ਸਾਨੂੰ ਗੁਲਾਮ ਨਹੀਂ ਬਣਨਾ ਚਾਹੀਦਾ। ਜੇ ਸਾਡੇ ਵਿਚੋਂ ਇਕ ਫੜ੍ਹਿਆ ਜਾਵੇ ਤਾਂ ਦਸ ਆਦਮੀ ਹੋਰ ਅੱਗੇ ਆਉਣ। ਅੰਗਰੇਜ਼ ਸਰਕਾਰ ਬੜੀ ਜ਼ਾਲਮ ਹੈ, ਜਿਸ ਨੇ



ਬੱਬਰ ਦਲੀਪ ਸਿੰਘ ਗੋਸਲ

ਗੁਰਦੁਆਰਿਆਂ ਦੀਆਂ ਚਾਬੀਆਂ ਸਾਡੇ ਪਾਸੋਂ ਖੋਹ ਲਈਆਂ ਹਨ। ਸਰਕਾਰ ਨੇ ਬਾਬਾ ਖੜਕ ਸਿੰਘ ਅਤੇ ਮਹਿਤਾਬ ਸਿੰਘ ਵਰਗਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਔਰਤਾਂ ਨੂੰ ਵੀ ਅੰਗਰੇਜ਼ ਸਰਕਾਰ ਗ੍ਰਿਫਤਾਰ ਕਰ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸਿੱਖ ਰਾਜ ਕਾਇਮ ਕਰੀਏ। ਉਸ ਨੇ ਕਿਹਾ ਕਿ ਉਸ ਨੇ ਉਪਰੋਕਤ ਭਾਸ਼ਣ ਦੇ ਨੋਟਸ ਲਿਖ ਕੇ ਤਹਿਸੀਲਦਾਰ ਨੂੰ ਦੇ ਦਿੱਤੇ ਸਨ।

ਇਸ ਤੋਂ ਇਲਾਵਾ ਬੱਬਰ ਦਲੀਪ ਸਿੰਘ ਵਿਰੁਧ ਜਿਨ੍ਹਾਂ ਨੇ ਗਵਾਹੀਆਂ ਦਿੱਤੀਆਂ, ਉਨ੍ਹਾਂ ਵਿਚ ਅਮਰ ਸਿੰਘ, ਬਤਨ ਸਿੰਘ, ਮਹੰਤ ਸਿੰਘ, ਆਸਾ ਸਿੰਘ ਭਕੜੁੱਦੀ ਅਤੇ ਅਨੂਪ ਸਿੰਘ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦੇ ਬਿਆਨਾਂ ਦਾ ਨਿਚੋੜ ਇਹ ਸੀ ਕਿ ਮਾਸਟਰ ਦਲੀਪ ਸਿੰਘ ਚੋਟੀ ਦੇ ਬੱਬਰਾਂ ਵਿਚ ਸ਼ਾਮਲ ਸੀ। ਬੱਬਰਾਂ ਦੀ ਹਾਈ ਕੋਰਟ ਜੱਸੋਵਾਲ ਵਿਚ ਫੈਸਲੇ ਕਰਨ ਵਾਲਿਆਂ ਵਿਚ ਅੱਗੇ ਹੁੰਦਾ ਸੀ। 'ਬੱਬਰ ਅਕਾਲੀ ਦੁਆਬਾ' ਦਾ ਐਡੀਟਰ ਸੀ ਅਤੇ ਇਸ ਨੂੰ ਵੰਡਣ ਦਾ ਪ੍ਰਬੰਧ ਕਰਦਾ ਸੀ। ਸਰਕਾਰ ਨੇ ਉਸ ਦੇ ਪਿਤਾ ਦੀ ਨੰਬਰਦਾਰੀ ਖੋਹ ਲਈ ਸੀ।

ਸਰਕਾਰ ਨੇ ਉਸ ਨੂੰ ਇਸ਼ਤਿਹਾਰੀ ਮੁਜਰਮ ਕਰਾਰ ਦਿੱਤਾ ਹੋਇਆ ਸੀ। ਪਿੰਡ ਰੁੜਕਾ ਕਲਾਂ, ਮਹਿਲ ਗਹਿਲਾਂ ਅਤੇ ਪਿੰਡ ਅਪਰਾ ਦੇ ਅਕਾਲੀਆਂ ਦੇ ਦੀਵਾਨਾਂ ਵਿਚ ਬੱਬਰ ਦੀਆਂ ਤਕਰੀਰਾਂ ਸੁਣ ਕੇ ਲੋਕ ਉਸ ਦੇ ਖਿਆਲਾਂ ਦੇ ਕਾਇਲ ਹੋ ਜਾਂਦੇ। ਇਹ ਉਸ ਦੀਆਂ ਤਕਰੀਰਾਂ ਦਾ ਹੀ ਜਾਦੂ ਸੀ। ਆਖਰ 6 ਜਨਵਰੀ 1923 ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਐਡੀਸ਼ਨਲ ਸੈਸ਼ਨ ਜੱਜ ਦੀ ਕੋਰਟ ਵਿਚ ਬੱਬਰ ਨੇ ਕੋਈ ਵੀ ਬਿਆਨ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਜਿਸ ਵਿਦੇਸ਼ੀ ਸਰਕਾਰ ਨਾਲ ਸਾਡੀ ਲੜਾਈ ਹੈ, ਉਸ ਦੀ ਅਦਾਲਤ ਤੋਂ ਮੈਨੂੰ ਇਨਸਾਫ ਦੀ ਕੋਈ ਆਸ ਨਹੀਂ। ਇਸ ਜ਼ਾਲਮ ਸਰਕਾਰ ਨੂੰ ਅਸੀਂ ਭਾਰਤ ਵਿਚੋਂ ਕੱਢ ਕੇ ਛੱਡਾਂਗੇ।

ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਉਸ ਵਿਰੁਧ ਦੋਸ਼ ਸੀ ਕਿ ਉਸ ਨੇ ਸਰਕਾਰ ਵਿਰੁਧ ਬੱਬਰ ਅਕਾਲੀ ਸਾਜ਼ਿਸ਼ ਨੂੰ ਤਰਤੀਬ ਦਿੱਤੀ ਅਤੇ ਲੋਕਾਂ ਨੂੰ ਅੰਗਰੇਜ਼ ਸਰਕਾਰ ਵਿਰੁਧ ਭੜਕਾਇਆ। ਇਕੱਲਾ ਸੈਕਸ਼ਨ 115 ਇਸ ਦੇ ਦੋਸ਼ ਨੂੰ ਪੂਰਾ ਨਹੀਂ ਸੀ ਕਰਦਾ, ਇਸ ਲਈ ਨਾਲ ਹੀ ਸੈਕਸ਼ਨ 124-ਬੀ/109 ਇੰਡੀਅਨ ਪੀਨਲ ਕੋਡ ਅਨੁਸਾਰ ਸਜ਼ਾ ਸੁਣਾਈ ਗਈ।

---

**ਕਾਵਿ-ਜਗਤ**

## ਜ਼ਹਿਰ

ਜ਼ਹਿਰ ਹੈ, ਜ਼ਹਿਰ ਹੈ, ਜ਼ਹਿਰ ਹੈ,
ਚਾਰੇ ਪਾਸੇ ਛਾਇਆ ਜ਼ਹਿਰ ਹੈ।
ਸਾਡੇ ਅੰਦਰ ਜ਼ਹਿਰ, ਬਾਹਰ ਜ਼ਹਿਰ
ਜਿੱਧਰ ਦੇਖੋ ਉਧਰ ਜ਼ਹਿਰ।
ਪਾਣੀ ਜ਼ਹਿਰੀਲਾ, ਹਵਾ ਜ਼ਹਿਰੀਲੀ
ਧਰਤੀ ਜ਼ਹਿਰੀਲੀ, ਅੰਬਰ ਜ਼ਹਿਰੀਲਾ
ਹੋਇਆ ਸਾਰਾ ਪੌਣ-ਪਾਣੀ ਜ਼ਹਿਰੀਲਾ।

ਉਗਾਈਏ ਜ਼ਹਿਰ, ਖਾਈਏ ਜ਼ਹਿਰ
ਕਮਾਈਏ ਜ਼ਹਿਰ, ਵੰਡੀਏ ਜ਼ਹਿਰ
ਸੁਣਦੇ ਜ਼ਹਿਰ, ਕਹਿੰਦੇ ਜ਼ਹਿਰ
ਮਾਂ ਜ਼ਹਿਰੀਲੀ, ਬਾਪ ਜ਼ਹਿਰੀਲਾ
ਪੈਦਾ ਹੋਵੇ ਔਲਾਦ ਜ਼ਹਿਰੀਲੀ।

ਹਰ ਪਾਸੇ ਹੁਣ ਫੈਲਾਏ ਜ਼ਹਿਰ
ਕੁਦਰਤ ਵਿਖਾਏ ਆਪਣਾ ਕਹਿਰ
ਕਿਉਂਕਿ ਚਾਰੇ ਪਾਸੇ ਫੈਲਿਆ ਜ਼ਹਿਰ।
ਪਰ ਅਸੀਂ ਨਿਰਦੋਸ਼ ਹਾਂ!
ਕਿਉਂਕਿ ਅਸੀਂ ਮਾਸੂਮ ਹਾਂ
ਨਾ ਜਾਣਦੇ ਹਾਂ, ਨਾ ਪਹਿਚਾਣਦੇ
ਆਪਣੇ ਫਰਜ਼।

ਪਰ ਸਾਨੂੰ ਪਤਾ ਹੈ ਸਾਡੇ ਹੱਕ
ਸਰਕਾਰਾਂ ਦੇ ਫਰਜ਼
ਦੂਜੇ ਦੀਆਂ ਖਾਮੀਆਂ
ਆਪਣੀਆਂ ਖੂਬੀਆਂ
ਦੂਜਿਆਂ ਵੱਲ ਤੱਕਣਾ
ਭੀੜ ਦਾ ਹਿੱਸਾ ਬਣਨਾ
ਸਾਨੂੰ ਖੂਬ ਆਉਂਦਾ ਹੈ
ਸਿਸਟਮ ਦਾ ਹਿੱਸਾ ਬਣਨਾ
ਸਿਸਟਮ ਨੂੰ ਹੀ ਨਿੰਦਣਾ।

ਸਾਨੂੰ ਆਪਣਾ ਨਿੱਜ ਪਿਆਰਾ
ਆਪਣੀ ਅਕਲ ਪਿਆਰੀ
ਆਪਣਾ ਪਰਿਵਾਰ ਪਿਆਰਾ
ਕੀ ਲੈਣਾ ਹੈ ਕਿਸੇ ਕੋਲੋਂ
ਸਾਡਾ ਤਾਂ ਹੋਵੇ ਚੰਗਾ ਗੁਜ਼ਾਰਾ।
ਅੱਗ ਨਾ ਉਦੋਂ ਤੱਕ ਅੱਗ ਲੱਗੇ
ਜਦੋਂ ਤੱਕ ਨਾ ਘਰ ਸਾਡੇ ਪਹੁੰਚੇ
ਫਿਰ ਮਚਾਈਏ ਹਾਲ-ਦੁਹਾਈ
ਪਰ ਪਹਿਲਾਂ ਰਹਿੰਦੇ ਹਾਂ ਸੁੱਤੇ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

---

## ਦੌੜ ਜਾਰੀ ਹੈ

ਸਮੇਂ ਦੇ ਖਰਗੋਸ਼
ਜਿੰਮੇਵਾਰੀਆਂ ਦੇ ਕੱਛੂ ਨੂੰ
ਚਿੜਾਉਂਦਿਆਂ ਲੰਘ ਗਏ!
ਇਹ ਸਫਰ
ਮੈਂ ਤੋਂ ਤੂੰ ਤੱਕ ਦਾ
ਇੱਕ ਦੌੜ ਹੀ ਤਾਂ ਸੀ
ਤੇ ਅਸੀਂ
ਮੂਕ ਦਰਸ਼ਕ ਬਣੇ
ਦੇਖਦੇ ਰਹੇ!

ਪਿਆਸ ਰਹੀ ਮੈਨੂੰ ਤੇਰੀ
ਘੜੇ ਵਿਚਲੇ ਪਾਣੀ ਦੀ ਤਰ੍ਹਾਂ!
ਤਮਾਮ ਉਮਰ
ਕੰਕਰ ਹੀ ਇੱਕਠੇ ਕਰਦਾ ਰਿਹਾ।
ਜਦ ਤੂੰ ਨਜ਼ਦੀਕ ਆਈ ਤਾਂ
ਮੈਂ ਉਪਦੇਸ਼ ਦੇਣ
ਨਿੱਕਲ ਤੁਰਿਆ!
ਤੇ ਸਮੇਂ ਦਾ ਖਰਗੋਸ਼
ਜ਼ਿੰਦਗੀ ਨੂੰ
ਚਿੜਾਉਂਦਿਆਂ ਲੰਘ ਰਿਹਾ ਸੀ!

ਭੌਂਕਦਾ ਹੀ ਰਿਹਾ
ਲਾਲਸਾਵਾਂ ਦੀ ਬੋਟੀ
ਮੂੰਹ ਵਿਚ ਪਾਈ।
ਪਾਣੀਆਂ ਵਿਚ
ਹਲਚਲ ਹੋਈ ਤਾਂ
ਪਰਛਾਵਾਂ ਵੀ ਕੰਬਣ ਲੱਗਾ
ਤੇ ਸਮੇਂ ਦਾ ਖਰਗੋਸ਼
ਫਿਰ ਮੂੰਹ ਚਿੜਾ ਰਿਹਾ ਸੀ!
ਤੱਕਿਆ ਜਦ
ਪਹੁੰਚ ਤੋਂ ਦੂਰ ਤੈਨੂੰ
ਤਾਂ ਹਫ ਕੇ ਬੈਠ ਗਿਆ ਹਾਂ!

ਉਚਿਆਂ ਅੰਗੂਰਾਂ ਦਾ
ਸਵਾਦ ਖੱਟਾ ਲੱਗਦਾ ਹੈ।
ਸਮੇਂ ਦਾ ਖਰਗੋਸ਼
ਫਿਰ ਮੂੰਹ ਚਿੜਾ ਭੱਜਦਾ ਹੈ!

ਮੈਂ ਤੇ ਤੂੰ ਦੀ ਦੌੜ
ਨਿਰੰਤਰ ਜਾਰੀ ਹੈ।
ਮੈਂ ਤਾਂ ਐਵੇਂ ਹੀ
ਸਾਹ ਖਿੱਚ ਕੇ ਪੈ ਗਿਆ ਸੀ
ਤੂੰ ਆਈ
ਤੇ ਪਲ, ਦੋ ਪਲ ਰੁਕੀ ਵੀ ਨਾ!
ਸਮੇਂ ਦੇ ਖਰਗੋਸ਼ਾਂ ਨਾਲ ਹੀ
ਰਲ ਚੱਲੀ!

ਝੱਲੀਏ,
ਕੀ ਤੈਨੂੰ ਪਤਾ ਨਹੀਂ ਸੀ
ਕਿ ਇਸ਼ਕ ਤਾਂ
ਕਦੇ ਮਰਦਾ ਹੀ ਨਹੀਂ।
ਇਸ਼ਕ ਤਾਂ ਅਮਰ ਹੈ।
ਇਸ਼ਕ ਤਾਂ ਅਜਿੱਤ ਹੈ।

*-ਗਗਨਦੀਪ ਸਿੰਘ ਸੰਧੂ*
*ਫੋਨ: 91-75894-31402*

# ਹਾਦਸਿਆਂ ਨਾਲ ਭਰੇ ਦਿਨਾਂ ਵਿਚ...

ਚੇਤੇ ਦੀ ਚੰਗੇਰ

***ਪੰਜਾਬੀ ਲਿਖਾਰੀ ਮਨਮੋਹਨ ਬਾਵਾ ਨੇ ਇਤਿਹਾਸ-ਮਿਥਿਹਾਸ ਨਾਲ ਗੜੁੱਚ ਰਚਨਾਵਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਇਹ ਰਚਨਾ 'ਹਾਦਸਿਆਂ ਨਾਲ ਭਰੇ ਦਿਨਾਂ ਵਿਚ...' ਵੀ ਉਸ ਨੇ ਆਪਣੀਆਂ ਹੋਰ ਰਚਨਾਵਾਂ ਵਾਂਗ ਦਿਲ ਉਤੇ ਹੱਥ ਰੱਖ ਕੇ ਲਿਖੀ ਹੈ। ਇਸ ਵਿਚ ਧਾਰਮਿਕ ਕੱਟੜਤਾ ਹੱਥੋਂ ਨਪੀੜੇ ਅਤੇ ਲਤਾੜੇ ਜਾ ਰਹੇ ਮਨੁੱਖ ਦੀ ਵਾਰਤਾ ਬਹੁਤ ਸਹਿਜ ਨਾਲ ਸੁਣਾਈ ਗਈ ਹੈ। -ਸੰਪਾਦਕ***

ਮਕਾਨ ਕਿਰਾਏ 'ਤੇ ਲੈਣ ਦੀ ਨੀਅਤ ਨਾਲ ਵੇਖਣ ਲਈ ਕਈ ਕਈ ਤਰ੍ਹਾਂ ਦੇ ਲੋਕ ਆ ਰਹੇ ਸਨ। ਉਂਜ ਇਹ ਮਕਾਨ ਮੇਰਾ ਨਹੀਂ। ਮੇਰਾ ਦੋਸਤ, ਜਦੋਂ ਆਪਣੇ ਪਰਿਵਾਰ ਸਮੇਤ ਕੈਨੇਡਾ ਜਾਣ ਲੱਗਿਆ ਤਾਂ ਆਪਣਾ ਇਹ ਮਕਾਨ ਮੈਨੂੰ ਰਹਿਣ ਅਤੇ ਦੇਖ-ਭਾਲ ਲਈ ਦੇ ਗਿਆ। ਮਕਾਨ ਕਾਫੀ ਵੱਡਾ, ਚਾਰ ਕਮਰਿਆਂ ਦਾ। ਆਪਣੇ ਇਸ ਦੋਸਤ ਦੀ ਹਦਾਇਤ ਅਨੁਸਾਰ ਇਨ੍ਹਾਂ ਚਾਰ ਕਮਰਿਆਂ ਵਿਚੋਂ ਦੋ ਕਮਰਿਆਂ ਦਾ ਸੈਟ ਕਿਰਾਏ 'ਤੇ ਦੇਣਾ ਹੈ।

ਉਂਜ ਇਸ ਦਿੱਲੀ ਵਿਚ ਮੇਰਾ ਵੀ ਮਕਾਨ ਹੈ ਆਪਣਾ ਕਿਸੇ ਚੰਗੇ ਅਤੇ ਸਸਤੇ ਸਮੇਂ ਬਣਾਇਆ, ਜਦੋਂ ਜਮੀਨਾਂ ਇੰਨੀਆਂ ਮਹਿੰਗੀਆਂ ਨਹੀਂ ਸਨ, ਉਹ ਵੀ ਗੈਰ-ਮਨਜ਼ੂਰ ਕਾਲੋਨੀ ਵਿਚ, ਪਰ ਆਪਣਾ ਘਰ ਤਾਂ ਆਪਣਾ ਹੀ ਹੁੰਦਾ ਹੈ! ਹਾਲੇ ਵੀ ਹੈ, ਜਾਂ ਹੋਵੇਗਾ! ਆਪਣਾ ਮਕਾਨ ਛੱਡ ਕੇ ਇਧਰ ਉਧਰ ਭਟਕਣ ਤੋਂ ਬਾਅਦ ਇਸ ਮਕਾਨ ਵਿਚ ਕਦੋਂ ਅਤੇ ਕਿਵੇਂ ਰਹਿਣਾ



**ਮਨਮੋਹਨ ਬਾਵਾ**

ਨਸੀਬ ਹੋਇਆ? ਇਹ ਸੋਚਦਿਆਂ ਮਨ ਦੁਖ ਅਤੇ ਕਈ ਤਰ੍ਹਾਂ ਦੇ ਸਵਾਲਾਂ ਨਾਲ ਭਰ ਉਠਦਾ ਹੈ। ਸੰਨ 1947 ਦੇ ਫਸਾਦਾਂ ਬਾਰੇ ਸੁਣਿਆ ਹੀ ਸੀ, ਆਪਣੇ ਮਾਂ-ਬਾਪ ਅਤੇ ਲੋਕਾਂ ਦੇ ਮੂੰਹੋਂ। ਉਨ੍ਹਾਂ ਦੇ ਸਿਆਲਕੋਟ ਦੇ ਕਿਸੇ ਪਿੰਡ ਵਿਚੋਂ ਦੌੜ ਕੇ, ਘਰ-ਬਾਰ ਛੱਡ ਕੇ ਇੰਡੀਆ ਆਉਣ ਤੋਂ ਪੰਜ-ਛੇ ਸਾਲ ਬਾਅਦ ਮੇਰਾ ਜਨਮ ਹੋਇਆ-ਆਜ਼ਾਦ ਭਾਰਤ ਵਿਚ। ਇਹੀ ਸੋਚਦਾ ਸਾਂ ਕਿ ਮੁੜ ਕਿਸੇ ਨੂੰ ਉਹ ਦਿਨ ਵੇਖਣੇ ਨਸੀਬ ਨਹੀਂ ਹੋਣਗੇ; ਪਰ...?

ਦਿੱਲੀ ਦੇ ਦੰਗਿਆਂ ਸਮੇਂ ਜਦੋਂ ਅਸੀਂ ਆਪਣੇ ਘਰ ਵਿਚ ਬੈਠੇ ਹਾਲੇ ਰੋਟੀ ਹੀ ਖਾ ਰਹੇ ਸਾਂ ਕਿ ਮੇਰੇ ਹਿੰਦੂ ਗੁਆਂਢੀ ਨੇ ਆ ਕੇ ਖਬਰਦਾਰ ਕਰ ਦਿੱਤਾ ਕਿ ਫਸਾਦੀਆਂ ਦੀ ਭੀੜ ਫਲਾਣੇ ਪਾਸਿਓਂ ਇਸ ਪਾਸੇ ਆ ਰਹੀ ਹੈ। ਪਹਿਲਾਂ ਤਾਂ ਇਤਬਾਰ ਹੀ ਨਾ ਆਇਆ ਕਿ ਇਸ ਤਰ੍ਹਾਂ ਹੋ ਸਕਦਾ ਹੈ; ਪਰ ਜਦ ਉਸ ਨੇ ਦੱਸਿਆ ਕਿ ਉਸ ਆਪਣੀ ਅੱਖੀਂ ਪੱਗਾਂ ਵਾਲਿਆਂ ਨੂੰ ਕਤਲ ਹੁੰਦਿਆਂ ਵੇਖਿਆ ਹੈ, ਉਨ੍ਹਾਂ ਦੇ ਘਰਾਂ ਨੂੰ ਸੜਦਿਆਂ ਵੇਖਿਆ ਹੈ ਤਾਂ ਅਸੀਂ ਵੀ ਰੋਟੀ ਖਾਂਦਿਆਂ ਖਾਂਦਿਆਂ ਉਠ ਖੜ੍ਹੇ ਹੋਏ। ਮੇਰੇ ਗੁਆਂਢੀ ਨੇ ਸਾਡੇ 'ਤੇ ਐਨੀ ਮਿਹਰਬਾਨੀ ਵੀ ਨਾ ਕੀਤੀ ਕਿ ਉਹ ਸਾਨੂੰ ਲੁਕਾ ਲਵੇ। ਮੈਂ ਅਤੇ ਮੇਰੀ ਪਤਨੀ ਉਸ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕਦੇ ਰਹੇ। ਉਸ ਨੇ ਸਾਨੂੰ ਆਪਣੇ ਘਰ ਪਨਾਹ ਕਿਉਂ ਨਹੀਂ ਦਿੱਤੀ? ਸ਼ਾਇਦ ਉਹ ਆਪ ਵੀ ਡਰ ਰਹੇ ਸਨ...?

ਸਹਿਮੇ ਸਹਿਮੇ, ਲੁਕਦੇ ਲੁਕਾਂਦੇ ਅਸੀਂ ਸੁੰਨਸਾਨ ਜਿਹੀਆਂ ਗਲੀਆਂ ਵਿਚੋਂ ਨਿਕਲ ਰਹੇ ਸਾਂ ਕਿ ਮੰਦਿਰ ਵੇਖ ਕੇ ਉਸ ਵਿਚ ਜਾ ਵੜੇ। ਮੇਰੀ ਘਰ ਵਾਲੀ ਆਪਣੀਆਂ ਗੁਆਂਢਣਾਂ ਨਾਲ ਦਿਨ-ਤਿਉਹਾਰ ਮੌਕੇ ਇਸ ਮੰਦਿਰ ਆਇਆ ਜਾਇਆ ਕਰਦੀ ਸੀ। ਪੁਜਾਰੀ ਪਛਾਣਦਾ ਵੀ ਸੀ, ਪਰ ਉਸ ਨੇ ਸਾਨੂੰ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ। ਗਲੀਆਂ ਵਿਚੋਂ ਬਚ ਬਚ ਕੇ ਮੂੰਹ ਲੁਕਾਈ ਨਿਕਲਦਿਆਂ, ਘਰਾਂ ਦੇ ਬਾਹਰ ਖੜ੍ਹੇ ਆਦਮੀ-ਤੀਵੀਆਂ ਸਾਨੂੰ ਇਸ ਤਰ੍ਹਾਂ ਦੀ ਨਜ਼ਰ ਨਾਲ ਤੱਕ ਰਹੇ ਸਨ, ਜਿਵੇਂ ਅਸੀਂ ਬਲੀ ਦੇ ਬੱਕਰੇ ਹਾਂ, ਜਿਨ੍ਹਾਂ ਨੂੰ ਕੁਝ ਦੇਰ ਬਾਅਦ ਜ਼ਿਬਾਹ ਕਰ ਦਿੱਤਾ ਜਾਵੇਗਾ। ਬੱਕਰੇ ਤੇ ਸਾਡੇ ਵਿਚਕਾਰ ਫਰਕ ਇਹ ਸੀ ਕਿ ਬੱਕਰੇ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ...।

ਗੁਰਦੁਆਰਾ ਸਾਡੇ ਘਰ ਤੋਂ ਬਹੁਤ ਦੂਰ ਸੀ। ਫਿਰ ਵੀ ਸਾਨੂੰ ਇਸ ਤੋਂ ਸਿਵਾ ਕੋਈ ਆਸਰਾ ਨਜ਼ਰ ਨਹੀਂ ਆਇਆ। ਦੂਰੋਂ ਨੇੜਿਓਂ ਫਸਾਦੀਆਂ ਦੀਆਂ ਖੌਫ ਭਰੀਆਂ ਆਵਾਜ਼ਾਂ ਆ ਰਹੀਆਂ ਸਨ। ਬਲਦੇ ਸੜਦੇ ਘਰਾਂ ਦਾ ਧੂੰਆਂ ਆਕਾਸ਼ ਵਿਚ ਉਠਦਾ ਦਿਸ ਰਿਹਾ ਸੀ। ਰਸਤੇ ਵਿਚ ਹੀ ਮਸੀਤ ਸੀ। ਇਸ ਦੇ ਮੁੱਲਾਂ ਨਾਲ ਕਦੀ ਕਦੀ ਮੇਰੀ ਦੁਆ ਸਲਾਮ ਹੋ ਜਾਂਦੀ ਸੀ। ਇਸ ਦਾ ਇਕ ਕਾਰਨ ਇਹ ਸੀ ਕਿ ਇਸ ਦੇ ਪੁੱਤਰ ਦੀ ਮਸੀਤ ਦੇ ਬਾਹਰ ਕਰ ਕੇ ਟੇਪ-ਰਿਕਾਰਡਰਾਂ ਅਤੇ ਟੇਪਾਂ ਦੀ ਦੁਕਾਨ ਸੀ। ਮੈਂ ਉਥੋਂ ਟੇਪ ਖਰੀਦਦਾ ਅਤੇ ਖਰੀਦਣ ਤੋਂ ਪਹਿਲਾਂ ਸੁਣਨ ਲਈ ਕਦੀ ਕਦੀ ਉਸ ਦੁਕਾਨ 'ਤੇ ਬੈਠ ਜਾਂਦਾ ਸੀ।

ਮਸੀਤ ਦੇ ਅੰਦਰ ਵੜਦਿਆਂ ਦਿਲ ਧੱਕ ਧੱਕ ਕਰ ਰਿਹਾ ਸੀ। ਬਸਤੀ ਵਿਚ ਰਹਿਣ ਵਾਲੇ ਸਿੱਖ ਪਰਿਵਾਰਾਂ 'ਤੇ ਕੀ ਬਣੀ? ਜਾਂ ਕੀ ਬੀਤੇਗੀ? ਉਸ ਸਮੇਂ ਆਪਣੀ ਜਾਨ ਬਚਾਉਣ ਤੋਂ ਸਿਵਾ ਹੋਰ ਕੋਈ ਵਿਚਾਰ ਮਨ ਵਿਚ ਨਹੀਂ ਸੀ ਉਠ ਰਿਹਾ। ਮਹਿੰਦੀ ਰੰਗੀ ਦਾੜ੍ਹੀ ਵਾਲੇ ਬੁੱਢੇ ਮੌਲਵੀ ਨੇ ਸਾਨੂੰ ਮਸਜਿਦ ਦੇ ਬੂਹੇ ਵਿਚ ਡਰ ਨਾਲ ਕੰਬਦਿਆਂ ਵੇਖਿਆ, ਤਾਂ ਜਿਵੇਂ ਉਹ ਸਭ ਕੁਝ ਸਮਝ ਗਿਆ। ਕੁਝ ਕੁ ਪਲ, ਜੋ ਸਾਡੇ ਲਈ ਬਹੁਤ ਲੰਮੇ ਸਨ, ਸਾਡੇ ਵੱਲ ਅਜੀਬ ਜਿਹੀਆਂ ਨਜ਼ਰਾਂ ਨਾਲ ਤੱਕਦਾ ਰਿਹਾ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਮੈਂ ਤਰਲੇ ਭਰੀ ਆਵਾਜ਼ ਵਿਚ ਆਖਿਆ, "ਅਲਫਦੀਨ ਜੀ, ਖੁਦਾ ਦੇ ਇਸ ਘਰ ਵਿਚ ਸਾਨੂੰ ਪਨਾਹ ਮਿਲ ਸਕਦੀ ਹੈ?"

ਮੌਲਵੀ ਅਲਫਦੀਨ ਦੇ ਚਿਹਰੇ 'ਤੇ ਕਈ ਤਰ੍ਹਾਂ ਦੇ ਭਾਵ ਉਭਰਦੇ ਰਹੇ। ਦੋ ਚਾਰ ਪਲ ਅੱਖਾਂ ਬੰਦ ਕਰੀ ਖੜ੍ਹਾ ਰਿਹਾ, ਚੁਪ-ਚਾਪ। ਫਿਰ ਅੱਖਾਂ ਖੋਲ੍ਹੀਆਂ, ਇਕ ਵਾਰੀ ਅਸਮਾਨ ਵੱਲ ਤੱਕਿਆ ਅਤੇ ਫਿਰ ਹਮਦਰਦੀ ਭਰੀਆਂ ਨਜ਼ਰਾਂ ਨਾਲ ਮੇਰੇ ਅਤੇ ਮੇਰੀ ਬੀਵੀ ਹਰਬੰਸ ਕੌਰ ਨਾਲ ਚਿੰਬੜੀ ਮੇਰੀ ਅੱਠ ਵਰ੍ਹਿਆਂ ਦੀ ਧੀ ਅਤੇ ਪੰਜ ਵਰ੍ਹਿਆਂ ਦੇ ਪੁੱਤਰ ਵੱਲ ਤੱਕਿਆ। ਫਿਰ ਬੋਲਿਆ, "ਜੁੱਤੀਆਂ ਉਤਾਰ ਕੇ ਅੰਦਰ ਆ ਜਾਓ, ਖੁਦਾ ਦਾ ਘਰ ਹੈ!"

ਅਸੀਂ ਸਾਹ ਰੋਕ ਕੇ ਸੱਤ ਅੱਠ ਦਿਨ ਉਸ ਦੇ ਘਰ ਰਹੇ। ਘਰ ਵਿਚ ਉਸ ਦਾ ਪੁੱਤਰ, ਪੁੱਤਰ ਦੀ ਬੀਵੀ ਅਤੇ ਧੀ ਸਨ। ਦਿਨ ਵਿਚ ਕਈ ਵਾਰੀ ਬਾਹਰ ਤੱਕ ਲੈਂਦੇ ਕਿ ਕੋਈ ਆ ਤਾਂ ਨਹੀਂ ਰਿਹਾ ਇਸ ਪਾਸੇ? ਦੋ ਕੁ ਦਿਨ ਬਾਅਦ ਮੇਰੀ ਪਤਨੀ ਹਰਬੰਸ ਕੌਰ ਅਤੇ ਹਮੀਦਾ ਆਪਸ ਵਿਚ ਘੁਲ ਮਿਲ ਗਈਆਂ; ਮੇਰੇ ਬੱਚੇ ਵੀ ਉਸ ਦੀ ਧੀ ਨਾਲ। ਹਮੀਦਾ ਕਹਿੰਦੀ, "ਤੁਸੀਂ ਤਾਂ ਸਾਡੇ ਵਰਗੇ ਹੀ ਹੋ?" ਉਸ ਦਾ ਭਾਵ ਸੀ ਕਿ "ਆਮ ਕਰ ਕੇ ਹਿੰਦੂ ਆਦਮੀ ਤੀਵੀਆਂ ਨਾਲ ਚਾਹੇ ਜਿੰਨਾ ਮਰਜ਼ੀ ਉਨ੍ਹਾਂ ਦੀ ਨੇੜਤਾ ਹੋਵੇ, ਉਨ੍ਹਾਂ ਨੇ ਖਾਣਾ ਤਾਂ ਕੀ ਖਾਣਾ, ਪਾਣੀ ਤੱਕ ਉਨ੍ਹਾਂ ਦਾ ਨਹੀਂ ਪੀਂਦੇ...।" ਬਾਰੀ ਥਾਣੀਂ ਬਾਹਰ ਤੱਕਦੇ ਕਿ ਕੋਈ ਆ ਤਾਂ ਨਹੀਂ ਰਿਹਾ? ਕਿਸੇ ਨੂੰ ਸ਼ੱਕ ਤਾਂ ਨਹੀਂ ਪੈ ਗਿਆ? ਅਲਫਦੀਨ ਦੇ ਪੁੱਤਰ ਰਹਿਮਤ ਅਲੀ ਦਾ ਆਪਣਾ ਕੋਈ ਬੱਚਾ ਨਹੀਂ ਸੀ। ਦੋ ਕੁ ਦਿਨ ਖਿਚਿਆ ਖਿਚਿਆ ਰਹਿਣ ਤੋਂ ਬਾਅਦ ਰਹਿਮਤ ਅਲੀ ਦੀ ਬੀਵੀ ਹਮੀਦਾ, ਹਰਬੰਸ ਕੌਰ ਨਾਲ ਹਿਲ-ਮਿਲ ਗਈ। ਰਸੋਈ ਵਿਚ ਕੰਮ ਕਰਦਿਆਂ ਆਪਣੇ ਦੁਖ-ਸੁਖ ਦੀਆਂ ਗੱਲਾਂ ਕਰਦੀਆਂ ਰਹਿੰਦੀਆਂ। ਬੱਚੇ ਵੀ ਹਮੀਦਾ ਨਾਲ ਹਿਲ-ਮਿਲ ਗਏ।

ਉਨ੍ਹਾਂ ਦੱਸਿਆ ਕਿ ਉਹ ਉਤਰ ਪ੍ਰਦੇਸ਼ ਵਿਚ ਮੁਰਾਦਾਬਾਦ ਦੇ ਕੋਲ ਕਿਸੇ ਪਿੰਡ ਵਿਚ ਰਹਿੰਦੇ ਹੁੰਦੇ ਸਨ। ਥੋੜ੍ਹੀ ਬਹੁਤ ਜਮੀਨ ਸੀ। ਪੁੱਤਰ ਕੁਝ ਮਜ਼ਦੂਰੀ ਕਰ ਲੈਂਦਾ ਸੀ ਸ਼ਹਿਰ ਜਾ ਕੇ। ਗੁਜ਼ਾਰਾ ਚੱਲ ਰਿਹਾ ਸੀ। ਪਿੰਡ ਦੀ ਛੋਟੀ ਜਿਹੀ ਮਸਜਿਦ ਵਿਚ ਰਹਿਮਤ ਦੇ ਅੱਬਾ ਅੱਲ੍ਹਾ ਦੇ ਹਜ਼ੂਰ ਕੰਮ ਕਰਦੇ। ਕੁਝ ਉਥੋਂ ਮਿਲ ਜਾਂਦਾ। ਇਕ ਦਿਨ ਹਜ਼ਾਰ ਕੁ ਬੰਦੇ ਸਾਡੇ ਪਿੰਡ ਆਣ ਵੜੇ। ਘਰ ਸਾੜੇ ਅਤੇ ਬੰਦੇ ਮਾਰੇ ਜਾਣ ਲੱਗੇ। ਜਾਨ ਬਚਾਉਣ ਲਈ ਸਾਡੇ ਵਿਚੋਂ ਕੁਝ ਇਧਰ ਭੱਜੇ, ਕੁਝ ਉਧਰ। ਦੋ ਦਿਨ ਬਾਅਦ ਪੁਲਿਸ ਆਈ। ਸਾਨੂੰ ਦੂਰ ਦੇ ਕੈਂਪਾਂ ਵਿਚ ਪਹੁੰਚਾ ਦਿੱਤਾ ਗਿਆ। ਦੰਗਈਆਂ ਨੇ ਬਹਾਨਾ ਇਹ ਬਣਾਇਆ ਅਤੇ ਮਸ਼ਹੂਰ ਕੀਤਾ ਕਿ ਸਾਡੇ ਪਿੰਡ ਦਾ ਕੋਈ ਮੁਸਲਮਾਨ ਮੁੰਡਾ ਕਿਸੇ ਹਿੰਦੂ ਕੁੜੀ ਨੂੰ ਚੁੱਕ ਕੇ ਲੈ ਆਇਆ ਹੈ; ਜੋ ਬਿਲਕੁਲ ਝੂਠ ਸੀ। ਗੱਲ ਵਿਚੋਂ ਇਹ ਸੀ ਕਿ ਉਹ ਸਾਡੀਆਂ ਜਮੀਨਾਂ 'ਤੇ ਆਪਣਾ ਕਬਜ਼ਾ ਕਰਨਾ ਚਾਹੁੰਦੇ ਸਨ।

ਸੋ, ਉਹ ਘਰੋਂ ਬੇਘਰ, ਜਮੀਨੋਂ ਬੇਜਮੀਨੇ ਹੋ ਗਏ। ਬੇਜ਼ਾਰ-ਓ-ਮਦਦਗਾਰ। ਜਿਸ ਨੂੰ ਜਿਥੇ ਜਾ ਕੇ ਸਿਰ ਲੁਕਾਉਣ ਦੀ ਥਾਂ ਮਿਲੀ, ਰੁਜ਼ਗਾਰ ਦਾ ਜੁਗਾੜ ਬਣਿਆ, ਉਹ ਉਥੇ ਚਲਾ ਗਿਆ...।

ਅਲਫਦੀਨ ਨੂੰ ਵੇਖਦਿਆਂ ਮੈਨੂੰ ਉਹ ਆਦਮੀ ਯਾਦ ਆਉਣ ਲੱਗਦਾ, ਜਿਸ ਨੇ ਮੇਰੇ ਮਾਂ-ਬਾਪ ਨੂੰ ਫਸਾਦਾਂ ਦੇ ਸਮੇਂ ਸਰਹੱਦ ਦੇ ਇਸ ਪਾਸੇ ਪਹੁੰਚਾਉਣ ਵਿਚ ਸਹਾਇਤਾ ਕੀਤੀ ਸੀ। ਜਦੋਂ 'ਉਸ ਪਾਸੇ' ਫਸਾਦ ਬਹੁਤ ਵਧ ਗਏ ਅਤੇ ਪਿੰਡਾਂ ਦੇ ਪਿੰਡ ਲੁੱਟੇ-ਸਾੜੇ ਜਾਣ ਲੱਗੇ, ਤਾਂ ਮੇਰੇ ਬਾਪ ਦੇ ਉਸ ਦੋਸਤ ਨੇ ਆ ਕਿਹਾ ਸੀ, "ਮਲਕੀਤ ਸਿੰਘ, ਹੁਣ ਖਤਰਾ ਬਹੁਤ ਵਧ ਗਿਆ ਹੈ। ਜੇ ਧਾੜਵੀ ਆ ਗਏ ਤਾਂ ਮੈਂ ਤੁਹਾਡੀ ਮਦਦ ਨਹੀਂ ਕਰ ਸਕਾਂਗਾ। ਮੈਂ 'ਬਾਰਕ ਸਈ' ਪਠਾਨ ਹਾਂ। ਦੋਸਤੀ ਨਿਭਾਉਣਾ ਜਾਣਦਾ ਹਾਂ। ਤੂੰ ਆਪਣਾ ਬਹੁਤ ਘੱਟ ਸਮਾਨ ਲੈ ਕੇ ਤਿਆਰ ਹੋ ਜਾ। ਮੈਂ ਆਪਣਾ ਗੱਡਾ ਤਿਆਰ ਰੱਖਾਂਗਾ। ਗੱਡੇ ਦੇ ਥੱਲੇ ਜਿਹੇ ਕੁਝ ਚੀਜ਼ਾਂ ਲੁਕਾ ਲੈਣ ਦਾ ਵੀ ਪ੍ਰਬੰਧ ਮੈਂ ਕਰ ਲਵਾਂਗਾ। ਅਸੀਂ ਮੂੰਹ ਹਨੇਰੇ ਨਿਕਲ ਜਾਵਾਂਗੇ...।"

"... ਤੇ ਜੇ ਕਿਸੇ ਨੇ ਰਸਤੇ ਵਿਚ ਵੇਖ ਲਿਆ?" ਮੇਰੇ ਬਾਪੂ ਨੇ ਪੁੱਛਿਆ ਸੀ।

"ਹਾਂ! ਮੈਂ ਕਹਿਣਾ ਭੁੱਲ ਗਿਆ ਸੀ। ਤੂੰ ਆਪਣੀ ਦਾੜ੍ਹੀ ਦੇ ਵਾਲ ਮੁਸਲਮਾਨਾਂ ਵਾਂਗ ਥੋੜ੍ਹੇ ਥੋੜ੍ਹੇ ਕੱਟ ਲਵੀਂ, ਮੇਰੀ ਦਾੜ੍ਹੀ ਵਾਂਗ। ਮੇਰਾ ਭਰਾ ਹੀ ਲੱਗਣ ਲੱਗੇਂਗਾ...ਹਾਂ, ਤੇ ਮੈਂ ਆਪਣੀ ਬੀਵੀ ਦੇ ਮੁਸਲਮਾਨ ਤੀਵੀਆਂ ਵਰਗੇ ਕੱਪੜੇ ਵੀ ਭੇਜ ਦੇਵਾਂਗਾ...।"

ਮੇਰੇ ਬਾਪ ਨੇ ਆਪਣੀ ਸਿੱਖ ਮਰਿਆਦਾ ਦਾ ਵਿਚਾਰ ਕਰਦਿਆਂ ਜਦੋਂ 'ਹਾਂ' ਨਹੀਂ ਕੀਤੀ ਤਾਂ ਕੁਝ ਸਮਝਾਉਂਦਿਆਂ ਕੁਝ ਝਿੜਕਦਿਆਂ ਉਹਨੇ ਆਖਿਆ, "ਈਮਾਨ ਦਿਲਾਂ 'ਚ ਹੁੰਦੈ, ਜਿਉਂਦਾ ਰਿਹਾ ਤਾਂ ਮੁੜ ਬਣ ਜਾਈਂ ਪਹਿਲਾਂ ਵਾਂਗ...।"

ਅਗਲੇ ਦਿਨ ਆਪਣੀਆਂ ਕੁਝ ਕੀਮਤੀ ਵਸਤੂਆਂ, ਗਹਿਣੇ ਆਦਿ ਲੈ ਕੇ ਮੇਰੇ ਮਾਂ-ਬਾਪ, ਮੇਰੀ ਵੱਡੀ ਭੈਣ ਨਾਲ ਸੂਰਜ ਨਿਕਲਦਿਆਂ ਤੱਕ ਪਿੰਡ ਤੋਂ ਬਹੁਤ ਦੂਰ ਨਿਕਲ ਗਏ। ਤਿੰਨ ਕੁ ਦਿਨ ਬਾਅਦ ਮੇਰੇ ਮਾਂ-ਬਾਪ ਸਰਹੱਦ ਪਾਰ ਕਰ ਕੇ ਇਸ ਪਾਸੇ ਪਹੁੰਚ ਗਏ। ਮੇਰਾ ਜਨਮ ਹਿੰਦੋਸਤਾਨ ਪਹੁੰਚਣ ਦੇ ਕੁਝ ਵਰ੍ਹੇ ਬਾਅਦ ਹੀ ਹੋਇਆ ਸੀ। ਮੈਂ ਸਿਰਫ ਸੁਣਿਆ ਹੀ ਸੀ, ਪਰ ਇਹ ਕਦੀ ਨਹੀਂ ਸੀ ਮਨ ਵਿਚ ਆਇਆ ਕਿ ਉਸ ਤਰ੍ਹਾਂ ਦੇ ਦਿਨ ਮੈਨੂੰ ਵੀ ਆਪਣੀ ਜ਼ਿੰਦਗੀ ਵਿਚ ਵੇਖਣੇ ਪੈਣਗੇ? ਥੋੜ੍ਹੇ ਦਿਨਾਂ ਬਾਅਦ ਰੌਲਾ-ਗੌਲਾ ਬੇਸ਼ਕ ਮੱਠਾ ਹੋ ਗਿਆ ਸੀ, ਪਰ ਜ਼ਹਿਰੀਲੇ ਵਾਤਾਵਰਣ ਦਾ ਅੰਤ ਨਹੀਂ ਸੀ ਹੋਇਆ। ਮੈਂ ਜਦੋਂ ਵੀ ਬਾਜ਼ਾਰ ਵਿਚੋਂ ਲੰਘਣਾ, ਲੋਕੀਂ ਅਜੀਬ ਅਜੀਬ ਨਜ਼ਰਾਂ ਨਾਲ ਤੱਕਦੇ। ਤਾਅਨੇ ਵੀ ਸੁਣਨੇ ਪੈਂਦੇ। ਕਦੇ ਕਦੇ ਤਾਂ ਕਿਸੇ ਬੱਸ ਵਿਚ ਚੜ੍ਹਨ ਤੋਂ ਵੀ ਰੋਕ ਲਿਆ ਜਾਂਦਾ, "ਅਤਿਵਾਦੀ, ਪਤਾ ਨਹੀਂ ਕੀ ਪਿਆ ਹੋਵੇਗਾ ਇਸ ਦੇ ਝੋਲੇ ਵਿਚ!" ਮੈਂ ਮਨ ਹੀ ਮਨ ਕਦੇ ਪੰਜਾਬ ਦੇ ਅਤਿਵਾਦੀਆਂ, ਕਦੇ ਦਿੱਲੀ ਵਿਚ ਹਿੰਦੀ ਅੰਗਰੇਜ਼ੀ ਦੇ ਅਖਬਾਰਾਂ ਵਿਚ ਛਪ ਰਹੀਆਂ ਖਬਰਾਂ ਤੇ ਜ਼ਹਿਰ ਘੋਲਦੇ ਆਰਟੀਕਲ ਲਿਖਣ ਵਾਲਿਆਂ ਨੂੰ ਕੋਸਦਾ, ਕਦੀ ਟੈਲੀਵਿਜ਼ਨ ਨੂੰ...। ਸਿਰ ਲੁਕਾਉਣ ਲਈ ਮਸਾਂ ਮਸਾਂ ਇਕ ਕਮਰੇ ਦਾ ਮਕਾਨ ਮਿਲਿਆ, ਜਿਥੇ ਮੇਰੇ ਵਰਗਿਆਂ ਨੇ ਮਿਲ ਕੇ ਕੁਝ ਇੱਟਾਂ ਖੜ੍ਹੀਆਂ ਕਰ ਲਈਆਂ ਸਨ ਤੇ ਫਿਰ ਜਦੋਂ ਮੇਰੇ ਦੋਸਤ ਨੇ ਕੈਨੇਡਾ ਜਾਣ ਲੱਗਿਆਂ ਆਪਣਾ ਘਰ ਮੇਰੇ ਹਵਾਲੇ ਕਰ ਦਿੱਤਾ ਤਾਂ ਸ਼ੁਕਰ ਕੀਤਾ...।

---

ਅਖਬਾਰ ਵਿਚ ਇਸ਼ਤਿਹਾਰ ਦੇਣ ਤੋਂ ਬਾਅਦ ਕੁਝ ਲੋਕ ਮਕਾਨ ਵੇਖਣ ਆਉਂਦੇ ਰਹੇ। ਪੁਰਾਣਾ ਮਕਾਨ ਹੋਣ ਕਾਰਨ ਕਦੀ ਕੋਈ ਨੁਕਸ ਕੱਢ ਕੇ ਚਲਿਆ ਜਾਂਦਾ, ਕੋਈ ਕਿਰਾਇਆ ਘਟਾਉਣ ਨੂੰ ਕਹਿੰਦਾ। ਆਪਣੇ ਦੋਸਤ ਦੀ ਰਜ਼ਾਮੰਦੀ ਦੇ ਬਿਨਾ ਮੈਂ ਕਿਰਾਇਆ ਵੀ ਘੱਟ ਨਹੀਂ ਸੀ ਕਰ ਸਕਦਾ। ਮਕਾਨ ਚਾਰ ਕਮਰਿਆਂ ਦਾ ਸੀ। ਪਿਛਲੇ ਦੋ ਕਮਰੇ ਮੇਰੇ ਲਈ ਅਤੇ ਅਗਲੇ ਦੋ ਕਮਰੇ ਕਿਰਾਏ 'ਤੇ ਚੜ੍ਹਾਏ ਜਾ ਸਕਦੇ ਸਨ। ਮੈਂ ਆਪਣੇ ਦੋਸਤ ਨੂੰ ਟੈਲੀਫੋਨ ਕਰ ਕੇ ਪੁੱਛਿਆ; ਉਸ ਆਖਿਆ: ਜਲਦੀ ਵੀ ਕੀ ਹੈ, ਕੁਝ ਦਿਨ ਹੋਰ ਵੇਖ ਲਵਾਂ।

ਫਿਰ ਇਕ ਦਿਨ ਦਲਾਲ ਆਪਣੇ ਨਾਲ ਅਠਾਈ-ਉਨੱਤੀ ਸਾਲ ਦੇ ਨੌਜਵਾਨ ਨੂੰ ਲੈ ਕੇ ਆ ਗਿਆ। ਉਸ ਦੇ ਨਾਲ ਕੋਈ ਕੁੜੀ ਵੀ ਸੀ-ਕਾਫੀ ਸੋਹਣੀ। ਸ਼ਾਇਦ ਉਸ ਦੀ ਬੀਵੀ ਸੀ। ਵੇਖ ਕੇ ਮੈਨੂੰ ਲੱਗਿਆ ਕਿ ਸ਼ਾਇਦ ਹਾਲੇ ਵਿਆਹ ਨਹੀਂ ਹੋਇਆ। ਮਾਂਗ ਵਿਚ ਸੰਦੂਰ ਨਹੀਂ ਸੀ। ਉਨ੍ਹਾਂ ਨੇ ਮਕਾਨ ਵੇਖਿਆ; ਰਸੋਈ, ਗੁਸਲਖਾਨਾ ਵੇਖਿਆ। ਕੁਝ ਆਪਸ ਵਿਚ ਘੁਸਰ-ਮੁਸਰ ਕੀਤਾ, ਕੁਝ ਦਲਾਲ ਨਾਲ। ਮੈਂ ਵੀ ਸੋਚ ਰਿਹਾ ਸੀ ਕਿ ਇਹ ਵੀ ਕੋਈ ਨਾ ਕੋਈ ਨੁਕਸ ਕੱਢ ਕੇ ਚਲੇ ਜਾਣਗੇ, ਜਾਂ ਕਿਰਾਇਆ ਘਟਾਉਣ ਲਈ ਕਹਿਣਗੇ। ਦਲਾਲ ਨੇ ਮੈਨੂੰ ਆਖਿਆ ਕਿ ਮਕਾਨ ਚਾਹੇ ਪੁਰਾਣਾ ਹੈ, ਪਰ ਇਨ੍ਹਾਂ ਨੂੰ ਪਸੰਦ ਹੈ, ਹੁਣ ਕਿਰਾਏ ਦੀ ਗੱਲ ਕਰੋ। ਸੁਣ ਕੇ ਮੈਨੂੰ ਕੁਝ ਹੈਰਾਨੀ ਹੋਈ ਅਤੇ ਖੁਸ਼ੀ ਵੀ। ਮੈਂ ਆਪਣੇ ਦੋਸਤ ਨਾਲ ਨਿਸ਼ਚਿਤ ਹੋਏ ਕਿਰਾਏ ਤੋਂ ਡੇਢ ਕੁ ਹਜ਼ਾਰ ਵੱਧ ਦਸ ਦਿੱਤਾ। ਸੋਚਿਆ ਕਿ ਕੁਝ ਸੌਦੇਬਾਜ਼ੀ ਜ਼ਰੂਰ ਕਰਨਗੇ ਹੀ, ਮੈਂ ਘੱਟ ਕਰ ਦੇਵਾਂਗਾ; ਪਰ ਇਹ ਵੇਖ ਕੇ ਹੋਰ ਵੀ ਹੈਰਾਨੀ ਹੋਈ ਕਿ ਮੈਂ ਜਿੰਨਾ ਵੀ ਮੂੰਹੋਂ ਬੋਲਿਆ, ਉਨ੍ਹਾਂ ਝੱਟ 'ਹਾਂ' ਕਰ ਦਿੱਤੀ। ਨਾਲ ਹੀ ਮਹੀਨੇ ਦੇ ਕਿਰਾਏ ਦੇ ਬਾਰਾਂ ਹਜ਼ਾਰ ਦੇ ਨੋਟਾਂ ਦੀ ਥੱਬੀ ਕੱਢ ਕੇ ਮੇਰੇ ਸਾਹਮਣੇ ਮੇਜ਼ 'ਤੇ ਰੱਖ ਦਿੱਤੀ। ਕਈ ਤਰ੍ਹਾਂ ਦੇ ਵਿਚਾਰ ਮਨ ਵਿਚ ਉਠਣ ਲੱਗੇ: ਕੀ ਪਤਾ ਇਹ ਇਸ ਕੁੜੀ ਨੂੰ ਨਸਾ ਕੇ ਹੀ ਲਿਆਇਆ ਹੋਵੇ, ਜਾਂ ਕਿਸੇ ਹੋਰ 'ਗਲਤ ਕੰਮ' ਲਈ...?

ਮੈਂ ਉਸ ਨੂੰ ਕਿਥੇ ਕੰਮ ਕਰਦੇ ਹੋ? ਇਸ ਵੇਲੇ ਕਿਥੇ ਰਹਿੰਦੇ ਹੋ? ਆਦਿ ਸਵਾਲ ਕਰਦਾ ਹਾਂ। ਉਹ ਕੁਝ ਘਬਰਾਉਂਦਿਆਂ ਦੱਸਦਾ ਹੈ ਕਿ ਇਸ ਤੋਂ ਪਹਿਲਾਂ ਉਹ ਚੰਡੀਗੜ੍ਹ ਸੀ। ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦਾ ਹੈ। ਬਦਲੀ ਦਿੱਲੀ ਹੋ ਗਈ। ਨਾਲ ਹੀ ਉਸ ਨੇ ਆਪਣਾ ਆਈ.ਡੀ. ਕਾਰਡ ਜੇਬ ਵਿਚੋਂ ਕੱਢ ਕੇ ਮੇਰੇ ਹੱਥ ਫੜ੍ਹਾ ਦਿੱਤਾ। ਆਈ.ਡੀ. 'ਤੇ ਉਸ ਦਾ ਨਾਮ ਪੜ੍ਹ ਕੇ ਮੈਨੂੰ ਸਭ ਕੁਝ ਸਮਝ ਆ ਜਾਂਦਾ ਹੈ। ਨਾਮ ਸੀ ਮੁਖਤਿਆਰ ਅਹਿਮਦ, ਹੈਦਰਾਬਾਦ ਦਾ ਰਹਿਣ ਵਾਲਾ। ਉਹ ਅਤੇ ਉਸ ਦੀ ਬੀਵੀ ਆਇਸ਼ਾ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਕਦੀ ਇਕ ਦੂਜੇ ਵਲ, ਕਦੀ ਦਲਾਲ ਵਲ ਅਤੇ ਕਦੀ ਮੇਰੇ ਵਲ ਤੱਕ ਰਹੇ ਸਨ।

ਮੈਨੂੰ ਇਹ ਸਮਝਣ ਵਿਚ ਦੇਰ ਨਹੀਂ ਲੱਗੀ ਕਿ ਇਸ ਦਾ ਨਾਮ ਜਾਣਨ ਤੋਂ ਬਾਅਦ ਹਰ ਮਾਲਕ ਮਕਾਨ ਨੇ ਇਸ ਨੂੰ ਆਪਣਾ ਮਕਾਨ ਕਿਰਾਏ 'ਤੇ ਦੇਣ ਤੋਂ ਇਨਕਾਰ ਕਰ ਦਿੱਤਾ ਹੋਵੇਗਾ। ਬਾਅਦ ਵਿਚ ਇਸ ਦੀ ਤਸਦੀਕ ਉਸ ਦੇ ਨਾਲ ਆਏ ਦਲਾਲ ਨੇ ਵੀ ਕਰ ਦਿੱਤੀ।

ਮੈਂ ਉਸ ਦੇ ਗੋਡੇ 'ਤੇ ਹਮਦਰਦੀ ਭਰਿਆ ਹੱਥ ਰੱਖਦਿਆਂ ਅੰਗਰੇਜ਼ੀ ਵਿਚ ਕਿਹਾ: ਓ.ਕੇ.... ਦਿ ਹਾਊਸ ਇਜ਼ ਯੁਅਰਜ਼ ਨਾਓ (ਇਹ ਮਕਾਨ ਹੁਣ ਤੁਹਾਡਾ ਹੋਇਆ)। ਨਾਲ ਹੀ ਮੇਰੇ ਅੰਦਰ ਆਵਾਜ਼ ਉਠੀ: ਹਾਦਸਿਆਂ ਭਰੇ ਇਨ੍ਹਾਂ ਦਿਨਾਂ ਵਿਚ ਜੇ ਮੈਂ ਨਹੀਂ ਦੇਵਾਂਗਾ, ਤਾਂ ਹੋਰ ਕੌਣ ਦੇਵੇਗਾ? (ਕੁਝ ਮਹੀਨੇ ਪਹਿਲਾਂ ਹੀ ਅਸੁਵਿਧਾ ਵਾਲੀ 'ਦੁਰਘਟਨਾ' ਵਾਪਰ ਚੁਕੀ ਸੀ)।

ਫਿਰ ਮੈਂ ਮੇਜ਼ 'ਤੇ ਪਈ ਨੋਟਾਂ ਦੀ ਥੱਬੀ ਵਿਚੋਂ ਵਾਧੂ ਮੰਗੇ ਡੇਢ ਹਜ਼ਾਰ ਰੁਪਏ ਕੱਢ ਕੇ ਉਨ੍ਹਾਂ ਨੂੰ ਫੜ੍ਹਾ ਦਿੰਦਾ ਹਾਂ...।



*ਪਾਕਿਸਤਾਨ ਵਿਚ ਚਿਰਾਂ ਦੇ ਵਿਛੜਿਆਂ ਦੇ ਮੇਲ ਦੀ ਝਲਕ।*

***ਅਲਫਦੀਨ ਨੂੰ ਵੇਖਦਿਆਂ ਮੈਨੂੰ ਉਹ ਆਦਮੀ ਯਾਦ ਆਉਣ ਲੱਗਦਾ, ਜਿਸ ਨੇ ਮੇਰੇ ਮਾਂ-ਬਾਪ ਨੂੰ ਫਸਾਦਾਂ ਦੇ ਸਮੇਂ ਸਰਹੱਦ ਦੇ ਇਸ ਪਾਸੇ ਪਹੁੰਚਾਉਣ ਵਿਚ ਸਹਾਇਤਾ ਕੀਤੀ ਸੀ। ਜਦੋਂ 'ਉਸ ਪਾਸੇ' ਫਸਾਦ ਬਹੁਤ ਵਧ ਗਏ ਅਤੇ ਪਿੰਡਾਂ ਦੇ ਪਿੰਡ ਲੁੱਟੇ-ਸਾੜੇ ਜਾਣ ਲੱਗੇ, ਤਾਂ ਮੇਰੇ ਬਾਪ ਦੇ ਉਸ ਦੋਸਤ ਨੇ ਆ ਕਿਹਾ ਸੀ, "ਮਲਕੀਤ ਸਿੰਘ, ਹੁਣ ਖਤਰਾ ਬਹੁਤ ਵਧ ਗਿਆ ਹੈ। ਜੇ ਧਾੜਵੀ ਆ ਗਏ ਤਾਂ ਮੈਂ ਤੁਹਾਡੀ ਮਦਦ ਨਹੀਂ ਕਰ ਸਕਾਂਗਾ... ਤੂੰ ਆਪਣਾ ਬਹੁਤ ਘੱਟ ਸਮਾਨ ਲੈ ਕੇ ਤਿਆਰ ਹੋ ਜਾ। ਮੈਂ ਆਪਣਾ ਗੱਡਾ ਤਿਆਰ ਰੱਖਾਂਗਾ। ਗੱਡੇ ਦੇ ਥੱਲੇ ਜਿਹੇ ਕੁਝ ਚੀਜ਼ਾਂ ਲੁਕਾ ਲੈਣ ਦਾ ਵੀ ਪ੍ਰਬੰਧ ਮੈਂ ਕਰ ਲਵਾਂਗਾ। ਅਸੀਂ ਮੂੰਹ ਹਨੇਰੇ ਨਿਕਲ ਜਾਵਾਂਗੇ...।"***

***ਸਹਿਮੇ ਸਹਿਮੇ, ਲੁਕਦੇ ਲੁਕਾਂਦੇ ਅਸੀਂ ਸੁੰਨਸਾਨ ਜਿਹੀਆਂ ਗਲੀਆਂ ਵਿਚੋਂ ਨਿਕਲ ਰਹੇ ਸਾਂ ਕਿ ਮੰਦਿਰ ਵੇਖ ਕੇ ਉਸ ਵਿਚ ਜਾ ਵੜੇ। ਮੇਰੀ ਘਰ ਵਾਲੀ ਆਪਣੀਆਂ ਗੁਆਂਢਣਾਂ ਨਾਲ ਦਿਨ-ਤਿਉਹਾਰ ਮੌਕੇ ਇਸ ਮੰਦਿਰ ਆਇਆ ਜਾਇਆ ਕਰਦੀ ਸੀ। ਪੁਜਾਰੀ ਪਛਾਣਦਾ ਵੀ ਸੀ, ਪਰ ਉਸ ਨੇ ਸਾਨੂੰ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ। ਗਲੀਆਂ ਵਿਚੋਂ ਬਚ ਬਚ ਕੇ ਮੂੰਹ ਲੁਕਾਈ ਨਿਕਲਦਿਆਂ, ਘਰਾਂ ਦੇ ਬਾਹਰ ਖੜ੍ਹੇ ਆਦਮੀ-ਤੀਵੀਆਂ ਸਾਨੂੰ ਇਸ ਤਰ੍ਹਾਂ ਦੀ ਨਜ਼ਰ ਨਾਲ ਤੱਕ ਰਹੇ ਸਨ, ਜਿਵੇਂ ਅਸੀਂ ਬਲੀ ਦੇ ਬੱਕਰੇ ਹਾਂ, ਜਿਨ੍ਹਾਂ ਨੂੰ ਕੁਝ ਦੇਰ ਬਾਅਦ ਜ਼ਿਬਾਹ ਕਰ ਦਿੱਤਾ ਜਾਵੇਗਾ। ਬੱਕਰੇ ਤੇ ਸਾਡੇ ਵਿਚਕਾਰ ਫਰਕ ਇਹ ਸੀ ਕਿ ਬੱਕਰੇ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ।***

# ਜੜ੍ਹਾਂ ਦਾ ਮਾਣ

***ਵਰਿਆਮ ਸਿੰਘ ਸੰਧੂ ਪੰਜਾਬੀ ਦਾ ਜ਼ਹੀਨ ਕਹਾਣੀਕਾਰ ਹੈ। ਪੇਂਡੂ ਪਿੱਠਭੂਮੀ 'ਤੇ ਲਿਖੀਆਂ ਉਸ ਦੀਆਂ ਕਹਾਣੀਆਂ ਵਿਚ ਲੋਕ ਦਰਦ ਡੁਲ੍ਹ ਡੁਲ੍ਹ ਪੈਂਦਾ ਹੈ। ਪਹਿਲਾਂ ਉਸ ਨੇ ਨਕਸਲੀ ਲਹਿਰ ਅਤੇ ਫਿਰ ਖਾੜਕੂ ਲਹਿਰ ਦਾ ਸੇਕ ਆਪਣੇ ਪਿੰਡੇ 'ਤੇ ਹੰਢਾਇਆ। ਪਾਠਕ ਜਿਉਂ ਕਹਾਣੀ ਪੜ੍ਹਨੀ ਸ਼ੁਰੂ ਕਰਦਾ ਹੈ ਤਾਂ ਬਸ ਇਸ ਵਹਿਣ ਵਿਚ ਹੀ ਵਹਿ ਜਾਂਦਾ ਹੈ। ਇਸ ਲੇਖ ਲੜੀ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਕੁਝ ਪੱਤਰੇ ਫੋਲੇ ਹਨ, ਜੋ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। ਪੇਸ਼ ਹੈ ਇਸ ਲੇਖ ਲੜੀ ਦੀ ਤੀਜੀ ਤੇ ਆਖਰੀ ਕਿਸ਼ਤ। -ਸੰਪਾਦਕ***

## ਹੱਸਣ ਦੀ ਜਾਚ

ਤੇ ਫਿਰ ਜਿਵੇਂ ਮੈਂ ਮੁੱਢ ਵਿਚ ਜ਼ਿਕਰ ਕਰ ਆਇਆਂ; ਇਕ ਦਿਨ ਬੀਬੀ ਮੇਰੇ ਕੋਲ ਜਲੰਧਰ ਆਈ। ਚਿਹਰਾ ਉਤਰਿਆ ਹੋਇਆ ਤੇ ਡਾਢਾ ਉਦਾਸ ਸੀ। ਅੱਖਾਂ ਡੁੱਲ੍ਹਣ ਡੁੱਲ੍ਹਣ ਕਰਦੀਆਂ ਸਨ। ਪੁੱਛਣ 'ਤੇ ਰੋਣ ਲੱਗੀ। ਕਹਿੰਦੀ, "ਤੇਰੇ ਮਾਮੇ ਹਰਦੀਪ ਨੂੰ ਪਰਸੋਂ ਤਕਾਲੀਂ ਪੁਲਿਸ ਨੇ ਚੁੱਕ ਲਿਆ। ਪਹਿਲਾਂ ਤਾਂ ਪਤਾ ਨਹੀਂ ਸੀ ਲੱਗਦਾ ਕਿ ਕਿੱਥੇ ਲੈ ਗਏ ਨੇ। ਬੜੀ ਭੱਜ ਦੌੜ ਪਿੱਛੋਂ ਅੱਜ ਸਵੇਰੇ ਪਤਾ ਲੱਗੈ ਕਿ ਅੰਬਰਸਰ ਮਾਲ-ਮੰਡੀ ਵਿਚ ਉਹਦਾ ਕੁੱਟ ਕੁੱਟ ਕੇ ਬੁਰਾ ਹਾਲ ਕੀਤਾ ਪਿਆ ਨੇ। ਘਰਦਿਆਂ ਜਿੱਥੇ ਜਿੱਥੇ ਜੋਰ ਪੈਂਦਾ ਸੀ ਪਾ ਕੇ ਵੇਖ ਲਿਐ। ਛੱਡਣ-ਛੁਡਾਉਣ ਵਾਲੀ ਗੱਲ ਤਾਂ ਦੂਰ; ਅੰਦਰੋਂ ਕਿਸੇ ਆਪਣੇ ਬੰਦੇ ਨੇ ਦੱਸਿਐ ਕਿ 'ਪੁੱਛ-ਗਿੱਛ ਕਰਕੇ ਅਗਲਿਆਂ ਅੱਜ ਜਾਂ ਕੱਲ੍ਹ ਮੁਕਾਬਲਾ ਬਣਾ ਕੇ ਮਾਰ ਦੇਣੈ। ਜੇ ਕੁੱਝ ਕਰ ਸਕਦੇ ਓ ਤਾਂ ਕਰ ਲਓ।' ਹੁਣ ਤਾਂ ਤੂੰ ਹੀ ਉਹਨੂੰ ਬਚਾ ਸਕਦੈਂ। ਆਹ ਹੱਥ ਜੋੜੇ, ਪਿਛਲੀਆਂ ਗੱਲਾਂ ਭੁੱਲ ਕੇ ਤੂੰ ਕੋਈ ਚਾਰਾ ਕਰ; ਤੂੰ ਕਰ ਸਕਦਾ ਏਂ!"



ਮੈਂ ਵੀ ਪ੍ਰੇਸ਼ਾਨ ਹੋ ਗਿਆ। ਮੈਂ ਭਲਾ ਕੀ ਕਰ

**ਵਰਿਆਮ ਸੰਧੂ**
e-mail: waryamsandhu@gmail.com

ਸਕਦਾ ਸਾਂ! ਕਿਸੇ ਸਿਆਸੀ ਆਗੂ ਜਾਂ ਕਿਸੇ ਵੱਡੇ ਪੁਲਿਸ ਅਫਸਰ ਤੱਕ ਮੇਰੀ ਤਾਂ ਕਿਤੇ ਦੂਰ ਦੂਰ ਤੱਕ ਪਹੁੰਚ ਨਹੀਂ ਸੀ। ਇਸ ਤਰ੍ਹਾਂ ਦੀ ਪਹੁੰਚ ਬਣਾਉਣੀ ਮੇਰੇ ਸੁਭਾ ਦਾ ਕਦੀ ਹਿੱਸਾ ਹੀ ਨਹੀਂ ਸੀ ਰਹੀ। ਮੈਂ ਕਿਸੇ ਨੂੰ ਪੁਲਿਸ ਤੋਂ ਤਾਂ ਕੀ ਛੁਡਾਉਣਾ ਸੀ, ਮੈਨੂੰ ਤਾਂ ਕਿਸੇ ਨਾ ਕਿਸੇ ਬਹਾਨੇ ਅੱਜ ਤੱਕ ਪੁਲਿਸ ਆਪ ਫੜ੍ਹਨ ਆਉਂਦੀ ਰਹੀ ਸੀ। ਇਹਦੇ ਨਾਲ ਰਲਦੇ ਮਿਲਦੇ ਮਾਮਲੇ ਵਿਚ ਸਾਲ ਕੁ ਪਹਿਲਾਂ ਮੈਂ ਆਪਣਾ ਤਾਣ ਲਾ ਕੇ ਵੇਖ ਵੀ ਚੁੱਕਾ ਸਾਂ। ਮੇਰੀ ਪਤਨੀ ਦੇ ਭਣੇਵੇਂ ਨੂੰ ਪੁਲਿਸ ਫੜ੍ਹਨ ਆਉਣ ਲੱਗੀ ਤਾਂ ਡਰਦਿਆਂ ਉਹ ਆਪਣੇ ਨਾਨਕੇ ਝਬਾਲ ਆ ਬੈਠਾ। ਮੇਰੀ ਪਤਨੀ ਦੀ ਭੈਣ ਵੀ ਇਸ ਤਰ੍ਹਾਂ ਹੀ ਮੈਨੂੰ ਰਸੂਖ ਵਾਲਾ ਬੰਦਾ ਸਮਝ ਕੇ ਮੇਰੇ ਕੋਲ ਆਈ ਅਤੇ ਤਰਲਾ ਲਿਆ ਕਿ ਮੈਂ ਉਸ ਦੇ ਮੁੰਡੇ ਨੂੰ ਕਿਸੇ ਵੱਡੇ ਪੁਲਿਸ ਅਫਸਰ ਰਾਹੀਂ ਪੇਸ਼ ਕਰਾ ਦਿਆਂ; ਉਹ ਉਸ ਨੂੰ ਮਾਰਨ ਨਾ, ਕੋਈ ਕੇਸ ਪਾ ਕੇ ਅੰਦਰ ਭਾਵੇਂ ਕਰ ਦੇਣ।

ਇੱਕ ਸਮਰੱਥ ਤੇ ਪ੍ਰਭਾਵਸ਼ਾਲੀ ਵੱਡਾ ਪੁਲਿਸ ਅਫਸਰ ਮੇਰੇ ਦੋਸਤ ਦਾ ਅਗਾਂਹ ਦੋਸਤ ਸੀ। ਮੈਂ ਆਪਣੇ ਦੋਸਤ ਦੀ ਮਿੰਨਤ ਕੀਤੀ ਤਾਂ ਉਸ ਨੇ ਪੁਲਿਸ ਅਫਸਰ ਨਾਲ ਗੱਲ ਕਰਨ ਦੀ ਹਾਮੀ ਤਾਂ ਭਰੀ, ਪਰ ਨਾਲ ਹੀ ਮੈਨੂੰ ਚੇਤਾਵਨੀ ਵੀ ਦਿੱਤੀ ਕਿ ਮਾਪੇ ਤਾਂ ਆਪਣੇ ਬੱਚਿਆਂ ਨੂੰ ਬੇਕਸੂਰ ਹੀ ਆਖਦੇ ਹੁੰਦੇ ਨੇ। ਅਸਲ ਵਿਚ ਪਤਾ ਨਹੀਂ ਮੁੰਡੇ ਦਾ ਅਪਰਾਧ ਕਿਹੋ ਜਿਹਾ ਹੋਵੇ। ਕੱਲ੍ਹ ਕਲੋਤਰ ਨੂੰ ਜੇ ਅਸੀਂ ਮੁੰਡੇ ਨੂੰ ਪੇਸ਼ ਕਰਾ ਵੀ ਦੇਈਏ ਤੇ ਪੁਲਿਸ ਵਾਲੇ ਅੱਗੋਂ ਕੋਈ ਕਾਰਾ ਦੇਣ ਤਾਂ ਆਪਾਂ ਉਨ੍ਹਾਂ ਦਾ ਭਲਾ ਕਰਦੇ ਕਰਦੇ ਵੱਡੇ ਗੁਨਾਹਗਾਰ ਨਾ ਬਣ ਜਾਈਏ! ਅਜਿਹੇ ਸਮਿਆਂ ਵਿਚ ਪੁਲਿਸ 'ਤੇ ਕੀ ਇਤਬਾਰ ਕੀਤਾ ਜਾ ਸਕਦਾ ਹੈ!

ਮੈਂ ਸਚਮੁਚ ਡਰ ਗਿਆ ਤੇ ਖਾਮੋਸ਼ ਹੋ ਗਿਆ। ਥੋੜ੍ਹੇ ਚਿਰ ਪਿਛੋਂ ਮੇਰੀ ਪਤਨੀ ਦੇ ਭਣੇਵੇਂ ਨੂੰ ਪੁਲਿਸ ਨੇ ਪਰਿਵਾਰ ਦੇ ਜੀਆਂ ਦੇ ਸਾਹਮਣੇ ਕਾਬੂ ਕਰ ਲਿਆ। ਕੁੱਟ ਕੁੱਟ ਕੇ ਲੱਤਾਂ-ਬਾਹਾਂ ਤੋੜ ਦਿੱਤੀਆਂ ਤੇ ਫਿਰ ਚਾਦਰ ਵਿਚ ਉਹਦੇ ਭੱਜੇ-ਟੁੱਟੇ ਜਿਸਮ ਦੀ ਪੰਡ ਬੰਨ੍ਹ ਕੇ ਜੀਪ ਵਿਚ ਸੁੱਟ ਲਿਆ। ਨਾ ਇਲਾਕੇ ਦੀ ਪੁਲਿਸ ਤੇ ਨਾ ਸੀ ਆਰ ਪੀ ਉਸ ਨੂੰ ਚੁੱਕਣ ਬਾਰੇ ਮੰਨੀ। ਆਖਣ, ਸਾਨੂੰ ਤਾਂ ਪਤਾ ਹੀ ਕੋਈ ਨਹੀਂ! ਕੋਈ ਸੂਹ ਨਾ ਮਿਲੀ, ਕਿੱਥੋਂ ਦੀ ਪੁਲਿਸ ਸੀ ਤੇ ਕਿੱਥੇ ਲੈ ਗਈ? ਕੋਈ ਉਘ-ਸੁੱਘ ਨਾ ਮਿਲੀ। ਅਸੀਂ ਰਲ-ਮਿਲ ਕੇ ਬਥੇਰੀਆਂ ਟੱਕਰਾਂ ਮਾਰੀਆਂ ਪਰ ਕੁਝ ਨਾ ਬਣਿਆ। ਪਤਾ ਕੀ ਲੱਗਣਾ ਸੀ! ਉਸ ਨੂੰ ਤਾਂ ਅਗਲਿਆਂ ਅਣਪਛਾਤੀਆਂ ਲਾਸ਼ਾਂ ਦਾ ਹਿੱਸਾ ਬਣਾ ਦਿੱਤਾ ਸੀ।

ਮੈਂ ਕੁਝ ਵੀ ਨਾ ਕਰ ਸਕਣ ਵਾਲੀ ਆਪਣੀ ਸਥਿਤੀ ਬਾਰੇ ਬੀਬੀ ਨੂੰ ਸਮਝਾਇਆ ਤਾਂ ਉਹ ਕਹਿੰਦੀ, "ਨਹੀਂ, ਤੂੰ ਕਰ ਸਕਦੈਂ। ਜਿਹੜਾ ਐਸ ਐਸ ਪੀ ਅੰਬਰਸਰ ਲੱਗੈ, ਉਹ ਪਿੱਛੋਂ ਆਪਣੇ ਪਿੰਡ ਸੁਰ ਸਿੰਘ ਦਾ ਹੀ ਐ। ਉਹਦੇ ਵੱਡੇ ਭਾਵੇਂ ਪਾਕਿਸਤਾਨ ਬਣਨ ਤੋਂ ਪਹਿਲਾਂ ਈ ਕਿਤੇ ਅੱਗੇ ਜਾ ਵੱਸੇ ਸਨ ਪਰ ਉਹ ਹੁਣ ਵੀ ਆਪਣੇ ਪਿੰਡ ਦੇ ਲੋਕਾਂ ਦੀ ਬੜੀ ਦੀਦ ਕਰਦੈ। ਆਪਣੇ ਪਿੰਡ ਦਾ ਜਿਹੜਾ ਬੰਦਾ ਵੀ ਉਸ ਕੋਲ ਜਾਵੇ ਉਹ ਉਹਦਾ ਕੰਮ ਜ਼ਰੂਰ ਕਰਦੈ। ਮੈਨੂੰ ਮੋਤਾ ਸਿੰਘ ਨੇ ਆਖਿਐ ਕਿ ਜੇ ਤੂੰ ਜਾ ਕੇ ਮਿਲੇਂ ਤਾਂ ਉਹ ਤੇਰਾ ਆਖਾ ਨਹੀਂ ਮੋੜਨ ਲੱਗਾ। ਦੂਜੀ ਗੱਲ, ਤੂੰ ਉਹਨੂੰ ਕਰਤਾਰ ਕੋਲੋਂ ਵੀ ਅਖਵਾ ਸਕਦੈਂ।"

ਮੈਂ ਹੁਣ ਤੱਕ ਹਨੇਰੀ ਸੁਰੰਗ ਅੱਗੇ ਖਲੋਤਾ ਸਾਂ, ਬੀਬੀ ਨੇ ਮੇਰੇ ਅੱਗੇ ਨਿੱਕੀ ਜਿਹੀ ਮੋਮਬੱਤੀ ਬਾਲ ਧਰੀ ਸੀ। ਮੋਤਾ ਸਿੰਘ ਮੇਰੇ ਪਿਤਾ ਦਾ ਪੁਰਾਣਾ ਯਾਰ ਸੀ। ਪਹਿਲਾਂ ਇਹ ਪੁਲਿਸ ਅਫਸਰ ਕਿਸੇ ਹੋਰ ਥਾਂ ਲੱਗਾ ਸੀ ਤੇ ਮੋਤਾ ਸਿੰਘ ਉਸ ਕੋਲ ਬਾਬੇ ਬਿਧੀ ਚੰਦੀਆਂ ਦੇ ਕਿਸੇ ਕੰਮ ਗਿਆ ਸੀ; ਉਸ ਤੋਂ ਬਾਅਦ ਉਹਨੇ ਆਪ ਵੀ ਇੱਕ-ਦੋ ਨਿੱਕੇ ਮੋਟੇ ਕੰਮ ਉਸ ਕੋਲੋਂ ਲਏ ਸਨ। ਮੋਤਾ ਸਿੰਘ ਨੇ ਇੱਕ ਵਾਰ ਪਿੰਡ ਗਏ ਨੂੰ ਮੈਨੂੰ ਦੱਸਿਆ ਵੀ ਸੀ ਕਿ ਉਹ ਅਫਸਰ ਕਿਵੇਂ ਆਪਣੇ ਪਿੰਡ ਵਾਲੇ ਲੋਕਾਂ ਦਾ ਮਾਣ ਰੱਖਦਾ ਹੈ!

ਪਰ ਬਿਨਾ ਕਿਸੇ ਜਾਣ-ਪਛਾਣ ਮੇਰੇ ਵਰਗੇ 'ਹਮਾਤੜ' ਨੂੰ ਅੱਜ ਕੱਲ੍ਹ ਕਿਸੇ ਵੱਡੇ ਪੁਲਿਸ ਅਫਸਰ ਦੇ ਨੇੜੇ ਕੋਈ ਕਦੋਂ ਜਾਣ ਦੇਣ ਲੱਗਾ ਸੀ! ਮੇਰੇ ਇਸ ਕੰਮ ਵਿਚ ਕਰਤਾਰ ਸਹਾਈ ਹੋ ਸਕਦਾ ਸੀ। ਏਸ਼ੀਆਈ ਕੁਸ਼ਤੀਆਂ ਦਾ ਜੇਤੂ ਤੇ ਮੇਰਾ ਗਰਾਈਂ ਪਹਿਲਵਾਨ ਕਰਤਾਰ ਸਿੰਘ ਆਪ ਵੀ ਆਈ ਪੀ ਐਸ ਅਧਿਕਾਰੀ ਸੀ। ਦੋਵਾਂ ਪੁਲਿਸ ਅਫਸਰਾਂ 'ਚ ਪਿੰਡ ਦੀ ਸਾਂਝ ਦੇ ਨਾਲ ਨਾਲ ਇਕੋ ਮਹਿਕਮੇ ਅਤੇ ਇੱਕੋ ਰੈਂਕ ਦੇ ਹੋਣ ਕਰਕੇ ਵੀ ਜ਼ਰੂਰ ਨੇੜਤਾ ਹੋਵੇਗੀ। ਕਰਤਾਰ ਮੈਨੂੰ ਵੱਡੇ ਭਰਾਵਾਂ ਜਿਹਾ ਮਾਣ ਦਿੰਦਾ ਹੈ। ਮੈਂ ਫੋਨ ਮਿਲਾਇਆ। ਉਸ ਨੂੰ ਆਖਿਆ ਕਿ ਉਹ ਮੇਰੇ ਬਾਰੇ ਅੰਮ੍ਰਿਤਸਰ ਦੇ ਐਸ ਐਸ ਪੀ ਨੂੰ ਦੱਸ ਕੇ ਸਵੇਰੇ ਉਸ ਕੋਲੋਂ ਮੈਨੂੰ ਮਿਲਣ ਦਾ ਸਮਾਂ ਲੈ ਦੇਵੇ ਤੇ ਮੇਰੀ ਗੱਲ ਹਮਦਰਦੀ ਨਾਲ ਸੁਣਨ ਦੀ ਸਿਫਾਰਿਸ਼ ਵੀ ਕਰ ਦੇਵੇ। ਕਰਤਾਰ ਨੇ ਕੁਝ ਚਿਰ ਬਾਅਦ ਮੈਨੂੰ ਫੋਨ ਕਰਕੇ ਦੱਸਿਆ ਕਿ ਉਸ ਨੇ ਐਸ ਐਸ ਪੀ ਨਾਲ ਗੱਲ ਕਰ ਲਈ ਹੈ। ਮੈਂ ਸਵੇਰੇ ਦਸ ਵਜੇ ਉਸ ਨੂੰ ਉਹਦੀ ਕੋਠੀ 'ਤੇ ਜਾ ਕੇ ਮਿਲ ਲਵਾਂ।

"ਉਹ ਤੁਹਾਨੂੰ ਪਹਿਲਾਂ ਈ ਜਾਣਦੈ। ਮੈਂ ਵੀ ਤੁਹਾਡੇ ਬਾਰੇ ਉਸ ਨੂੰ ਚੰਗੀ ਤਰ੍ਹਾਂ ਦੱਸ ਦਿੱਤਾ ਹੈ।" ਕਰਤਾਰ ਮੇਰੀ ਝਿਜਕ ਦੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਐਸ ਐਸ ਪੀ ਨੂੰ ਮਿਲਣ ਲਈ ਮੈਂ ਅੰਮ੍ਰਿਤਸਰ ਰਹਿੰਦੇ ਆਪਣੇ ਪੱਤਰਕਾਰ ਦੋਸਤ ਦੀ ਮਦਦ ਲੈਣ ਬਾਰੇ ਸੋਚਦਿਆਂ ਉਸ ਨੂੰ ਵੀ ਫੋਨ ਕੀਤਾ ਤਾਂ ਉਸ ਦੱਸਿਆ ਕਿ ਐਸ ਐਸ ਪੀ ਉਸ ਦਾ ਜਾਣੂ ਹੈ। ਉਹ ਜ਼ਰੂਰ ਮੇਰੇ ਨਾਲ ਜਾਵੇਗਾ।

ਮੈਂ ਬੀਬੀ ਨੂੰ ਕਿਹਾ ਕਿ ਉਹ ਹੁਣੇ ਜਾਵੇ ਤੇ ਵੱਡੇ ਮਾਮੇ ਨੂੰ ਆਖੇ ਕਿ ਉਹ ਸਵੇਰੇ ਨੌਂ ਵਜੇ ਤੱਕ ਪੱਤਰਕਾਰ ਦੀ ਰਿਹਾਇਸ਼ 'ਤੇ ਪਹੁੰਚ ਜਾਣ।

ਸਾਰੀ ਰਾਤ ਮੈਂ ਗਿਣਤੀਆਂ-ਮਿਣਤੀਆਂ ਵਿਚ ਪਿਆ ਰਿਹਾ। ਮੈਨੂੰ ਮਾਮੇ ਦੇ ਤਲਖ ਬੋਲ ਅਤੇ ਮਾਰਨ ਦੀਆਂ ਧਮਕੀਆਂ ਭੁੱਲ ਗਈਆਂ ਸਨ। ਮੈਂ ਬਚਪਨ ਤੋਂ ਲੈ ਕੇ ਹੁਣ ਤੱਕ ਆਪਣੇ ਰਿਸ਼ਤੇ ਦੀਆਂ ਮੁਹੱਬਤੀ ਤੰਦਾਂ ਨੂੰ ਖੋਲ੍ਹਦਾ ਬੰਨ੍ਹਦਾ ਰਿਹਾ। ਕਦੀ ਕਦੀ ਮੈਨੂੰ ਅਰਧ-ਸੁੱਤੇ ਨੂੰ ਖਿਆਲ ਆਉਂਦਾ ਕਿ ਮਾਮੇ ਦੀ ਗੋਲੀਆਂ ਵਿੰਨ੍ਹੀ ਲਾਸ਼ ਮੇਰੇ ਸਾਹਮਣੇ ਪਈ ਹੈ ਤੇ ਚੀਕ-ਚਿਹਾੜਾ ਮੱਚਿਆ ਹੋਇਆ ਹੈ। ਬੀਬੀ ਦੀਆਂ ਅੱਥਰੂਆਂ ਭਰੀਆਂ ਅੱਖਾਂ ਮੈਨੂੰ ਉਲ੍ਹਾਮਾ ਦਿੰਦੀਆਂ ਜਾਪਦੀਆਂ। ਮੈਂ ਡਰ ਕੇ ਕੰਬਿਆ। ਕਿਤੇ ਉਨ੍ਹਾਂ ਨੇ ਅੱਜ ਰਾਤ ਹੀ ਉਸ ਦਾ ਮੁਕਾਬਲਾ ਨਾ ਬਣਾ ਦਿੱਤਾ ਹੋਵੇ!

ਉਹ ਦਿਨ ਹੀ ਅਜਿਹੇ ਸਨ। ਪੁਲਿਸ ਪੂਰੇ ਜ਼ੋਰ ਤੇ ਜੋਸ਼ ਵਿਚ ਸੀ ਅਤੇ ਚੁਣ ਚੁਣ ਕੇ 'ਅਤਿਵਾਦੀਆਂ' ਨੂੰ ਮਾਰ ਰਹੀ ਸੀ।

ਸਵੇਰੇ ਮੈਂ ਪੱਤਰਕਾਰ ਦੋਸਤ ਦੀ ਰਿਹਾਇਸ਼ 'ਤੇ ਪੁੱਜਾ ਤਾਂ ਵੱਡਾ ਮਾਮਾ ਗੁਰਦੀਪ ਤੇ ਉਸ ਦਾ ਇੱਕ ਸਾਥੀ ਪਹਿਲਾਂ ਹੀ ਪਹੁੰਚੇ ਹੋਏ ਸਨ। ਪੱਤਰਕਾਰ ਦੋਸਤ ਘਰ ਇਕੱਲਾ ਹੀ ਸੀ। ਮੈਂ ਸਾਰੀ ਹਕੀਕਤ ਦੱਸੀ ਤਾਂ ਉਹ ਕਹਿੰਦਾ, ਉਹ ਹਰਦੀਪ ਸਿੰਘ ਖਾਲਸਾ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਹੈ। ਖਾਲਸਾ ਉਸ ਕੋਲ ਅਕਸਰ ਖਾੜਕੂਆਂ ਦੀਆਂ ਖ਼ਬਰਾਂ ਲੈ ਕੇ ਆਉਂਦਾ ਰਿਹਾ ਹੈ। ਉਸ ਨੇ ਕੁਝ ਚਿਰ ਪਹਿਲਾਂ ਪੱਤਰਕਾਰਾਂ ਦੀ ਟੋਲੀ ਦੀ ਖਾੜਕੂਆਂ ਨਾਲ ਕਿਸੇ ਗੁਪਤ ਥਾਂ ਮੀਟਿੰਗ ਵੀ ਕਰਵਾਈ ਸੀ।

ਮੈਂ ਉਸ ਨੂੰ ਐਸ ਐਸ ਪੀ ਨਾਲ ਕਰਤਾਰ ਦੀ ਹੋਈ ਗੱਲਬਾਤ ਬਾਰੇ ਵੀ ਦੱਸਿਆ ਅਤੇ ਆਪਣੇ ਪਿੰਡ ਦੀ ਸਾਂਝ ਬਾਰੇ ਵੀ। ਵੱਡੇ ਮਾਮੇ ਨੇ ਆਪਣੇ ਸੂਤਰਾਂ ਤੋਂ ਮਿਲੀ ਰਿਪੋਰਟ ਵੀ ਸਾਂਝੀ ਕੀਤੀ ਕਿ ਕਿਵੇਂ ਅੱਜ-ਭਲਕ ਹੀ ਉਸ ਦਾ ਮੁਕਾਬਲਾ ਬਣਾ ਦੇਣ ਦਾ ਖਦਸ਼ਾ ਹੈ! ਉਹ ਤਾਂ ਡਰਦੇ ਸਨ ਕਿ ਹੋ ਸਕਦਾ ਹੈ, ਰਾਤੀਂ ਹੀ ਭਾਣਾ ਵਰਤ ਗਿਆ ਹੋਵੇ!

ਪੱਤਰਕਾਰ ਮਿੱਤਰ ਨੇ ਐਸ ਐਸ ਪੀ ਨੂੰ ਫੋਨ ਮਿਲਾਇਆ ਤੇ ਮੇਰੇ ਆਉਣ ਬਾਰੇ ਦੱਸਿਆ।

ਅਸੀਂ ਦਸ ਵਜੇ ਐਸ ਐਸ ਪੀ ਦੀ ਕੋਠੀ ਪਹੁੰਚੇ। ਗੇਟ ਤੇ ਬੈਠੀ ਪੁਲਿਸ ਦੀ ਟੁਕੜੀ ਨੇ ਦੱਸਿਆ ਕਿ 'ਸਾਹਿਬ ਘਰ ਨਹੀਂ ਹਨ!' ਅਸੀਂ ਉਨ੍ਹਾਂ ਨੂੰ 'ਸਾਹਿਬ' ਕੋਲੋਂ ਮਿਲਣ ਦਾ ਟਾਈਮ ਲਿਆ ਹੋਣ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਅੰਦਰ ਫੋਨ ਕਰਕੇ ਪੁਸ਼ਟੀ ਕੀਤੀ ਤੇ ਸਾਡੇ ਲੰਘਣ ਲਈ ਦਰਵਾਜ਼ਾ ਖੋਲ੍ਹ ਦਿੱਤਾ। ਮਾਮੇ ਹੁਰਾਂ ਨੂੰ ਬਾਹਰ ਛੱਡ ਕੇ ਅਸੀਂ ਦੋਵੇਂ ਅੰਦਰ ਚਲੇ ਗਏ। ਨਾਲ ਗਏ ਪੁਲਿਸ ਮੁਲਾਜ਼ਮ ਨੇ ਸਾਨੂੰ ਦਫਤਰ ਵਿਚ ਬਿਠਾ ਦਿੱਤਾ। ਪੰਜ ਕੁ ਮਿੰਟ ਪਿੱਛੋਂ ਐਸ ਐਸ ਪੀ ਦਫਤਰ ਵਿਚ ਪਿਛੇ ਖੁੱਲ੍ਹਦੇ ਦਰਵਾਜ਼ੇ ਵਿਚੋਂ ਅੰਦਰ ਆਇਆ।

ਉਹ ਦਰਮਿਆਨੇ ਕੱਦ ਦਾ ਕਲੀਨ-ਸ਼ੇਵਨ ਜਵਾਨ ਸੀ। ਉਸ ਨੇ ਲੱਕ ਨਾਲ ਰੀੜ੍ਹ ਦੀ ਹੱਡੀ ਨੂੰ ਸਿੱਧਾ ਰੱਖਣ ਵਾਲੀ ਪੇਟੀ ਬੱਧੀ ਹੋਈ ਸੀ ਤੇ ਹੌਲੀ ਹੌਲੀ ਤੁਰ ਰਿਹਾ ਸੀ। ਸ਼ਾਇਦ ਉਸ ਦਾ ਲੱਕ ਦਰਦ ਕਰਦਾ ਸੀ। ਅਸੀਂ ਉਠ ਕੇ 'ਸਤਿ ਸ੍ਰੀ ਆਕਾਲ' ਆਖੀ ਤੇ ਉਸ ਦੇ ਇਸ਼ਾਰੇ 'ਤੇ ਵੱਡੇ ਮੇਜ਼ ਦੇ ਉਰਾਰ ਕੁਰਸੀਆਂ 'ਤੇ ਬੈਠ ਗਏ। ਉਸ ਨੇ ਕੁਰਸੀ 'ਤੇ ਬਹਿੰਦਿਆਂ ਸਾਡੇ ਵੱਲ ਵੇਖਿਆ। ਉਹਦਾ ਚਿਹਰਾ ਭਾਵ-ਰਹਿਤ ਸੀ। ਪਹਿਲੀ ਨਜ਼ਰੇ ਹੀ ਮੈਨੂੰ ਜਾਪਿਆ ਕਿ ਮੈਂ ਗ਼ਲਤ ਥਾਂ 'ਤੇ ਆ ਗਿਆ ਹਾਂ। ਇਥੇ ਮੇਰੀ ਕੁਝ ਨਹੀਂ ਵੱਟੀ ਜਾਣੀ। ਪੱਤਰਕਾਰ ਨੂੰ ਤਾਂ ਉਹ ਪਹਿਲਾਂ ਹੀ ਜਾਣਦਾ ਸੀ। ਪੱਤਰਕਾਰ ਨੇ ਆਪਣਾ ਫਰਜ਼ ਨਿਭਾਉਂਦਿਆਂ ਮੇਰੀ ਜਾਣ-ਪਛਾਣ ਕਰਾਈ ਤੇ ਮੈਨੂੰ ਪੰਜਾਬੀ ਦਾ 'ਨਾਮਵਰ' ਲੇਖਕ ਆਖ ਕੇ ਵਡਿਆਇਆ। ਅਕਸਰ ਮੈਂ ਆਪਣੀ ਅਜਿਹੀ ਪ੍ਰਸ਼ੰਸਾ ਸੁਣ ਕੇ ਸੰਗ ਜਾਂਦਾ ਹਾਂ ਪਰ ਉਸ ਦਿਨ ਮੈਨੂੰ ਪੱਤਰਕਾਰ ਵੱਲੋਂ ਆਪਣੀ ਪ੍ਰਸ਼ੰਸਾ ਚੰਗੀ ਲੱਗੀ। ਇਸ ਪ੍ਰਸ਼ੰਸਾ ਨੇ ਇਸ ਕਮਰੇ ਵਿਚ ਮੇਰੀ ਹੋਂਦ ਨੂੰ ਅਰਥਵਾਨ ਬਣਾਉਣਾ ਸੀ ਤੇ ਆਪਣੀ ਗੱਲ ਕਹਿਣ ਜੋਗੀ ਸ਼ਨਾਖਤ ਤੇ ਤਾਕਤ ਦੇਣੀ ਸੀ।

ਪੱਤਰਕਾਰ ਨੇ ਨਾਲ ਇਹ ਵੀ ਜੋੜ ਦਿੱਤਾ, "ਰਾਤੀਂ ਪਹਿਲਵਾਨ ਕਰਤਾਰ ਸਿੰਘ ਹੋਰਾਂ ਵੀ ਤੁਹਾਡੇ ਨਾਲ ਇਨ੍ਹਾਂ ਬਾਰੇ ਗੱਲ ਕੀਤੀ ਹੋਣੀ ਹੈ!" ਉਸ ਨੇ ਮਾੜੀ ਜਿਹੀ ਠੋਡੀ ਹਿਲਾਈ।

ਹੁਣ ਚੁੱਪ ਕੀਤਿਆਂ ਤਾਂ ਸਰਨਾ ਨਹੀਂ ਸੀ।

"ਕਰਤਾਰ ਮੇਰੇ ਛੋਟੇ ਭਰਾਵਾਂ ਵਰਗਾ ਹੈ। ਮੈਂ ਤੁਹਾਡੇ ਨਾਲ ਕਰਤਾਰ ਦੇ ਹਵਾਲੇ ਨਾਲ ਵੀ ਗੱਲ ਕਰਨ ਆਇਆ ਹਾਂ ਅਤੇ ਆਪਣੇ ਪਿੰਡ ਸੁਰ ਸਿੰਘ ਦੇ ਹਵਾਲੇ ਨਾਲ ਵੀ ਮਿੰਨਤ ਕਰਨੀ ਹੈ। ਮੈਨੂੰ ਪਤਾ ਲੱਗੈ ਕਿ ਤੁਸੀਂ ਆਪਣੀਆਂ ਜੜ੍ਹਾਂ ਨਾਲ ਜੁੜੇ ਮੋਹ ਨੂੰ ਪਾਲਦੇ ਹੋਏ ਆਪਣੇ ਗਿਰਾਈਆਂ ਦੀ ਮਦਦ ਕਰਨ ਲਈ ਸਦਾ ਆਪਣੇ ਦਿਲ ਨੂੰ ਖੁੱਲ੍ਹਾ ਰੱਖਿਆ ਹੈ। ਸਾਰਾ ਪਿੰਡ ਤੁਹਾਡੇ ਵੱਲੋਂ ਆਪਣੇ ਬਜ਼ੁਰਗਾਂ ਦੀ ਜੰਮਣ-ਭੋਇੰ ਦਾ ਮਾਣ ਰੱਖਣ ਦੇ ਹਵਾਲੇ ਦਿੰਦਾ ਨਹੀਂ ਥੱਕਦਾ। ਤੁਹਾਡੇ ਵਡੇਰਿਆਂ ਦੇ ਪਿੰਡ ਦਾ ਵਸਨੀਕ ਹੋਣ ਨਾਤੇ ਮੇਰਾ ਵੀ ਤੁਹਾਡੀਆਂ ਜੜ੍ਹਾਂ ਨਾਲ ਕਿਤੇ ਨਾ ਕਿਤੇ ਅਪਣੱਤ ਤੇ ਸਾਂਝ ਦਾ ਰਿਸ਼ਤਾ ਬਣਦਾ ਹੈ। ਅੱਜ ਜਦੋਂ ਮੈਂ ਤੁਹਾਡੇ ਨਾਲ ਗੱਲ ਕਰ ਰਿਹਾਂ ਤਾਂ ਸਾਡੇ ਵਿਚਕਾਰ ਆਪਣੇ ਵਡੇਰਿਆਂ ਦੀ ਜਨਮ ਭੋਇੰ ਦਾ ਮਲੂਕ ਜਿਹਾ ਪਰ ਬੜਾ ਬਲਵਾਨ ਰਿਸ਼ਤਾ ਵੀ ਪਿਆ ਹੈ। ਮੈਂ ਅੱਜ ਤੁਹਾਡੇ ਅੰਦਰ ਪਏ ਉਸ ਕੂਲੇ ਰਿਸ਼ਤੇ ਨੂੰ ਮੁਖਾਤਬ ਹਾਂ। ਉਸ ਰਿਸ਼ਤੇ ਵਿਚਲੇ ਮੋਹ ਅਤੇ ਅਪਣੱਤ ਦਾ ਵਾਸਤਾ ਦੇ ਕੇ ਤੁਹਾਡੇ ਨਾਲ ਗੱਲ ਕਰਨੀ ਹੈ ਹਰਦੀਪ ਸਿੰਘ ਖਾਲਸਾ ਬਾਰੇ, ਜਿਸ ਨੂੰ ਦੋ ਦਿਨ ਹੋਏ ਪੁਲਿਸ ਨੇ ਘਰੋਂ ਚੁੱਕ ਲਿਆ ਹੈ। ਹਰਦੀਪ ਸਿੰਘ ਮੇਰਾ ਸੱਕਾ ਮਾਮਾ ਹੈ। ਮੇਰੇ ਨਾਲ ਉਸ ਦਾ ਪਿਛਲੇ ਕਈ ਸਾਲਾਂ ਤੋਂ ਬੋਲ-ਚਾਲ ਬੰਦ ਹੈ। ਮੈਨੂੰ ਨਹੀਂ ਪਤਾ ਉਸ ਦੀਆਂ ਕੀ ਗਤੀਵਿਧੀਆਂ ਹਨ। ਹੋ ਸਕਦਾ ਹੈ ਉਹ ਤੁਹਾਡੇ ਰਿਕਾਰਡ ਤੇ ਤੁਹਾਡੀਆਂ ਨਜ਼ਰਾਂ ਵਿਚ ਬਹੁਤ ਵੱਡਾ ਦੋਸ਼ੀ ਹੋਵੇ। ਮੈਂ ਉਸ ਦੀ ਕਿਸੇ ਵੀ ਕਿਸਮ ਦੀ ਸਫਾਈ ਦੇਣ ਨਹੀਂ ਆਇਆ। ਮੇਰੇ ਕੋਲ ਤਾਂ ਰਾਤੀਂ ਮੇਰੀ ਮਾਂ ਰੋਂਦੀ ਹੋਈ ਗਈ। ਮੇਰੇ ਕੋਲੋਂ ਉਸ ਦੇ ਅੱਥਰੂ ਨਹੀਂ ਵੇਖੇ ਗਏ। ਮੇਰੀ ਮਾਂ ਨੇ ਵੀ ਮੈਨੂੰ ਆਪਣੇ ਪਿੰਡ ਵਾਲਿਆਂ ਪ੍ਰਤੀ ਤੁਹਾਡੇ ਦਿਲ ਵਿਚ ਵੱਸਦੀ ਖੁਸ਼ਬੂ ਦੀ ਸੂਹ ਦਿੱਤੀ ਸੀ। ਮਾਂ ਦੀ ਬੇਨਤੀ ਹੀ ਮੈਂ ਆਪਣੇ ਸ਼ਬਦਾਂ ਵਿਚ ਤੁਹਾਡੇ ਅੱਗੇ ਦੁਹਰਾ ਰਿਹਾਂ ਕਿ ਤੁਸੀਂ ਖਾਲਸੇ 'ਤੇ ਉਹਦੇ ਬਣਦੇ ਅਪਰਾਧ ਮੁਤਾਬਕ ਕੇਸ ਜਿਹੜਾ ਮਰਜ਼ੀ ਪਾ ਦਿਓ ਪਰ ਕਿਰਪਾ ਕਰਕੇ ਉਸ ਨੂੰ ਜਾਨੋਂ ਨਾ ਮਾਰਿਓ।"



ਮੈਂ ਇੱਕੋ ਸਾਹੇ ਗੱਲ ਮੁਕਾ ਕੇ ਉਸ ਵੱਲ ਬੜੇ ਧਿਆਨ ਨਾਲ ਵੇਖਿਆ ਤਾਕਿ ਉਸ ਦੇ ਚਿਹਰੇ ਉਤੋਂ ਉਸ ਅੰਦਰਲੇ ਮਨੋਭਾਵ ਪੜ੍ਹ ਸਕਾਂ। ਉਹ ਕੁਝ ਨਹੀਂ ਬੋਲਿਆ। ਕੁਰਸੀ ਤੋਂ ਉਠਿਆ ਤੇ ਹੌਲੀ ਹੌਲੀ ਤੁਰਦਾ ਪਿਛਲੇ ਕਮਰੇ ਵਿਚ ਅੰਦਰ ਗਿਆ। ਦੋ ਕੁ ਮਿੰਟ ਬਾਅਦ ਵਾਪਸ ਪਰਤਿਆ ਤਾਂ ਉਸ ਦੇ ਹੱਥ ਵਿਚ ਇੱਕ ਲਿਫਾਫਾ ਸੀ। ਉਸ ਨੇ ਲਿਫਾਫੇ ਵਿਚੋਂ ਕੁਝ ਤਸਵੀਰਾਂ ਕੱਢ ਕੇ ਮੇਜ਼ 'ਤੇ ਖਿਲਾਰੀਆਂ ਤੇ ਬੜੇ ਸਹਿਜ ਨਾਲ ਦੱਸਣ ਲੱਗਾ,

"ਜੇ ਇਹ ਤੁਹਾਡਾ ਮਾਮਾ ਹੈ ਤਾਂ ਤੁਸੀਂ ਕਦੀ ਤਾਂ ਉਹਦੀ ਬਹਿਕ 'ਤੇ ਗਏ ਹੋਵੋਗੇ। ਆਹ ਤਸਵੀਰਾਂ ਵੇਖੋ; ਤੁਹਾਡੇ ਮਾਮੇ ਦੀ ਬਹਿਕ ਦੀਆਂ ਹੀ ਨੇ ਨਾ! ਆਹ ਉਹਦੀ ਮੋਟਰ ਤੇ ਆਹ ਪਿਛਲੀਆਂ ਟਾਹਲੀਆਂ। ਪਛਾਣ ਕੇ ਤਾਂ ਵੇਖੋ! ਆਹ ਜੇ ਉਹਦੇ ਵਿਹੜੇ ਵਿਚ ਕਾਤਲ ਅਤੇ ਭਗੌੜੇ ਆਪੇ ਸੱਜੇ ਲੈਫਟੀਨੈਂਟ ਜਨਰਲ ...ਸਿੰਘ ਦੇ ਹੋਏ ਵਿਆਹ ਦੀਆਂ ਤਸਵੀਰਾਂ! ਆਹ ਵਿਚ ਤੁਹਾਡਾ ਮਾਮਾ ਖਲੋਤਾ। ਇਹ ਵਿਆਹ ਉਹਦੀ ਬਹਿਕ 'ਤੇ ਹੋਇਆ। ਅਜੇ ਵੀ ਕੋਈ ਸ਼ੱਕ ਦੀ ਗੁੰਜਾਇਸ਼ ਹੈ? ਕੋਈ ਆਖੇ ਕਿ ਇਹ ਮਾਨੋਚਾਹਲ ਨੂੰ ਨਹੀਂ ਮਿਲਦਾ ਜਾਂ ਉਹ ਇਹਨੂੰ ਨਹੀਂ ਮਿਲਦਾ? ਜਾਂ...।"

ਉਹ ਓਸੇ ਧੀਮੇ ਅੰਦਾਜ਼ ਵਿਚ ਮਾਮੇ ਦੇ ਸਬੰਧਾਂ ਵਾਲੇ ਤੇ ਉਸ ਦੀ ਬਹਿਕ 'ਤੇ ਆਉਂਦੇ ਰਹਿਣ ਵਾਲੇ ਤਥਾ-ਕਥਿਤ ਖਾੜਕੂਆਂ ਦੇ ਨਾਂ ਗਿਣਾਉਣ ਲੱਗਾ।

ਉਹਦੀ ਜਾਣਕਾਰੀ ਤੇ ਵੇਰਵਿਆਂ ਤੋਂ ਇਨਕਾਰੀ ਹੋਣ ਦਾ ਸਵਾਲ ਹੀ ਨਹੀਂ ਸੀ। ਇੱਕ ਵਾਰ ਤਾਂ ਮੇਰੇ ਪੈਰਾਂ ਹੇਠੋਂ ਜਮੀਨ ਨਿਕਲਦੀ ਮਹਿਸੂਸ ਹੋਈ। ਮੈ ਸੰਭਲ ਕੇ ਆਖਿਆ, "ਮੈਂ ਤਾਂ ਜਿਵੇਂ ਪਹਿਲਾਂ ਬੇਨਤੀ ਕੀਤੀ ਸੀ, ਮਾਮੇ ਦੀ ਕੋਈ ਸਫਾਈ ਦੇਣ ਨਹੀਂ ਆਇਆ। ਉਹ ਸਭ ਕੁਝ ਕਰਦਾ ਹੋਵੇਗਾ, ਜੋ ਤੁਸੀਂ ਆਖਿਐ। ਉਸ ਕੋਲ ਇਹ ਬੰਦੇ ਵੀ ਆਉਂਦੇ ਹੋਣਗੇ, ਮੈਂ ਮੁਕਰਦਾ ਨਹੀਂ।"

ਇਸ ਵੇਲੇ ਮੇਰੇ ਪੱਤਰਕਾਰ ਦੋਸਤ ਨੇ ਵੇਲਾ ਸਾਂਭਿਆ, "ਜੋ ਤੁਸੀਂ ਕਿਹੈ ਸਭ ਸੱਚ ਹੈ। ਪਰ ਤੁਸੀਂ-ਅਸੀਂ ਇਹ ਤਾਂ ਜਾਣਦੇ ਹੀ ਆਂ ਕਿ ਖਾਲਸੇ ਦਾ ਕਿਸੇ ਕਤਲ ਵਗੈਰਾ ਵਿਚ ਕੋਈ ਹੱਥ ਨਹੀਂ।"

ਮੈਂ ਉਸ ਅੰਦਰਲੇ ਕੂਲੇ ਹਿੱਸੇ ਨੂੰ ਛੂਹਣ ਦੀ ਮੁੜ ਕੋਸ਼ਿਸ਼ ਕੀਤੀ, "ਮੈਂ ਤਾਂ ਆਪਣੇ ਨਾਲ ਸਭ ਤੋਂ ਵੱਡਾ ਸਿਫਾਰਸ਼ੀ ਆਪਣਾ ਪਿੰਡ ਸੁਰ ਸਿੰਘ ਤੁਹਾਡੇ ਕੋਲ ਲੈ ਕੇ ਆਇਆਂ। ਮੇਰੇ ਤੇ ਤੁਹਾਡੇ ਵਿਚਕਾਰ ਸਾਡਾ ਸਾਂਝਾ ਪਿੰਡ ਸੁਰ ਸਿੰਘ ਹਾਜ਼ਰ-ਨਾਜ਼ਰ ਹੈ ਤੇ ਤੁਹਾਨੂੰ ਇਹੋ ਬੇਨਤੀ ਕਰਦਾ ਹਾਂ ਕਿ ਤੁਹਾਡੇ ਕੋਲ ਚੱਲ ਕੇ ਆਏ ਆਪਣੇ ਪਿੰਡ ਦਾ ਤੁਸੀਂ ਮਾਣ ਰੱਖੋ! ਮਾਮੇ 'ਤੇ ਕੇਸ ਜਿਹੜਾ ਮਰਜ਼ੀ ਪਾ ਦਿਓ, ਪਰ ਉਸ ਨੂੰ ਮਾਰਿਓ ਨਾ!"

ਉਸ ਨੇ ਇੱਕ ਪਲ ਦੀ ਖਾਮੋਸ਼ੀ ਪਿਛੋਂ ਮੇਰੇ ਨਾਲ ਨਜ਼ਰਾਂ ਮਿਲਾ ਕੇ ਆਖਿਆ, "ਨਹੀਂ ਮਾਰਦੇ।"

ਏਨੀ ਆਖ ਕੇ ਉਹ ਕੁਰਸੀ ਤੋਂ ਉਠ ਖਲੋਤਾ। ਅਸੀਂ ਉਸ ਦਾ 'ਧੰਨਵਾਦ' ਕਰਕੇ ਬਾਹਰ ਆਏ ਤੇ ਮਾਮੇ ਗੁਰਦੀਪ ਹੁਰਾਂ ਨੂੰ ਹੋਈ ਗੱਲ-ਬਾਤ ਬਾਰੇ ਜਾਣਕਾਰੀ ਦਿੱਤੀ। ਮਨ ਨੂੰ ਅਜੇ ਵੀ ਟਿਕਾਓ ਨਹੀਂ ਸੀ। ਕੀ ਐਸ ਐਸ ਪੀ ਵਚਨਾਂ ਦਾ ਪੂਰਾ ਨਿਕਲੇਗਾ?

ਪੱਤਰਕਾਰ ਦੋਸਤ ਦਾ ਖਿਆਲ ਸੀ, "ਪੁਲਸੀਆਂ ਦਾ ਕੋਈ ਇਤਬਾਰ ਨਹੀਂ ਹੁੰਦਾ। ਆਪਾਂ ਇੰਜ ਕਰੀਏ, ਨੇੜੇ ਹੀ ਅਕਾਲੀ ਆਗੂ ਮਨਜੀਤ ਸਿੰਘ ਕਲਕੱਤਾ ਰਹਿੰਦਾ ਹੈ, ਉਸ ਕੋਲੋਂ ਵੀ ਅਖਵਾ ਦੇਈਏ।"

ਕਲਕੱਤੇ ਦੇ ਘਰ ਦਸ ਬਾਰਾਂ ਬੰਦੇ ਕੰਮਾਂ-ਧੰਦਿਆਂ ਵਾਲੇ ਆਏ ਬੈਠੇ ਸਨ। ਪੱਤਰਕਾਰ ਨੇ ਐਸ ਐਸ ਪੀ ਨੂੰ ਮਿਲ ਕੇ ਆਉਣ ਵਾਲੀ ਗੱਲ ਲੁਕਾ ਕੇ ਖਾਲਸੇ ਦੇ ਫੜ੍ਹੇ ਜਾਣ ਵਾਲੀ ਸਾਰੀ ਕਹਾਣੀ ਦੱਸੀ ਤਾਂ ਕਲਕੱਤੇ ਨੇ ਐਸ ਐਸ ਪੀ ਨੂੰ ਫੋਨ ਮਿਲਾਇਆ। ਅੱਗੋਂ ਜਵਾਬ ਮਿਲਿਆ ਕਿ 'ਸਾਹਿਬ ਤਾਂ ਪਿਛਲੀ ਰਾਤ ਦੇ ਹੀ ਕਿਤੇ ਬਾਹਰ ਗਏ ਹੋਏ ਨੇ!"

ਪੱਤਰਕਾਰ ਦੋਸਤ ਨੂੰ ਤਾਂ 'ਭਾਵੇਂ ਪੁਲਸੀਆਂ 'ਤੇ ਇਤਬਾਰ ਨਹੀਂ ਸੀ।' ਪੁਲਸੀਆਂ ਦੀ ਬੇਇਤਬਾਰੀ ਜੱਗ-ਜ਼ਾਹਿਰ ਹੈ, ਪਰ ਮੈਨੂੰ ਪਤਾ ਨਹੀਂ ਕਿਉਂ ਤਸੱਲੀ ਜਿਹੀ ਸੀ। ਮੈਂ 'ਪੁਲਸੀਏ' ਨਾਲ ਤਾਂ ਗੱਲ ਹੀ ਨਹੀਂ ਸੀ ਕੀਤੀ। ਮੈਂ ਤਾਂ ਉਹਦੇ ਅੰਦਰ ਬੈਠੇ ਕਿਸੇ ਅਸਲੋਂ ਨਿਆਰੇ ਬੰਦੇ ਨੂੰ ਮੁਖਾਤਬ ਹੋਇਆ ਸਾਂ! ਉਸ ਬੰਦੇ 'ਤੇ ਇਤਬਾਰ ਕੀਤਾ ਜਾ ਸਕਦਾ ਸੀ ਜਿਹੜਾ ਹੋਰਨਾਂ ਵਾਸਤੇ ਉਸ ਦਿਨ 'ਆਊਟ ਆਫ ਸਟੇਸ਼ਨ' ਸੀ ਪਰ ਜਿਸ ਨੇ ਸਾਨੂੰ ਮਿਲਣ ਲਈ ਬੂਹੇ ਖੋਲ੍ਹ ਦਿੱਤੇ ਸਨ।

ਅਗਲੇ ਦਿਨ ਮੈਨੂੰ ਪਤਾ ਲੱਗਾ ਕਿ ਮੇਰੇ ਨਾਲ ਗੱਲ ਹੋਣ ਤੋਂ ਬਾਅਦ ਓਸੇ ਦਿਨ ਹੀ ਮਾਲ-ਮੰਡੀ 'ਸਾਹਿਬ' ਦਾ ਫੋਨ ਆ ਗਿਆ ਸੀ। ਉਸ ਫੋਨ ਦੀ ਕਰਾਮਾਤ ਇਹ ਨਹੀਂ ਸੀ ਕਿ ਹਰਦੀਪ ਸਿੰਘ ਦੀ ਕੁੱਟ-ਮਾਰ ਬੰਦ ਹੋ ਗਈ ਸੀ, ਸਗੋਂ ਇਹ ਸੀ ਕਿ ਉਸ ਉਤੇ ਕੋਈ ਵੀ ਕੇਸ ਨਹੀਂ ਸੀ ਪਾਇਆ ਗਿਆ ਤੇ ਉਹਨੂੰ ਤੁਰੰਤ ਰਿਹਾ ਕਰ ਦੇਣ ਦਾ ਹੁਕਮ ਵੀ ਹੋ ਗਿਆ ਸੀ। ਇਹ ਤਾਂ ਸਾਡੀ ਸਭ ਦੀ ਕਲਪਨਾ ਤੋਂ ਬਾਹਰਾ ਵਾਪਰ ਗਿਆ ਸੀ। ਖੁਸ਼ੀ ਵਿਚ ਭਿੱਜ ਕੇ ਮੈਂ ਆਪਣੇ ਅੰਦਰ ਬੈਠੀ ਆਪਣੇ ਪਿੰਡ ਦੀ ਆਤਮਾ ਨੂੰ ਨਮਸਕਾਰ ਆਖੀ। ਅੱਜ ਮੈਨੂੰ ਅਹਿਸਾਸ ਹੋਇਆ ਕਿ ਹੋਰਨਾਂ ਰਿਸ਼ਤਿਆਂ ਤੋਂ ਵੀ ਕਿਤੇ ਵਧੇਰੇ ਬਲਵਾਨ ਆਪਣੀਆਂ ਜੜ੍ਹਾਂ ਦੀ ਰਿਸ਼ਤਗੀ ਹੁੰਦੀ ਹੈ!

ਮਾਮੇ ਹਰਦੀਪ ਨਾਲ ਮੇਰੀ ਨਰਾਜ਼ਗੀ ਧੁਪ ਗਈ ਸੀ। ਮਹੀਨੇ ਕੁ ਬਾਅਦ ਮੈਂ ਉਨ੍ਹਾਂ ਦੀ ਬਹਿਕ 'ਤੇ ਗਿਆ। ਦੋਵੇਂ ਮਾਮੇ ਤੇ ਮੈਂ ਬੜੇ ਸਾਲਾਂ ਬਾਅਦ ਇਕੱਠੇ ਮਿਲ-ਬੈਠੇ ਸਾਂ। ਮੈਂ ਜਾਨਣਾ ਚਾਹਿਆ ਕਿ ਉਸ ਤੋਂ ਬਾਅਦ ਪੁਲਿਸ ਨੇ ਕਦੀ ਤੰਗ ਤਾਂ ਨਹੀਂ ਕੀਤਾ?

ਵੱਡਾ ਮਾਮਾ ਪੁਰਾਣੇ ਅੰਦਾਜ਼ ਵਿਚ ਹੱਸਿਆ, "ਪੁਲਿਸ ਤਾਂ ਕਦੀ ਨਹੀਂ ਆਈ। ਪਰ ਸਾਡਾ ਖਾਲਸਾ ਝੋਨੇ 'ਚੋਂ ਨਦੀਨ ਕੱਢਦੇ ਭਈਆਂ ਨੂੰ ਖਲੋਤਾ ਵੇਖ ਕੇ 'ਪੁਲਿਸ ਆ ਗਈ! ਪੁਲਿਸ ਆ ਗਈ' ਆਖਦਾ ਲੁਕਣ ਨੂੰ ਤੂੜੀ ਦੇ ਮੂਸਲਾਂ ਵੱਲ ਭੱਜਦੈ।"

ਅਸੀਂ ਰਲ ਕੇ ਹੱਸਣ ਲੱਗੇ। ਮਾਮੇ ਹਰਦੀਪ ਦਾ ਹਾਸਾ ਸਭ ਤੋਂ ਉਚਾ ਸੀ।

ਉਸ ਨੂੰ ਫਿਰ ਤੋਂ ਮਖੌਲ ਸਹਿਣ ਦੀ ਜਾਚ ਆ ਗਈ ਸੀ।

***ਸਮਾਪਤ***

# 'ਸਰਘੀ ਸੂਰਜ ਲੋਅ' ਪੜ੍ਹਦਿਆਂ...

**2 ਦਸੰਬਰ ਨੂੰ ਰਿਲੀਜ਼ ਸਮਾਰੋਹ 'ਤੇ ਵਿਸ਼ੇਸ਼**



ਸੁਰਿੰਦਰ ਸੋਹਲ

ਕਮਲ ਦੇਵ ਪਾਲ ਦਾ ਗਜ਼ਲ-ਸੰਗ੍ਰਿਹ 'ਸਰਘੀ ਸੂਰਜ ਲੋਅ' ਦਾ ਮੁੱਖ-ਵਰਕ ਦੇਖਦਿਆਂ ਹੀ ਅੱਖਾਂ ਵਿਚ ਧੁਪੀਲਾ, ਚਮਕੀਲਾ, ਸਹਿਜੀਲਾ, ਸੁਹਜੀਲਾ ਅਤੀਤ ਪੂਰਬ ਦੀ ਲੋਅ ਵਾਂਗ ਲਿਸ਼ਕ ਪਿਆ।

ਉਦੋਂ ਮੇਰੀ ਉਮਰ ਕੋਈ 20-21 ਸਾਲ ਦੀ ਹੋਵੇਗੀ। ਗਜ਼ਲ ਲਿਖਣ ਦੀ ਜਾਚ ਸਿੱਖਣ ਲਈ ਅਜੇ 'ਲਘੂ-ਗੁਰੂ' ਦੀ ਪਛਾਣ ਕਰ ਕੇ 'ਰੁਕਨ' ਬਣਾਉਣ ਦੀ ਮੁਸ਼ੱਕਤ ਕਰ ਰਿਹਾ ਸਾਂ। ਕਮਲ ਦੇਵ ਪਾਲ ਉਦੋਂ ਪੰਜਾਬ ਦੇ ਮੁਸ਼ਾਇਰਿਆਂ ਵਿਚ ਸੂਰਜ ਵਾਂਗ ਉਦੈ ਹੋ ਚੁਕਾ ਸੀ। ਉਸ ਦੀਆਂ ਗਜ਼ਲਾਂ ਦੀ ਲੋਅ ਭ੍ਰਿਸ਼ਟ ਰਾਜਨੀਤੀ ਦੀ ਕਾਣੀ ਅੱਖ ਵਿਚ ਅਗਨ-ਬਾਣ ਵਾਂਗ ਚੁੱਭ ਰਹੀ ਸੀ। ਉਹ ਸਟੇਜ ਤੋਂ ਸੇਕ ਮਾਰਦੇ ਸ਼ਿਅਰ ਪੜ੍ਹਦਾ। ਉਲਫਤ ਬਾਜਵਾ ਵਰਗਾ ਉਸਤਾਦ ਉਸ ਨੂੰ ਸਟੇਜ 'ਤੇ ਪੇਸ਼ ਕਰਦਾ। ਬਖਸ਼ੀ ਰਾਮ ਕੌਸ਼ਲ ਵਰਗਾ ਉਰਦੂ ਦਾ ਉਸਤਾਦ ਸ਼ਾਇਰ ਦਾਦ ਦਿੰਦਾ। ਚਾਨਣ ਗੋਬਿੰਦਪੁਰੀ ਵਰਗਾ 'ਦਾਗ' ਸਕੂਲ ਦਾ ਸਤਿਕਾਰਿਤ ਸ਼ਾਇਰ ਤੇ ਉਸਤਾਦ ਆਪਣੇ ਇਸ ਸ਼ਾਇਰ 'ਤੇ ਫਖਰ ਮਹਿਸੂਸ ਕਰਦਾ ਤੇ ਸਾਡੇ ਵਰਗੇ ਅਸਲੋਂ ਨਵੇਂ ਸ਼ਾਇਰ ਕਮਲ ਦੇਵ ਪਾਲ ਵਰਗਾ ਬਣਨ ਦੇ ਸੁਪਨੇ ਲੈਂਦੇ।

ਕਮਲ ਦੇਵ ਪਾਲ ਨੇ ਸ਼ਾਇਰੀ ਦੇ ਦਮ 'ਤੇ ਆਪਣਾ ਚਿਹਰਾ ਲੋਕਾਂ ਦੇ ਦਿਲਾਂ ਵਿਚ ਜੜਿਆ ਹੈ। ਉਸ ਨੂੰ ਕਿਤਾਬ ਛਪਾਉਣ ਦੀ ਲੋੜ ਮਹਿਸੂਸ ਹੀ ਨਹੀਂ ਹੋਈ। ਲੋਕੀਂ ਉਸ ਦੇ ਸ਼ਿਅਰ ਯਾਦ ਕਰੀ ਫਿਰਦੇ ਹਨ। ਮਹਿਫਿਲਾਂ ਵਿਚ ਉਸ ਦੇ ਸ਼ਿਅਰਾਂ ਦਾ ਹਵਾਲਾ ਦਿੱਤਾ ਜਾਂਦਾ ਹੈ। ਕਈ ਘਟਨਾਵਾਂ ਯਾਦ ਆ ਰਹੀਆਂ ਨੇ।

ਕੋਈ 25-26 ਵਰ੍ਹੇ ਪਹਿਲਾਂ ਮੈਨੂੰ ਗਜ਼ਲਗੋ ਇਕਵਿੰਦਰ ਸਿੰਘ (ਉਦੋਂ ਉਹ ਇਕਵਿੰਦਰ ਢੱਟ ਲਿਖਦਾ ਹੁੰਦਾ ਸੀ) ਹਰਖੋਵਾਲ ਦੇ ਮੇਲੇ 'ਤੇ ਮਿਲ ਪਿਆ। ਉਥੋਂ ਉਹ ਮੈਨੂੰ ਆਪਣੇ ਪਿੰਡ ਪੁਰਹੀਰਾਂ ਲੈ ਆਇਆ। ਸ਼ਾਇਰੀ ਦੀ ਗੱਲ ਕਰਦਿਆਂ ਉਸ ਨੇ ਕਿਹਾ, "ਸ਼ਿਅਰ ਜਾਣ-ਪਛਾਣ, ਦੋਸਤੀ-ਵਾਕਫੀ ਤੋਂ ਬਹੁਤ ਪਰ੍ਹੇ ਦੀ ਗੱਲ ਹੁੰਦੀ ਐ। ਕਮਲ ਦੇਵ ਪਾਲ ਦਾ ਇਕ ਸ਼ਿਅਰ ਮੈਨੂੰ ਹਮੇਸ਼ਾ ਯਾਦ ਰਹੇਗਾ, ਇਸ ਕਰਕੇ ਨਹੀਂ ਕਿ ਉਹ ਮੇਰਾ ਦੋਸਤ ਹੈ, ਇਸ ਕਰਕੇ ਕਿ ਉਹ ਸ਼ਿਅਰ ਆਪਣੀ ਮਿਸਾਲ ਆਪ ਹੈ। ਕੱਲ੍ਹ ਨੂੰ ਮੇਰਾ ਕਮਲ ਦੇਵ ਨਾਲ ਵਿਰੋਧ ਹੋ ਜਾਏ, ਅਸੀਂ ਭਾਵੇਂ ਬੋਲਣਾ ਵੀ ਬੰਦ ਕਰ ਦੇਈਏ ਪਰ ਉਸ ਦਾ ਸ਼ਿਅਰ ਮੈਂ ਫਿਰ ਵੀ ਲੋਕਾਂ ਨੂੰ ਸੁਣਾਉਂਦਾ ਰਹਾਂਗਾ।"

ਤੇ ਉਸ ਨੇ ਸ਼ਿਅਰ ਸਾਂਝਾ ਕੀਤਾ:

ਹੰਝੂ, ਬਰਖਾ, ਝਾਂਜਰ ਦਾ ਕੋਈ ਮੇਲ ਨਹੀਂ,
ਫਿਰ ਵੀ ਤਿੰਨੇ ਛਮ-ਛਮ ਕਰਦੇ ਆਪਣੀ ਥਾਂ।

ਇਕ ਪ੍ਰੋਗਰਾਮ ਵਿਚ ਕਮਲ ਦੇਵ ਪਾਲ ਜਾ ਨਾ ਸਕਿਆ। ਉਸੇ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿਚ ਬੈਠੇ ਇਕ ਸ਼ਖਸ ਨੇ ਆਪਣੀ ਗੱਲ ਕਮਲ ਦੇਵ ਪਾਲ ਦੇ ਸ਼ਿਅਰਾਂ ਤੋਂ ਸ਼ੁਰੂ ਕੀਤੀ।

ਅਜੇ ਕੁਝ ਮਹੀਨਿਆਂ ਦੀ ਗੱਲ ਹੈ। ਬਾਲਟੀਮੋਰ ਵਿਚ ਧਰਮ ਸਿੰਘ ਗੋਰਾਇਆ ਦੀ ਕਿਤਾਬ 'ਚੀ ਗਵੇਰਾ' ਰਿਲੀਜ਼ ਕੀਤੀ ਗਈ। ਪ੍ਰੋਗਰਾਮ ਦਾ ਆਗਾਜ਼ ਰਵਿੰਦਰ ਸਹਿਰਾਅ ਨੇ ਕਮਲ ਦੇਵ ਪਾਲ ਦੇ ਇਨਕਲਾਬੀ ਸ਼ਿਅਰ ਸੁਣਾ ਕੇ ਕੀਤਾ।

ਕਮਲ ਦੇਵ ਪਾਲ ਨੇ ਕਾਲਜ ਤੱਕ ਪੜ੍ਹਾਈ ਕੀਤੀ ਹੈ। (ਭਾਵੇਂ ਕਾਲਜ ਤਾਂ ਬਹੁਤ ਲੋਕ ਪੜ੍ਹਨ ਜਾਂਦੇ ਹਨ) ਉਸ ਦੀ ਖੁਸ਼ਕਿਸਮਤੀ ਇਹ ਹੈ ਕਿ ਅਕਾਦਮਿਕ ਵਿਦਿਆ ਦੇ ਨਾਲ ਨਾਲ ਧਨੰਤਰ ਉਸਤਾਦ ਚਾਨਣ ਗੋਬਿੰਦਪੁਰੀ ਦੀ ਸ਼ਾਗਿਰਦੀ ਵੀ ਕੀਤੀ। ਉਸ ਕੋਲ ਸਕੂਲੀ ਅਤੇ ਸੀਨਾ-ਬ-ਸੀਨਾ ਤੁਰੇ ਆਉਂਦੇ ਗਿਆਨ ਦਾ ਭੰਡਾਰ ਵੀ ਹੈ।

ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਉਹ ਲਗਾਤਾਰ ਰਾਜਨੀਤੀ ਨਾਲ ਜੁੜਿਆ ਰਿਹਾ ਹੈ। ਉਸ ਦਾ ਅਨੁਭਵ ਵਸੀਹ ਹੈ। ਇਸ ਵਸੀਹ ਅਨੁਭਵ ਦੇ ਦੀਦਾਰ ਉਸ ਦੇ ਗਜ਼ਲ-ਸੰਗ੍ਰਿਹ 'ਸਰਘੀ ਸੂਰਜ ਲੋਅ' ਵਿਚੋਂ ਭਲੀ-ਭਾਂਤੀ ਹੋ ਜਾਂਦੇ ਹਨ।

ਉਹ 'ਦਾਗ' ਸਕੂਲ ਦਾ ਵਿਦਿਆਰਥੀ ਹੈ। ਦਾਗ ਸਕੂਲ ਦੀਆਂ ਖੂਬੀਆਂ-ਰਵਾਨੀ, ਬਿਆਨ ਵਿਚਲੇ ਸਹਿਜ, ਵਿਅੰਗ, ਬੋਲੀ ਦੀ ਕੋਮਲਤਾ, ਆਲੇ-ਦੁਆਲੇ ਦੇ ਦ੍ਰਿਸ਼ ਫੜ੍ਹ ਕੇ ਸ਼ਿਅਰ ਵਿਚ ਢਾਲਣ ਦੀ ਜਾਚ, ਸੋਜ਼, ਪੀੜ ਆਦਿ ਉਸ ਵਿਚ ਅਚੇਤ ਹੀ ਆ ਗਈਆਂ ਹਨ:

ਸੇਵਕ ਦੀ ਦਾੜ੍ਹੀ ਵਿਚ ਤਿਣਕਾ,
ਰਹਿਬਰ ਚੋਰ-ਉਚੱਕਾ ਹੋਣਾ।

ਮੇਰੇ 'ਕੱਲੇ ਨਾਲ ਹਨ ਸ਼ਿਕਵੇ-ਗਿਲੇ,
ਸਾਰਿਆਂ ਵਿਚਕਾਰ ਨਾ ਕਰਿਆ ਕਰੋ।

ਦੋਵੇਂ ਤਰ੍ਹਾਂ ਹੀ ਏਥੇ ਬਕਰੇ ਦੀ ਜਾਨ ਜਾਣੀ,
ਝਟਕਾ ਹੈ ਇਸ ਨੇ ਖਾਣਾ,
ਉਸ ਨੇ ਹਲਾਲ ਹਾਂ ਜੀ।

ਹੱਥ ਮਿਲਾਇਆਂ ਗੁੱਟ ਦੁਖਦਾ ਹੈ,
ਰਿਸ਼ਤੇ ਵਿਚ ਮਚਕੋੜ ਹੈ ਭਾਜੀ।

ਦਾਗ ਸਕੂਲ ਦਾ ਗਜ਼ਲ ਭਰਪੂਰ ਰੰਗ ਉਸ ਦੀ ਸ਼ਾਇਰੀ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦਾ ਹੈ:

ਤੇਰਾ ਆਉਣਾ ਉਸ ਲਈ
ਦਾਰੂ ਦਵਾ ਹੋ ਜਾਏਗਾ।
ਤੇਰੀ ਪੈੜਚ ਨਾਲ ਹੀ
ਚੰਗਾ-ਭਲਾ ਹੋ ਜਾਏਗਾ।

ਮੈਂ ਫੁੱਲਾਂ 'ਚ ਰੋ ਰੋ ਹੈ ਕੱਟੀ ਇਹ ਰਾਤ,
ਇਹ ਹੰਝੂ ਗਿਰੇ ਹਨ, ਇਹ ਸ਼ਬਨਮ ਨਹੀਂ।

ਚੰਦ ਨੂੰ ਕੀ ਲੋੜ ਹੈ ਸ਼ਿੰਗਾਰ ਦੀ,
ਮੈਂ ਕਿਹਾ, 'ਸ਼ਿੰਗਾਰ ਨਾ ਕਰਿਆ ਕਰੋ।'

ਕਮਲ ਦੇਵ ਪਾਲ ਕੋਲ ਤੀਸਰੀ ਅੱਖ ਹੈ। ਉਸ ਵਾਸਤੇ ਸ਼ਾਇਰੀ ਮਹਿਜ਼ ਨਿਜੀ ਦੁੱਖਾਂ ਤੱਕ ਸੀਮਤ ਹੋਣ ਦਾ ਨਾਮ ਨਹੀਂ ਹੈ। ਉਹ ਹਰ ਪ੍ਰਕਾਰ ਦੀਆਂ ਬੇੜੀਆਂ ਤੋੜਨ ਦੇ ਹੱਕ ਵਿਚ ਹੈ:

ਰੀਤੀ, ਰਿਵਾਜ, ਬੰਧਨਾਂ ਤੋਂ
ਮੁਕਤ ਹੋ ਕੇ ਤੁਰ,
ਪੈਰਾਂ 'ਚ ਜੋ ਨੇ ਬੇੜੀਆਂ,
ਮੁੱਕਣਾ ਸਫਰ ਨਹੀਂ।

ਇਸੇ ਸੋਚ ਨੇ ਹੀ ਉਸ ਦੀ ਸ਼ਾਇਰੀ ਨੂੰ 'ਨਿਜ' ਤੋਂ 'ਪਰ' ਤੱਕ ਦਾ ਵਿਸਥਾਰ ਦਿੱਤਾ ਹੈ। ਜਦੋਂ ਉਹ 'ਮਿੱਤਰਾਂ' ਦੇ ਗਮ ਤੋਂ 'ਲੋਕਾਂ' ਦੇ ਗਮ ਤੱਕ ਜਾਣ ਦਾ ਤਹੱਈਆ ਕਰਦਾ ਹੈ ਤਾਂ ਹਰ ਵਰਤਾਰੇ ਨੂੰ ਭਾਵੇਂ ਉਹ ਰਾਜਨੀਤਕ ਹੋਵੇ, ਧਾਰਮਿਕ ਹੋਵੇ ਜਾਂ ਸਮਾਜਕ-ਇਕ ਵੱਖਰੇ ਜਾਵੀਏ ਤੋਂ ਦੇਖਦਾ ਹੈ। ਇਤਿਹਾਸ-ਮਿਥਿਹਾਸ ਦੀ ਵਿਆਖਿਆ ਉਸੇ ਨਜ਼ਰੀਏ ਤੋਂ ਕਰਦਾ ਹੈ, ਜੋ ਲੋਕਤਾ ਦੇ ਹੱਕ ਵਿਚ ਭੁਗਤਦਾ ਹੋਵੇ। ਇਤਿਹਾਸ-ਮਿਥਿਹਾਸ ਨੂੰ ਉਹ ਅਜਿਹੀ ਪੁੱਠੀ ਭੁਆਂਟਣੀ ਦਿੰਦਾ ਹੈ ਕਿ ਪਾਠਕ ਜਾਂ ਸਰੋਤਾ ਉਸ ਦੇ ਪੈਂਤੜੇ ਦੇ ਹੱਕ ਵਿਚ ਹਾਮੀ ਭਰਨ ਲਈ ਮਜਬੂਰ ਹੋ ਜਾਂਦਾ ਹੈ:

ਰਿਸ਼ੀ ਸ਼ੰਭੂਕ ਦੇ ਜਦ ਕਤਲ ਦੀ
ਚਰਚਾ ਛਿੜੂ ਕਿਧਰੇ,
ਉਦੋਂ ਦਸ਼ਰਥ ਦੇ ਬੇਟੇ ਰਾਮ ਦੀ
ਗੱਲਬਾਤ ਚੱਲੇਗੀ।

ਮੁਖਬਰ ਘਰਾਂ 'ਚ ਜਦ ਤਕ,
ਸੁਗਰੀਵ ਤੇ ਭਵੀਸ਼ਣ,
ਇਹ ਰਾਮ ਰਾਜ ਚੱਟੂ
ਤਦ ਤੱਕ ਨਸੀਬ ਸਾਡੇ।

ਕਮਲ ਦੇਵ ਪਾਲ ਨੇ ਅਜਿਹੇ ਅਣਗਿਣਤ ਸ਼ਿਅਰ ਅੱਜ ਤੋਂ ਕੋਈ ਤੀਹ-ਪੈਂਤੀ ਸਾਲ ਪਹਿਲਾਂ ਕਹੇ ਸਨ। ਜਿਵੇਂ ਸ਼ਾਇਰ ਨੇ ਭਵਿੱਖ ਦੇ ਦਰਸ਼ਨ ਤੀਸਰੀ ਅੱਖ ਰਾਹੀਂ ਕਰ ਲਏ ਸਨ। ਉਸ ਨੇ



ਕਮਲ ਦੇਵ ਪਾਲ

ਆਪਣਾ ਫਰਜ਼ ਨਿਭਾਉਂਦਿਆਂ ਲੋਕਾਂ ਨੂੰ ਸੁਚੇਤ ਕਰਨਾ ਸ਼ੁਰੂ ਕਰ ਦਿੱਤਾ ਸੀ। ਅੱਜ ਜਦੋਂ ਭਾਰਤੀ ਰਾਜਨੀਤੀ ਲਹੂ ਦੇ 'ਲਾਲ' ਰੰਗ ਨੂੰ 'ਭਗਵਾਂ' ਕਰਨ 'ਤੇ ਤੁਲੀ ਹੋਈ ਹੈ, ਕਮਲ ਦੇਵ ਪਾਲ ਦੀ ਸ਼ਾਇਰੀ ਦੀ ਸਾਰਥਕਤਾ ਹੋਰ ਵੱਧ ਗਈ ਹੈ। ਜਦੋਂ ਸਿਆਸਤ ਨੂੰ ਬਾਬਰੀ ਮਸਜਿਦ ਅਤੇ ਤਾਜ ਮਹਿਲ ਹੇਠ ਦੱਬੇ ਮੰਦਿਰ ਨਜ਼ਰ ਦਿਖਾਈ ਦੇ ਰਹੇ ਹਨ ਤਾਂ ਕਮਲ ਦੇਵ ਪਾਲ ਇਨ੍ਹਾਂ ਮਸਜਿਦਾਂ-ਮੰਦਿਰਾਂ ਦੀ ਸਿਆਸਤ ਹੇਠ ਛੁਪੇ ਸਿਆਸੀ ਬੰਦਿਆਂ ਦੇ ਏਜੰਡੇ ਦੇਖ ਕੇ ਲੋਕਾਂ ਨੂੰ ਆਗਾਹ ਕਰ ਰਿਹਾ ਹੈ:

ਮੰਦਿਰਾਂ ਨਾ ਮਸਜਿਦਾਂ
ਨਾ ਗਿਰਜਿਆਂ ਦੀ ਲੋੜ ਹੈ।
ਪੰਛੀਆਂ ਨੂੰ ਪਿੰਜਰਿਆਂ ਦੀ ਥਾਂ
ਪਰਾਂ ਦੀ ਲੋੜ ਹੈ।

ਅਕਸਰ ਵਕਤ ਨਾਲ ਸ਼ਾਇਰੀ ਧੁੰਦਲੀ ਪੈ ਜਾਂਦੀ ਹੈ, ਪਰ ਕਮਲ ਦੀ ਸ਼ਾਇਰੀ ਦਾ ਜਲੌਅ ਪੂਰੇ ਜੋਬਨ 'ਤੇ ਦਿਖਾਈ ਦੇ ਰਿਹਾ ਹੈ। ਕਮਲ ਦੇਵ ਲਹਿਰਾਂ ਦਾ ਸ਼ਾਇਰ ਨਹੀਂ ਹੈ, ਉਹ ਜ਼ਿੰਦਗੀ ਨਾਲ ਜੁੜੇ ਸਰੋਕਾਰਾਂ ਦਾ ਸ਼ਾਇਰ ਹੈ। ਸੱਚ ਦਾ ਸ਼ਾਇਰ ਹੈ ਤੇ ਸੱਚ ਕਦੇ ਪੁਰਾਣਾ ਨਹੀਂ ਹੁੰਦਾ। ਉਸ ਲਈ ਸ਼ਾਇਰੀ ਸ਼ੁਗਲ ਨਹੀਂ, ਇਨਸਾਨੀਅਤ ਵਿਰੋਧੀ ਤਾਕਤਾਂ ਖਿਲਾਫ ਲੜਨ ਦਾ ਕਾਰਗਰ ਹਥਿਆਰ ਹੈ। ਉਸ ਦੀ ਸ਼ਾਇਰੀ ਵਿਚਲੀ ਪੁਖਤਗੀ ਅਸਲ ਵਿਚ ਉਸ ਦੀ ਵਿਚਾਰਧਾਰਕ ਪਰਪੱਕਤਾ ਦਾ ਹੀ ਬਿੰਬ ਹੈ:


ਸਤੇ ਲੋਕੀਂ ਤਲੀ 'ਤੇ
ਸਿਰ ਟਿਕਾ ਸਕਦੇ ਕਿਸੇ ਵੇਲੇ।
ਉਹ ਮਿੱਟੀ ਹੇਠਲੀ
ਉਤੇ ਲਿਆ ਸਕਦੇ ਕਿਸੇ ਵੇਲੇ।

ਕਮਲ ਦੀ ਸ਼ਾਇਰੀ ਨਿਰੀ ਕਲਪਨਾ, ਖਿਆਲੀ ਸੰਸਾਰ ਜਾਂ ਖਲਾਅ ਵਿਚੋਂ ਪੈਦਾ ਨਹੀਂ ਹੋਈ। ਜੋ ਜਬਰ ਉਸ ਦੀ ਰੂਹ ਨੇ ਝੱਲਿਆ ਹੈ, ਉਸ ਤਲਖ ਤਜਰਬੇ ਵਿਚੋਂ ਪੈਦਾ ਹੋਈ ਹੈ। ਉਸ ਦੇ ਸ਼ਿਅਰ ਅਸਲ ਵਿਚ ਉਸ ਦੀ ਰੂਹ 'ਤੇ ਪਈਆਂ ਲਾਸਾਂ ਦਾ ਹੀ ਕਲਾਤਮਕ ਪਰਤੌ ਹਨ:

ਬਿਗਾਨੇ ਬੰਨਿਆਂ ਉਤੋਂ
ਅਜੇ ਘਾਹ ਖੋਤਦੇ ਜਿਹੜੇ,
ਪਈ ਜੇ ਲੋੜ,
ਖੇਤਾਂ ਨੂੰ ਵੰਡਾ ਸਕਦੇ ਕਿਸੇ ਵੇਲੇ।
ਅਸੀਂ ਹਾਂ ਉਨ੍ਹਾਂ ਦੀ ਗੁਪਤ ਲਿਸਟ ਉਤੇ,
ਅਸੀਂ ਖੈਰ ਮੰਗੀ ਜਿਨ੍ਹਾਂ ਦੇ ਸਿਰਾਂ ਦੀ।

ਕਮਲ ਦੇਵ ਪਾਲ ਦੀ ਸ਼ਾਇਰੀ ਦਾ ਵਿਸਥਾਰ ਪੂਰੇ ਗਲੋਬ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਸੰਸਾਰ ਦੀਆਂ ਤਾਕਤਵਰ ਧਿਰਾਂ ਨਹੀਂ ਚਾਹੁੰਦੀਆਂ ਕਿ ਛੋਟੇ-ਛੋਟੇ ਮੁਲਕ ਇਕੱਠੇ ਹੋ ਕੇ ਉਨ੍ਹਾਂ ਨੂੰ ਅੱਖਾਂ ਦਿਖਾਉਣ। ਉਹ ਉਨ੍ਹਾਂ ਵਿਚ ਪਾਟਕ ਪਿਆ ਹੀ ਦੇਖਣਾ ਚਾਹੁੰਦੇ ਹਨ:

ਸ਼ਰੀਕਾਂ ਨੂੰ ਐਵੇਂ ਹੀ ਤਕਲੀਫ ਹੋਈ,




ਰਜ਼ਾਮੰਦੀ ਹੋਈ ਜਦੋਂ ਦੋ ਧਿਰਾਂ ਦੀ।

ਇਸ 'ਰਜ਼ਾਮੰਦੀ' ਨੂੰ ਨੇਸਤੋ-ਨਾਬੂਦ ਕਰਨ ਲਈ ਉਹ ਤਾਕਤਾਂ ਹਰ ਹੱਥ-ਕੰਡਾ ਵਰਤਦੀਆਂ ਹਨ। ਭਾਵੇਂ ਇਸ ਦਾ ਖਮਿਆਜ਼ਾ ਉਨ੍ਹਾਂ ਨੂੰ ਖੁਦ ਵੀ ਭੁਗਤਣਾ ਪੈਂਦਾ ਹੈ:

'ਚਿੱਟੇ ਘਰ' ਦੇ ਦਰਵਾਜ਼ੇ 'ਤੇ
ਸੁਰਖੀ ਬਣ ਕੇ ਚਿਪਕ ਗਿਆ,
ਚਿਰ ਲੱਗੇਗਾ ਦਹਿਸ਼ਤ ਦਾ
ਇਹ ਵਹਿਸ਼ੀ ਰੰਗ ਉਤਾਰਨ ਨੂੰ।

ਬਾਹਰੀ ਦਿੱਖ ਨਾਲੋਂ ਕਮਲ ਦੀ ਸ਼ਾਇਰੀ ਸੂਖਮ ਸੁੰਦਰਤਾ ਦੀ ਕਾਇਲ ਹੈ। ਬਾਹਰੀ ਸੁੰਦਰਤਾ ਛਿਣ-ਭੰਗਰੀ ਹੋ ਸਕਦੀ ਹੈ ਪਰ ਅੰਦਰੂਨੀ ਸੁਹੱਪਣ ਚਿਰੰਜੀਵੀ ਹੁੰਦਾ ਹੈ। ਇੰਜ ਕਮਲ ਦੀ ਸ਼ਾਇਰੀ ਦੇਖਣ ਦੀ ਦ੍ਰਿਸ਼ਟੀ ਤਬਦੀਲ ਕਰਦੀ ਧੁਨੀ-ਪ੍ਰੇਮ ਦਾ ਮਹੱਤਵ ਦਰਸਾ ਜਾਂਦੀ ਹੈ:

ਰੰਗ ਚਿੱਟਾ, ਕੱਦ ਲੰਮਾ,
ਵਾਲ ਕੁੰਡਲ ਜੇ ਨਹੀਂ,
ਬੋਲ-ਬਾਣੀ ਨਾਲ ਪਰ
ਤੈਨੂੰ ਲਗਾਓ ਹੋ ਜਾਏਗਾ।

ਸਿਸਟਮ ਦਾ ਗੁਲਾਮ ਹੋਇਆ ਬੰਦਾ ਆਪਣੇ-ਆਪ ਨੂੰ ਤਾਕਤਵਰ ਸਮਝਣ ਦਾ ਭਰਮ ਪਾਲਣ ਲੱਗਦਾ ਹੈ। ਆਪਣੇ ਤੋਂ ਕਮਜ਼ੋਰ 'ਤੇ ਜਬਰ ਢਾਹ ਕੇ ਆਪਣੇ ਅੰਦਰਲੀ ਕਮਜ਼ੋਰੀ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਿਚ ਰੁਝ ਜਾਂਦਾ ਹੈ। ਸਿਸਟਮ ਖਿਲਾਫ ਸਖਤ ਲੜਾਈ ਤੋਂ ਮੂੰਹ ਫੇਰ ਕੇ ਮਸਨੂਈ ਜਿੱਤ ਦਾ ਸ਼ਿਕਾਰ ਹੋ ਨਿਬੜਦਾ ਹੈ। ਕਮਲ ਦੀ ਸ਼ਾਇਰੀ ਮੱਛੀਆਂ ਨੂੰ ਕੈਦ ਕਰਨ ਵਾਲਿਆਂ ਨੂੰ ਸਾਗਰ ਦੇ ਤੂਫਾਨ ਨਾਲ ਮੱਥਾ ਲਾਉਣ ਦਾ ਰਸਤਾ ਦਿਖਾਉਂਦੀ ਹੈ। ਉਹ 'ਕੈਦ' ਨਹੀਂ 'ਰਿਹਾਈ' ਵਾਸਤੇ ਕੀਤੇ ਜਾਣ ਵਾਲੇ ਸੰਘਰਸ਼ ਦਾ ਸ਼ਾਇਰ ਹੈ:

ਚੰਗੀਆਂ ਨਾ ਤੈਨੂੰ ਲੱਗਣ
ਸਾਗਰ 'ਚ ਤਰਦੀਆਂ,
ਸ਼ੀਸ਼ੇ 'ਚ ਕੈਦ ਕਰਕੇ
ਰੱਖਦਾ ਤੂੰ ਮਛਲੀਆਂ।

ਜੇ ਸਿਸਟਮ ਦੀ ਗੁਲਾਮੀ ਤੋਂ ਨਿਜਾਤ ਪਾਉਣੀ ਹੈ ਤਾਂ ਇਸ ਦੀ ਕੀਮਤ ਤੋਂ ਵੀ ਕਮਲ ਚੰਗੀ ਤਰ੍ਹਾਂ ਵਾਕਿਫ ਹੈ:

ਜਗਦੀ ਮਿਸ਼ਾਲ ਰੱਖੋ,
ਚਾਹੇ ਐ 'ਪਾਲ' ਇਸ ਵਿਚ,
ਆਪਣੇ ਲਹੂ ਦੇ ਤੁਪਕੇ ਬਾਲੋ ਸਵੇਰ ਤੀਕਰ।

ਕਮਲ ਦੇਵ ਪਾਲ ਦੀ ਸ਼ੁਰੂਆਤ ਗਜ਼ਲ ਤੋਂ ਹੋਈ। ਫਿਰ ਉਸ ਨੇ ਨਜ਼ਮ ਲਿਖੀ। ਉਸ ਦੀ ਨਜ਼ਮਾਂ ਦੀ ਕਿਤਾਬ 'ਦਿਨ ਪਰਤ ਆਉਣਗੇ' ਦਾ ਪ੍ਰਕਾਸ਼ਨ ਸਗੋਂ ਗਜ਼ਲ-ਸੰਗ੍ਰਿਹ ਨਾਲੋਂ ਵੀ ਪਹਿਲਾਂ ਹੋਇਆ। ਗਜ਼ਲ ਤੋਂ ਨਜ਼ਮ ਤੱਕ ਦਾ ਉਸ ਦਾ ਸਫਰ ਅਸਲ ਵਿਚ ਉਸ ਦੀ ਸੋਚ ਦੇ ਵਿਕਾਸ ਦਾ ਲਖਾਇਕ ਹੈ। ਉਹ ਗਜ਼ਲ ਵਰਗੀ ਪਾਬੰਦ ਵਿਧਾ ਦੇ ਨਾਲ ਨਾਲ ਆਜ਼ਾਦ ਨਜ਼ਮ ਦਾ ਵੀ ਸਫਲ ਸ਼ਾਇਰ ਸਿੱਧ ਹੋਇਆ ਹੈ। ਦੂਜੇ ਸ਼ਬਦਾਂ ਵਿਚ, ਉਹ ਆਪਣੇ ਆਪ ਨੂੰ ਕਿਸੇ ਬੰਦਿਸ਼ ਵਿਚ ਬੰਨ੍ਹ ਕੇ ਰੱਖ ਹੀ ਨਹੀਂ ਸਕਦਾ, ਉਹ ਚਾਹੇ ਕਾਵਿ-ਬੰਦਿਸ਼ ਹੋਵੇ ਜਾਂ ਰਾਜਨੀਤਕ, ਧਾਰਮਿਕ ਵਿਵਸਥਾ ਦੀਆਂ ਬੰਦਿਸ਼ਾਂ। ਸ਼ਾਇਦ ਇਹੀ ਕਾਰਨ ਹੈ ਕਿ ਉਸ ਨੇ ਗਜ਼ਲ ਵਿਚ ਵੀ ਕਈ ਥਾਂਈਂ ਸ਼ਬਦਾਂ ਨੂੰ ਉਨ੍ਹਾਂ ਦੇ ਪ੍ਰਚਲਿਤ ਵਜ਼ਨਾਂ ਦੇ ਉਲਟ ਬੰਨ੍ਹ ਕੇ ਅਚੇਤ ਹੀ ਆਪਣੀ ਬਾਗੀਆਨਾ ਤਬੀਅਤ ਦੀ ਝਲਕ ਦਿਖਾ ਦਿੱਤੀ ਹੈ।

ਕਿਤਾਬ ਦਾ ਮੁੱਖ-ਵਰਕ ਦੇਖਣ ਸਾਰ ਕਿੰਨਾ ਕੁਝ ਯਾਦ ਆਇਆ। ਉਹ ਸੂਰਜ ਵਰਗਾ ਕਮਲ ਦੇਵ ਪਾਲ ਜਿਸ ਦੇ ਮੂੰਹੋਂ ਸ਼ਿਅਰ ਨਹੀਂ, ਉਹ ਲੋਅ ਪ੍ਰਗਟ ਹੁੰਦੀ ਦੇਖੀ ਹੈ, ਜਿਸ ਨੇ ਲੋਕਾਂ ਦੇ ਹਨੇਰੇ ਸੁਪਨਿਆਂ ਵਿਚ ਚਾਨਣ ਭਰਨਾ ਹੈ:

ਧਰਤੀ ਦਾ ਕੁੱਲ ਰਕਬਾ,
ਵੰਡਾਂਗੇ ਸਾਰਿਆਂ ਵਿਚ,
ਇਕ ਵਾਰ ਆ ਗਈ ਜਦ
ਹੱਥੀਂ ਜ਼ਰੀਬ ਸਾਡੇ।

## ਕਮਲ ਦੇਵ ਦੀਆਂ ਕੁਝ ਗਜ਼ਲਾਂ

(1)

ਅਜ਼ਾਦੀ ਦੇ ਜਦੋਂ ਪੈਗਾਮ ਦੀ ਗੱਲਬਾਤ ਚੱਲੇਗੀ।
ਗੁਲਾਮਾਂ ਦੇ ਘਰੋਂ ਸੰਗਰਾਮ ਦੀ ਗੱਲਬਾਤ ਚੱਲੇਗੀ।

ਸ਼ਬਦ ਸੈਂਸਰ ਕਰਨ ਚਾਹੇ, ਕਲਮ 'ਤੇ ਰੋਕ ਲਾਵਣ ਉਹ,
ਮੇਰੇ ਸ਼ਿਅਰਾਂ 'ਚ ਪਰ ਸੰਗਰਾਮ ਦੀ ਗੱਲਬਾਤ ਚੱਲੇਗੀ।

ਜਦੋਂ ਮਨਸੂਰ ਤੇ ਸੁਕਰਾਤ ਦੇ ਕਾਤਲ ਫੜ੍ਹੇ ਜਾਣੇ,
ਉਨ੍ਹਾਂ ਸਿਰ ਕਤਲ ਦੇ ਇਲਜ਼ਾਮ ਦੀ ਗੱਲਬਾਤ ਚੱਲੇਗੀ।

ਰਿਸ਼ੀ ਸ਼ੰਭੂਕ ਦੇ ਜਦ ਕਤਲ ਦੀ ਚਰਚਾ ਛਿੜੂ ਕਿਧਰੇ,
ਉਦੋਂ ਦਸ਼ਰਥ ਦੇ ਬੇਟੇ ਰਾਮ ਦੀ ਗੱਲਬਾਤ ਚੱਲੇਗੀ।

ਗੁਲਾਮਾਂ ਨੂੰ ਬਗਾਵਤ ਦਾ ਜਦੋਂ ਅਹਿਸਾਸ ਹੋ ਜਾਣਾ,
ਉਦੋਂ ਜ਼ਿੱਲਤ ਅਤੇ ਕੁਹਰਾਮ ਦੀ ਗੱਲਬਾਤ ਚੱਲੇਗੀ।

ਜਦੋਂ ਸੱਤਾ ਦੀ ਚਾਬੀ ਹੱਥ ਸਾਡੇ ਆ ਗਈ ਦੇਖੀਂ,
ਉਦੋਂ ਜ਼ਰਦਾਰ ਨਈਂ ਆਵਾਮ ਦੀ ਗੱਲਬਾਤ ਚੱਲੇਗੀ।

ਅਦੀਬਾਂ ਨੇ ਜਦੋਂ ਗਜ਼ਲਾਂ ਦੇ ਰੂਪਕ ਪੱਖ ਨੂੰ ਛੂਹਣਾ,
ਗਜ਼ਲ ਵਿਚ 'ਪਾਲ' ਦੇ ਇਲਹਾਮ ਦੀ ਗੱਲਬਾਤ ਚੱਲੇਗੀ।

(2)

ਯਾਦਾਂ ਸੰਭਾਲ ਰੱਖੀਂ, ਸੁਪਨੇ ਸੰਭਾਲ ਰੱਖੀਂ।
ਕੂੰਜਾਂ ਦੇ ਪਿਆਰ ਵਰਗੇ, ਵਾਅਦੇ ਸੰਭਾਲ ਰੱਖੀਂ।

ਹਿੰਦੂ ਤੂੰ ਹੋ ਗਿਆ ਹੈਂ ਜਾਂ ਸਿੱਖ ਬਣ ਗਿਆ ਹੈਂ,
ਫੁੱਲਾਂ ਦੀ ਆਬ ਵਰਗੇ ਰਿਸ਼ਤੇ ਸੰਭਾਲ ਰੱਖੀਂ।

ਗੋਦੀ 'ਚ ਜਿਸ ਦੀ ਬਚਪਨ ਦਾ ਨਿੱਘ ਮਾਣਿਆ ਸੀ,
ਮਿੱਠੀ ਜਿਹੀ ਧਰਤ ਮਾਂ ਦੇ ਹਾਸੇ ਸੰਭਾਲ ਰੱਖੀਂ।

ਈਜਾਦ ਕਰ ਗਿਆ ਹੈ ਵਿਗਿਆਨ ਕੰਪਿਊਟਰ,
ਤੂੰ ਪੀਰ, ਦੇਵੀਆਂ ਤੇ ਬਾਬੇ ਸੰਭਾਲ ਰੱਖੀਂ।

ਪਰਦੇਸ ਦੇਰ ਤਾਈਂ ਸਿੱਕੇ ਕਰੀਂ ਇਕੱਠੇ,
ਪਤਨੀ ਨੂੰ ਖਤ ਲਿਖੀਂ ਕਿ ਨਖਰੇ ਸੰਭਾਲ ਰੱਖੀਂ।

ਵਗਦੀ ਹਵਾ ਚੁਫੇਰੇ ਨਫਰਤ ਦਾ ਸੇਕ ਲੈ ਕੇ,
ਇਹੋ ਸਮਾਂ ਹੈ ਇਸ ਤੋਂ ਬੱਚੇ ਸੰਭਾਲ ਰੱਖੀਂ।

ਲੱਗਣਾ ਜ਼ਬਾਨ ਉਤੇ, ਜਦ ਬੈਨ 'ਪਾਲ' ਏਥੇ,
ਤੂੰ ਬੋਲ ਉਸ ਸਮੇਂ ਲਈ ਸੂਹੇ ਸੰਭਾਲ ਰੱਖੀਂ।

(3)

ਮਜ਼ਬੂਤ ਇਰਾਦੇ ਦਾ ਇਜ਼ਹਾਰ ਕਰੇ ਕੋਈ।
ਬੇਕਾਰ ਰਿਵਾਜਾਂ ਤੋਂ ਇਨਕਾਰ ਕਰੇ ਕੋਈ।

ਜ਼ਰ, ਜਾਨ, ਜਿਗਰ, ਜੀਵਨ ਕੁਰਬਾਨ ਕਰਾਂ ਉਸ ਤੋਂ,
ਕੁਝ ਸਾਥ ਨਿਭਾਉਣੇ ਦਾ ਇਕਰਾਰ ਕਰੇ ਕੋਈ।

ਵਾਅਦਾ ਕੀ ਨਿਭਾਉਣਾ ਹੈ, ਖਤ ਲੇਟ ਮਿਲੇ ਅਕਸਰ,
ਹੁਣ ਫੋਨ ਕਰੇ ਕੋਈ ਜਾਂ ਤਾਰ ਕਰੇ ਕੋਈ।

ਬੇਜ਼ਾਰ ਕਠਨ ਜੀਵਨ ਹੈ ਰਾਸ ਬੜਾ ਆਉਂਦਾ,
ਹੁਣ ਫੇਰ ਮੇਰਾ ਜੀਣਾ ਦੁਸ਼ਵਾਰ ਕਰੇ ਕੋਈ।

ਗਮ, ਦਰਦ, ਗਿਲੇ, ਸ਼ਿਕਵੇ ਤੋਹਫੇ ਨੇ ਮੁਹੱਬਤ ਦੇ,
ਤੌਬਾ ਜੀ ਮੇਰੀ ਤੌਬਾ, ਨਾ ਪਿਆਰ ਕਰੇ ਕੋਈ।

ਮੁਸ਼ਕਿਲ 'ਚ ਕਿਵੇਂ ਰਹਿਣਾ, ਮੁਸ਼ਕਿਲ ਤੋਂ ਕਿਵੇਂ ਬਚਣਾ,
ਮਾਸੂਮ ਪਰਿੰਦੇ ਨੂੰ ਹੁਸ਼ਿਆਰ ਕਰੇ ਕੋਈ।

ਮਹਿਫਿਲ 'ਚ ਕਹੋ ਜਾ ਕੇ ਕਿ 'ਪਾਲ' ਜਦੋਂ ਆਵੇ,
ਮਹਿਫਿਲ 'ਚ ਬੋਲੋੜਾ ਨਾ ਇਕਰਾਰ ਕਰੇ ਕੋਈ।

ਪਰਖ-ਪੜਚੋਲ

# ਸੂਰਜ ਦੀ ਅੱਖ: 'ਮਹਾਰਾਜਾ' ਤੇ 'ਮਨੁੱਖ' ਰਣਜੀਤ ਸਿੰਘ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਪਹਿਲਾਂ ਇਸ ਇਤਿਹਾਸਕ ਨਾਵਲ 'ਸੂਰਜ ਦੀ ਅੱਖ' ਦਾ ਸਮਰਪਣ ਪੜ੍ਹੋ:

"ਉਨ੍ਹਾਂ ਲੱਖਾਂ ਬੇਨਾਮ ਸਿਪਾਹੀਆਂ ਦੇ ਨਾਮ ਜਿਹੜੇ ਸਿਰਫ ਦੋ ਜਾਂ ਤਿੰਨ ਰੁਪਏ ਮਹੀਨੇ ਦੀ ਤਨਖਾਹ ਪਾ ਕੇ ਆਪਣੇ ਮਹਾਰਾਜੇ ਲਈ ਲੜੇ ਤੇ ਜੰਗ ਦੇ ਮੈਦਾਨ ਵਿਚ ਲੜਦਿਆਂ ਵੀਰ-ਗਤੀ ਪ੍ਰਾਪਤ ਕੀਤੀ। ਜਿਹਨਾਂ ਦੀ ਨਾ ਮਹਾਰਾਜੇ ਨੇ ਪਰਵਾਹ ਕੀਤੀ ਨਾ ਹੀ ਇਤਿਹਾਸ ਨੇ।"

ਫਿਰ ਸ਼ਾਹ ਮੁਹੰਮਦ ਦਾ ਪ੍ਰਸਿੱਧ ਕਾਵਿ-ਬੰਦ ਪੜ੍ਹੋ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮੈਂ ਆਲੋਚਕ ਨਹੀਂ। ਪਾਠਕ ਹਾਂ ਅਤੇ ਮਾੜਾ ਮੋਟਾ ਲੇਖਕ। ਪੜ੍ਹਦਿਆਂ-ਗੁੜ੍ਹਦਿਆਂ ਕਾਲਜ ਦੇ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਪੜ੍ਹਾਉਂਦਾ ਰਿਹਾਂ। ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਲੈ ਕੇ ਵਿਸ਼ਵ ਦੇ ਸ਼ਾਹਕਾਰ ਨਾਵਲ ਪੜ੍ਹੇ ਨੇ। ਪਰ ਪਿਛਲੇ ਕੁਝ ਸਮੇਂ ਤੋਂ ਲਿਖਣ ਦੇ ਰੁਝੇਵੇਂ ਵਧ ਜਾਣ ਕਰਕੇ ਪੰਜਾਬੀ ਨਾਵਲ, ਖਾਸ ਕਰ ਕੇ ਵਡੇਰੇ ਆਕਾਰ ਦੇ ਨਾਵਲ ਨਹੀਂ ਪੜ੍ਹ ਸਕਿਆ। ਮਹਾਰਾਜਾ ਰਣਜੀਤ ਸਿੰਘ ਬਾਰੇ 600 ਪੰਨਿਆਂ ਦਾ ਨਾਵਲ 'ਸੂਰਜ ਦੀ ਅੱਖ' ਮੇਰੇ ਹੱਥ ਦੇਰ ਨਾਲ ਆਇਆ ਜੋ ਮੈਂ ਧਿਆਨ ਨਾਲ ਪੜ੍ਹਿਆ। ਪੜ੍ਹਦਿਆਂ ਜੋ ਅਨੁਭਵ ਕੀਤਾ, ਉਹ ਲਿਖਣਾ ਜ਼ਰੂਰੀ ਸਮਝਦਾਂ। ਵੈਸੇ ਵੀ ਵਿਚਾਰ-ਵਟਾਂਦਰਾ ਕਰਨਾ ਚੰਗਾ ਹੁੰਦੈ, ਕੋਈ ਠੀਕ ਸਮਝੇ ਜਾਂ ਗਲਤ। ਗੁਰਬਾਣੀ ਦਾ ਵੀ ਆਦੇਸ਼ ਹੈ: ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।

ਮਹਾਰਾਜਾ ਰਣਜੀਤ ਸਿੰਘ ਨੇ ਸੱਸੀ ਹਾਸ਼ਮ ਦਾ ਕਿੱਸਾ ਲਿਖਣ ਵਾਲੇ ਹਾਸ਼ਮ ਸ਼ਾਹ ਨੂੰ ਇਨਾਮ 'ਚ ਖੂਹ ਬਖਸ਼ਿਆ ਸੀ। ਉਹ ਕਵੀਆਂ/ਕਲਾਕਾਰਾਂ ਦਾ ਕਦਰਦਾਨ ਸੀ। ਮੈਨੂੰ ਪੱਕਾ ਯਕੀਨ ਹੈ ਜੇ ਮਹਾਰਾਜਾ ਰਣਜੀਤ ਸਿੰਘ ਅੱਜ ਜਿਉਂਦਾ ਹੁੰਦਾ ਤਾਂ ਇਹ ਨਾਵਲ ਪੜ੍ਹ/ਸੁਣ ਕੇ ਲੇਖਕ ਬਲਦੇਵ ਸਿੰਘ ਨੂੰ ਹਾਸ਼ਮ ਸ਼ਾਹ ਤੋਂ ਵੀ ਵੱਡੀ ਜਾਗੀਰ ਬਖਸ਼ਦਾ। ਫਕੀਰ ਅਜ਼ੀਜ਼-ਉਦ-ਦੀਨ ਨੇ ਮਹਾਰਾਜੇ ਦੀ ਵਡਿਆਈ ਵਿਚ ਬੜੇ ਚੰਗੇ ਸ਼ਬਦ ਆਖੇ ਹਨ, ਪਰ 'ਸੂਰਜ ਦੀ ਅੱਖ' ਬਲਦੇਵ ਸਿੰਘ ਨੇ ਹੀ ਆਖਿਆ ਹੈ। ਨਾਵਲ ਪੜ੍ਹ ਕੇ ਪਤਾ ਲੱਗਦੈ ਕਿ ਰਣਜੀਤ ਸਿੰਘ 'ਮਹਾਰਾਜਾ' ਅਸਾਧਾਰਨ ਸੀ ਜਦ ਕਿ 'ਬੰਦਾ' ਆਮ ਬੰਦਿਆਂ ਵਰਗਾ ਹੀ ਸੀ।

21 ਸਾਲ ਦੀ ਉਮਰੇ ਮਹਾਰਾਜਾ ਬਣਨ ਸਮੇਂ ਰਣਜੀਤ ਸਿੰਘ ਦੇ ਨਾਵਲ ਵਿਚਲੇ ਸੰਵਾਦ ਉਸ ਦੀ ਵਡਿਆਈ ਹੀ ਤਾਂ ਹਨ। ਤਾਜਪੋਸ਼ੀ ਦੀ ਰਸਮ ਪੂਰੀ ਹੋ ਗਈ। ਬਾਬਾ ਸਾਹਿਬ ਸਿੰਘ ਬੇਦੀ ਨੇ ਸੰਮਨ ਬੁਰਜ ਅੰਦਰ ਪਏ ਮੁਗਲਾਂ ਦੇ ਤਖਤ 'ਤੇ ਰਣਜੀਤ ਸਿੰਘ ਨੂੰ ਬਿਰਾਜਮਾਨ ਹੋਣ ਲਈ ਕਿਹਾ। ਪਰ ਰਣਜੀਤ ਸਿੰਘ ਨੇ ਦ੍ਰਿੜਤਾ ਨਾਲ ਕਿਹਾ, "ਬਾਬਾ ਜੀ, ਖਿਮਾ ਕਰਨਾ, ਮੈਂ ਇਸ ਤਖਤ ਉਪਰ ਕਦੇ ਨਹੀਂ ਬੈਠਾਂਗਾ।"

ਦੋਹਾਂ ਵਿਚਾਲੇ ਕੁਝ ਬਚਨ ਬਿਲਾਸ ਹੁੰਦੇ ਹਨ। ਰਣਜੀਤ ਸਿੰਘ ਕਹਿੰਦਾ ਹੈ, "ਮੈਂ ਇਕ ਸਿਰ ਨਾਲ ਨਹੀਂ, ਵਧੇਰੇ ਸਿਰਾਂ ਨਾਲ ਹਕੂਮਤ ਕਰਾਂਗਾ।"

"ਬਾਬਾ ਜੀ, ਫਿਰ ਵੀ ਮੈਂ ਇਸ ਤਖਤ ਉਪਰ ਨਹੀਂ ਬੈਠ ਸਕਦਾ, ਮੈਨੂੰ ਇਸ ਤਖਤ ਵਿਚੋਂ ਲੱਖਾਂ ਪੰਜਾਬੀ ਮਰਦ, ਔਰਤਾਂ, ਬੱਚਿਆਂ ਦੀਆਂ ਚੀਖਾਂ ਕੁਰਲਾਹਟਾਂ ਸੁਣਦੀਆਂ ਹਨ। ਲਹੂ ਰਿਸਦਾ ਦਿਸਦਾ ਹੈ।" ਰਣਜੀਤ ਸਿੰਘ ਨੇ ਤਖਤ ਵੱਲੋਂ ਮੂੰਹ ਘੁੰਮਾ ਲਿਆ।

"ਸਿੰਘ ਸਾਹਿਬ ਜੀ, ਮੈਨੂੰ ਫਿਰ ਖਿਮਾ ਕਰਨਾ। ਮੈਂ ਤਾਜ ਨਹੀਂ ਪਹਿਨਾਂਗਾ। ਨਾ ਹੀ ਤਾਜ ਪਹਿਨ ਕੇ ਮੈਨੂੰ 'ਮਹਾਰਾਜਾ' ਅਖਵਾਉਣ ਦਾ ਸ਼ੌਕ ਹੈ। ਮੇਰੀ ਤਲਵਾਰ ਹੀ ਮੈਨੂੰ ਇਹ ਰੁਤਬਾ ਬਖਸ਼ਦੀ ਹੈ। ਬਾਹਰੀ ਵਿਖਾਵਿਆਂ ਦੀ ਮੈਨੂੰ ਕੋਈ ਲੋੜ ਨਹੀਂ। ਲੋਕਾਂ ਵੱਲੋਂ 'ਸਿੰਘ ਸਾਹਿਬ' ਅਖਵਾ ਕੇ ਮੈਂ ਵਧੇਰੇ ਖੁਸ਼ ਹੋਵਾਂਗਾ।"

ਪੇਸ਼ਾਵਰ 'ਤੇ ਕਬਜ਼ੇ ਪਿਛੋਂ ਰਣਜੀਤ ਸਿੰਘ ਨੇ ਐਲਾਨ ਕੀਤਾ, "ਕਿਸੇ ਵੀ ਸ਼ਹਿਰੀ ਨੂੰ ਤੰਗ ਨਹੀਂ ਕੀਤਾ ਜਾਏਗਾ, ਕੋਈ ਵੀ ਘਰ ਲੁੱਟਿਆ ਨਹੀਂ ਜਾਏਗਾ। ਪੇਸ਼ਾਵਰ ਦੇ ਬਾਸ਼ਿੰਦਿਆਂ ਦੀ ਜਾਇਦਾਦ ਤੇ ਜਾਨ-ਮਾਲ ਦੀ ਰਾਖੀ ਕੀਤੀ ਜਾਏਗੀ। ਲੋਕ ਪਹਿਲਾਂ ਵਾਂਗ ਹੀ ਕੰਮ-ਧੰਦੇ ਬਿਨਾ ਖੌਫ ਕਰਦੇ ਰਹਿਣ।" ਲੇਖਕ ਹੋਰ ਵਡਿਆਈ ਕਿਵੇਂ ਕਰਦਾ?

ਸੂਰਜ ਉਦੈ ਹੋ ਰਿਹਾ ਸੀ। ਰਣਜੀਤ ਸਿੰਘ ਨੇ ਵੇਖਿਆ, ਉਸ ਦੀਆਂ ਕਿਰਨਾਂ ਨੇ ਅਟਕ ਦੇ ਪਾਣੀ ਨੂੰ ਢਲੇ ਹੋਏ ਸੋਨੇ ਵਾਂਗ ਬਣਾ ਦਿੱਤਾ। ਕਿਨਾਰਿਆਂ 'ਤੇ ਜੰਗਲੀ ਫੁੱਲ ਖਿੜ੍ਹੇ ਹੋਏ ਸਨ। ਰਣਜੀਤ ਸਿੰਘ ਸੋਚਣ ਲੱਗਾ, ਦਿਨ ਢਲਦਿਆਂ ਹੀ ਇਹ ਫੁੱਲ ਮੁਰਝਾ ਜਾਣਗੇ। ਕੀ ਬੰਦੇ ਦਾ ਜੀਵਨ ਵੀ ਇਸੇ ਤਰ੍ਹਾਂ ਹੀ ਹੈ? ਉਸ ਨੇ ਲੰਮਾ ਸਾਹ ਲੈਂਦਿਆਂ ਸੋਚਿਆ, ਆਪਣੇ ਰਾਜ ਨੂੰ, ਆਪਣੇ ਤਖਤ ਨੂੰ ਬਚਾਉਣ ਲਈ, ਦੂਸਰੇ ਦੇ ਤਖਤ ਨੂੰ ਤਬਾਹ ਕਰਨਾ ਜ਼ਰੂਰੀ ਹੋ ਜਾਂਦਾ ਹੈ। ਖੁਦ ਜਿਊਂਦਾ ਰਹਿਣ ਲਈ, ਦੂਜਿਆਂ ਨੂੰ ਮਾਰਨਾ ਜ਼ਰੂਰੀ ਏ।

ਮੁਸਲਮਾਨਾਂ ਦੇ ਮੁਕਾਬਲੇ ਸਿੱਖ 7% ਸਨ। 40 ਸਾਲ ਘੱਟਗਿਣਤੀ ਰਾਜ ਕਰਦੀ ਰਹੀ। ਇਕ ਵੀ ਵਿਦਰੋਹ ਨਾ ਹੋਇਆ, ਜਾਤ ਦੇ ਨਾਂ 'ਤੇ। ਇਕ ਵੀ ਅਜਿਹੀ ਘਟਨਾ ਨਹੀਂ ਵਾਪਰੀ ਕਿ ਮੁਸਲਮਾਨਾਂ ਨੇ ਕਿਹਾ ਹੋਵੇ, ਸਾਨੂੰ ਸਿੱਖ ਮਹਾਰਾਜਾ ਮਨਜ਼ੂਰ ਨਹੀਂ। ਉਸ ਨੇ ਬਿਨਾ ਜਾਤੀ ਭੇਦ ਭਾਵ ਦੇ ਕਿਸੇ ਦੀ ਵੀ ਕਾਬਲੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ।

ਬਰਨਜ਼ ਨੇ ਲਿਖਿਆ, "ਕੁਦਰਤ ਨੇ ਇਸ ਵਿਅਕਤੀ ਨੂੰ ਬੜੀ ਕੰਜੂਸੀ ਨਾਲ ਦਾਤਾਂ ਬਖਸ਼ੀਆਂ ਨੇ ਤੇ ਇਹ ਦਾਤਾਂ ਦੇਣ ਸਮੇਂ ਜ਼ਰੂਰ ਹੀ ਬੁੱਧੀ ਅਤੇ ਜਿਸਮ ਦਰਮਿਆਨ ਝਗੜਾ ਹੋਇਆ ਹੋਵੇਗਾ। ਉਸ ਦੀ ਇਕ ਅੱਖ ਹੈ। ਚਿਹਰਾ ਮਾਤਾ ਦੇ ਦਾਗਾਂ ਨਾਲ ਭਰਿਆ ਹੋਇਆ ਹੈ। ਕੱਦ 5 ਫੁੱਟ 3 ਇੰਚ ਤੋਂ ਵੱਧ ਨਹੀਂ। ਉਹ ਵਿਖਾਵੇ ਤੋਂ ਪੂਰੀ ਤਰ੍ਹਾਂ ਮੁਕਤ ਹੈ ਤੇ ਤੜਕ-ਭੜਕ ਤੋਂ ਬੇ-ਨਿਆਜ਼।"

ਜੈਕ ਮਾਊਂਟ ਨੇ ਆਪਣੀ ਡਾਇਰੀ ਵਿਚ ਲਿਖਿਆ, "ਉਹ ਕਮਾਲ ਦਾ ਇੰਡੀਅਨ ਹੈ। ਹਰ ਗੱਲ ਜਾਣਨੀ ਚਾਹੁੰਦਾ ਹੈ। ਉਹ ਹੈਰਾਨ ਕਰਨ ਵਾਲੇ ਸੁਆਲ ਪੁੱਛਦਾ ਹੈ। ਅੰਗਰੇਜ਼ਾਂ ਬਾਰੇ, ਨੈਪੋਲੀਅਨ ਬਾਰੇ, ਰੂਸ ਬਾਰੇ, ਯੂਰਪ ਬਾਰੇ, ਸੰਸਾਰ ਬਾਰੇ, ਅਗਲੀ ਦੁਨੀਆਂ ਬਾਰੇ, ਸਵਰਗ-ਨਰਕ ਬਾਰੇ, ਰੱਬ ਬਾਰੇ, ਸ਼ੈਤਾਨ ਬਾਰੇ...।"

ਰਾਤ ਨੂੰ ਜੰਗਲ ਵਿਚ ਭਟਕਦੀ ਸ਼ੇਰਨੀ ਰੋ ਰਹੀ ਸੀ। ਮਹਾਰਾਜਾ ਸ਼ਿਕਾਰ ਖੇਡਣ ਪਿੱਛੋਂ ਆਪਣੇ ਤੰਬੂ ਵਿਚ ਸੌਣ ਦੀ ਤਿਆਰੀ ਕਰ ਰਿਹਾ ਸੀ। ਸੈਨਿਕ ਨੇ ਦੱਸਿਆ, "ਸ਼ੇਰ ਦਾ ਜਿਹੜਾ ਬੱਚਾ ਅਸੀਂ ਪਕੜਿਆ ਹੈ, ਇਹ ਰੋਂਦੀ ਆਵਾਜ਼ ਇਸ ਬੱਚੇ ਦੀ ਮਾਂ ਦੀ ਹੈ।"

"ਔਹ, ਇਸ ਬੱਚੇ ਦੀ ਮਾਂ!" ਕੂਲਾ ਜਿਹਾ ਬਲੂੰਗੜਾ ਬੱਚਾ ਮਹਾਰਾਜੇ ਦੇ ਕੋਲ ਸੀ।

"ਹਾਂ ਮਹਾਰਾਜ, ਏਧਰ ਓਧਰ ਭਟਕ ਰਹੀ ਹੈ ਤੇ ਕੁਰਲਾ ਰਹੀ ਹੈ।"

"ਆਖਰ ਮਾਂ ਹੈ ਨਾ। ਬੱਚੇ ਲਈ ਤੜਪ ਰਹੀ ਹੈ।" ਰਣਜੀਤ ਸਿੰਘ ਨੇ ਜਿਵੇਂ ਅੰਦਰਲੇ ਨੂੰ ਕਿਹਾ। ਫਿਰ ਬੋਲਿਆ, "ਬੱਚੇ ਨੂੰ ਲੈ ਜਾਓ ਤੇ ਇਸ ਦੀ ਮਾਂ ਦੇ ਲਾਗੇ ਛੱਡ ਦਿਓ।"

ਸੈਨਿਕ ਬੱਚੇ ਦੇ ਬਹਾਨੇ ਸ਼ੇਰਨੀ ਵੀ ਕਾਬੂ ਕਰਨਾ ਚਾਹੁੰਦੇ ਸਨ ਪਰ 'ਸੂਰਜ ਦੀ ਅੱਖ' ਵੇਖ ਕੇ ਡਰ ਗਏ।

ਮਹਾਰਾਜਾ ਰਣਜੀਤ ਸਿੰਘ ਨੇ 1801 ਤੋਂ 1839 ਤਕ ਰਾਜ ਕੀਤਾ ਜਿਸ ਦੇ ਰਾਜ ਦਾ ਰਕਬਾ ਡੇਢ ਲੱਖ ਵਰਗ ਮੀਲ ਦੇ ਕਰੀਬ ਸੀ। ਜੇ ਉਹ ਆਪਣੇ ਨਿਜੀ ਜੀਵਨ ਵਿਚ ਸੰਜਮ ਤੇ ਸਵੈਕਾਬੂ ਰੱਖਦਾ ਅਤੇ ਆਪਣੀਆਂ ਇਤਿਹਾਸਕ ਜ਼ਿੰਮੇਵਾਰੀਆਂ ਵੱਲ ਉਚੇਚਾ ਧਿਆਨ ਦਿੰਦਾ ਤਾਂ ਸ਼ਾਇਦ ਕੌਮੀ ਦੁਖਾਂਤ ਤੋਂ ਅਤੇ ਸਿਆਸੀ ਹਾਰ ਤੋਂ ਬਚਿਆ ਜਾ ਸਕਦਾ ਸੀ। ਆਪਣੀ ਜ਼ਿੰਦਗੀ ਵਿਚ ਮਹਾਰਾਜੇ ਨੇ ਆਪਣੇ ਆਪ ਨੂੰ ਕੌਮ ਅਤੇ ਪਰਜਾ ਦਾ ਸੇਵਕ ਸਮਝਿਆ। ਉਸ ਨੇ ਰਾਜਨੀਤਕ ਆਦਰਸ਼ਾਂ ਵਿਚ ਉਸ ਖਾਲਸਾਈ-ਤੰਤਰ ਨੂੰ ਸਨਮੁੱਖ ਰੱਖਣ ਦਾ ਵਿਖਾਵਾ ਤਾਂ ਕੀਤਾ, ਪਰ ਉਸ ਦੇ ਨਿੱਗਰ ਤੇ ਸਥਾਈ ਅੰਸ਼ਾਂ ਵੱਲੋਂ ਅੱਖਾਂ ਮੁੰਦ ਲਈਆਂ। ਨਾ ਗੁਰਮਤੇ ਵਾਲੀ, ਨਾ ਸਾਂਝੀਵਾਲਤਾ ਵਾਲੀ ਪਰੰਪਰਾ ਕਾਇਮ ਰਹੀ, ਨਾ ਹੀ ਸਿੱਖ ਮਿਸ਼ਨ ਕਾਲ ਦੇ ਰਾਸ਼ਟਰ ਮੰਡਲ ਵਾਲੀ ਸਮੂਹਕ ਭਰਾਤਰੀ ਭਾਵਨਾ ਅੱਗੇ ਤੁਰ ਸਕੀ। ਇਸ ਦੀ ਜਗ੍ਹਾ ਸਮਰਾਟ ਦੇ ਨਿਜੀ ਜੀਵਨ ਉਤੇ ਸਭ ਸ਼ਕਤੀਆਂ ਕੇਂਦਰਿਤ ਹੋ ਗਈਆਂ ਤੇ ਖਾਲਸਾ ਰਾਜ ਇਕ ਪੁਰਖੀ ਬੇਲਗਾਮ ਰਾਜਤੰਤਰ ਦਾ ਰੂਪ ਧਾਰ ਗਿਆ। ਰਣਜੀਤ ਸਿੰਘ ਨੇ ਖਾਲਸਾ ਆਦਰਸ਼ਾਂ ਦੀ ਥਾਂ ਮੁਗਲ ਬਾਦਸ਼ਾਹਾਂ ਵਾਲੀਆਂ ਨੀਤੀਆਂ ਹੀ ਸਾਹਮਣੇ ਰੱਖੀਆਂ।

ਸਰ ਲੇਪਿਲ ਗਰਿਫਨ ਨੇ ਲਿਖਿਆ, "ਰਣਜੀਤ ਸਿੰਘ ਨੇ ਜਿਸ ਤਰ੍ਹਾਂ ਦਾ ਬੀਜ ਬੀਜਿਆ, ਉਹੋ ਜਿਹੀ ਹੀ ਫਸਲ ਉਗੀ। ਪਿਤਾ ਨੇ ਖੱਟੇ ਅੰਗੂਰ ਖਾਧੇ, ਦੰਦ ਖੱਟੇ ਉਸ ਦੀ ਔਲਾਦ ਦੇ ਹੋਏ। ਸਾਰੀਆਂ ਕੋਸ਼ਿਸ਼ਾਂ ਰਾਜ ਦੀਆਂ ਹੱਦਾਂ ਅਤੇ ਫੌਜੀ ਸ਼ਕਤੀ ਵਧਾਉਣ ਵੱਲ ਲੱਗੀਆਂ ਰਹੀਆਂ। ਪਰ ਕੌਮ ਦੀ ਫਿਤਰਤ ਅਤੇ ਇਖਲਾਕ ਨੂੰ ਸੁਧਾਰਨ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਸਾਡਾ ਮਹਾਰਾਜਾ ਧਰਮੀ ਰਾਜੇ ਵਜੋਂ ਜਾਣਿਆ ਜਾਂਦਾ ਹੈ। ਆਪਣੇ ਰਾਜ ਕਾਲ ਵਿਚ ਉਸ ਨੇ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਪਰ ਇਕ ਲੈਲੀ ਘੋੜੀ ਪਿੱਛੇ ਤੇ ਕੋਹੇਨੂਰ ਪਿੱਛੇ ਉਸ ਨੇ ਹਜ਼ਾਰਾਂ ਫੌਜੀ ਮਰਵਾ ਘੱਤੇ।

ਨਾਵਲ ਸਮਾਪਤ ਹੋ ਕੇ ਵੀ ਸਮਾਪਤ ਨਹੀਂ ਹੁੰਦਾ। ਨਾਵਲ ਦੇ ਗਰਭ ਵਿਚ ਅਨੇਕਾਂ ਨਾਵਲ ਹੋ ਸਕਦੇ ਹਨ। ਇਤਿਹਾਸ, ਰਾਤ ਵੇਲੇ ਇਕ ਪੁਰਾਣੀ ਹਵੇਲੀ ਵਾਂਗ ਹੁੰਦਾ ਹੈ ਜਿਸ ਦੀਆਂ ਸਾਰੀਆਂ ਬੱਤੀਆਂ ਮੱਧਮ ਜਿਹੀਆਂ ਜਗਦੀਆਂ ਹੋਣ ਤੇ ਉਸ ਅੰਦਰ ਪੁਰਖੇ ਫੁਸਫਸਾ ਰਹੇ ਹੋਣ। ਨਗਰ ਵਸਦੇ-ਉਜੜਦੇ ਰਹਿੰਦੇ ਨੇ। ਰਾਜਾਂ ਤੇ ਰਾਸ਼ਟਰਾਂ ਦੇ ਨਾਮ ਨਿਸ਼ਾਨ ਮਿਟ ਜਾਂਦੇ ਨੇ। ਸਿਰਫ ਵੀਰਤਾ ਦੇ ਮਹਾਂ-ਕਾਰਜ ਸਦਾ ਯਾਦ ਰਹਿੰਦੇ ਨੇ। ਕਿਸੇ ਵੀ ਸਭਿਅਤਾ ਦਾ ਅਖੀਰ ਕਹਿਣਾ ਸੌਖਾ ਹੈ, ਪਰ ਅਖੀਰ ਵੇਖਣਾ ਬਹੁਤ ਔਖਾ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦਾ ਅੰਤ ਵੀ ਬਹੁਤ ਦੁਖਦਾਈ ਸੀ। ਬੀਤ ਗਈਆਂ ਨੂੰ ਕੁਝ ਚਿਰ ਤਾਂ ਢਕਿਆ ਜਾ ਸਕਦਾ ਹੈ ਪਰ ਇਤਿਹਾਸ ਜਾਂ ਜੀਵਨ ਵਿਚੋਂ ਕੱਢ ਕੇ ਵੱਖ ਨਹੀਂ ਕੀਤਾ ਜਾ ਸਕਦਾ। ਰਣਜੀਤ ਸਿੰਘ ਸੂਰਜ ਵਾਂਗ ਚਮਕਿਆ। ਸ਼ੁਹਰਤ ਦੀ ਸਿਖਰ ਵੇਲੇ ਉਸ ਵੱਲ ਖੁੱਲ੍ਹੀਆਂ ਅੱਖਾਂ ਨਾਲ ਨਹੀਂ ਸੀ ਦੇਖਿਆ ਜਾ ਸਕਦਾ। ਉਹੀ ਸੂਰਜ ਆਥਣ ਹੁੰਦਿਆਂ ਢਲ ਗਿਆ।

"ਕੀ ਅਜਿਹੇ ਇਤਿਹਾਸ ਤੋਂ ਸਾਡੇ ਰਹਿਬਰ, ਸਾਡੇ ਆਗੂ, ਸਾਡੇ ਨੇਤਾ, ਕੋਈ ਸਬਕ ਸਿੱਖਣਗੇ? ਜਦੋਂ ਕਿ ਉਨ੍ਹਾਂ ਨੂੰ ਪਤਾ ਹੈ, ਕੁਝ ਵੀ ਸਥਾਈ ਨਹੀਂ, ਸਿਰਫ ਲੋਕਾਂ ਲਈ ਕੀਤੇ ਮਹਾਂ-ਕਾਰਜ ਹੀ ਸਦਾ ਯਾਦ ਰਹਿੰਦੇ ਹਨ। ਕੀ ਅਜਿਹੇ ਸੁਆਲ ਤੁਹਾਡੇ ਮਨਾਂ ਵਿਚ ਨਹੀਂ ਉਪਜਦੇ?"

ਇਹ ਹੈ 'ਸੂਰਜ ਦੀ ਅੱਖ' ਦਾ ਸਾਰ। ਅੱਖਾਂ ਖੋਲ੍ਹ ਕੇ, ਖੁੱਲ੍ਹੇ ਦਿਮਾਗ ਨਾਲ ਪੜ੍ਹਨ ਦੀ ਲੋੜ ਹੈ।

ਇਕ ਰਣਜੀਤ ਸਿੰਘ 'ਮਹਾਰਾਜਾ' ਸੀ, ਦੂਜਾ ਸੀ 'ਮਨੁੱਖ'। ਉਸ ਵਿਚ 'ਮਹਾਰਾਜਿਆਂ' ਵਾਲੇ ਬੜੇ ਗੁਣ ਸਨ ਤੇ 'ਮਨੁੱਖਾਂ' ਵਾਲੇ ਕਈ ਔਗੁਣ ਵੀ ਸਨ। ਉਹ ਸੂਰਬੀਰ, ਬਹਾਦਰ, ਤੇਗਬਾਜ਼, ਨਿਆਂਕਾਰ, ਸਖੀ, ਦਾਨੀ ਤੇ ਸਿਰੇ ਦਾ ਅੱਯਾਸ਼ ਵੀ ਸੀ। ਰਾਣੀਵਾਸ ਵਿਚ ਰਾਣੀਆਂ, ਮਹਾਂਰਾਣੀਆਂ, ਰਖੈਲਾਂ ਤੇ ਦਾਸੀਆਂ ਸਨ। ਮਹਿਤਾਬ ਕੌਰ, ਦਾਤਾਰ ਕੌਰ, ਰੂਪ ਕੌਰ, ਲੱਛਮੀ, ਗੁੱਡਾਂ, ਰਾਜ ਬੰਸੋ, ਮੋਰਾਂ, ਗੁਲਬਹਾਰ ਬੇਗਮ, ਸੰਮਨ ਕੌਰ, ਗੁਲਾਬ ਕੌਰ ਤੇ ਅਨੇਕਾਂ ਹੋਰ ਸਨ। ਤੇ ਮਰਨ ਨੇੜੇ ਢੁੱਕੇ ਨੇ ਵਿਆਹੀ ਸੀ, ਆਪਣੇ ਤੋਂ ਅੱਧੀ ਉਮਰ ਦੀ ਰਾਣੀ ਜਿੰਦਾਂ ਜਿਸ ਨੇ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਖਾਲਸਾ ਫੌਜ ਨੂੰ ਬਲਦੀ ਦੇ ਬੁੱਥੇ ਧੱਕਿਆ ਸੀ:

ਜਿਨ੍ਹਾਂ ਕੋਹ ਕੇ ਮਾਰਿਆ ਵੀਰ ਮੇਰਾ
ਮੈਂ ਤਾਂ ਖੁਹਾਊਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ,
ਧਾਕਾਂ ਜਾਣ ਵਲਾਇਤੀ ਦੇਸ਼ ਸਾਰੇ
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ,
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀ,
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।

ਮਹਾਰਾਜੇ ਦਾ ਦਰਸ਼ਨੀ ਦਰਬਾਰ ਸੀ, ਦਰਬਾਰੀ ਸਨ, ਸੈਨਾਪਤੀ, ਜਰਨੈਲ ਤੇ ਸੱਤ ਸ਼ਹਿਜ਼ਾਦੇ ਸਨ। ਪਰ ਰਾਜ ਸੰਭਾਲਣ ਦੇ ਕਾਬਲ ਇਕ ਵੀ ਸਾਬਤ ਨਾ ਹੋਇਆ। ਅਸਾਧਾਰਨ 'ਮਹਾਰਾਜੇ' ਦੇ ਸਭ ਸ਼ਹਿਜ਼ਾਦੇ ਸਾਧਾਰਨ ਨਿਕਲੇ। 27 ਜੂਨ 1839 ਨੂੰ ਮਹਾਰਾਜੇ ਦਾ ਅਕਾਲ ਚਲਾਣਾ ਹੋਇਆ। ਉਹਦੀ ਚਿਖਾ 'ਚ ਚਾਰ ਰਾਣੀਆਂ-ਗੁੱਡਾਂ, ਹਰ ਦੇਵੀ, ਰਾਜ ਕੁੰਵਰ ਤੇ ਰਾਣੀ ਬਿਨਾਲੀ ਅਤੇ ਸੱਤ ਦਾਸੀਆਂ-ਚੰਨੋ ਜਮਾਦਾਰਨੀ, ਬਦਾਮੋ, ਸੂਬੀ, ਚੰਨੀ, ਜਵਾਹਰੋ, ਨਾਮੋ ਕਾਲੀ ਤੇ ਭਾਨੀ ਸਤੀ ਹੋਈਆਂ। ਚਿਖਾ ਠੰਢੀ ਹੋਣ ਸਾਰ ਆਪਸੀ ਕਤਲੋਗਾਰਤ ਸ਼ੁਰੂ ਹੋ ਗਈ, "ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ, ਪਈ ਖੜਕਦੀ ਨਿੱਤ ਤਲਵਾਰ ਮੀਆਂ।"

ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਤੋਂ ਸ਼ੁਰੂ ਹੋ ਕੇ 11 ਮਾਰਚ 1849 ਦੇ ਦਿਨ ਚਤਰ ਸਿੰਘ ਤੇ ਸ਼ੇਰ ਸਿੰਘ ਨੇ ਰਾਵਲਪਿੰਡੀ ਨੇੜੇ ਮੇਜਰ ਗਿਲਬਰਟ ਅੱਗੇ ਹਥਿਆਰ ਸੁੱਟ ਦਿੱਤੇ। ਜਨਰਲ ਥੈਕਵੈਲ ਨੇ ਲਿਖਿਆ, "ਕੁਝ ਹੰਢੇ ਤਜਰਬੇਕਾਰ ਖਾਲਸੇ ਹਥਿਆਰ ਛੱਡਣ ਲਈ ਰਾਜ਼ੀ ਨਹੀਂ ਸਨ। ਕੁਝ ਤਾਂ ਆਪਣੇ ਹੰਝੂਆਂ 'ਤੇ ਵੀ ਕਾਬੂ ਨਾ ਰੱਖ ਸਕੇ। ਕੁਝ ਇਕਨਾਂ ਦੇ ਚਿਹਰੇ ਘ੍ਰਿਣਾ, ਨਫਰਤ ਅਤੇ ਗੁੱਸੇ ਨਾਲ ਭਖ ਰਹੇ ਸਨ। ਇਕ ਪ੍ਰੌੜ ਖਾਲਸੇ ਨੇ ਹਥਿਆਰ ਰੱਖਦਿਆਂ ਕਿਹਾ: ਅੱਜ ਰਣਜੀਤ ਸਿੰਘ ਮਰ ਗਿਆ!"

ਕਾਰਪੋਰੇਟ ਰਾਈਡਰ ਨੇ ਲਿਖਿਆ, "ਅਸੀਂ, ਆਤਮ ਸਮਰਪਣ ਕਰਨ ਵਾਲੇ ਕੁਝ ਸਿੱਖ ਸੈਨਿਕਾਂ ਨੂੰ ਪੁੱਛਿਆ, ਹੁਣ ਹੋਰ ਤਾਂ ਨਹੀਂ ਲੜੋਗੇ ਸਾਡੇ ਨਾਲ? ਉਨ੍ਹਾਂ ਪੂਰੇ ਜੋਸ਼ ਨਾਲ ਕਿਹਾ, ਜ਼ਰੂਰ ਲੜਾਂਗੇ, ਜੇ ਤੁਸੀਂ ਕਾਇਦੇ ਕਾਨੂੰਨ ਨਾਲ ਲੜੇ ਤਾਂ ਅਸੀਂ ਜਿੱਤਾਂਗੇ ਵੀ ਜ਼ਰੂਰ।"

30 ਮਾਰਚ 1849 ਨੂੰ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ੇ ਦਾ ਐਲਾਨ ਕਰ ਦਿੱਤਾ। ਕਿਲ੍ਹੇ ਤੋਂ ਖਾਲਸਾ ਰਾਜ ਦਾ ਝੰਡਾ ਲਾਹ ਕੇ 'ਯੂਨੀਅਨ ਜੈਕ' ਲਹਿਰਾ ਦਿੱਤਾ,

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਰਣਜੀਤ ਸਿੰਘ 'ਧਰਮੀ ਰਾਜਾ' ਬਣ ਕੇ ਵੀ 'ਮਨੁੱਖੀ' ਕਮਜ਼ੋਰੀਆਂ 'ਤੇ ਕਾਬੂ ਨਾ ਪਾ ਸਕਿਆ। ਸ਼ਰਾਬ, ਅਫੀਮ, ਨਾਚੀਆਂ, ਰਾਗ-ਰੰਗ, ਰੰਗ-ਰਲੀਆਂ, ਹੋਲੀਆਂ-ਸਭ ਕੁਝ ਸੀ। ਨਾਵਲਕਾਰ ਇਹ ਸਾਰਾ ਕੁਝ ਵੇਰਵੇ ਨਾਲ ਚਿੱਤਰ ਬੈਠਾ। ਕਈਆਂ ਨੂੰ ਭਾਇਆ, ਕਈਆਂ ਨੂੰ ਨਾ ਭਾਇਆ। ਪਰ ਨਾਵਲਕਾਰ ਨੇ ਰਣਜੀਤ ਸਿੰਘ ਦਾ ਕੋਈ ਐਸਾ ਐਬ ਜਾਹਰ ਨਹੀਂ ਕੀਤਾ ਜੋ ਪਹਿਲਾਂ ਹੀ ਇਤਿਹਾਸਕ ਡਾਇਰੀਆਂ ਤੇ ਕਿਤਾਬਾਂ 'ਚ ਨਸ਼ਰ ਨਾ ਹੋਇਆ ਹੋਵੇ। ਵਡਿਆਈ ਵਧਾ ਕੇ ਵੀ ਕੀਤੀ ਲੱਗਦੀ ਹੈ। ਸਿੱਖ ਰਾਜ ਦੇ ਆਤਮਘਾਤ ਦਾ ਅਫਸੋਸ ਵੀ ਹੋਇਆ ਲੱਗਦਾ ਹੈ।

ਲੱਗਦੈ ਕੁਝ ਵੀਰਾਂ ਨੇ ਪੂਰਾ ਨਾਵਲ ਪੜ੍ਹੇ ਬਿਨਾ ਹੀ ਸਿੱਟਾ ਕੱਢ ਲਿਆ ਕਿ ਲੇਖਕ ਮਹਾਰਾਜੇ ਦੀ ਬਦਖੋਹੀ ਕਰ ਰਿਹੈ। ਹੋ ਸਕਦੈ ਉਹ ਰਣਜੀਤ ਸਿੰਘ ਨੂੰ 'ਮਹਾਰਾਜਾ' ਮੰਨਣ ਦੀ ਥਾਂ ਗੁਰਬਾਣੀ ਵਾਲਾ 'ਗੁਰਸਿੱਖ' ਮੰਨਦੇ ਹੋਣ। ਵੀਰ ਮੇਰਿਓ! ਉਹ ਗੁਰਮਤਿ ਦੇ ਅਸੂਲਾਂ 'ਤੇ ਪੂਰਾ ਉਤਰਨ ਵਾਲਾ 'ਗੁਰਸਿੱਖ' ਨਹੀਂ ਸੀ। ਕੇਸ-ਦਾੜ੍ਹੀ ਜ਼ਰੂਰ ਸਿੱਖਾਂ ਵਾਲੇ ਸਨ। ਕਹਾਉਂਦਾ ਵੀ ਸਿੰਘ ਸਾਹਿਬ ਸੀ। ਪਰ ਮਰਨਿਆਂ-ਪਰਨਿਆਂ ਸਮੇਂ ਸਿੱਖੀ ਨਾਲੋਂ ਬ੍ਰਾਹਮਣੀ ਰਹੁ-ਰੀਤਾਂ ਭਾਰੂ ਸਨ। ਚਿਖਾ ਨੂੰ ਅਗਨੀ ਦੇਣ ਦਾ ਸਮਾਂ ਬ੍ਰਾਹਮਣਾਂ ਤੇ ਜੋਤਸ਼ੀਆਂ ਦੇ ਟੇਵੇ ਮੁਤਾਬਿਕ ਤੈਅ ਹੋਇਆ ਸੀ। ਵੀਰ ਜੀਓ, ਧੱਕੇ ਨਾਲ ਮਹਾਰਾਜੇ ਨੂੰ 'ਗੁਰਮੁਖ' ਨਾ ਬਣਾਈ ਜਾਓ। ਕਿਰਪਾ ਕਰ ਕੇ ਇਹ ਨਾਵਲ ਨੀਝ ਨਾਲ ਪੜ੍ਹੋ। ਆਪਾਂ ਸੁਚੇਤ ਸੰਸਾਰ ਵਿਚ ਜਿਊਂਦੇ ਹਾਂ। ਰਣਜੀਤ ਸਿੰਘ ਆਦਿ ਕਾਲ ਵਿਚ ਨਹੀਂ ਹੋਇਆ। ਅਜੇ ਕੱਲ੍ਹ ਦੀ ਤਾਂ ਗੱਲ ਹੈ। ਤੱਥ ਮੌਜੂਦ ਹਨ। ਤੱਥਾਂ ਨੂੰ ਨਜ਼ਰਅੰਦਾਜ਼ ਨਾ ਕਰੀਏ। ਆਲੋਚਕ ਸਹੀ ਆਲੋਚਨਾ ਕਰਨ। ਨਾਵਲ ਦੀਆਂ ਕਮੀਆਂ-ਬੇਸ਼ੀਆਂ ਦਲੀਲ ਨਾਲ ਦੱਸਣ/ਸੁਣਨ ਤਾਂ ਕਿ ਸਾਰਥਕ ਬਹਿਸ ਛਿੜੇ। ਧਮਕੀਆਂ ਦੀ ਲੋੜ ਨਹੀਂ।

ਮੈਂ ਭਾਵੇਂ ਇਤਿਹਾਸ ਦਾ ਵਿਦਿਆਰਥੀ ਵੀ ਰਿਹਾਂ ਪਰ ਇਹ ਨਾਵਲ ਪੜ੍ਹ ਕੇ ਹੀ ਪਤਾ ਲੱਗਾ ਕਿ ਕਈ ਪੀੜ੍ਹੀਆਂ ਪਹਿਲਾਂ ਰਣਜੀਤ ਸਿੰਘ ਦੇ ਵਡੇਰੇ ਕਾਲੂ ਵੜੈਚ ਨੇ 15ਵੀਂ ਸਦੀ ਦੇ ਅੰਤ ਵਿਚ ਪਿੰਡ ਤੁੰਗ ਗੁਮਟਾਲਾ ਦੀ ਜ਼ਮੀਨ ਵਿਚ ਬਣਨ ਵਾਲੇ ਅੰਮ੍ਰਿਤਸਰ ਸਰੋਵਰ ਤੋਂ ਚਾਰ ਕੁ ਕੋਹ ਦੂਰ ਸਾਂਹਸੀ ਪਿੰਡ ਵਿਚ ਡੇਰਾ ਲਾਇਆ ਸੀ। ਸਾਂਹਸੀ ਉਦੋਂ ਧਾੜਵੀਆਂ, ਰਾਹਮਾਰਾਂ, ਚੋਰਾਂ, ਠੱਗਾਂ, ਡਾਕੂਆਂ, ਕਾਤਲਾਂ ਤੇ ਮੁਖਬਰਾਂ ਦੇ ਪਿੰਡ ਵਜੋਂ ਬਦਨਾਮ ਸੀ। ਉਦੋਂ ਕੋਈ ਨਹੀਂ ਸੀ ਜਾਣਦਾ ਸੀ ਕਿ ਕਾਲੂ ਵੜੈਚ ਦਾ ਕੋਈ ਵਾਰਸ 19ਵੀਂ ਸਦੀ 'ਚ ਪੰਜਾਬ ਦਾ ਮਹਾਰਾਜਾ ਬਣੇਗਾ? ਰਣਜੀਤ ਸਿੰਘ ਦਾ ਜਨਮ 2 ਨਵੰਬਰ 1780 ਨੂੰ ਹੋਇਆ। ਪੰਜਾਬ ਉਦੋਂ ਬਾਰਾਂ ਮਿਸਲਾਂ ਵਿਚ ਵੰਡਿਆ ਹੋਇਆ ਸੀ। ਰਣਜੀਤ ਸਿੰਘ ਦੇ 5 ਸਾਲ ਦੀ ਉਮਰ ਵਿਚ ਮਾਤਾ ਨਿਕਲ ਆਈ ਜਿਸ ਨਾਲ ਖੱਬੀ ਅੱਖ ਮਾਰੀ ਗਈ ਤੇ ਸਾਂਵਲੇ ਮੂੰਹ ਉਤੇ ਮਾਤਾ ਦੇ ਡੂੰਘੇ ਦਾਗ ਪੈ ਗਏ। ਉਹ ਅੱਥਰਾ ਬਾਲਕ ਸੀ ਜਿਸ ਨੂੰ ਤਲਵਾਰਬਾਜ਼ੀ ਤੇ ਘੋੜ ਸਵਾਰੀ ਦਾ ਸ਼ੌਕ ਸੀ। ਦਸਾਂ ਕੁ ਸਾਲਾਂ ਦੀ ਉਮਰ ਵਿਚ ਹੀ ਉਹ ਅਥਰੇ ਘੋੜਿਆਂ 'ਤੇ ਸਵਾਰੀ ਕਰਨੋ ਨਹੀਂ ਸੀ ਝਿਜਕਦਾ। ਉਸ ਨੇ ਮੌਲਵੀ ਤੋਂ ਫਾਰਸੀ ਤੇ ਭਾਈ ਜੀ ਤੋਂ ਗੁਰਮੁਖੀ ਕੇਵਲ ਦਸਤਖਤ ਕਰਨ ਜੋਗੀ ਹੀ ਸਿੱਖੀ। ਉਸ ਦਾ ਪਿਤਾ ਮਹਾਂ ਸਿੰਘ 27 ਸਾਲ ਦੀ ਜੁਆਨ ਉਮਰੇ ਹੀ ਚਲਾਣਾ ਕਰ ਗਿਆ।

ਜਦੋਂ ਕੁ ਕਾਲੂ ਜੱਟ ਪਿੰਡ ਸਾਂਹਸੀ ਆ ਵਸਿਆ ਉਦੋਂ ਕੁ ਹੀ ਰਾਏ ਭੋਇੰ ਦੀ ਤਲਵੰਡੀ ਵਿਚ ਮਹਿਤਾ ਕਾਲੂ ਦੇ ਘਰ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗੁਰੂ ਸਾਹਿਬਾਨ ਦੀਆਂ ਪਾਤਸ਼ਾਹੀਆਂ ਗੁਰੂ ਗੋਬਿੰਦ ਸਿੰਘ ਤਕ ਚੱਲੀਆਂ। ਮੁਗਲ ਬਾਦਸ਼ਾਹ ਬਾਬਰ ਤੋਂ ਔਰੰਗਜ਼ੇਬ ਤਕ ਅੱਪੜ ਗਏ। ਕਾਲੂ ਵੜੈਚ ਦੀ ਮੌਤ 1488 'ਚ ਹੋਈ। ਉਹਦੀ ਵੰਸ਼ ਅੱਗੇ ਤੁਰਦੀ ਹੋਈ ਜਾਦੋ, ਗੁਲਾਬਾ, ਕਿੱਡੋ, ਰਾਜਦੇਵ, ਤਖਤ ਮੱਲ, ਬਾਰਾ, ਬੁੱਧਾ ਤਕ ਅੱਪੜ ਗਈ। ਬੁੱਧਾ 1699 ਵਿਚ ਅੰਮ੍ਰਿਤ ਛਕ ਕੇ ਬੁੱਧ ਸਿੰਘ ਬਣ ਗਿਆ। ਬੁੱਧ ਸਿੰਘ ਦਾ ਪੁੱਤਰ ਨੌਧ ਸਿੰਘ ਤੇ ਨੌਧ ਸਿੰਘ ਦਾ ਚੜ੍ਹਤ ਸਿੰਘ; ਚੜ੍ਹਤ ਸਿੰਘ ਦਾ ਮਹਾਂ ਸਿੰਘ ਤੇ ਮਹਾਂ ਸਿੰਘ ਦਾ ਰਣਜੀਤ ਸਿੰਘ। ਸ਼ੁਕਰਚੱਕੀਆ ਮਿਸਲ ਦਾ ਮਾਲਕ। ਜੋ ਸਿੱਖ ਮਿਸਲਾਂ, ਮੁਗਲਾਂ, ਅਫਗਾਨਾਂ, ਪਠਾਣਾਂ, ਡੋਗਰਿਆਂ ਤੇ ਪਹਾੜੀ ਰਾਜਿਆਂ ਨੂੰ ਪਤਿਆ ਕੇ ਜਾਂ ਲੜਾਈ ਦੇ ਮੈਦਾਨ ਵਿਚ ਹਰਾ ਕੇ ਵਿਸ਼ਾਲ ਰਾਜ ਦਾ ਸ਼ੇਰ-ਏ-ਪੰਜਾਬ ਮਹਾਰਾਜਾ ਬਣਿਆ।

ਜਿਸ ਨੇ ਪੰਜਾਬ ਦੇ ਇਤਿਹਾਸ ਨੂੰ, ਸਿੱਖ ਕੌਮ ਦੇ ਇਤਿਹਾਸ ਨੂੰ ਅਤੇ 'ਮਹਾਰਾਜੇ' ਤੇ 'ਗੁਰਸਿੱਖ' ਵਿਚਲੇ ਫਰਕ ਨੂੰ ਚੰਗੀ ਤਰ੍ਹਾਂ ਸਮਝਣਾ, ਉਹ ਇਸ ਨਾਵਲ ਨੂੰ ਨੀਝ ਨਾਲ ਪੜ੍ਹੇ। 'ਸੂਰਜ ਦੀ ਅੱਖ' ਅੱਖਾਂ ਖੋਲ੍ਹਣ ਵਾਲਾ ਨਾਵਲ ਹੈ। ਅਜਿਹਾ ਨਾਵਲ ਕਿਸੇ ਹੋਰ ਦੇਸ਼/ਕੌਮ ਦੀ ਭਾਸ਼ਾ ਵਿਚ ਲਿਖਿਆ ਹੁੰਦਾ ਤਾਂ ਵੱਡੇ ਤੋਂ ਵੱਡੇ ਇਨਾਮ ਲਈ ਵਿਚਾਰਿਆ ਜਾਂਦਾ। ਕਾਸ਼! ਸਾਡੇ ਅਜੋਕੇ 'ਪੰਜਾਬੀ' ਜਾਂ ਕਹਿ ਲਓ ਰਣਜੀਤ ਸਿੰਘ ਦੇ 'ਵਾਰਸ', ਮਹਾਰਾਜਾ ਰਣਜੀਤ ਸਿੰਘ ਵਾਂਗ ਕਲਾਕਾਰਾਂ ਦੀ ਕਦਰ ਕਰਨੀ ਸਿੱਖ ਜਾਣ। ਬਲਦੇਵ ਸਿਆਂ, ਤੇਰੀ ਮਿਹਨਤ ਤੇ ਨਾਵਲਕਾਰੀ ਨੂੰ ਸਲੂਟ! ਸੁਣਿਐਂ, ਹੁਣ ਤੂੰ ਹੋਰ ਇਤਿਹਾਸਕ ਨਾਵਲ ਲਿਖਣ ਤੋਂ ਤੋਬਾ ਕਰ ਲਈ ਹੈ। ਤੈਨੂੰ ਪ੍ਰੇਸ਼ਾਨ ਜੁ ਕੀਤਾ ਗਿਆ ਅਤੇ ਕੀਤਾ ਜਾ ਰਿਹੈ। ਆਪੋ ਆਪਣੀ ਸੋਚ ਹੈ। ਹਰੇਕ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਆਪਣੇ ਆਪ ਨੂੰ ਨਿਰਬਲ ਬਿਲਕੁਲ ਨਾ ਸਮਝੀਂ। ਹਜ਼ਾਰਾਂ/ਲੱਖਾਂ ਪਾਠਕ ਤੇਰੇ ਨਾਲ ਹਨ। ਵੇਖੀਂ ਕਿਤੇ ਗੁਰੂ ਨਾਨਕ ਦੇਵ ਜੀ ਵੱਲੋਂ 'ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ' ਦੀ ਪਾਈ ਪਿਰਤ ਤੋਂ, ਮੂੰਹ ਨਾ ਮੋੜ ਬੈਠੀਂ।




ਬਲਦੇਵ ਸਿੰਘ



# ਮੀਰੀ ਤੋਂ ਫਾਡੀ, ਫਿਰ ਮੀਰੀ!

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਵਿਚ ਪ੍ਰਿੰ. ਬਾਜਵਾ ਨੇ ਚੰਗੀਆਂ ਭਲੀਆਂ ਨੌਕਰੀਆਂ ਤੋਂ ਰਿਟਾਇਰ ਹੋ ਕੇ ਕੈਨੇਡਾ ਪਹੁੰਚੇ ਬਜ਼ੁਰਗਾਂ ਦੀ ਗਾਥਾ ਛੋਹੀ ਹੈ ਜਿਨ੍ਹਾਂ ਨੂੰ ਇਥੋਂ ਦੇ ਜੀਵਨ ਸਫਰ ਵਿਚ ਰਲਣਾ ਔਖਾ ਲੱਗਦਾ ਹੈ ਪਰ ਹੌਲੀ ਹੌਲੀ...। -ਸੰਪਾਦਕ***

ਕਈ ਹਾਲਾਤ ਅਸੀਂ ਕਦੀ ਕਿਆਸੇ ਹੀ ਨਹੀਂ ਹੁੰਦੇ। ਲੈਂਡਿਡ ਇਮੀਗਰਾਂਟ ਬਣ ਕੇ ਉਹ ਵੇਖਣੇ ਪਏ ਹਨ। ਵੈਸੇ ਤਾਂ ਸਮਾਂ ਬਦਲਦਾ ਹੀ ਰਹਿੰਦਾ ਹੈ। ਜਦੋਂ ਔਲਾਦ ਦੀ ਘਰ 'ਚ ਬਾਂਗ ਰਵਾਂ ਹੋ ਜਾਏ, ਉਹ ਪਰ੍ਹੇ 'ਚ ਬਹਿਣ ਖਲੋਣ ਲੱਗ ਜਾਏ, ਲੀਡਰਾਂ ਨਾਲ ਉਠਣ-ਬੈਠਣ ਅਤੇ ਠਾਣੇ, ਤਹਿਸੀਲੇ ਆਉਣ-ਜਾਣ ਲੱਗ ਜਾਏ, ਬਾਪੂ ਨੂੰ ਪਿੱਛੇ ਹਟਣਾ ਹੀ ਪੈਂਦਾ ਹੈ। ਇਸ ਵਿਚ ਹੀ ਸਿਆਣਪ ਹੈ। ਨੌਕਰੀ ਪੇਸ਼ਾ ਲੋਕਾਂ ਦਾ ਸੇਵਾਮੁਕਤੀ ਪਿੱਛੋਂ ਇਕ ਨਵਾਂ ਜੀਵਨ ਦੌਰ ਸ਼ੁਰੂ ਹੁੰਦਾ ਹੈ। ਪਦਵੀ ਵਾਲੀ ਕੁਰਸੀ ਤੋਂ ਉਤਰਨ ਪਿਛੋਂ ਬਹੁਤ ਕੁਝ ਬਦਲ ਜਾਂਦਾ ਹੈ। ਕੁਝ ਸੰਕਲਪ ਆਪ ਹੀ ਬਦਲਣੇ ਪੈਂਦੇ ਹਨ। ਜੂਨੀਅਰ ਸੀਨੀਅਰ ਬਣਦੇ ਤੇ ਪੁੱਤ ਪਿਓ ਵਾਲੀਆਂ ਜ਼ਿੰਮੇਵਾਰੀਆਂ ਸੰਭਾਲਦੇ



ਹੀ ਆਏ ਹਨ। ਪਰ ਪੰਜਾਬ ਦੇ ਮਾਹੌਲ ਵਿਚ ਇਹ ਤਬਦੀਲੀਆਂ ਸਹਿਜੇ ਸਹਿਜੇ ਵਾਪਰਦੀਆਂ ਹਨ। ਬਾਕੀ ਸਭ ਕੁਝ ਤਕਰੀਬਨ ਉਵੇਂ ਹੀ ਹੋਣ ਕਰਕੇ ਬੰਦਾ

**ਪ੍ਰਿੰ. ਬਲਕਾਰ ਸਿੰਘ ਬਾਜਵਾ**
**balkarbajwa1935@gmail.com**
**ਫੋਨ: 647-402-2170**

ਬਹੁਤਾ ਉਖੜਿਆ ਮਹਿਸੂਸ ਨਹੀਂ ਕਰਦਾ।

ਪਰ ਕੈਨੇਡਾ/ਅਮਰੀਕਾ ਵਰਗੇ ਅਜਨਬੀ ਦੇਸ਼ ਵਿਚ ਪਿਛਲੀ ਉਮਰੇ ਆ ਕੇ ਇਹ ਪਰਿਵਰਤਨ ਬਹੁਤਾ ਹੀ ਚੁੱਭਦਾ ਹੈ। ਵਿਦੇਸ਼ੀ ਬੋਲੀ ਅਤੇ ਉਹ ਵੀ ਇੱਕ ਵੱਖਰੇ ਜਿਹੇ ਲਹਿਜੇ ਵਾਲੀ, ਪੜ੍ਹਿਆਂ ਲਿਖਿਆਂ ਨੂੰ ਵੀ ਅਨਪੜ੍ਹ ਬਣਾ ਦਿੰਦੀ ਹੈ। ਅਨਪੜ੍ਹ ਦੀ ਹਾਲਤ ਹੋਰ ਵੀ ਤਰਸਯੋਗ ਹੁੰਦੀ ਹੈ। ਤੀਜੀ ਪੀੜ੍ਹੀ ਦੇ ਬੱਚੇ ਹੀ ਨਹੀਂ ਮਾਣ। ਖਿਝਦੇ ਹਨ ਤੇ ਗਿਲਾ ਕਰਦੇ ਹਨ, "ਬਾਪੂ ਜੀ, ਤੁਹਾਨੂੰ ਏਨਾ ਵੀ ਪਤਾ ਨਹੀਂ ਬਰਗਰ ਕਿਵੇਂ ਖਾਣੈ, ਚਾਹ ਕੌਫੀ ਲੈਣ ਦਾ ਆਰਡਰ ਕਿਵੇਂ ਦੇਣਾ, ਚਾਹ ਪੱਤੀ, ਖੰਡ ਤੇ ਦੁੱਧ ਦੀਆਂ ਨਿੱਕੀਆਂ ਨਿੱਕੀਆਂ ਪੁੜੀਆਂ ਵੀ ਖੋਲ੍ਹਣੀਆਂ ਨਹੀਂ ਆਉਂਦੀਆਂ?" ਉਸ ਲਈ ਇਹ ਸਭ ਕੁਝ ਹੀ ਨਵਾਂ ਤੇ ਅਜੀਬ ਜਿਹਾ ਲੱਗਦੈ। ਪੂਰੀ ਹੇਠਲੀ ਉਤੇ ਹੋ ਗਈ ਜਾਪਦੀ ਹੈ। ਮੂਲੋਂ ਹੀ ਭਮੱਤਰਿਆ ਆਪਣੇ ਆਪ ਨੂੰ ਕੋਸਦਾ ਹੈ, "'ਯਾਰੋ! ਕਿੱਥੇ ਆ ਫਸੇ! ਚੰਗੇ ਭਲੇ ਸੀ ਉਥੇ, ਆਪਣੇ ਥੌੜ੍ਹ ਟਿਕਾਣੇ 'ਤੇ। ਇਥੇ ਮੂਰਖ ਜਿਹੇ ਈ ਲੱਗਦੇ ਆਂ, ਐਵੇਂ ਹੀ ਇਨ੍ਹਾਂ ਸਿਆਪਿਆਂ 'ਚ ਆ ਫਸੇ ਆਂ।"

ਅਜਿਹੇ ਮਾਹੌਲ ਵਿਚ ਚੰਗਾ ਭਲਾ ਸਮਝਦਾਰ, ਚਲਦਾ-ਪੁਰਜਾ ਅਤੇ ਪੜ੍ਹਿਆ ਲਿਖਿਆ ਬੰਦਾ ਇਸ ਜ਼ਿੰਦਗੀ ਨਾਲ ਅਨੁਕੂਲ ਹੋਣ ਲਈ ਬਾਲਾਂ ਵਾਂਗ ਮੁੜ ਸਿੱਖਣਾ ਸ਼ੁਰੂ ਕਰਦੈ। ਕੋਈ ਹੋਰ ਚਾਰਾ ਈ ਨਹੀਂ। ਮਨ 'ਚੋਂ ਹੂਕ ਵਰਗਾ ਸਵਾਲ ਉਠਦੈ, "ਕਿਉਂ, ਫਿਰ ਪਿੱਛੇ ਆ ਲੱਗਾ ਏਂ ਨਾ? ਕਿੱਥੇ ਤੂੰ ਮੋਹਰੀ ਸੀ। ਮਹਿਕਮੇ ਵਿਚ ਚੰਗਾ ਅਸਰ-ਰਸੂਖ ਸੀ। ਪਰ੍ਹੇ ਪੰਚਾਇਤ, ਸਰਕਾਰੇ-ਦਰਬਾਰੇ ਮਾਣ-ਤਾਣ ਸੀ। ਹੁਣ ਇਥੇ ਹੋ ਗਿਐਂ ਫਾਡੀ!"

ਕੈਨੇਡਾ ਪਹੁੰਚਦਿਆਂ ਪਹਿਲੇ ਕੁਝ ਦਿਨ ਤਾਂ ਬੀਤਦੇ ਨੇ ਪ੍ਰਾਹੁਣਿਆਂ ਵਾਂਗ। ਸਭ ਪਾਸੇ ਨਵਾਂ-ਨਵਾਂ, ਸੋਹਣਾ-ਸੋਹਣਾ, ਸਾਫ-ਸਾਫ ਜਿਹਾ। ਚੰਗੇ ਖਾਣੇ ਤੇ ਭਾਂਤ-ਭਾਂਤ ਦੇ ਦਾਰੂ। ਜ਼ਿੰਦਗੀ ਤੀਆਂ ਵਰਗੀ ਜਾਪਦੀ ਹੈ। ਪਰ ਹੌਲੀ ਹੌਲੀ ਸਮੁੱਚੀ ਜ਼ਿੰਦਗੀ ਨਾਲ ਜਦੋਂ ਵਾਹ ਪੈਣਾ ਸ਼ੁਰੂ ਹੋ ਜਾਂਦੈ ਤਾਂ ਕੁਝ ਕਠੋਰ ਅਸਲੀਅਤਾਂ ਆਪਣੇ ਮੁਖੜੇ ਤੋਂ ਘੁੰਡ ਚੁੱਕਣਾ ਸ਼ੁਰੂ ਕਰ ਦਿੰਦੀਆਂ ਹਨ। ਭਰ ਸਰਦੀ ਸਮੇਂ ਚਾਰ ਚੁਫੇਰੇ ਜੰਮੀ ਬਰਫ ਨਾਲ ਚਿੱਟ-ਚਟੈਣ ਹੋਈ ਧਰਤੀ। ਸੜਕ ਕਿਤੇ ਦਿਸਦੀ ਈ ਨਹੀਂ। ਸਾਰਾ ਦਿਨ ਘਰ ਬਹਿ ਬਹਿ ਅੱਕਿਆ-ਥੱਕਿਆ ਬੰਦਾ ਕਿੱਧਰ ਜਾਵੇ! ਧੀਆਂ-ਪੁੱਤ ਕੰਮਾਂ 'ਤੇ, ਜਵਾਕ ਸਕੂਲਾਂ 'ਚ। ਜੇ ਅੱਡੇ ਦਾ ਪਤਾ ਵੀ ਹੋਵੇ ਤਾਂ ਉਤਰਨ ਵਾਲੇ ਸਟਾਪ ਬਾਰੇ ਡਰਾਈਵਰ ਨੂੰ ਸਮਝਾਉਣਾ ਨਹੀਂ ਆਉਂਦਾ। ਏਧਰ-ਓਧਰ ਗੁਆਚਿਆਂ ਵਾਂਗ ਝਾਕਦਾ ਕੋਈ ਪੰਜਾਬੀ ਜਾਂ ਭਾਰਤੀ ਚਿਹਰਾ ਟੋਲ੍ਹਦਾ ਹੈ। ਅੱਜ ਕੱਲ ਸਾਡੇ ਭਾਈਚਾਰੇ ਦੀਆਂ ਇਥੇ ਵਾਹਵਾ ਰੌਣਕਾਂ ਲੱਗ ਗਈਆਂ ਹੋਈਆਂ ਨੇ। ਕੋਈ ਨਾ ਕੋਈ ਲੱਭ ਹੀ ਪੈਂਦੈ। ਇਸ ਤਰ੍ਹਾਂ ਬੰਦਾ ਗੁਰਦੁਆਰੇ ਦੇ ਰੂਟ ਅਤੇ ਸਟਾਪ ਸਾਈਨ ਯਾਦ ਕਰਦਾ ਕਰਦਾ ਟਿਕਾਣੇ ਪਹੁੰਚ ਜਾਂਦੈ। ਗੁਰਦੁਆਰੇ ਸੰਗਤ ਵੇਖ ਸੁੱਖ ਦਾ ਸਾਹ ਲੈਂਦੈ। ਉਨ੍ਹਾਂ ਨਾਲ ਇਲਾਕੇ ਅਤੇ ਪਿੰਡਾਂ ਦੀਆਂ ਵਾਕਫੀਅਤਾਂ ਕੱਢ, ਗੱਲਾਂ ਕਰ ਹੌਲਾ ਹੌਲਾ ਜਿਹਾ ਪ੍ਰਤੀਤ ਕਰਦੈ।

ਗਰਮੀਆਂ ਵਿਚ ਜੀਵਨ ਕੁਝ ਸੌਖਾ ਹੋ ਜਾਂਦੈ। ਪਾਰਕਾਂ ਵਿਚ ਸੱਥ ਵਰਗੇ ਸਾਥੀ ਮਿਲ ਜਾਂਦੇ ਹਨ। ਉਥੇ ਫਿਰ ਖੂਬ ਮਘਦੀਆਂ ਨੇ ਪੰਜਾਬ ਦੇ ਲੀਡਰਾਂ, ਸਿਆਸੀ ਘਟਨਾਵਾਂ, ਫਸਲਾਂ ਦੇ ਭਾਅ, ਮੌਸਮ ਆਦਿ ਦੀਆਂ ਗੱਲਾਂ। ਬੋਲ ਚਾਲ ਵਾਲੀ ਡੰਗ ਟਪਾਊ ਅੰਗਰੇਜ਼ੀ ਸੱਠ ਸਾਲਾ ਬਾਬਾ ਪ੍ਰਾਇਮਰੀ ਸਕੂਲ ਦੇ ਬੱਚੇ ਵਾਂਗ ਅੱਖਰਾਂ ਦੇ ਹਿਜੇ ਕਰ ਕਰ ਸਿੱਖਣੀ ਸ਼ੁਰੂ ਕਰ ਦਿੰਦਾ ਹੈ। ਪੜ੍ਹਿਆਂ ਲਿਖਿਆਂ ਨੂੰ ਓਚੇਰੇ ਲੈਵਲਾਂ ਵਿਚ ਬੈਠ ਕੇ ਨਾਰਥ ਅਮਰੀਕਨ ਅੰਗਰੇਜ਼ੀ ਦਾ ਉਚਾਰਣ ਸਿੱਖਣਾ ਪੈਂਦਾ ਹੈ। ਅੰਗਰੇਜ਼ੀ ਦੇ ਸਪੈਲਿੰਗ ਤਾਂ ਵਿਸ਼ੇਸ਼ ਤੌਰ 'ਤੇ ਬ੍ਰਿਟਿਸ਼ ਅੰਗਰੇਜ਼ੀ ਨਾਲੋਂ ਕਈ ਅੱਖਰਾਂ ਦੇ ਵੱਖਰੇ ਹੁੰਦੇ ਹਨ।

ਅਖਬਾਰ ਦਾ ਭੁੱਸ ਤਾਂ ਆਮ ਹੀ ਬਹੁਤੇ ਸੀਨੀਅਰਾਂ ਨੂੰ ਹੁੰਦਾ ਹੈ। ਪੰਜਾਬੀ ਦੇ ਹਫਤਾਵਾਰ ਅਖਬਾਰ ਇਥੇ ਗਰੋਸਰੀ ਸਟੋਰਾਂ ਅਤੇ ਗੁਰਦੁਆਰਿਆਂ 'ਚੋਂ ਮੁਫਤ ਹੀ ਮਿਲ ਜਾਂਦੇ ਹਨ। ਵਿਹਲਾ ਬੰਦਾ ਉਨ੍ਹਾਂ ਦੀਆਂ ਐਡਾਂ ਨੂੰ ਧੂਣੀ ਲਾ ਭੁੰਨੇ ਛੋਲੀਏ ਦੀ ਭੁੱਬਲ ਨੂੰ ਪਰ੍ਹੇ ਕਰ ਕਰ ਹੌਲਾਂ ਵਰਗੀਆਂ ਖਬਰਾਂ ਨੂੰ ਚੂੰਡਦਾ ਰਹਿੰਦੈ। ਅੰਗਰੇਜ਼ੀ ਅਖਬਾਰ ਪੜ੍ਹਨਾ ਸ਼ੁਰੂ ਕਰਦਾ ਹੈ ਤਾਂ ਬੜੀ ਮੁਸ਼ਕਿਲ ਨਾਲ ਹੀ ਕੁਝ ਪੱਲੇ ਪੈਂਦਾ ਹੈ। ਕੁਝ ਅੰਗਰੇਜ਼ੀ ਦੀ ਵਾਰਤਕ ਹੀ ਛੜੱਪੇ ਜਿਹੇ ਮਾਰਦੀ ਪ੍ਰਤੀਤ ਹੁੰਦੀ ਹੈ ਅਤੇ ਕੁਝ ਨਵੀਆਂ ਥਾਂਵਾਂ, ਸੂਬਿਆਂ, ਰਾਜਧਾਨੀਆਂ, ਇਲਾਕਿਆਂ, ਨਵੇਂ ਤੇ ਅਵੱਲੇ ਜਿਹੇ ਨਾਂਵਾਂ ਵਾਲੇ ਲੀਡਰਾਂ ਅਤੇ ਪਾਰਟੀਆਂ ਦੀਆਂ ਖਬਰਾਂ ਰੇਤੇ 'ਚ ਭੱਜਣ ਵਾਂਗ ਨਿਬੜਦਾ ਈ ਕੁਝ ਨਹੀਂ। ਉਹ ਤਾਂ ਗਿੱਝਾ ਹੋਇਆ ਸੀ ਪੰਜਾਬ ਵਾਲੀ ਅੰਗਰੇਜ਼ੀ ਦਾ ਅਖਬਾਰ ਅਤੇ ਉਸ ਦੀ ਇਬਾਰਤ, ਪੰਜਾਬ ਦੇ ਲੀਡਰਾਂ, ਪਾਰਟੀਆਂ ਅਤੇ ਪੰਜਾਬ ਦੇ ਜ਼ਿਲਿਆਂ ਅਤੇ ਵੱਖ ਵੱਖ ਥਾਂਵਾਂ ਦੇ ਨਾਂ, ਜਿਥੇ ਉਹ ਸੱਠ ਸਾਲ ਰਿਹਾ ਤੇ ਜਿਨ੍ਹਾਂ ਨਾਲ ਉਹ ਗਹਿਗੱਚ ਵਿਚਰਿਆ ਸੀ। ਮਾਂਟੀਅਰਲ ਦੇ ਉਚਾਰਨ ਨੂੰ ਜੇ ਕੋਈ ਕੋਲ ਬੈਠਾ ਦਰੁਸਤ ਕਰਦਾ ਹੈ ਤਾਂ ਕੱਚਾ ਜਿਹਾ ਹੋ ਮੌਂਟਰੀਆਲ ਸ਼ਬਦ ਦਾ ਉਚਾਰਨ ਕਰਦਾ ਹਾਸੋਹੀਣਾ ਮਹਿਸੂਸ ਕਰਦਾ ਹੈ।

ਪਲਾਜ਼ਿਆਂ ਜਾਂ ਸ਼ਾਪਿੰਗ ਸੈਂਟਰਾਂ ਵਿਚ ਜੇ ਕੋਈ ਭਾਈਬੰਦ ਲੈ ਜਾਂਦੈ ਤਾਂ ਕਿੰਨਾ ਚਿਰ ਡੌਰ-ਭੌਰ ਹੋਇਆ ਤੁਰਿਆ ਫਿਰਦਾ ਹੈ। ਦਾਰੂ ਦੇ ਸਟੋਰ 'ਚ ਫਿਰਦਿਆਂ ਉਸ ਨੂੰ ਇਓਂ ਲੱਗਾ ਜਿਵੇਂ ਉਹ ਕੋਈ ਸੁਪਨਾ ਵੇਖ ਰਿਹੈ। ਏਨੀ ਕਿਸਮ ਦੀ ਦਾਰੂ ਅਤੇ ਫਿਰ ਕਿੰਨੀਆਂ ਸੋਹਣੀਆਂ ਸ਼ੀਸ਼ੀਆਂ 'ਚ ਸਜੀ ਨੂੰ ਉਹ ਕਿੰਨਾ ਕਿੰਨਾ ਚਿਰ ਖੜ੍ਹਾ ਨਿਹਾਰਦਾ ਹੀ ਰਹਿੰਦੈ, ਉਦੋਂ ਹੀ ਅਗਾਂਹ ਹਿੱਲਦੈ ਜਦੋਂ ਨਾਲ ਦਾ ਬਾਂਹੋਂ ਫੜ ਤੋਰਦੈ। ਸ਼ਾਪਿੰਗ ਮਾਲ ਵਿਚ ਮੇਲੇ 'ਚ ਗੁਆਚੇ ਬੱਚੇ ਵਾਂਗ ਹੀ ਮਹਿਸੂਸ ਕਰਦੈ। ਬਾਹਰ ਬਰਫ ਅਤੇ ਅੰਦਰ ਵਿਸ਼ਾਲ ਅਤੇ ਚੌੜਾ ਬਾਜ਼ਾਰ। ਸੋਚਦਾ ਹੈ ਕਿ ਰੈਕਾਂ ਵਿਚ ਓੜਕਾਂ ਦਾ ਸਮਾਨ ਪਿਆ ਹੈ। ਖਰੀਦਣ ਵਾਲੇ ਤਾਂ ਕੋਈ ਖਾਸ ਨਜ਼ਰ ਨਹੀਂ ਆਉਂਦੇ? ਨਾਲ ਦਾ ਦੱਸਦੈ ਕਿ ਇਥੇ ਅਸਲੀ ਭੀੜ ਵੀਕਐਂਡ ਨੂੰ ਹੁੰਦੀ ਹੈ। ਤੁਰਦਿਆਂ ਵੇਖਦਾ ਹੈ, ਸਭ ਕੁਝ ਖੁੱਲ੍ਹਾ ਹੀ ਪਿਆ ਹੈ। ਹੈਰਾਨ ਹੋ ਪੁੱਛਦਾ ਹੈ, ਜੇ ਕੋਈ ਅੱਖ ਬਚਾ ਕੇ ਕੁਝ ਜੇਬ 'ਚ ਪਾ ਲਏ? ਨਾ ਉਏ ਬਾਈ, ਇਹ ਬੜੇ ਪਤੰਦਰ ਨੇ। ਇਨ੍ਹਾਂ ਨੇ ਮਹਿੰਗੀ ਲੇਬਰ ਦਾ ਬੜੇ ਤਰੀਕੇ ਨਾਲ ਬਚਾ ਕੀਤਾ ਹੋਇਆ ਈ। ਸ਼ਾਪਲਿਫਟਿੰਗ ਇਥੇ ਬਹੁਤ ਵੱਡਾ ਅਪਰਾਧ ਈ। ਜੇ ਕੋਈ ਫੜਿਆ ਜਾਏ ਤਾਂ ਜੇਲ੍ਹ ਭੇਜ ਦਿੰਦੇ ਨੇ। ਖਾਸ ਖਾਸ ਥਾਂਵਾਂ 'ਤੇ ਵੱਡੇ ਫੋਟੋ ਕੈਮਰੇ ਲੱਗੇ ਹੋਏ ਹਨ। ਇੱਕ ਸਿਕਿਉਰਿਟੀ ਵਾਲਾ ਬੰਦਾ ਹੀ ਸਾਰੀ ਸ਼ਾਪ 'ਤੇ ਨਿਗਾਹ ਰੱਖੀ ਬੈਠਾ ਹੁੰਦਾ ਹੈ। ਸ਼ਾਪਲਿਫਟਰ ਨੂੰ ਬਾਹਰ ਨਿਕਲਣ ਲੱਗੇ ਨੂੰ ਅਛੋਪਲੇ ਹੀ ਆ ਦਬੋਚਦੇ ਨੇ। ਪੂਰੀ ਤਲਾਸ਼ੀ ਲੈ ਕੇ ਪੁਲਿਸ ਬੁਲਾ ਲੈਂਦੇ ਹਨ। ਅਜਿਹੇ ਚੰਗੇ ਪ੍ਰਬੰਧ ਦੀ ਸਿਫਤ ਕਰਦਾ ਚੁੱਪ ਹੋ ਬੰਦਾ ਅਗਲਾ ਮੇਲਾ ਵੇਖਣ ਲੱਗ ਜਾਂਦਾ ਹੈ।

ਸਾਫ-ਸੁਥਰੇ, ਸੁੰਦਰ ਅਤੇ ਫੁੱਲਾਂ ਬੂਟਿਆਂ ਨਾਲ ਸਜੇ ਬਾਜ਼ਾਰਾਂ ਵਿਚ ਤਿਤਲੀਆਂ ਵਾਂਗ ਫਿਰਦੀਆਂ ਗੋਰੀਆਂ ਨੂੰ ਵੇਖ ਵੇਖ ਕਿਸੇ ਪਰੀ ਦੇਸ਼ ਦੀ ਸੁਣੀ ਕਹਾਣੀ ਵਿਚ ਪਹੁੰਚਿਆ ਮਹਿਸੂਸ ਕਰਦੈ। ਕੁਰਸੀਆਂ ਵਰਗੇ ਬੈਂਚਾਂ 'ਤੇ ਬੈਠੇ ਸਾਥੀਆਂ ਨਾਲ ਇਸ ਨਜ਼ਾਰੇ ਦਾ ਅਨੰਦ ਮਾਣਨ ਲਈ ਬੈਠ ਜਾਂਦੈ। ਸਿਫਤ ਕਰਦਾ ਕਹਿੰਦਾ ਹੈ, "ਵਾਹ ਓਏ ਕੈਨੇਡਾ! ਤੂੰ ਹੈਂ ਕਮਾਲ ਦਾ ਦੇਸ਼! ਪਰ ਹੈਂ ਇੱਕ ਉਚੀ ਖਜੂਰ!"

ਸਭ ਤੋਂ ਜ਼ਿਆਦਾ ਉਸ ਨੂੰ ਫਾਡੀਪੁਣੇ ਦਾ ਅਹਿਸਾਸ ਉਦੋਂ ਹੁੰਦੈ ਜਦੋਂ ਪਹਿਲੇ ਦੂਜੇ ਗਰੇਡ ਵਿਚ ਪੜ੍ਹਦੇ ਉਸ ਦੇ ਪੋਤੀਆਂ-ਪੋਤੇ ਉਸ ਦੇ ਕੰਪਿਊਟਰ ਦੇ ਅਧਿਆਪਕ ਬਣ ਜਾਂਦੇ ਹਨ। ਉਸ ਦਾ ਕੰਪਿਊਟਰ ਨਾਲ ਵਾਹ ਹੁਣ ਪਿਛਲੀ ਉਮਰੇ ਹੀ ਪਿਆ ਹੈ। ਉਸ ਦੇ ਪੋਤਿਆਂ ਦਾ ਜਨਮ ਈ ਕੰਪਿਊਟਰ ਯੁੱਗ ਵਿਚ ਹੋਇਐ। ਉਹ ਤਾਂ ਛੋਟੀਆਂ ਛੋਟੀਆਂ ਗੇਮਾਂ ਵੀ ਕੰਪਿਊਟਰ 'ਤੇ ਖੇਡਦੇ ਆ ਰਹੇ ਹਨ। ਕੁਝ ਨਵੀਂ ਟੈਕਨਾਲੋਜੀ ਸਿੱਖਣ ਦਾ ਸ਼ੌਕ ਅਤੇ ਕੁਝ ਉਤਸੁਕਤਾ ਕਰਕੇ, ਬਾਬਾ ਉਨ੍ਹਾਂ ਨੂੰ ਉਸਤਾਦ ਧਾਰ ਲੈਂਦਾ ਹੈ।

ਅਗਲੇ ਸਬਕ ਬੰਦਾ ਆਪਣੇ ਪੁੱਤਾਂ-ਧੀਆਂ ਕੋਲੋਂ ਲੈਣੇ ਸ਼ੁਰੂ ਕਰ ਦਿੰਦੈ। ਕੰਮਾਂ-ਕਾਰਾਂ ਦੇ ਥੱਕੇ ਟੁੱਟੇ ਉਹ ਥੋੜ੍ਹਾ ਬਹੁਤਾ ਸਮਾਂ ਹੀ ਦੇ ਸਕਦੇ ਹਨ। ਪਰ ਉਸ ਕੋਲ ਤਾਂ ਕੰਪਿਊਟਰ ਦੇ ਪੁੱਛਣ ਵਾਲੇ ਪ੍ਰਸ਼ਨਾਂ ਦੀ ਇੱਕ ਲੰਮੀ ਲੜੀ ਹੁੰਦੀ ਹੈ। ਮੁੜ ਕੇ ਪੁੱਛਣ ਨਾਲ ਆਪਣੇ ਹੱਥੀਂ ਪੜ੍ਹਾਏ ਕੁਝ ਕਾਹਲੇ ਪੈ ਕਹਿੰਦੇ, "ਡੈਡੀ ਅੱਗੇ ਵੀ ਦੱਸਿਆ ਸੀ, ਤੁਸੀਂ ਸਮਝਦੇ ਕਿਉਂ ਨਹੀਂ?" ਆਪਣੀ ਭੁੱਲ ਤਾਂ ਬੰਦੇ ਨੂੰ ਏਨੀ ਮਹਿਸੂਸ ਨਹੀਂ ਹੁੰਦੀ ਜਿੰਨੀ ਪੁੱਤਰ ਦੇ ਖੁਸ਼ਕ ਜਿਹੇ ਲਹਿਜੇ ਨਾਲ ਬੋਲੇ ਸ਼ਬਦ। "ਬੇਟਾ! ਸਭ ਕੁਝ ਨਵਾਂ ਨਵਾਂ ਹੈ, ਭੁੱਲ ਈ ਜਾਂਦੈ ਬੰਦਾ, ਕਾਹਲੇ ਪੈਣ ਵਾਲੀ ਕਿਹੜੀ ਗੱਲ ਹੈ? ਤੂੰ ਆਪਣਾ ਵੇਲਾ ਯਾਦ ਕਰ, ਤੂੰ ਕਿੰਨੀ ਵਾਰੀ ਅਲਜਬਰੇ ਦੇ ਸੂਤਰ ਭੁੱਲਦਾ ਹੁੰਦਾ ਸੀ। ਮੈਂ ਕਦੀ ਕਾਹਲਾ ਨਹੀਂ ਸੀ ਪਿਆ। ਤੈਨੂੰ ਯਾਦ ਰੱਖਣ ਦੀਆਂ ਹੋਰ ਜੁਗਤਾਂ ਦੱਸਦਾ ਹੁੰਦਾ ਸੀ।" ਏਨੀ ਕੁ ਮਿੱਠੀ ਜਿਹੀ ਝਾੜ ਨਾਲ ਬੇਟਾ ਸਮਝ ਗਿਆ ਅਤੇ ਇੱਕ ਦਮ ਬੋਲਿਆ, "ਸੌਰੀ ਡੈਡੀ!"

ਇਸ ਲੜੀ ਵਿਚ ਕੁਝ ਹੀਣਾ ਉਦੋਂ ਹੋਰ ਵੀ ਮਹਿਸੂਸ ਹੁੰਦਾ ਹੈ ਜਦੋਂ ਨੂੰਹਾਂ-ਪੁੱਤ ਏਧਰ-ਓਧਰ ਜਾਂਦੇ-ਆਉਂਦੇ, ਕੁਝ ਕਰਦੇ-ਕਤਰਦੇ ਦੱਸਦੇ ਹੀ ਨਹੀਂ। ਸਲਾਹ ਭਾਵੇਂ ਨਾ ਲੈਣ ਪਰ ਦੱਸਦੇ ਤਾਂ ਰਹਿਣ, ਕਿਥੇ ਚੱਲੇ ਆਂ, ਕੀ ਕਰ ਰਹੇ ਹਾਂ। ਇਸ ਤਰ੍ਹਾਂ ਬੰਦਾ ਅਣਗੌਲਿਆ ਅਤੇ ਪੁੱਤਰ ਉਸ ਤੋਂ ਬਾਹਰੇ ਹੋਏ ਜਿਹੇ ਲੱਗਦੇ ਹਨ। ਅਜਿਹੀ ਮਨੋਸਥਿਤੀ ਵਿਚ ਇੱਕ ਚੁਟਕਲਾ ਯਾਦ ਆ ਜਾਂਦਾ ਹੈ:

ਪਟਿਆਲੇ ਦੇ ਕਿਸੇ ਚੰਗੇ ਸਰਦਾਰ ਦੇ ਦੋ ਪੁੱਤਰ ਸਨ। ਉਹ ਦੋਵੇਂ ਹੀ ਉਸ ਦੇ ਕਹਿਣੇ ਵਿਚ ਨਹੀਂ ਸਨ। ਪਿਉ ਨੇ ਦੁਖੀ ਤਾਂ ਹੋਣਾ ਪਰ ਗੱਭਰੂ ਪੁੱਤਾਂ ਨੂੰ ਕੀ ਆਖੇ, ਲਾਚਾਰ ਹੋਇਆ ਚੁੱਪ ਕਰ ਰਹਿੰਦਾ। ਚੰਗੀ ਜਮੀਨ ਜਾਇਦਾਦ ਦਾ ਮਾਲਕ ਸੀ। ਅੱਗੋਂ ਵੀ ਚੰਗੇ ਖਾਨਦਾਨੀ ਪਰਿਵਾਰਾਂ ਦੇ ਰਿਸ਼ਤੇ ਵਾਲੇ ਮੁੰਡਿਆਂ ਨੂੰ ਵੇਖਣ ਆਉਂਦੇ ਰਹਿੰਦੇ। ਗੱਲਾਂਬਾਤਾਂ ਵਿਚ ਸਹਿਵਨ ਹੀ ਉਨ੍ਹਾਂ ਪੁੱਛਣਾ, "ਸਰਦਾਰ ਜੀ! ਤੁਹਾਡੇ ਕਿੰਨੇ ਧੀਆਂ-ਪੁੱਤ ਹਨ?" ਸ਼ਾਂਤ ਪਰ ਵਿਚੋਂ ਦੁਖੀ ਹੋਏ ਨੇ ਗੰਭੀਰ ਹੋ ਕਹਿ ਦੇਣਾ, "ਜੀ! ਆਹ ਜੀ, ਮੇਰੇ ਦੋ ਪਿਉ ਈ ਜੇ।" ਉਨ੍ਹਾਂ ਸਮਝ ਜਾਣਾ ਕਿ ਬਾਪ ਕੀ ਕਹਿ ਰਿਹਾ ਹੈ। ਇੱਕ ਦਿਨ ਚੰਗਾ ਮੌਕਾ ਵੇਖ ਦੋਵੇਂ ਹੀ ਨੀਵੀਂ ਪਾਈ ਹੱਥ ਬੰਨ੍ਹ ਬਾਪੂ ਅੱਗੇ ਡੰਡੌਤੀ ਬਣ ਆ ਖੜ੍ਹੇ, "ਨਾ ਉਏ ਸਾਡਿਆ ਬਾਪੂ! ਅਸੀਂ ਭੁੱਲੇ, ਮਾਫ ਕਰ ਦੇਹ, ਤੂੰ ਈ ਸਾਡਾ ਇੱਕੋ ਇੱਕ ਪਿਉ ਏਂ, ਅਸੀਂ ਤੇਰੇ ਦੋ ਪੁੱਤਰ ਈ ਹਾਂ। ਆਪਣੀਆਂ ਭੁੱਲਾਂ ਦੀ ਮਾਫੀ ਮੰਗਦੇ ਆਂ, ਅੱਜ ਤੋਂ ਤੈਥੋਂ ਬਾਹਰੇ ਹੋ ਨਹੀਂ ਵਿਚਰਾਂਗੇ।"

ਉਏ ਬੰਦਿਆ! ਤੂੰ ਦੱਸ ਹੁਣ ਕੀ ਕਰੇਂਗਾ? ਤੇਰੇ ਕੋਲ ਤਾਂ ਹੁਣ ਇਹ ਦਾਅ ਵੀ ਨਹੀਂ ਰਿਹਾ। ਤੇਰੇ ਧੀਆਂ-ਪੁੱਤ ਤਾਂ ਵਿਆਹੇ ਵਰ੍ਹੇ ਨੇ। ਹੁਣ ਹੋਰ ਕੋਈ ਚਾਰਾ ਨਈਓਂ। ਬਸ ਹੁਣ ਪਿੱਛੇ ਈ ਲੱਗ ਜਾ ਤੇ ਸਮਝੌਤਾ ਈ ਕਰ ਲੈ! ਹੈਂ! ਇਹ ਦਿਨ ਵੀ ਵੇਖਣੇ ਪੈਣੇ ਸਨ।



ਇਸ ਮਾਹੌਲ ਵਿਚ ਫਾਡੀ ਮਹਿਸੂਸ ਕਰਦਿਆਂ ਪਿੱਛੇ ਪੰਜਾਬ ਨੂੰ ਵਾਪਸ ਜਾਣ ਦੀ ਸੋਚਣ ਲੱਗ ਪੈਂਦੈ। ਆਪਣੇ ਜਿਗਰੀ ਯਾਰਾਂ ਨਾਲ ਆਪਣੇ ਫੈਸਲੇ ਦੀ ਤਾਈਦ ਕਰਾਉਣ ਦੀ ਕੋਸ਼ਿਸ਼ ਕਰਦੈ। ਬਹੁਤਿਆਂ ਨੇ ਕਿਹਾ, "ਕਮਲਾ ਏਂ! ਚੁੱਪ ਕਰਕੇ ਕਿਸੇ ਆਹਰੇ ਲੱਗ, ਆਪੇ ਹੀ ਵੇਖੀਂ ਇਸ ਤਰ੍ਹਾਂ ਮਹਿਸੂਸ ਹੋਣੋਂ ਹੱਟ ਜਾਏਗਾ। ਅਸੀਂ ਵੀ ਇਨ੍ਹਾਂ ਭਾਣਿਆਂ 'ਚੋਂ ਲੰਘੇ ਆਂ, ਤੇਰੇ ਨਾਲ ਕੋਈ ਅਲੋਕਾਰੀ ਨਹੀਂ ਹੋ ਰਿਹਾ। ਵੇਖ ਅਸੀਂ ਹੁਣ ਬਾਹਲੇ ਈ ਸੌਖੇ ਆਂ ਅਤੇ ਦਸ ਸਾਲ ਹੁੰਦਿਆਂ ਈ ਪੈਨਸ਼ਨ ਲੱਗ ਜਾਣੀ ਏਂ। ਉਥੇ ਕਿਹੜੇ ਤੇਰੇ ਹੱਕਣ ਖੁਣੋਂ ਖੂਹ ਖਲੋਤੇ ਨੇ।"

ਗੱਲ ਕਾਫੀ ਵਜ਼ਨੀ ਲੱਗੀ। ਚੁੱਪ ਕਰਕੇ ਸਮਝੌਤਾ ਕਰ ਲੈਂਦੈ। ਗੁਣ-ਗੁਣਾਉਂਦਾ ਹੈ, "ਉਹ ਈ ਅੱਛਾ ਹੈ ਜੋ ਹਰ ਹਾਲ ਪੇ ਅੱਛਾ ਹੈ।"

ਇਹ ਸਭ ਸੋਚ ਕੇ ਬੰਦਾ ਫਾਰਮਾਂ ਅਤੇ ਫੈਕਟਰੀਆਂ ਦੀਆਂ ਕੰਮ ਲਾਈਨਾਂ 'ਚ ਜਾ ਖਲੋਂਦੈ। ਫਾਰਮਾਂ ਦੇ ਮੌਸਮੀ ਔਖੇ ਕੰਮ ਅਤੇ ਵੈਨਾਂ ਵਾਲਿਆਂ ਦੇ ਕਿਰਾਇਆਂ ਤੇ ਦਲਾਲੀ ਦੀਆਂ ਲੁੱਟਾਂ ਦੀ ਕਹਾਣੀ ਆਪਣੇ ਦੇਸ਼ ਦੇ ਭੱਈਆਂ ਦੇ ਕਿੱਸੇ ਹੀ ਚੇਤੇ ਕਰਾਉਂਦੇ ਹਨ। ਆਪਣੇ ਆਪਣਿਆਂ ਨੂੰ ਈ ਲੁੱਟੀ ਜਾ ਰਹੇ ਹਨ। ਗੁੱਸਾ ਆਉਂਦਾ ਹੈ ਪਰ ਲਾਚਾਰ ਹਨ, ਚੁੱਪ ਈ ਭਲੀ, ਫਸੀ ਨੂੰ ਫਟਕਣ ਕੀ! ਕਾਰ ਬਿਨਾ ਬੰਦਾ ਫਾਡੀਆਂ 'ਚੋਂ ਵੀ ਫਾਡੀ ਬਣ ਜਾਂਦੈ ਅਤੇ ਕਾਰ ਕਹਾਣੀ ਦੀਆਂ ਆਪਣੀਆਂ ਮੁਸ਼ਕਿਲਾਂ ਵਾਲਾ ਇੱਕ ਹੋਰ ਈ ਵੱਡਾ ਚੱਕਰ ਹੈ। ਹਾਰੀ ਸਾਰੀ ਕੋਲੋਂ ਲਾਈਸੈਂਸ ਲੈਣਾ ਈ ਮੁਹਾਲ ਹੋ ਜਾਂਦੈ, ਫਿਰ ਕਾਰ ਲੈਣੀ, ਅੱਗੋਂ ਉਸ ਦੇ ਖਰਚੇ

## ਦੁੱਖ ਪਰਦੇਸਾਂ ਦੇ

ਨਹਿਲੇ 'ਤੇ ਦਹਿਲੇ ਤੋਂ ਕਿਤੇ ਵੱਧ ਹੁੰਦੇ ਹਨ। ਹੁਣ ਜੇ ਕੰਮ ਮਿਲ ਗਿਆ ਤਾਂ ਵੇਤਨ ਵੀ ਘੱਟ ਤੋਂ ਘੱਟ। ਇਥੇ ਦੀ ਨੌਕਰੀ ਦਾ ਸਿਲਸਿਲਾ, 'ਨੋ ਵਰਕ, ਗੋ', 'ਹਾਇਰ ਐਂਡ ਫਾਇਰ' ਅਤੇ 'ਲਾਸਟ ਟੂ ਗੋ ਫਸਟ।' ਭਾਵ ਪਿੱਛੋਂ ਆਇਆ ਸਭ ਤੋਂ ਪਹਿਲਾਂ ਜਾਏਗਾ। ਥੋੜ੍ਹੇ ਦਿਨਾਂ ਪਿੱਛੋਂ ਕੰਮ ਤੋਂ ਜਵਾਬ ਮਿਲ ਜਾਂਦੈ, ਫਿਰ ਵਿਹਲੇ। ਜਿਹੜੇ ਕੰਮ ਮਿਲਦੇ ਨੇ ਉਹ ਦੂਰ ਥਾਂਵਾਂ, ਥੋੜ੍ਹੇ ਘੰਟੇ, ਮਾੜੇ ਵਕਤ ਵੀ ਫਾਡੀ ਨੂੰ ਅੱਗੋਂ ਹੋਰ ਫਾਡੀ ਬਣਾ ਦਿੰਦੇ ਹਨ। ਹੋਰ ਸਿਤਮ, ਕੰਮ ਵੇਤਨ ਘੱਟ ਤੋਂ ਘੱਟ, ਅਤੇ ਉਸ 'ਚੋਂ ਕਟੌਤੀਆਂ-ਬੁੱਢਾ ਬੌਲਦ ਸੌ ਰੋਗ।

ਹੁਣ ਇਸ ਨਵੀਂ ਦੁਨੀਆਂ ਵਾਲੇ ਮਾਹੌਲ ਦਾ ਭਾਵੇਂ ਗਿਆਨ ਉਸ ਨੂੰ ਘੱਟ ਹੈ ਪ੍ਰੰਤੂ ਅਕਲ ਅਤੇ ਸਮਝਦਾਰੀ 'ਚ ਹਾਲੀ ਵੀ ਉਹ ਵਧੀਆ ਹੈ। ਮਜਬੂਰ ਹੋਇਆ ਪਰਿਵਾਰ ਜਦੋਂ ਕਿਤੇ ਉਸ ਦੇ ਗੋਡੇ ਮੁੱਢ ਬੈਠ ਸਲਾਹ ਲੈਂਦਾ ਹੈ ਤਾਂ ਉਦੋਂ ਫਿਰ ਮੀਰੀ ਹੋਇਆ ਖੁਸ਼ ਹੋ ਜਾਂਦੈ। ਪਰ ਇਸ ਵਿਦੇਸ਼ ਦੀ ਜ਼ਿੰਦਗੀ ਦੇ ਭਰ ਵਗਦੇ ਦਰਿਆ ਦੇ ਵਹਿਣ ਵਿਚ ਬਹੁਤੀਆਂ ਸਥਿਤੀਆਂ, ਪ੍ਰਸਥਿਤੀਆਂ 'ਚ ਉਮਰ ਅਤੇ ਅਗਿਆਨ ਕਾਰਨ ਬਹੁਤਾ ਉਹ ਫਾਡੀ ਹੀ ਹੈ।

ਕੰਮ ਕਰਦਿਆਂ, ਕਲੱਬਾਂ ਵਿਚ ਵਿਚਰਦਿਆਂ ਓਲਡ ਏਜ ਬੈਨੀਫਿਟ ਫੋਰਮ ਦਾ ਮੀਡੀਆ ਡਾਇਰੈਕਟਰ ਬਣ ਗਿਆ। ਮੀਡੀਏ ਵਿਚ ਓਲਡ ਏਜ ਫੋਰਮ ਦੀਆਂ ਚਾਰਾਜੋਈਆਂ ਦੁਆਰਾ ਖੂਬ ਛਾਇਆ ਰਿਹਾ। ਚੀਨੀ, ਹਿਸਪੈਨਿਕ, ਅਫਰੀਕੀ ਤੇ ਸਾਊਥ ਏਸ਼ੀਅਨ ਭਾਈਚਾਰਿਆਂ ਵਿਚ ਮੋਹਰੀ ਬਣ ਵਗਿਆ। ਇਨ੍ਹਾਂ ਦੀਆਂ ਡਾਊਨ ਟਾਊਨ ਟੋਰਾਂਟੋ ਵਿਚ ਹੁੰਦੀਆਂ ਮੀਟਿੰਗਾਂ ਵਿਚ ਪੈਂਦੀਆਂ ਯਖ ਬਰਫਾਂ ਦੌਰਾਨ ਵੀ ਸਾਥੀਆਂ, ਸੰਗੀਆਂ ਨਾਲ ਬਾਕਾਇਦਾ ਸ਼ਾਮਲ ਹੁੰਦੇ ਰਹੇ। ਇਥੋਂ ਤੱਕ ਕਿ ਜਦੋਂ ਪੈਨਸ਼ਨ 'ਤੇ ਦਸ ਸਾਲਾ ਕੁੰਡਾ ਖਤਮ ਕਰਨ ਵਾਲਾ ਸੋਧ ਬਿੱਲ ਕੈਨੇਡੀਅਨ ਪਾਰਲੀਮੈਂਟ 'ਚੋਂ ਪਾਸ ਹੋ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਵਿਚ ਪੇਸ਼ ਹੋਣ ਵੇਲੇ ਔਟਵਾ ਜਾਣਾ ਸੀ, ਤਾਂ ਉਸ ਵਿਚ ਪਾਰਲੀਮੈਂਟ ਦੇ ਖਰਚੇ 'ਤੇ ਬਾਈ ਏਅਰ ਜਾਣ ਦਾ ਮੌਕਾ ਵੀ ਮਿਲਿਆ। ਉਸ ਕਮੇਟੀ 'ਚੋਂ ਵੀ ਬਿੱਲ ਪਾਸ ਹੋ ਗਿਆ। ਪਰ ਪਾਰਲੀਮੈਂਟ ਦੇ ਭੰਗ ਹੋਣ ਨਾਲ ਸਭ ਆਸਾਂ 'ਤੇ ਪਾਣੀ ਫਿਰ ਗਏ। ਪਿੱਛੋਂ ਲੰਬਾ ਸਮਾਂ ਮੇਰੇ ਬਜ਼ੁਰਗ ਵੀਰਾਂ ਤੇ ਭੈਣਾਂ ਦੇ ਫੋਨ ਆਉਂਦੇ ਰਹੇ: 'ਵੀਰ ਜੀ! ਕੀ ਬਣਿਆ ਪੈਨਸ਼ਨ ਦਾ!' ਇਸ ਸੰਘਰਸ਼ ਦੇ ਨਾਲ ਹੀ ਆਪਣੇ ਸ਼ੌਕ ਤੇ ਪਿਛੋਕੜੀ ਵਿਦਿਅਕ ਗੁਣਾਂ ਦੇ ਬਲਬੂਤੇ ਓਂਟਾਰੀਓ ਦਾ ਸਰਟੀਫਾਈਡ ਟਰਾਂਸਲੇਟਰ ਵੀ ਬਣਿਆ ਜਿਸ ਵਾਸਤੇ ਕਰੜੇ ਟੈਸਟਾਂ ਦੀ ਕੋਠਾਲੀ 'ਚੋਂ ਦੀ ਲੰਘਣਾ ਪਿਆ। ਇਸ ਨਾਲ ਆਨਲਾਈਨ ਕੰਮ ਖੂਬ ਆਉਣ ਲੱਗੇ ਅਤੇ ਡਾਲਰ ਵੀ ਚੰਗੇ ਝੜੇ। ਦੂਜੇ ਪਾਸੇ ਲਿਖਦਿਆਂ ਪੜ੍ਹਦਿਆਂ ਹੁਣ ਤੱਕ ਸੱਤ ਕਿਤਾਬਾਂ ਵੀ ਆਪਣੇ ਸਨੇਹੀਆਂ ਦੀ ਕਚਿਹਰੀ ਵਿਚ ਪੇਸ਼ ਹੋ ਚੁੱਕੀਆਂ ਹਨ। ਉਸ ਫਾਰਸੀ ਦੀ ਟੂਕ ਨੂੰ ਅਮਲੀ ਜਾਮਾ ਪਹਿਨਾ ਦਿੱਤੈ। ਭਾਵ ਇਸ ਵੇਲੇ ਵੀ, ਇਸ ਹਾਲਤ ਵਿਚ ਵੀ ਆਪਣੇ ਕਸਬ ਦਾ, ਆਪਣੇ ਕੰਮ ਦਾ, ਆਪਣੇ ਵਿਹਾਰ ਦਾ ਕਮਾਲ ਹਾਸਿਲ ਕਰ, ਆਪਣੇ ਆਪ ਵਿਚ ਨਿਪੁੰਨਤਾ ਪੈਦਾ ਕਰ, ਆਪਣੇ ਆਪ ਹੀ ਇਸ ਜਹਾਨ ਦਾ ਵੀ ਅਜ਼ੀਜ਼, ਪਿਆਰਾ ਤੇ ਮੀਰੀ ਬਣਿਆ ਮਹਿਸੂਸ ਹੋਇਐ ਅਤੇ ਬਣ ਵਿਖਾਇਐ।

## ਲਤੀਫਾ

### ਪੈਰਾਸ਼ੂਟ

ਇਕ ਛੋਟੇ ਜਹਾਜ਼ ਵਿਚ ਪੰਜ ਮੁਸਾਫਿਰ ਸਵਾਰ ਸਨ। ਅਚਾਨਕ ਇੰਜਣ ਵਿਚ ਖਰਾਬੀ ਪੈਣ ਕਰ ਕੇ ਪਾਇਲਟ ਨੇ ਮੁਸਾਫਿਰਾਂ ਨੂੰ ਕਿਹਾ ਕਿ ਤੁਸੀਂ ਤੁਰੰਤ ਇਕ ਇਕ ਪੈਰਾਸ਼ੂਟ ਲੈ ਕੇ ਛਾਲਾਂ ਮਾਰ ਦਿਓ, ਪਰ ਮੈਨੂੰ ਅਫਸੋਸ ਹੈ ਕਿ ਸਾਡੇ ਕੋਲ ਇਕ ਪੈਰਾਸ਼ੂਟ ਘੱਟ ਹੈ। ਇਹ ਸੁਣ ਕੇ ਇਕ ਨੇਤਾ ਜੀ ਨੇ ਸਭ ਤੋਂ ਪਹਿਲਾਂ ਛਾਲ ਮਾਰੀ। ਜਦੋਂ ਦਸ ਕੁ ਸਾਲ ਦਾ ਮੁੰਡਾ ਰਹਿ ਗਿਆ ਤਾਂ ਪਾਇਲਟ ਨੇ ਕਿਹਾ, "ਤੂੰ ਵੀ ਛਾਲ ਮਾਰ ਤੇ ਮੇਰਾ ਫਿਕਰ ਨਾ ਕਰ।"

ਮੁੰਡਾ ਬੋਲਿਆ, "ਤੁਸੀਂ ਵੀ ਫਿਕਰ ਨਾ ਕਰੋ, ਇਕ ਪੈਰਾਸ਼ੂਟ ਤੁਹਾਡੇ ਲਈ ਵੀ ਬਚਿਆ ਹੈ, ਕਿਉਂਕਿ ਸਭ ਤੋਂ ਪਹਿਲਾਂ ਛਾਲ ਮਾਰਨ ਵਾਲੇ ਨੇਤਾ ਜੀ ਮੇਰਾ ਬਸਤਾ ਚੁੱਕ ਕੇ ਪੈਰਾਸ਼ੂਟ ਸਮਝ ਕੇ ਛਾਲ ਮਾਰ ਗਏ ਸਨ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

ਕਹਾਣੀ

# ਮੰਗੋ ਮਾਈ

***ਕਹਾਣੀਕਾਰ ਮੁਖਤਿਆਰ ਸਿੰਘ ਨੇ 'ਮੰਗੋ ਮਾਈ' ਰਾਹੀਂ ਸਦਾ ਸਦਾ ਤੋਂ ਦਰਦ ਸਹਿ ਰਹੇ ਲੋਕਾਂ ਦਾ ਬਿਰਤਾਂਤ ਸੁਣਾਇਆ ਹੈ। ਇਸ ਦਰਦ ਦਾ ਕਿਤੇ ਕੋਈ ਅੰਤ ਹੁੰਦਾ ਨਹੀਂ ਦਿਸਦਾ। ਵਿਕਾਸ ਛਾਲਾਂ ਮਾਰ ਮਾਰ ਅੱਗੇ ਵਧ ਰਿਹਾ ਹੈ, ਪਰ ਇਹ ਲੋਕ ਅਜੇ ਵੀ ਭੁਲ-ਭੁਲੱਈਆਂ ਅੰਦਰ ਗੋਲ ਗੇੜੇ ਕੱਢ ਰਹੇ ਹਨ। ਕਿਤੇ ਕਿਤੇ ਇਨ੍ਹਾਂ ਗੇੜਿਆਂ ਨੂੰ ਕੱਟਣ-ਵੱਢਣ ਦੀ ਕਨਸੋਅ ਜਿਹੀ ਤਾਂ ਪੈਂਦੀ ਹੈ, ਪਰ ਇਹ ਸਭ ਬੱਸ ਝਲਕ ਮਾਤਰ ਦੀ ਹੁੰਦੀ ਹੈ। ਮਾੜੀ-ਮੋਟੀ ਤਬਦੀਲੀ ਨਾਲ ਪਹਿਲਾਂ ਵਾਲੀ ਕਥਾ ਜਿਉਂ ਦੀ ਤਿਉਂ ਚਲੀ ਆਉਂਦੀ ਨਜ਼ਰੀਂ ਪੈਂਦੀ ਹੈ। -ਸੰਪਾਦਕ***

**ਮੁਖਤਿਆਰ ਸਿੰਘ**
ਫੋਨ: 91-98728-23511

ਸੰਤੋ ਸਰੂਰ 'ਚ ਤੁਰੀ ਆਈ। ਉਸ ਨੇ ਰਾਤੀਂ ਛੋਟਾ ਹਾੜਾ ਹੀ ਲਿਆ ਸੀ। ਉਹ ਸਰਦਾਰ ਕਰਨੈਲ ਸਿਉਂ ਦੇ ਘਰੋਂ ਤੁਰਨ ਲੱਗਿਆਂ ਹੀ ਠੀਕ ਹੋ ਗਈ ਸੀ, ਆਪਣੇ ਘਰ ਤਕ ਤੁਰੀ ਆਉਂਦੀ ਹੌਲੀ ਫੁੱਲ ਹੋ ਗਈ ਸੀ। ਉਸ ਦਾ ਪੈਰ ਟਿਕਾਣੇ ਸਿਰ ਧਰ ਹੋ ਰਿਹਾ ਸੀ। ਸੁੰਦਰ ਮੁਹੱਲੇ ਵਾਲੀ ਗੰਦੇ ਪਾਣੀ ਦੀ ਟੇਢੀ-ਮੇਢੀ ਨਾਲੀ ਧਿਆਨ ਨਾਲ ਟੱਪ ਰਹੀ ਸੀ। ਉਸ ਨੇ ਬੀਹੀ ਵਾਲੀਆਂ ਜਨਾਨੀਆਂ ਅਤੇ ਬੱਚਿਆਂ ਵੱਲ ਬਹੁਤਾ ਖਿਆਲ ਨਹੀਂ ਕੀਤਾ। ਕਈ ਜਣੀਆਂ ਹੈਰਾਨ ਸਨ ਕਿ ਨੀਵੀਂ ਪਾਈ, ਬਗੈਰ ਬੋਲੇ ਹੀ ਲੰਘ ਗਈ।

ਮੰਗੋ ਮਾਈ ਨੂੰ ਤਾਂ ਉਹ ਜ਼ਰੂਰ ਬੁਲਾ ਕੇ ਲੰਘਦੀ, "ਚਾਚੀ, ਕੀ ਹਾਲ ਐ? ਖੰਘ ਨੂੰ ਰਾਮ ਐ?"

ਅੱਗਿਉਂ ਮੰਗੋ ਮਾਈ ਖੰਘ ਕੇ ਬੋਲਦੀ, "ਹਾਂ ਧੀਏ, ਫਰਕ ਐ। ਮੁੰਡਾ ਦਵਾਈ ਲੈ ਕੇ ਆਇਆ ਤੀ।"

"ਚੰਗਾ ਚਾਚੀ ਰਾਮ ਆ ਜੂਗਾ। ਦਵਾਈ ਲਈ ਜਾਈਂ, ਜਿਮੇਂ ਡਾਕਦਾਰ ਨੇ ਦੱਸਿਐ।" ਸੰਤੋ ਜਾਂਦੀ ਹੋਈ ਕਹਿ ਜਾਂਦੀ।

ਸੰਤੋ ਅੱਜ ਜਦੋਂ ਚੁੱਪ ਕਰ ਕੇ ਲੰਘ ਗਈ ਤਾਂ ਮੰਗੋ ਮਾਈ ਨੇ ਅੱਖਾਂ ਉਤੇ ਹੱਥ ਧਰ ਕੇ ਗਲੀ ਵਿਚ ਦੂਰ ਤਕ ਵੇਖਿਆ, "ਹੈਂ? ਇਹ ਭਾਈ ਸੰਤੋ ਈ ਐ? ਅੱਜ ਕਿਆ ਸੱਪ ਸੁੰਘ ਗਿਐ? ਸੁੱਖ ਹੋਵੇ ਸਈ। ਕਿਤੇ ਕੋਈ ਲੜਾਈ-ਝਗੜਾ? ਪਤਾ ਨੀ ਕਿਉਂ ਲੰਘ'ਗੀ? ਐਨੀ ਨਿਰਮੋਹੀ ਹੋਗੀ, ਮਰਜੀ ਓਹਦੀ। ਮੁੜ ਕੇ ਆਈ ਨੂੰ ਪੁੱਛਦੀ ਆਂ, ਨੀ ਕਿਹੜੇ ਖਿਆਲਾਂ 'ਚ ਗੁਆਚਗੀ ਤੀ, ਕੋਈ ਨਵਾਂ ਚੰਦ ਚਾੜ੍ਹ ਆਈ ਤੀ। ਬਛੇਰੀ ਦਾ ਲੂੰ ਲੂੰ ਟੱਪਦੈ, ਮੁਟਿਆਰ ਐ, ਲੂੰ ਲੂੰ ਟੱਪੇ ਕਿਮੇਂ ਨਾ...।"

ਮੰਗੋ ਮਾਈ ਆਪਣੇ ਖਿਆਲਾਂ 'ਚ ਵਹਿ ਗਈ, "ਇਹ ਕਿਆ ਕਰਦੀਆਂ ਨੇ। ਲੋਕਾਂ ਦੇ ਘਰਾਂ 'ਚ ਭਾਂਡੇ ਮਾਂਜਣੇ, ਸਫਾਈ ਕਰਨੀ, ਕੱਪੜੇ ਧੋਣੇ, ਹੋਰ ਪਤਾ ਨੀ ਕੀ ਕੀ ਕਰਦੀਆਂ ਨੇ ਕੁੱਤੀਆਂ ਜਹਾਨ ਦੀਆਂ। ਓ ਵੀ ਦਿਨ ਤੀ, ਜਦ ਅਸੀਂ ਭਰ ਜੁਆਨੀ 'ਚ ਖੇਤਾਂ 'ਚ ਘਾਹ ਖੋਤਣ ਜਾਂਦੀਆਂ। ਧੁੱਪ 'ਚ ਪਸੀਨੇ ਨਾਲ ਕੁੜਤੀ ਭਿਜ ਕੇ ਸਰੀਰ ਨਾਲ ਚਿਪਕ ਜਾਂਦੀ। ਜਦੋਂ ਹਵਾ ਦਾ ਬੁੱਲਾ ਆਉਂਦਾ, ਸਾਰਾ ਸਰੀਰ ਠੰਢਾ ਹੋ ਜਾਂਦਾ। ਸੁਆਦ ਆ ਜਾਂਦਾ।"

"ਨਰਮੇ, ਮੱਕੀ, ਇੱਖ ਦੀਆਂ ਵੱਟਾਂ ਦਾ ਲੈਰਾ ਲੈਰਾ ਘਾਹ ਖੋਤਦੀਆਂ ਨੂੰ ਜੱਟ ਨ੍ਹੀਂ ਤੀ ਰੋਕਦਾ। ਜੱਟ, ਸਰੀਰ ਨਾਲ ਚਿੰਬੜੀ ਕੁੜਤੀ ਵੱਲ ਦੇਖ ਕੇ ਮੁਸਕੜੀਆਂ ਹੱਸਦਾ ਪਰ੍ਹੇ ਚਲਾ ਜਾਂਦਾ। ਜਦੋਂ ਕਿਸੇ ਦਿਨ ਇਕੱਲੀਆਂ ਇਕੱਲੀਆਂ ਹੁੰਦੀਆਂ ਤਾਂ ਕੋਈ ਕੋਈ ਮੁਸ਼ਕੀ ਜੱਟ ਧੱਕਾ ਵੀ ਕਰ ਜਾਂਦਾ। ਉਹ ਕੁਝ ਗਾ ਕੇ ਵੀ ਸੁਣਾ ਜਾਂਦਾ, 'ਕਾਲੀ ਤਿੱਤਰੀ ਕਮਾਦੋਂ ਨਿਕਲੀ, ਉਡਦੀ ਨੂੰ ਬਾਜ਼ ਪੈ ਗਿਆ।' ਫੇਰ ਤਾੜਨਾ ਵੀ ਕਰ ਦਿੰਦਾ, 'ਕਿਹੜੀ ਐਂ ਨੀ ਸਾਗ ਤੋੜਦੀ, ਹੱਥ ਸੋਚ ਕੇ ਗੰਦਲ ਨੂੰ ਪਾਈਂ।' ਫਿਰ ਜੱਟ ਆਪੇ ਹੀ ਹਰੇ ਦਾ ਥੱਬਾ ਘਾਹ ਦੀ ਪੰਡ ਵਿਚ ਪਾ ਦਿੰਦਾ।"

"ਨੀ ਓਹ ਵੀ ਦਿਨ ਤੀ ਜਦ ਏਥੋਂ ਛੋਟਾ ਜਿਹਾ ਸ਼ਹਿਰ ਚਾਰ ਪੰਜ ਕੋਹਾਂ ਦੂਰ ਹੁੰਦਾ ਤੀ। ਜੱਟ ਸਬਜ਼ੀ ਵੇਚਣ ਲਈ ਨਹੀਂ ਲਾਉਂਦੇ ਤੀ, ਸਭ ਆਪ ਦੇ ਖਾਣ ਜੋਗੀ ਲਾਉਂਦੇ। ਗੰਨੇ ਘੜ੍ਹ ਕੇ ਆਗ ਲੈ ਆਉਂਦੀਆਂ। ਨਰਮਾ-ਕਪਾਹ, ਦਿਹਾੜੀ 'ਤੇ ਚੁਗਾ ਦਿੰਦੀਆਂ। ਮੱਕੀ ਦੀਆਂ ਛੱਲੀਆਂ ਕਢਾਉਣ ਦੇ ਬੰਦ (ਟਾਂਡੇ) ਲੈ ਆਉਂਦੀਆਂ। ਮੈਸਾਂ ਕਈ ਦਿਨ ਸੁਕੇ ਬੰਦ ਖਾਈ ਜਾਂਦੀਆਂ। ਕਦੇ ਟਾਂਡਿਆਂ ਵਿਚ ਹਰਾ ਰਲਾ ਕੇ ਟੋਕਾ ਕਰ ਕੇ ਦੁੱਧ ਦੇਣ ਵਾਲੀ ਮੈਂਸ ਨੂੰ ਪਾ ਦਿੰਦੀਆਂ। ਸਾਡੇ ਬੰਦੇ ਬੀ ਜੱਟਾਂ ਨਾਲ ਸਾਂਝੀ ਰਲੇ ਹੁੰਦੇ। ਕਈ ਕਈ ਸਾਲ ਇਕ ਜੱਟ ਨਾਲ ਹੀ ਸੀਰ ਚਲੀ ਜਾਂਦਾ। ਸਾਂਝ ਬਣੀ ਰਹਿੰਦੀ। ਉਹ ਆਪਣੇ ਘਰ ਦਾ ਜੀਅ ਸਮਝਣ ਲੱਗ ਪੈਂਦੇ। ਇਕ ਦੂਜੇ ਦੀ ਗਰਜ਼ ਵੀ ਸਾਰਦੇ। ਕਦੇ ਕਣਕ ਲੈ ਆਉਣੀ, ਕਦੇ ਮੱਕੀ, ਕਦੇ ਗੁੜ੍ਹ ਲੈ ਆਉਂਦੇ ਤੀ। ਲਾਟ ਦਾ ਗੁੜ੍ਹ ਤਾਂ ਐਵੇਂ ਚੁਕਾ ਦਿੰਦੇ। ਜਿੰਨਾ ਮਰਜ਼ੀ ਲੈ ਆਉਂਦੇ। ਲਾਟ ਦੇ ਗੁੜ੍ਹ ਦੀ ਚਾਹ ਗਾੜ੍ਹੀ ਬਣਦੀ। ਉਸ ਦਾ ਫੀਮ ਜਿੰਨਾ ਨਸ਼ਾ ਹੋ ਜਾਂਦਾ। ਕੰਮ ਨੂੰ ਉਡੇ ਫਿਰਦੇ।"

"ਆ ਦਾਦਣੀਆਂ ਬੜੀਆਂ ਸੜਕਾਂ, ਉਚੇ ਉਚੇ ਮਕਾਨ, ਜਿਨ੍ਹਾਂ ਨੂੰ ਸੰਤੋ ਕੋਠੀਆਂ ਦੱਸਦੀ ਐ। ਖੋਖੇ, ਦੁਕਾਨਾਂ, ਦਾਦਣੀਆਂ ਲੈਟਾਂ ਅੱਖਾਂ ਨੂੰ ਅੰਨ੍ਹੀਆਂ ਕਰਦੀਆਂ ਨੇ। ਕਾਰਾਂ, ਟਰੱਕ, ਫਟ-ਫਟੀਏ, ਪਤਾ ਨੀ ਦਾਦਣਾ ਕੀ ਕੀ ਕੰਨ ਪਾੜਵੀਆਂ ਵਾਜਾਂ ਲਾਟ ਦੇ ਲਾਲੇ (ਸੀਰ) ਵਾਂਗੂ ਪਿੰਡਾਂ ਵੱਲ ਰੁੜ੍ਹੀਆਂ ਆਈਆਂ ਨੇ, ਜਿਵੇਂ ਲਾਟ ਦਾ ਲਾਲਾ ਗੰਡ 'ਚ ਪਾਇਆਂ ਆਲੇ-ਦੁਆਲੇ ਨੂੰ ਆਪੇ ਰੁੜ੍ਹਿਆ ਜਾਂਦਾ ਤੀ। ਸਾਰੇ ਗੰਡ 'ਚ ਫੈਲ ਜਾਂਦਾ।"

"ਨੀ ਕੀ ਕਰਨ ਜੱਟ ਬੀ, ਸਾਰੀਆਂ ਜਮੀਨਾਂ, ਕਲੋਨੀਆਂ-ਦੁਕਾਨਾਂ ਨੇ ਦੱਬਲੀਆਂ। ਕੋਈ ਕੋਈ ਅੜੀ ਨਾਲ ਜਮੀਨ ਰੱਖ ਗਿਆ, ਉਹ ਸਬਜੀ-ਭਾਜੀ ਲਾਉਣ ਲੱਗ ਪਿਆ। ਅਸੀਂ ਉਸ ਦੀ ਸਬਜੀ ਤੋੜਨ ਲੱਗ ਪਈਆਂ। ਜਦੋਂ ਉਨ੍ਹਾਂ ਦੇ ਭੱਈਏ ਚੰਗਾ-ਮੰਦਾ ਬੋਲਣ ਲੱਗ ਪਏ, ਫਿਰ ਕਈ ਜਣੀਆਂ ਕੋਠੀਆਂ 'ਚ ਕੰਮ 'ਤੇ ਜਾਣ ਲੱਗ ਪਈਆਂ।"

"ਨੀ ਓ ਔਤਰੀਆਂ ਬੱਸਾਂ ਆਉਣ ਲੱਗ ਪਈਆਂ। ਕੁੜੀਆਂ-ਮੁਟਿਆਰਾਂ-ਵਹੁਟੀਆਂ ਉਨ੍ਹਾਂ 'ਚ ਚੜ੍ਹ ਕੇ ਫੈਕਟਰੀਆਂ 'ਚ ਜਾਣ ਲੱਗ ਪਈਆਂ। ਕੀ ਕਰਦੀਆਂ ਵਿਹਲੀਆਂ! ਫੈਕਟਰੀਆਂ ਵਾਲੇ ਸਾਰਾ ਦਿਨ ਓ ਮੜ੍ਹ ਕੁਟਦੇ, ਆਥਣੇ ਸਰੀਰ ਦਾ



ਤੂੰਬਾ ਤੂੰਬਾ ਬਣਾ ਕੇ ਬੱਸਾਂ 'ਚ ਘਰੋ ਘਰੀ ਛੱਡ ਜਾਂਦੇ ਨੇ। ਬੰਦਿਆਂ ਦਾ ਬੁਰਾ ਹਾਲ। ਕਈ, ਦਿਹਾੜੀ ਲਈ ਚੌਕਾਂ 'ਚ ਖੜ੍ਹਨ ਲੱਗ ਪਏ। ਕਈ ਰਿਕਸ਼ਾ ਕਿਰਾਏ 'ਤੇ ਲੈ ਕੇ ਫੇਰੇ ਲਾਉਣ ਲੱਗ ਪਏ। ਜਿਹੜਾ ਵੀ ਧੰਦਾ ਮਿਲਿਆ, ਓਹੀ ਕਰ ਲਿਆ। ਜੱਟਾਂ ਦੇ ਤਾਂ ਸੀਰੀ ਵੀ ਰਲਣ ਦਾ ਕੰਮ ਨੀ ਰਿਹਾ। ਸਾਰਾ ਕੰਮ ਮਸ਼ੀਨੀ ਹੋਣ ਕਰ ਕੇ ਮਾੜੇ-ਮੋਟੇ ਕੰਮ ਲਈ ਭੱਈਏ ਆ ਗਏ।"

—

"ਨੀ ਚਾਚੀ, ਨੀ ਚਾਚੀ! ਮੇਰਾ ਹੈਪੀ ਤੇ ਨਿੱਕੀ ਨੀ ਦੇਖੇ ਏਧਰੋਂ ਲੰਘਦੇ?" ਭੱਜੀ-ਭੱਜੀ ਆਈ ਸੰਤੋ ਨੇ ਦੂਰੋਂ ਹੀ ਕਿਹਾ।

ਮੰਗੋ ਮਾਈ ਦਾ ਧਿਆਨ ਉਸ ਦੇ ਬੋਲਾਂ ਨੇ ਤੋੜ ਦਿੱਤਾ। ਉਹ ਘਬਰਾ ਕੇ ਉਸ ਵੱਲ ਅੱਖਾਂ ਉਤੇ ਹੱਥ ਰੱਖ ਕੇ ਵੇਖਣ ਲੱਗ ਪਈ, "ਹੈਂ ਨੀ, ਕੀ ਕਹਿੰਨੀ ਐਂ? ਮੈਂ ਨੀ ਤੇਰੇ ਨਿਆਣੇ ਦੇਖੇ।"

"ਨੀ ਚਾਚੀ, ਤੂੰ ਦਰਾਂ ਮੂਹਰੇ ਅੱਖਾਂ ਮੀਚੀ ਬੈਠੀ ਐਂ? ਤੈਨੂੰ ਕਿਸੇ ਦੇ ਲੰਘਦੇ ਦਾ ਪਤਾ ਬੀ ਨੀ ਲੱਗਦਾ?" ਉਹ ਜਿਵੇਂ ਛੇਤੀ ਛੇਤੀ ਆਈ, ਉਵੇਂ ਰੌਲਾ ਪਾਉਂਦੀ ਮੁੜ ਗਈ।

ਮੰਗੋ ਮਾਈ ਫੇਰ ਅੱਖਾਂ ਉਤੇ ਹੱਥ ਧਰ ਕੇ ਉਸ ਵੱਲ ਵੇਖਣ ਲੱਗ ਪਈ, "ਹੈਂ ਨੀ ਲੋਹੜਾ, ਨਿਆਣੇ ਕਿਥੇ ਖਿਸਕ ਗਏ। ਉਹ ਤਾਂ ਏਸ ਭੰਬੀਰੀ ਜਿਹੀ 'ਤੇ ਗਏ ਨੀ। ਸਾਊ ਨੇ। ਆਪ ਕੁੱਤੀ ਘਰੇ ਨੀ ਵੜਦੀ। ਨਿਆਣਿਆਂ ਨੂੰ ਕੀ ਦੋਸ਼। ਏਹਦਾ ਆਦਮੀ ਕਦੇ ਦੇਖਿਆ ਨੀ। ਕਦੋਂ ਘਰ ਆਉਂਦੈ-ਜਾਂਦੈ। ਕਿਤੇ ਮਜਦੂਰੀ ਕਰਦਾ ਹੋਊ ਬਿਚਾਰਾ ਸਿਧਰਾ। ਲਾਈ ਲੱਗ ਐ। ਮਾਲਕ ਦਾ ਆਗਿਆਕਾਰੀ। ਜਿਵੇਂ ਮਾਲਕ ਕਹਿੰਦਾ ਹੋਊ, ਉਮੇ ਕਰਦਾ ਹੋਊ ਭਗਤ ਦਰਵੇਸ਼।"

"ਏ ਬੁੜ੍ਹੀਏ, ਐਥੇ ਕਿਆ ਕਰਦੀ ਐਂ ਗਲੀ 'ਚ ਬੈਠੀ? ਕਦੇ ਅੰਦਰ ਵੀ ਬੈਠ ਜਾਇਆ ਕਰ। ਅਜੇ ਬੀ ਗਲੀ 'ਚ ਆਉਂਦੇ ਜਾਂਦਿਆਂ ਵੱਲ ਝਾਕਣ ਦਾ ਚਸਕਾ ਨੀ ਛੱਡਿਆ।" ਕਰਮੀ ਨੇ ਦੂਰੋਂ ਹੀ ਆਉਂਦੀ ਨੇ ਮੰਗੋ ਮਾਈ ਨੂੰ ਦਰਾਂ ਮੂਹਰੇ ਗਲੀ 'ਚ ਬੈਠੀ ਵੇਖ ਕੇ ਲਲਕਾਰਾ ਮਾਰਿਆ।

ਮੰਗੋ ਮਾਈ ਨੇ ਦੂਜੇ ਪਾਸੇ ਗਲੀ 'ਚ ਝਟਕੇ ਨਾਲ ਵੇਖਿਆ। ਕਰਮੀ ਉਸ ਦੇ ਕੋਲ ਆ ਗਈ ਸੀ। ਮੰਗੋ ਮਾਈ ਤੋਂ ਕੁਝ ਨਾ ਬੋਲ ਹੋਇਆ। ਉਸ ਦੀ ਜ਼ੁਬਾਨ ਇਕ ਦਮ ਠਾਕੀ ਗਈ। ਖਿਆਲਾਂ ਦੇ ਸੁਪਨੇ ਕਿਧਰੇ ਹੀ ਉਡ-ਪੁਡ ਗਏ।

ਕਰਮੀ ਨੇ ਅੰਦਰ ਜਾ ਕੇ ਸਬਜ਼ੀ ਵਾਲਿਆਂ ਦੇ ਖੇਤ 'ਚੋਂ ਲਿਆਂਦੀਆਂ ਮੂਲੀਆਂ ਸੁਟ ਦਿੱਤੀਆਂ। ਛੋਟੀ ਜਿਹੀ ਕੋਠੜੀ ਅੰਦਰ ਵੇਖਿਆ। ਨਿਆਣੇ ਅਜੇ ਆਏ ਨਹੀਂ ਸਨ। ਉਹ ਬਾਹਰ ਆ ਕੇ ਮੰਗੋ ਮਾਈ ਵੱਲ ਫਿਰ ਬੋਲੀ, "ਤੈਨੂੰ ਬੁੜ੍ਹੀਏ ਸੁਣਿਆਂ ਨੀ, ਆ ਜਾ ਅੰਦਰ। ਚਾਹ ਬਣਾ ਦੋ ਗਲਾਸ।" ਉਹ ਮੰਜੇ ਉਤੇ ਡਿਗ ਪਈ। ਮੂਲੀਆਂ ਪੁਟਦੀ ਦਾ ਲੱਕ ਟੁੱਟਦਾ ਜਾਂਦਾ ਸੀ। ਸਾਰਾ ਦਿਨ ਕੋਡੀ ਕੋਡੀ ਰਹਿਣ ਕਰ ਕੇ ਸਿੱਧੀ ਨਹੀਂ ਸੀ ਹੋਇਆ ਜਾਂਦਾ। ਮਸਾਂ ਆ ਕੇ ਲੱਕ ਸਿੱਧਾ ਹੋਇਆ। ਚਾਹ ਪੀ ਕੇ ਉਹ ਗਰਮ ਹੋ ਜਾਊ।

ਮੰਗੋ ਮਾਈ ਹੌਲੀ ਹੌਲੀ ਉਠੀ। ਸੋਟੀ ਦੇ ਸਹਾਰੇ ਛੋਟੀ ਛੋਟੀ ਡਿੰਘ ਪੁੱਟਦੀ ਤੁਰ ਪਈ, "ਪਤਾ ਨੀ ਏਹਦਾ ਲੱਕ ਕੀਹਨੇ ਮਰੋੜ'ਤਾ, ਢਾਅ ਢਾਅ ਮਾਰਦੀ ਐ। ਕਰਨਾ ਈ ਪੈਣੈਂ ਅੰਮੜੀਏ ਦੋ ਟੁਕਾਂ ਖਾਤਰ...।" ਉਹ ਮੂੰਹ 'ਚ ਬੋਲਦੀ ਤੁਰ ਆਈ। ਚੂਲ੍ਹੇ 'ਤੇ ਪਤੀਲੀ 'ਚ ਦੋ ਗਲਾਸ ਪਾਣੀ ਪਾ ਕੇ ਧਰ ਦਿੱਤੀ। ਖੰਡ, ਚਾਹ-ਪੱਤੀ ਤੇ ਹੋਰ ਭਾਂਡੇ ਨੇੜੇ ਹੀ ਰੱਖੇ ਹੋਏ ਸਨ। ਪਾਣੀ ਦੀ ਬਾਲਟੀ ਵੀ ਉਥੇ ਹੀ ਪਈ ਸੀ। ਮੰਗੋ ਮਾਈ ਨੇ ਚੂਲ੍ਹੇ 'ਚ ਫੂਸ ਤੇ ਪਾਥੀ ਦੇ ਟੁਕੜੇ ਰੱਖ ਕੇ ਅੱਗ ਤੀਲੀ ਲਾ ਦਿੱਤੀ। ਧੂੰਆਂ ਉਠਿਆ ਤੇ ਮਸਾਂ ਫੂਕਾਂ ਮਾਰ ਕੇ ਅੱਗ ਸੁਲਘ ਪਈ। ਉਸ ਨੂੰ ਧੂੰਏਂ ਨਾਲ ਖੰਘ ਵੀ ਛਿੜੀ।

ਕਰਮੀ ਸਵੇਰੇ ਹੀ ਚਾਹ ਅਤੇ ਰੋਟੀ ਲਈ ਚਾਹੀਦਾ ਸਮਾਨ ਚੁੱਲ੍ਹੇ ਦੇ ਲਾਗੇ ਹੀ ਰੱਖ ਦਿੰਦੀ ਸੀ ਤਾਂ ਕਿ ਮੰਗੋ ਮਾਈ ਸੌਖ ਨਾਲ ਬੈਠੀ ਬੈਠੀ ਹੀ ਰੋਟੀ ਅਤੇ ਚਾਹ ਬਣਾ ਸਕੇ। ਜਦੋਂ ਬਾਹਰੋਂ ਨਿਆਣੇ ਆਉਂਦੇ ਤਾਂ ਮੰਗੋ ਮਾਈ ਹੀ ਰੋਟੀ ਬਣਾ ਕੇ ਦਿੰਦੀ ਤੇ ਚਾਹ ਵੀ ਬਣਾ ਕੇ ਪਿਆ ਦਿੰਦੀ। ਉਹ ਸਮਝਦੀ, ਜਿਨ੍ਹਾਂ ਚਿਰ ਚਲਦੀਆਂ ਨੇ, ਚਲਾਈ ਜਾਨੀ ਆਂ, 'ਹੈ ਨੀ ਅੰਬੜੀਏ ਕੌਣ ਦਿੰਦੈ ਵਿਹਲੜਾਂ ਨੂੰ। ਕੁਝ ਕਰ ਕੇ ਹੀ ਖਾਣਾ ਪਊ। ਰੱਬ ਚੁੱਕ ਲਵੇ, ਹੁਣ ਤਾਂ ਹੱਡ ਭੰਨਾਉਣ ਨਾਲੋਂ। ਸ਼ੁਕਰ ਹੋਊ ਜਿਦਣ ਉਪਰ ਆਲੇ ਨੇ ਬੁਲਾਇਆ। ਪਤਾ ਨ੍ਹੀਂ ਕਿਉਂ ਹਾਲੇ ਸੱਦਾ ਨ੍ਹੀਂ ਆਇਆ। ਅਜੇ ਹੋਰ ਲੇਖੇ ਦੇਣੇ ਨੇ, ਏਸ ਕੰਜਰੀ ਦੇ। ਕਿਮੇ ਪਈ ਐ ਲੱਤਾਂ ਚੌੜ੍ਹੀਆਂ ਕਰੀਂ... ਨੀ ਐਕਣ ਤਾਂ ਕਦੇ ਨੀ ਤੀ ਪਈਆਂ। ਨਾਲੇ ਸਾਰਾ ਦਿਨ ਟਿਕਦੇ ਨ੍ਹੀਂ ਤੀ। ਤੇਰੇ ਬਾਪ ਨਾਲ ਸਾਰਾ ਦਿਨ ਕਣਕ ਦੀ ਵਾਢੀ ਕਰਦੀ। ਆਥਣੇ ਸਾਰੀਆਂ ਭਰੀਆਂ ਬੰਨ੍ਹ ਕੇ ਆਪਣੇ ਹਿੱਸੇ ਦੀ ਭਰੀ ਸਿਰ ਉਤੇ ਚੁੱਕ ਲਿਆਉਂਦੀ। ਚਾਰ ਮੂਲੀਆਂ ਚੁੱਕ ਕੇ ਥੱਕਗੀ ਝੋਟੀ ਜਿਹੀ।'

ਉਹ ਬੋਲੀ ਨਹੀਂ। ਦਿਲ 'ਚ ਹੀ ਕਹਿ ਰਹੀ ਸੀ। ਉਚੀ ਬੋਲ ਕੇ ਨੂੰਹ ਕੋਲੋਂ, ਹੋਰ ਖਰੀਆਂ ਖਰੀਆਂ ਨਹੀਂ ਸੁਣਨੀਆਂ ਚਾਹੁੰਦੀ ਸੀ। ਉਸ ਨੇ ਤਾਂ ਖਹਿੜਾ ਨਹੀਂ ਛੱਡਣਾ।

ਚਾਹ ਬਣ ਗਈ। ਮੰਗੋ ਮਾਈ ਨੇ ਦੋ ਗਲਾਸਾਂ ਵਿਚ ਪਾ ਦਿੱਤੀ। ਕਰਮੀ ਨੂੰ ਕਿਹਾ, "ਲੈ ਪੁੱਤ, ਚਾਹ ਪੀ ਲੈ। ਥੱਕ ਕੇ ਆਈ ਐਂ। ਸਾਰਾ ਦਿਨ ਲੱਕ ਸਿੱਧਾ ਨਹੀਂ ਹੋਣ ਦਿੰਦੇ। ਸਿਰ 'ਤੇ ਖੜ੍ਹੇ ਰਹਿੰਦੇ ਨੇ ਦਾਦਣੇ।"

ਕਰਮੀ ਨੇ ਅੱਖਾਂ ਮੀਚ ਲਈਆਂ ਸਨ, ਜਾਂ ਆਪਣੇ ਆਪ ਹੀ ਅੱਖਾਂ ਬੰਦ ਹੋ ਗਈਆਂ ਸਨ। ਉਸ ਨੇ ਚਾਹ ਦਾ ਗਲਾਸ ਚੁੱਕਿਆ ਤੇ ਫੇਰ ਰੱਖ ਦਿੱਤਾ, "ਤੱਤੀ ਐ ਚਾਹ, ਥੋੜ੍ਹੀ ਠੰਢੀ ਹੋ ਲੈਣ ਦੇਹ। ਗਲਾਸ ਨੂੰ ਨ੍ਹੀਂ ਹੱਥ ਲੱਗਦਾ ਅਜੇ ਤਾਂ।"

"ਲਿਆ ਕੁੜੇ ਪਤੀਲੀ 'ਚ ਪਾ ਕੇ ਹਵਾ ਲੁਆ ਦਿਆਂ। ਤੂੰ ਤੱਤੀ ਪੀ ਲੈ, ਥਕੇਵਾਂ ਲੈਹ ਜੂ।" ਮੰਗੋ ਮਾਈ ਨੇ ਇਕ ਵਾਰ ਪਤੀਲੀ 'ਚ ਪਾ ਕੇ ਚਾਹ ਹਿਲਾ ਦਿੱਤੀ।

ਕਰਮੀ ਨੇ ਦੋ ਕੁ ਘੁੱਟ ਭਰੇ। ਉਸ ਦੇ ਸਰੀਰ 'ਚ ਕਰੰਟ ਜਿਹਾ ਆ ਗਿਆ। ਉਸ ਨੂੰ ਹੱਡ-ਪੈਰ ਜੁੜਨ ਲੱਗੇ ਮਹਿਸੂਸ ਹੋਏ। ਉਹ ਝੁਰੜੀਆਂ ਭਰੇ ਮੰਗੋ ਮਾਈ ਦੇ ਚਿਹਰੇ ਵੱਲ ਵੇਖ ਕੇ ਬੋਲ ਪਈ, "ਬੁੜ੍ਹੀਏ, ਤੇਰੀ ਉਮਰ 'ਚ ਜਾ ਕੇ ਮੇਰਾ ਕੀ ਹਾਲ ਹੋਊ? ਮੈਥੋਂ ਚਾਹ ਵੀ ਨੀ ਬਣਾ ਹੋਣੀ। ਰਹਿ ਖੜ੍ਹੀ ਮੈਂ ਤਾਂ।"

ਮੰਗੋ ਮਾਈ ਨੇ ਉਸ ਵੱਲ ਝਾਕ ਕੇ ਕਿਹਾ, "ਲੈ ਪੁੱਤ, ਤੇਰੀ ਨੂੰਹ ਬਣਾ ਕੇ ਦਿਆ ਕਰੂ। ਤੂੰ ਬੈਠੀਂ ਮੰਜੇ 'ਤੇ।"

"ਬੁੜ੍ਹੀਏ ਤੇਰਾ ਪੁੱਤ ਤਾਂ ਭੱਜਿਆ ਫਿਰਦੈ, ਲੱਕੜਾਂ ਦੀ ਠੇਕੇਦਾਰੀ 'ਚ। ਕਦੇ ਕਿਸੇ ਪਿੰਡ ਸਫੈਦੇ ਵੱਢਣੇ ਐ, ਕਦੇ ਕਿਸੇ ਹੋਰ ਪਿੰਡ ਪਾਪੂਲਰ ਵੱਢਦੇ ਫਿਰਦੇ ਨੇ। ਕਹਿੰਦੇ, ਟਾਹਲੀਆਂ, ਕਿੱਕਰਾਂ, ਬੇਰੀਆਂ, ਤੂਤ ਤਾਂ ਸਾਰੇ ਵੱਢੇ ਗਏ। ਪਿੰਡਾਂ ਦੇ ਆਲੇ-ਦੁਆਲੇ, ਪਿੱਪਲ-ਬਰੋਟਾ ਵੀ ਨ੍ਹੀਂ ਕੋਈ ਛੱਡਿਆ। ਹੁਣ ਫਿਰਦੇ ਯੂ.ਪੀ. 'ਚ। ਉਥੇ ਸਫੈਦੇ ਤੇ ਪਾਪੂਲਰ ਦਾ ਵਪਾਰ ਬਹੁਤ ਚਲਦੈ।"

"ਪੁੱਤ ਐਡੀ ਐਡੀ ਦੂਰ ਫਿਰਦੈ ਕਮਾਈ ਕਰਦਾ। ਜਿਦਣ ਆਊ, ਦਾਰੂ ਨਾਲ ਰੱਜਿਆ ਹੋਊ।" ਮੰਗੋ ਨੂੰ ਪੁੱਤ ਦਾ ਫਿਕਰ ਹੋ ਗਿਆ।

ਕਰਮੀ ਨੂੰ ਚਾਹ ਦੇ ਚਾਰ-ਪੰਜ ਘੁੱਟ ਭਰ ਕੇ ਅਰਾਮ ਆ ਗਿਆ ਜਾਪਿਆ, "ਬੁੜ੍ਹੀਏ, ਇਹ ਲੱਕੜਾਂ ਦਾ ਕੰਮ ਈ ਅਣਖਿਝ ਐ। ਕੀ ਕਰਨ ਸਾਰਾ ਦਿਨ ਥੱਕ ਜਾਂਦੇ ਨੇ। ਲੱਕੜਾਂ ਦੀ ਕੱਟ-ਕਟਾਈ ਤੇ ਸਾਂਭ-ਸੰਭਾਈ, ਲੱਕੜ ਨਾਲ ਲੱਕੜ ਹੋਣਾ ਪੈਂਦਾ। ਆਥਣੇ ਘੁੱਟ ਲਾ ਲੈਂਦੇ ਨੇ।"

"ਆਹੋ ਪੁੱਤ ਤੇਰਾ ਬਾਪੂ ਬੀ ਜੱਟ ਦੇ ਘੁੱਟ ਲਾ ਆਉਂਦਾ ਤੀ। ਉਹ ਘਰ ਦੀ ਕੱਢ ਲੈਂਦੇ। ਇਕ ਤਕੜਾ ਜਿਹਾ ਹਾੜਾ ਲਵਾ ਕੇ ਘਰ ਨੂੰ ਤੋਰ ਦਿੰਦੇ ਤੀ। ਕਈ ਵਾਰ ਤਾਂ ਉਹ ਸਾਰੀ ਸਾਰੀ ਰਾਤ ਦਾਰੂ ਕੱਢਦੇ ਰਹਿੰਦੇ। ਕਿਤੇ ਤੜਕੇ ਜਾ ਕੇ ਤੇਰਾ ਬਾਪੂ ਘਰ ਆਉਂਦਾ ਤੀ। ਆਉਂਦੀ ਸਾਰ ਤਾਜ਼ੀ ਕੱਢੀ ਪੀਤੀ ਦਾ ਮੇਰੇ 'ਤੇ ਨਸ਼ਾ ਖਿੜਾ ਦਿੰਦਾ। ਸਵੇਰੇ ਉਠ ਕੇ ਘਰ ਦਾ ਸਾਰਾ ਕੰਮ ਕਰਦੀ।" ਮੰਗੋ ਮਾਈ ਨੇ ਚਾਹ ਪੀ ਕੇ ਗਲਾਸ ਰੱਖ ਦਿੱਤਾ।

"ਬੁੜ੍ਹੀਏ, ਤਾਂਹੀ ਤਾਂ ਤੇਰੇ ਪੁੱਤ ਨੂੰ ਓਹੀ ਆਦਤ ਪੈਗੀ। ਤੇਰੇ ਹੱਡ ਕੈੜੇ ਹੁੰਦੇ ਤੀ। ਹੁਣ ਤਾਂ ਸਰੀਰਾਂ 'ਚ ਕੀ ਐ। ਵਿਚੋਂ ਪੋਲੇ। ਉਪਰੋਂ ਈ ਰੰਗ-ਰੂਪ ਦਿਸਦੈ। ਨਕਲੀ ਖੁਰਾਕਾਂ। ਹਰ ਖੁਰਾਕ 'ਚ ਜ਼ਹਿਰ ਪਈ ਐ।" ਉਸ ਨੇ ਵੀ ਚਾਹ ਪੀ ਕੇ ਗਲਾਸ ਰੱਖ ਦਿੱਤਾ।

ਉਨ੍ਹਾਂ ਨੂੰ ਕੁਝ ਚਿਰ ਕੋਈ ਗੱਲ ਨਾ ਅਹੁੜੀ। ਫਿਰ ਕਰਮੀ ਨੇ ਹੀ ਕੁਝ ਯਾਦ ਕਰ ਕੇ ਕਿਹਾ, "ਬੁੜ੍ਹੀਏ, ਜੇ ਮੈਂ ਮਾਜਰੀ ਚਲੀ ਜਾਇਆ ਕਰਾਂ?"

ਮੰਗੋ ਮਾਈ ਨੇ ਇਕ ਦਮ ਕੰਨ ਚੁੱਕ ਲਏ, "ਕਿਆ ਐ ਉਥੇ?"

"ਉਥੇ ਪਿੰਡਾਂ 'ਚ ਨਰੇਗਾ ਸਕੀਮ ਚਲਦੀ ਐ। ਮੇਰੀ ਭੈਣ ਦੱਸਦੀ ਤੀ। ਸੜਕਾਂ, ਰਸਤਿਆਂ, ਟੋਭਿਆਂ ਦੇ ਆਲੇ-ਦੁਆਲੇ ਮਿੱਟੀ ਪਾਉਣੀ ਹੁੰਦੀ ਐ। ਰੋਜ਼ ਹੀ ਸਮੇਂ ਸਿਰ ਮਿੱਟੀ ਦੇ ਦੋ ਦੋ ਚੇਪੇ, ਤਸਲੇ 'ਚ ਪਾ ਕੇ ਲਾਗੇ ਈ ਸੁਟਦੇ ਜਾਂਦੇ ਨੇ। ਜਨਾਨੀਆਂ ਨੇ ਕਹੀ ਦਾ ਇਕ ਇਕ ਚੇਪਾ ਈ ਚੁੱਕਣੈ। ਦੁਪਹਿਰ ਨੂੰ ਘੰਟੇ ਦੀ ਛੁੱਟੀ। ਆਥਣੇ ਪੰਜ ਵਜੇ ਛੁੱਟੀ। ਨਕਦ ਪੈਸੇ ਮਿਲਦੇ ਨੇ ਹਰੇਕ ਨੂੰ, ਵੀਹ ਘੱਟ ਦੋ ਸੌ। ਹੈ ਕਿੰਨੀ ਮੌਜ? ਮੇਰਾ ਤਾਂ ਜੀ ਕਰਦੈ, ਏਥੋਂ ਟੈਂਪੂ ਚੜ੍ਹ ਕੇ ਚਲੀ ਜਾਇਆ ਕਰਾਂ। ਛੀ ਸੱਤ ਕਿਲੋਮੀਟਰ ਦੂਰ ਐ ਸਾਰਾ ਈ।"

ਮੰਗੋ ਮਾਈ ਸੁਣ ਕੇ ਹੈਰਾਨ ਰਹਿ ਗਈ, "ਨੀ ਇਹ ਕਿਹੜੀ ਦਾਦਣੀ ਸਕੀਮ ਹੋਈ ਚੇਪਾ ਕੁ ਮਿੱਟੀ ਚੁੱਕ ਕੇ ਲਾਗੇ ਈ ਸੁਟੀ ਜਾਣ ਦੀ। ਕਦੇ ਵੇਖੀ-ਸੁਣੀ ਨੀ ਤੀ।"

"ਬੁੜ੍ਹੀਏ, ਤੈਨੂੰ ਕਿਆ ਪਤੈ ਘਰ ਬੈਠੀ ਨੂੰ। ਕਈ ਸਾਲ ਹੋਗੇ ਪਿੰਡਾਂ ਆਲੀਆਂ ਜਨਾਨੀਆਂ ਵੱਡੀਆਂ-ਛੋਟੀਆਂ ਸਣੇ ਨਿਆਣੇ-ਆਦਮੀ, ਇਹੋ ਦਿਹਾੜੀਆਂ ਕਰਦੇ ਨੇ। ਹੋਰ ਸੁਣ। ਹੁਣ ਉਹ ਸਰਕਾਰੀ ਡਿਪੂਆਂ ਤੋਂ ਆਟਾ-ਦਾਲ ਸਸਤੇ ਭਾਅ, ਮਹੀਨੇ ਦੇ ਲੈਂਦੀਆਂ ਨੇ। ਸਰਕਾਰ ਗਰੀਬਾਂ ਨੂੰ ਬਹੁਤ ਕੁਛ ਦਿੰਦੀ ਐ, ਵੋਟਾਂ ਖਾਤਰ। ਏਸ ਕੰਮ ਲਈ ਓਧਰ ਦਿੱਲੀ ਸਰਕਾਰ ਦਾ ਜ਼ੋਰ ਲੱਗਿਆ ਪਿਐ, ਏਧਰ ਪੰਜਾਬ ਸਰਕਾਰ ਦਾ। ਕਹਿੰਦੇ ਘਰ ਬੈਠੇ ਖਾਓ। ਨਰੇਗਾ ਨੂੰ ਕਾਮਯਾਬ ਬਣਾਓ। ਮੈਂ ਸੰਤੋ-ਬੰਤੋ ਨੂੰ ਬੀ ਦੱਸਦੀ ਆਂ। ਸਾਰੀਆਂ 'ਕੱਠੀਆਂ ਹੋ ਕੇ ਚੱਲਿਆ ਕਰੀਏ।" ਕਰਮੀ ਨਰੇਗਾ 'ਚ ਦਿਹਾੜੀਆਂ ਕਰਨ ਲਈ ਤਿਆਰ ਹੋ ਗਈ।

ਮੰਗੋ ਮਾਈ ਨੇ ਉਸ ਦੀਆਂ ਗੱਲਾਂ ਤੋਂ ਅੱਕ ਕੇ ਅਖਾਣ ਸੁਣਾ ਦਿੱਤਾ, "ਨੀ ਪੁੱਤ ਸੁਣ, ਛੱਪੜ ਵਿਚੋਂ ਮਹਿੰ, ਗੰਦ ਵਿਚੋਂ ਆਪਾਂ ਨੂੰ, ਕੱਢਣਾ ਔਖੈ।"

ਕਰਮੀ ਨੇ ਝੱਟ ਸੁਣਾ ਦਿੱਤਾ, "ਬੁੜ੍ਹੀਏ, ਤੈਨੂੰ ਕੀ ਪਤਾ। ਹੁਣ ਨੀ ਔਖਾ? ਹੁਣ ਤਾਂ ਨਿਕਲਾਂਗੇ।"

ਮੰਗੋ ਮਾਈ ਨੇ ਗੱਲ ਹੀ ਬਦਲ ਦਿੱਤੀ, "ਪੁੱਤ ਸੰਤੋ ਭੱਜੀ ਭੱਜੀ ਆਈ ਤੀ। ਓਹਦੇ ਨਿਆਣੇ ਨੀ ਕਿਤੇ ਦਿਸਦੇ। ਲੱਭਦੀ ਫਿਰਦੀ ਐ। ਜਾਹ ਪਤਾ ਕਰ ਕੇ ਆ...।"

"ਹੈਂ? ਨਿਆਣੇ ਕਿਥੇ ਗਏ?" ਉਹ ਇਕ ਦਮ ਫਿਕਰਮੰਦ ਹੋ ਗਈ, "ਬੁੜ੍ਹੀਏ ਆਪਣੇ ਨਿਆਣੇ ਨੀ ਆਏ ਅਜੇ? ਦੇਖਦੀ ਆਂ ਜਾ ਕੇ ਕਿਥੇ ਨੇ?"

ਕਰਮੀ ਆਪਣੇ ਨਿਆਣੇ ਵੇਖਣ ਬਾਹਰ ਨਿਕਲ ਗਈ। ਮੰਗੋ ਮਾਈ ਉਸ ਵੱਲ ਵੇਖਦੀ ਹੀ ਰਹਿ ਗਈ। ਉਸ ਨੂੰ ਹੁਣ ਆਪਣੇ ਪੋਤੇ-ਪੋਤੀ ਦਾ ਫਿਕਰ ਹੋ ਗਿਆ।

## *ਮਿਨੀ ਕਹਾਣੀ*

# ਕਦੋਂ ਜਦੋਂ

ਬਾਜ਼ਾਰ ਵਿਚ ਸੜਕ 'ਤੇ ਬਹੁਤ ਭੀੜ। ਚੌਂਕ ਵਿਚ ਖੜ੍ਹਾ ਸਿਪਾਹੀ ਬਾਹਾਂ ਨਾਲ ਚਾਰੇ ਪਾਸਿਆਂ ਦੀ ਭੀੜ ਨੂੰ ਰੋਕਦਾ ਤੇ ਫਿਰ ਵਾਰੋ ਵਾਰੀ ਤੋਰਦਾ। ਭੀੜ ਵਿਚੋਂ ਇੱਕ ਔਰਤ, ਜਿਸ ਨਾਲ ਤਿੰਨ ਬੱਚੇ, ਇੱਕ ਕੁੱਛੜ ਚੁੱਕਿਆ, ਇੱਕ ਦਮ ਸੜਕ ਪਾਰ ਕਰਦੀ ਟਰੱਕ ਹੇਠ ਆਉਣ ਲੱਗੀ ਪਰ ਡਰਾਇਵਰ ਨੇ ਫੁਰਤੀ ਨਾਲ ਬਰੇਕਾਂ ਮਾਰ ਕੇ ਕੰਟਰੋਲ ਕਰ ਲਿਆ। ਭੀੜ ਵਿਚੋਂ ਕਈ ਆਵਾਜਾਂ ਹਵਾ ਵਿਚ ਗੂੰਜਣ ਲੱਗੀਆਂ, "ਏ...ਏ...ਬਚ ਗਈ। ਥੋੜ੍ਹੀ ਦੇਰ ਰੁਕ ਨਹੀਂ ਹੋਇਆ, ਆਪ ਤਾਂ ਮਰੇਗੀ ਬੱਚਿਆਂ ਨੂੰ ਵੀ ਮਰਵਾਏਂਗੀ। ਇਨ੍ਹਾਂ ਅਨਪੜ੍ਹਾਂ ਨੂੰ ਕੀ ਪਤਾ ਕਿ ਕਿਵੇਂ ਸੜਕ ਪਾਰ ਕਰੀਦੀ ਏ। ਫਿਰ ਕਹਿਣਗੇ ਟਰੱਕ ਵਾਲੇ ਦਾ ਕਸੂਰ ਏ।"

ਕੋਈ ਕੁਝ ਕਹਿੰਦਾ, ਕੋਈ ਕੁਝ। ਮੈਂ ਤੁਰਦਾ ਸੋਚ ਰਿਹਾ ਸਾਂ ਕਿ ਕਦੋਂ ਖਤਮ ਹੋਵੇਗੀ ਸਾਡੇ ਦੇਸ਼ ਦੀ ਅਨਪੜ੍ਹਤਾ? ਕਦੋਂ ਘਟੇਗੀ ਜਨਸੰਖਿਆ? ਕਦੋਂ ਸਮਝਣਗੇ ਸਾਡੇ ਦੇਸ਼ ਦੇ ਲੋਕ ਕਿ ਬੱਚਾ ਇੱਕ ਜਾਂ ਦੋ...ਬੱਸ। ਭਾਰਤ ਦੇ ਲੋਕ ਕਦੇ ਇੰਨੇ ਸਮਝਦਾਰ ਹੋ ਜਾਣਗੇ ਜਦੋਂ ਇਨ੍ਹਾਂ ਨੂੰ ਟਰੈਫਿਕ ਦੇ ਸਿਪਾਹੀਆਂ ਦੀ ਲੋੜ ਨਹੀਂ ਪਵੇਗੀ। ਟਰੈਫਿਕ ਦੇ ਨਿਯਮਾਂ ਦਾ ਪਾਲਣ ਕਰਨਾ ਆਪਣਾ ਫਰਜ ਕਦੋਂ ਸਮਝਣਗੇ?

ਪਤਾ ਨਹੀਂ ਕਦੋਂ ਮੈਂ ਆਪਣੇ ਅੱਗੇ ਜਾ ਰਹੀ ਬੁੱਢੀ ਵਿਚ ਜਾ ਵੱਜਾ। ਉਹ ਮੈਨੂੰ ਆਖਣ ਲੱਗੀ, "ਵੇਖ ਕੇ ਚੱਲ ਪੁੱਤ, ਵਿਚ ਵੱਜੀ ਜਾਨੈਂ।"

ਪਰ ਮੈਂ ਅਜੇ ਵੀ ਕਦੋਂ, ਜਦੋਂ, ਕਦੋਂ ਦੇ ਚੱਕਰਾਂ ਵਿਚ ਸੀ। ਮੈਂ ਉਸ ਨੂੰ ਵੀ ਬਿਨਾ ਸੋਚੇ ਸਮਝੇ ਆਖ ਦਿੱਤਾ, "ਹੈਂ! ਕਦੋਂ ਜੀ?"

"ਹੁਣੇ।" ਬੁੱਢੀ ਮਾਈ ਬੋਲੀ।

ਪਰ ਉਸ ਦਾ ਉਤਰ ਮੈਨੂੰ ਬਿਲਕੁਲ ਵੀ ਤਸੱਲੀਬਖਸ਼ ਨਾ ਲੱਗਾ ਕਿਉਂਕਿ ਮੈਨੂੰ ਅਜੇ ਵੀ ਅਨਪੜ੍ਹ ਦਿਖ ਰਹੇ ਸਨ। ਅਜੇ ਵੀ ਲੋਕੀਂ ਟਰੈਫਿਕ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ। ਚੌਂਕ ਵਿਚ ਖੜ੍ਹਾ ਸਿਪਾਹੀ ਅਜੇ ਵੀ ਬਾਹਾਂ ਨਾਲ ਇਸ਼ਾਰੇ ਕਰ ਰਿਹਾ ਸੀ।

***-ਅਮਰੀਕ ਸਾਗੀ ਸਰਹਿੰਦ***
***ਫੋਨ: 91-98149-08118***



ਸ਼ੌਰਟ ਕੱਟ ਵਾਇਆ ਲੌਂਗ ਰੂਟ

20

ਅਮਰੀਕ ਸਿੰਘ ਬਲ
ਫੋਨ: 34602835897

# ਏਜੰਟਾਂ ਦਾ ਮੱਕੜ-ਜਾਲ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 20ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੂਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਚੁੱਪ ਕਰ ਕੇ ਕਮਰਿਆਂ ਅੰਦਰ ਰਹਿਣ ਦੀ ਹਦਾਇਤ ਦੇ ਬਾਵਜੂਦ ਫੁਸਫੁਸਾਹਟਾਂ ਮੂੰਹਜ਼ੋਰ ਹੋ ਜਾਂਦੀਆਂ ਤਾਂ 'ਮੋਟੀ ਮੰਮੀ' ਮਸੀਂ ਪੌੜੀਆਂ ਚੜ੍ਹ ਕੇ, ਹਫਦੀ ਹੋਈ ਆਉਂਦੀ, ਵੱਡੀਆਂ ਵੱਡੀਆਂ ਲਾਲ ਅੱਖਾਂ ਕੱਢ ਕੇ ਗੁਸੈਲ ਅਰਬੀ ਨਾਲ ਸਾਡੀ ਪੰਜਾਬੀ ਨੂੰ ਨੇਸਤੋਨਾਬੂਦ ਕਰ ਜਾਂਦੀ। ਲੰਮੇ ਵਕਤ ਤੋਂ ਸੁਰਖਿਅਤ ਟਿਕਾਣੇ ਦੇਖ ਕੇ ਇਕ ਗੁੰਜਾਇਸ਼ ਇਹ ਵੀ ਲੱਗਦੀ ਸੀ ਕਿ ਮੋਹਸਿਨ ਗੁਆਂਢੀਆਂ ਅਤੇ ਪੁਲਿਸ ਵਾਲਿਆਂ ਨਾਲ ਅੱਡ ਅੱਡ ਤਰੀਕਿਆਂ ਨਾਲ ਬਣਾ ਕੇ ਰੱਖਦਾ ਹੋਵੇਗਾ।

ਇਥੇ ਕਈ ਮਹੀਨਿਆਂ ਬਾਅਦ, ਮੈਨੂੰ ਅਨੰਦ ਤੇ ਖੁਸ਼ੀ ਨਾਲ ਥਰਥਰਾਉਂਦਿਆਂ, ਆਟੇ ਦੀ ਰੋਟੀ ਖਾਣੀ ਨਸੀਬ ਹੋਈ ਸੀ। ਆਪਣੇ ਖਾਣੇ ਲਈ ਆਪਣੇ ਪੈਸੇ ਖ਼ਰਚ ਹੋਣ ਤੋਂ ਸਭ ਖ਼ਾਨ ਤੋਂ ਖ਼ਫ਼ਾ ਸਨ, ਉਤੋਂ ਖ਼ਰਚਾ ਦੁਗਣਾ-ਤਿਗਣਾ ਹੁੰਦਾ ਸੀ; ਪਰ ਜੋ ਸਭ ਤੋਂ ਵੱਡੀ ਮੁਸੀਬਤ ਸਾਹਮਣੇ ਜਬਾੜੇ ਖੋਲ੍ਹੀ ਖੜ੍ਹੀ ਸੀ, ਉਹ ਸੀ ਡੇਢ ਕੁ ਲੱਖ ਦੀ ਪੇਮੰਟ ਦੁਬਾਰਾ ਕਰਨੀ। ਖ਼ਾਨ ਦਾ ਖ਼ਿਆਲ ਸੀ, ਫ਼ੋਨਾਂ 'ਤੇ ਸੰਪਰਕ ਨਾ ਹੋਣ ਦੇਣ ਨਾਲ ਘਰਾਂ ਵਾਲੇ ਪਰੇਸ਼ਾਨ ਹੋ ਕੇ ਪੇਮੰਟਾਂ ਫੌਰਨ ਕਰਨਗੇ। ਤਿੰਨ-ਚਾਰ ਦਿਨ ਗੁਜ਼ਰ ਗਏ, ਉਥੋਂ ਕੋਈ ਵੀ ਅੱਗੇ ਨਹੀਂ ਗਿਆ। ਮੈਂ ਫਿਰ ਊਬਣ ਲੱਗ ਪਿਆ, ਮੈਨੂੰ ਫਿਰ ਕਾਹਲ ਜਿਹੀ ਪੈਣ ਲੱਗ ਪਈ।

ਜਿਥੋਂ ਮੈਂ ਚੋਰੀ ਦੌੜ ਕੇ ਆ ਗਿਆ ਸਾਂ, ਪਿਛਲੀ ਰਾਤ ਉਹ ਮੁੰਡੇ (ਮੋਹਕਮ ਵਗੈਰਾ) ਵੀ ਇਥੇ ਵਾਪਿਸ ਆ ਗਏ ਸਨ। ਹੋਰ ਨਵੇਂ ਦੋ-ਤਿੰਨ ਜਣੇ ਵੀ ਉਨ੍ਹਾਂ ਨਾਲ ਸਨ। ਉਨ੍ਹਾਂ ਦੱਸਿਆ ਕਿ ਉਥੇ ਵੀ ਡੌਂਕਰਾਂ ਨੇ ਰੋਟੀ ਦੇਣੀ ਬੰਦ ਕਰ ਦਿੱਤੀ ਸੀ। ਫਿਰ ਇਕ ਰਾਤ ਸਭ ਨੂੰ ਸਾਫ਼ ਸਾਫ਼ ਛੁਟਕਾਰਾ ਪਾਉਣ ਦੀ ਗਰਜ ਨਾਲ, ਤਾਰਾਂ ਵਾਲੀ ਡੌਂਕੀ ਲਵਾਉਣ ਲਈ ਸਿਬਤਾ ਨੇੜਲੀਆਂ ਪਹਾੜੀਆਂ ਵਿਚ ਛੱਡ ਕੇ, ਵਾਪਸ ਆਉਣ ਦਾ ਕਹਿ ਕੇ ਡੌਂਕਰ ਚਲੇ ਗਏ। ਦੋ ਦਿਨਾਂ ਤਕ ਉਥੇ ਲੁਕ-ਛਿਪ ਕੇ ਬੈਠੇ ਰਹੇ, ਤੇ ਆਖ਼ਿਰ ਪੁਲਿਸ ਦੇ ਸ਼ਿਕੰਜੇ ਵਿਚ ਜਾ ਫਸੇ। ਸ਼ੁਕਰ ਸੀ, ਨਾਂ-ਪਤੇ ਦਰਜ ਕਰ ਕੇ ਰਸਮੀ ਦਸਤਖਤਾਂ ਵਾਲੀਆਂ ਸਲਿਪਾਂ ਦੇ ਕੇ ਦੋ ਦਿਨ ਬਾਅਦ ਛੱਡ ਦਿੱਤਾ ਗਿਆ। ਜੇ ਉਜਦਾ ਤਕ ਦਾ ਲੰਮੇਰਾ ਸਫ਼ਰ ਕਰਨਾ ਪੈਂਦਾ ਤਾਂ ਖ਼ਬਰੇ ਕਿੰਨਾ ਹੋਰ ਜ਼ਿਆਦਾ ਪਿੱਛੇ ਪੈ ਜਾਣਾ ਸੀ।

ਮੇਰੇ ਵਰਗੇ ਕਈ ਜਣੇ ਸਨ, ਜੋ ਬਗੈਰ ਡੌਂਕੀ ਲੱਗਣ ਤੋਂ ਹੀ ਦੋ-ਤਿੰਨ ਵਾਰ ਪੁਲਿਸ ਦੇ ਹੱਥੀਂ ਪੈ ਗਏ ਸਨ ਤੇ ਕਈ ਅਜਿਹੇ ਵੀ ਸਨ (ਪਨੂੰ, ਦਵਿੰਦਰ ਵਰਗੇ) ਜਿਹੜੇ ਪਿਛਲੇ ਏਜੰਟਾਂ ਦੇ ਰਸੂਖ਼ ਦੇ ਦਮ 'ਤੇ ਤਿੰਨ ਤਿੰਨ ਅਸਫ਼ਲ ਡੌਂਕੀਆਂ ਲਾ ਚੁੱਕੇ ਸਨ। ਮੈਂ ਅਤੇ ਵਾਪਸ ਆਏ ਮੇਰੇ ਸਾਥੀ ਸੋਚ ਰਹੇ ਸਾਂ ਕਿ ਚੰਗਾ ਹੋਇਆ, ਮੈਂ ਪਹਿਲਾਂ ਹੀ ਵਾਪਸ ਦੌੜ ਅਇਆ ਸਾਂ, ਨਹੀਂ ਤਾਂ ਇੰਨੇ ਦਿਨ ਭੁੱਖਣ-ਭਾਣੇ ਥਾਂ-ਥਾਂ ਖੱਜਲ-ਖ਼ੁਆਰ ਹੀ ਹੋਣਾ ਸੀ। ਖੱਜਲ ਤਾਂ ਭਾਵੇਂ ਮੈਂ ਹੁਣ ਵੀ ਹੋਇਆ ਸੀ, ਪਰ ਆਜ਼ਾਦੀ ਤੇ ਗ਼ੁਲਾਮੀ ਵਿਚ ਖ਼ੁਆਰ ਹੋਣਾ ਬਿਲਕੁਲ ਵੱਖਰੀਆਂ ਚੀਜ਼ਾਂ ਨੇ। ਮੈਨੂੰ ਕਈ ਲਾਭ ਵੀ ਮਿਲੇ ਸਨ-ਮਸਲਨ, ਪੈਸੇ ਮੰਗਵਾ ਕੇ ਫੋਨ ਵਗੈਰਾ ਖਰੀਦ ਲਿਆ ਸੀ, ਖ਼ੁਰਾਕ ਨਾਲ ਸਰੀਰ ਨੂੰ ਬਿਮਾਰੀ ਤੋਂ ਛੁਟਕਾਰਾ ਮਿਲ ਗਿਆ ਸੀ, ਕੁਝ ਦਿਨ ਖੁੱਲ੍ਹੇ ਆਬੋ-ਹਵਾ ਵਿਚ ਕੱਟ ਲਏ ਸੀ ਤੇ ਵੱਡੀ ਗੱਲ, ਇੰਡੀਆ ਵਾਪਿਸੀ ਲਈ ਹੱਥ-ਪੈਰ ਮਾਰ ਲਏ ਸਨ।

ਹੁਣ ਫਿਰ ਸਭ ਉਮੀਦਾਂ ਮੱਧਮ ਹੁੰਦੀਆਂ ਗਈਆਂ ਤਾਂ ਮੇਰੀ ਉਤਾਵਲੀ ਸੋਚ ਨੇ ਮੁੜ ਉਥਲ-ਪੁਥਲ ਮਚਾਉਣੀ ਸ਼ੁਰੂ ਕਰ ਦਿੱਤੀ। ਦਿਲ ਫਿਰ ਕਾਹਲਾ ਪੈਣ ਲੱਗਾ ਕਿ ਘਰ ਫੋਨ ਕਰ ਕੇ ਕਹਾਂ, ਸਭ ਪਾਸੇ ਡੌਂਕੀਆਂ ਬੰਦ ਨੇ, ਹੁਣ ਮੈਂ ਕੁਝ ਨਹੀਂ ਸੁਣਨਾ, ਮੈਨੂੰ ਟਿਕਟ ਭੇਜੋ, ਬੱਸ!

ਮੋਹਕਮ ਦੇ ਸਾਰੇ ਉਧਾਰੇ ਦਰ੍ਹਾਮ ਸ਼ੁਕਰੀਆ 'ਚ ਲਪੇਟ ਕੇ ਉਸ ਨੂੰ ਵਾਪਸ ਕਰ ਦਿਤੇ ਸਨ। ਇਥੇ ਬੈਠਿਆਂ ਵੀ ਕਾਫੀ ਖ਼ਰਚ ਹੋ ਗਏ ਸਨ। ਮੇਰੇ ਅੰਦਰ ਇੰਨਾ ਕੁਝ ਅਸਾਧਾਰਨ ਚੱਲ ਰਿਹਾ ਸੀ, ਇਕ ਥਾਂ ਟਿਕ ਕੇ ਬੈਠਣਾ ਵੀ ਔਖਾ ਲੱਗਦਾ। ਮੇਰਾ ਵਧਿਆ ਸਾਹਸ ਉਕਸਾਉਂਦਾ ਕਿ ਡੌਂਕਰਾਂ ਕੋਲੋਂ ਨਿਕਲਣਾ ਕੋਈ ਮੁਸ਼ਕਿਲ ਨਹੀਂ, ਉਹ ਜ਼ਬਰਦਸਤੀ ਨਹੀਂ ਰੋਕ ਕੇ ਰੱਖ ਸਕਦੇ। ਖ਼ਾਨ ਜਾਂ ਮੋਹਸਿਨ ਦੇ ਇਸ ਟਿਕਾਣੇ ਤੋਂ ਵੀ ਮੈਨੂੰ ਫ਼ਰਾਰ ਹੋਣ 'ਚ ਕੋਈ ਦਿਕਤ ਨਹੀਂ ਸੀ ਹੋਣੀ।

ਪੰਜਵੇਂ ਦਿਨ ਮੈਂ ਮੁਸਤੈਦੀ ਨਾਲ ਮੌਕਾ ਤਾੜਦਾ ਰਿਹਾ। ਫਿਰ ਆਲਾ-ਦੁਆਲਾ ਜਾਚ ਕੇ ਫੁਰਤੀ ਨਾਲ ਪੌੜੀਆਂ ਉਤਰਦਾ ਗਿਆ। ਦੂਜੀ ਤੇ ਪਹਿਲੀ ਮੰਜ਼ਿਲ ਦੇ ਕਮਰਿਆਂ ਵਿਚ ਕਿਤੇ ਮੱਧਮ ਜਿਹੀਆਂ ਗੱਲਾਂ ਸੁਣ ਰਹੀਆਂ ਸਨ। ਬਾਰਹਲੇ ਦਰਵਾਜ਼ੇ ਤਕ ਲੱਗਦਾ ਰਿਹਾ, ਹੁਣ ਵੀ ਪਿਛਿਓਂ ਕਿਸੇ ਨੇ ਆਵਾਜ਼ ਮਾਰੀ, ਹੁਣ ਵੀ ਕਿਸੇ ਨੇ ਲਲਕਾਰਿਆ; ਪਰ ਕੁਝ ਨਹੀਂ ਹੋਇਆ, ਕਿਸੇ ਨੇ ਨਹੀਂ ਰੋਕਿਆ-ਟੋਕਿਆ।

ਟੈਕਸੀ ਫੜ ਕੇ ਅੰਬੈਸੀ ਪਹੁੰਚਿਆ। ਨਵੀਂ ਸਿੰਮ ਖਰੀਦ ਕੇ ਘਰਦਿਆਂ ਨੂੰ ਨੰਬਰ ਦੇ ਕੇ ਕਿਹਾ ਕਿ ਮੈਂ ਫਿਰ ਅੰਬੈਸੀ ਨੇੜੇ ਬੈਠਾ ਹਾਂ। ਫੌਰਨ ਵਾਪਸੀ ਫੋਨ ਆਇਆ। ਮੰਮੀ-ਡੈਡੀ ਦੋਨੋਂ ਸਨ। ਪਰੇਸ਼ਾਨ ਘਬਰਾਏ ਬੋਲ ਕੰਨੀਂ ਪਏ, "ਤੂੰ ਫਿਰ ਕਿਉਂ ਦੌੜ ਆਇਆ? ਹੁਣ ਤਾਂ ਆਪਾਂ ਰਾਜੇ (ਮਸੇਰ ਭਰਾ) ਤੇ ਜੱਗੀ (ਮਮੇਰਾ ਭਰਾ) ਤੋਂ ਪੈਸੇ ਮੰਗਾ ਕੇ ਏਜੰਟ ਬਿੱਟੂ ਸੁਲਤਾਨਪੁਰੀ ਦੇ ਜ਼ਰੀਏ ਖ਼ਾਨ ਨੂੰ ਪੇਮੰਟ ਕਰ ਦਿੱਤੀ ਹੈ।" ਮੈਂ ਜਿਵੇਂ ਅਸਮਾਨ ਤੋਂ ਡਿੱਗਿਆ। ਗਾ, ਜਿਵੇਂ ਮੇਰੇ ਕਲੇਜੇ ਵਿਚ ਨਸ਼ਤਰ ਉਤਰ ਗਿਆ ਹੋਵੇ। ਮੇਰਾ ਅੰਦਰ ਫਟ ਪਿਆ, ਭੁੱਬੀਂ ਰੋਣਾ ਨਿਕਲ ਗਿਆ। ਰੋਂਦਾ, ਕਲਪਦਾ, ਚੀਕਦਾ ਪਤਾ ਨਹੀਂ ਕੀ-ਕੀ ਬੋਲਦਾ ਗਿਆ, "ਮੈਨੂੰ ਪੁੱਛੇ-ਦੱਸੇ ਬਗੈਰ ਪੈਸੇ ਕਿਉਂ ਦਿਤੇ, ਅੱਗੇ ਕੋਈ ਨਹੀਂ ਜਾ ਰਿਹਾ, ਮਹੀਨਿਆਂ ਤੋਂ ਡੌਂਕੀਆਂ ਬੰਦ ਨੇ। ਤੁਹਾਨੂੰ ਮੇਰੇ ਨਾਲ ਜ਼ਰਾ ਵੀ ਮੋਹ ਨਹੀਂ ਰਿਹਾ, ਤੁਸੀਂ ਇਹੀ ਚਾਹੁੰਦੇ ਓ ਨਾ, ਮੈਂ ਇਥੇ ਈ ਰੁਲ-ਰੁਲ ਕੇ ਮਰ ਜਾਵਾਂ। ਜਾਓ ਫਿਰ ਰੱਬ ਕਰੇ ਤੁਹਾਨੂੰ ਮੇਰੀ ਲਾਸ਼ ਦੇਖਣੀ ਵੀ ਨਸੀਬ ਨਾ ਹੋਵੇ, ਇਥੇ ਹੀ ਕਿਤੇ ਮਰ-ਮੁੱਕ ਜਾਵਾਂ। ਜੇ ਸਪੇਨ ਚਲੇ ਗਿਆ ਤਾਂ ਸਾਰੀ ਉਮਰ ਤੁਹਾਨੂੰ ਮੂੰਹ ਨਹੀਂ ਦਿਖਾਉਣਾ। ਪੈਸੇ ਕਮਾ ਕੇ ਘੱਲੀ ਜਾਊਂਗਾ, ਪਰ ਮੇਰੀ ਸ਼ਕਲ ਦੇਖਣ ਨੂੰ ਤਰਸਦੇ ਰਹੋਗੇ। ਜਿਵੇਂ ਅੱਜ ਇਥੇ ਮੈਂ ਮਰਨ ਡਿਹਾਂ, ਤੜਫ ਰਿਹਾਂ...।" ਫਿਰ ਅਗਿਓਂ ਮੰਮੀ ਦੇ ਰੋਣ ਦੀ ਆਵਾਜ਼ ਦੇ ਨਾਲ ਹੀ ਮੈਂ ਫ਼ੋਨ ਕੱਟ ਦਿੱਤਾ।

ਗੁੱਸੇ ਅਤੇ ਬੇਵਸੀ ਨਾਲ ਮੈਂ ਆਪਣਾ ਸਮੁਚਾ ਅੰਦਰ ਬਾਹਰ ਉਲਟਾ ਸੁੱਟਿਆ ਸੀ। ਮੇਰੀ ਤਾਂ ਜਿਵੇਂ ਮੱਤ ਹੀ ਮਾਰੀ ਗਈ। ਅੱਥਰੂਆਂ ਭਰੀਆਂ ਅੱਖਾਂ ਅੱਗੇ ਹਨੇਰਾ ਆ ਰਿਹਾ ਸੀ। ਸਖ਼ਤ ਸਦਮੇ ਤੇ ਅਵਿਸ਼ਵਾਸ ਨਾਲ ਲੱਗਦਾ ਸੀ, ਮੇਰਾ ਦਿਲ ਫ਼ੇਲ੍ਹ ਹੋ ਜਾਵੇਗਾ। ਪਿੱਛੇ ਜਾਣ ਦਾ ਆਖਰੀ ਰਸਤਾ ਵੀ ਬੰਦ ਹੋ ਗਿਆ ਸੀ। ਮਹਿਸੂਸ ਹੋ ਰਿਹਾ ਸੀ, ਜਿਵੇਂ ਅੰਦਰੋਂ ਜਾਨ ਜਿਹੀ ਵਰਗੀ ਕੋਈ ਚੀਜ਼ ਬੜੇ ਦਰਦੀਲੇ ਤਰੀਕੇ ਨਾਲ ਹੌਲੀ ਹੌਲੀ ਕਰ ਕੇ, ਥੋੜ੍ਹੀ ਥੋੜ੍ਹੀ ਕਰ ਕੇ ਬਾਹਰ ਨਿਕਲਦੀ ਗਈ ਸੀ। ਲੱਗਦਾ ਸੀ, ਦਿਲ ਵਾਲੀ ਥਾਂ 'ਚ ਵਰਮੇ ਵਰਗੀ ਤਿੱਖੀ ਚੀਜ਼ ਧਸਦੀ ਜਾ ਰਹੀ ਹੈ। ਸ਼ਾਹ-ਰਗ 'ਚ ਪੀੜਾਂ ਦੀ ਗਰਦਿਸ਼ ਬਹੁਤ ਤਿੱਖੀ ਹੋ ਗਈ ਸੀ। ਪੇਟ ਦੀਆਂ ਸਾਰੀਆਂ ਆਂਦਰਾਂ ਵਟੇ ਖਾਂਦੀਆਂ ਕੱਸਦੀਆਂ ਗਈਆਂ ਸਨ। ਨੇਤਰਾਂ 'ਚੋਂ ਅੱਥਰੂ ਉਬਲ ਉਬਲ ਕੇ ਸਦਮੇ ਤੇ ਭੈਅ ਨਾਲ ਚਿਹਰੇ ਨੂੰ ਸਾੜੀ ਜਾਂਦੇ ਸੀ। ਚੀਕਦੀਆਂ ਸੋਚਾਂ ਨਾਲ ਦਿਮਾਗ ਦੀਆਂ ਨਸਾਂ ਪਾਟਣ ਤਕ ਆ ਗਈਆਂ। ਲਹੂ-ਲੁਹਾਣ ਹੋਇਆ ਦਿਲ ਕਹਿੰਦਾ ਸੀ, ਕਿਸੇ ਬੇਹਰਿਮ ਜਿਹੇ ਕਿਸਮਤਾਂ ਦੇ ਮਾਲਕ ਦੇ ਸਿਰ ਉਲਾਂਭਿਆਂ-ਤਾਹਨਿਆਂ, ਰੋਹ ਭਰੀਆਂ ਬਦ-ਦੁਆਵਾਂ ਦਾ ਭਰਿਆ ਬੁੱਕ ਉਛਾਲਾਂ ਤੇ ਫਿਰ ਉਸੇ ਪਲ ਚੀਕਦਾ-ਕੁਰਲਾਉਂਦਾ ਜ਼ਮੀਨ 'ਤੇ ਡਿੱਗ ਕੇ ਮਰ ਜਾਵਾਂ।

ਕੌੜਾ ਸੱਚ ਇਹ ਸੀ ਕਿ ਰਿਸ਼ਤੇਦਾਰ-ਦੋਸਤ ਵਿਦੇਸ਼ ਜਾਣ ਲਈ ਤਾਂ ਰੁਪਏ ਉਧਾਰ ਦੇ ਦਿੰਦੇ ਨੇ, ਪਰ ਇੰਡੀਆ ਵਿਚ ਕੰਮ ਕਰਨ ਲਈ ਨਹੀਂ; ਕਿਉਂਕਿ ਇੰਨੀ ਆਸ ਨਹੀਂ ਹੁੰਦੀ ਕਿ ਇੰਡੀਆ ਵਿਚ ਇੰਨੀ ਕਮਾਈ ਹੋਵੇਗੀ, ਜਿਸ ਨਾਲ ਪੈਸਾ ਵਾਪਸ ਆ ਸਕੇਗਾ (ਹਾਲਾਂਕਿ ਇਹ ਵੀ ਸੱਚ ਹੈ, ਅੱਜ ਕੱਲ੍ਹ ਸਿਰਫ਼ ਕੁਝ ਨੇਕ ਬੰਦੇ ਹੀ ਬਾਹਰ ਜਾਣ ਦੇ ਨਾਂ 'ਤੇ ਵੀ ਕਿਸੇ ਦੀ ਮਾਲੀ ਮਦਦ ਕਰਦੇ ਸਨ)। ਮੇਰੀ ਵਾਪਸੀ ਲਈ ਤਾਂ ਕਿਤਿਓਂ ਧੇਲਾ ਵੀ ਨਹੀਂ ਸੀ ਮਿਲਣਾ। ਫਿਰ ਇੰਨਾ ਹੀ ਕਾਫੀ ਤੋਂ ਜ਼ਿਆਦਾ ਸੀ, ਅੱਗੇ ਜਾਣ ਲਈ ਵੀ ਫੌਰੀ ਮਦਦ; ਯਾਨੀ ਡੇਢ-ਪੌਣੇ ਦੋ ਲੱਖ ਰੁਪਏ ਹਾਸਲ ਹੋ ਗਏ ਸਨ। ਇਹ ਕੁੱਲ ਅੱਠ ਲੱਖ ਰੁਪਏ ਵੀ ਸਿਰਫ਼ ਨੇਕ ਰਿਸ਼ਤੇਦਾਰਾਂ ਵੱਲੋਂ ਮੇਰੇ ਭਲੇ ਮਾਂ-ਬਾਪ ਦੇ ਮੂੰਹ ਨੂੰ ਉਧਾਰ ਦੇਣਾ ਵੱਡੀ ਗੱਲ ਸੀ।

ਦੋ-ਢਾਈ ਘੰਟਿਆਂ ਦੇ ਖ਼ਾਲੀਪਨ ਨਾਲ ਭਰੇ ਵਕਤ ਨੂੰ ਹਰ ਸੰਭਵ ਵਿਦਰੋਹੀ ਮਾਤਮ ਨਾਲ ਭਰਦਿਆਂ ਤੇ ਆਤਮ-ਵਿਸ਼ਲੇਸ਼ਣ ਕਰਦਿਆਂ, ਮਨ ਅਤੇ ਦਿਲ ਦੇ ਗੁਬਾਰ ਕਾਫੀ ਹੱਦ ਤਕ ਨਿਕਲ ਗਏ ਸਨ। ਘਰੋਂ ਤੇ ਮਾਮੇ-ਮਾਸੀ ਦੇ ਹੌਸਲੇ-ਦਿਲਾਸੇ ਦਿੰਦੇ ਫ਼ੋਨ ਆਉਂਦੇ ਰਹੇ। ਹੁਣ ਹੋਰ ਕੋਈ ਸੰਭਾਵਨਾ ਜਾਂ ਬਦਲ ਵੀ ਨਹੀਂ ਸੀ। ਹੌਲੀ ਹੌਲੀ ਮੇਰਾ ਰੋਹ, ਗੁੱਸਾ ਸ਼ਾਂਤ ਹੁੰਦਾ ਗਿਆ, ਚੜ੍ਹਿਆ ਪਾਰਾ ਉਤਰਦਾ ਗਿਆ, ਹੰਝੂ ਸੁੱਕਦੇ ਗਏ, ਦਿਲ ਟਿਕਾਣੇ ਆਉਂਦਾ ਗਿਆ। ਨਵੀਆਂ ਸੋਚਾਂ ਨੇ ਦਿਮਾਗ ਦੀ ਜ਼ਮੀਨ 'ਚੋਂ ਜੜ੍ਹਾਂ ਫੜਨੀਆਂ ਸ਼ੁਰੂ ਕਰ ਦਿੱਤੀਆਂ। ਹਾਲਾਤ ਵਲੋਂ ਬਦਲੀ, ਹਾਲੀਆ ਉਚੇਚੀ ਕਰਵਟ ਦੇ ਮੱਦੇਨਜ਼ਰ ਆਖ਼ਰ ਨਾ ਚਾਹੁੰਦਿਆਂ ਵੀ ਮੈਨੂੰ ਆਪਣੇ ਖ਼ਾਬ, ਖਿਆਲ, ਤਮੰਨਾ... ਸਭ ਕੁਝ ਖੜ੍ਹੇ ਪੈਰ ਮੁਲਤਵੀ ਕਰਨਾ ਪਿਆ।

ਸ਼ਾਮੀਂ ਖ਼ਾਨ ਨੂੰ ਫੋਨ ਕੀਤਾ ਤਾਂ ਉਸ ਨੇ ਗਿਲੇ-ਸ਼ਿਕਵਿਆਂ ਤੋਂ ਬਾਅਦ, ਕਾਫੀ ਇੰਤਜ਼ਾਰ ਕਰਵਾ ਕੇ ਵਿੱਕੀ ਚਾਚੇ ਨੂੰ ਮੈਨੂੰ ਲਿਜਾਣ ਲਈ ਭੇਜਿਆ। ਮੈਂ ਨਿਰਾਸਿਆ, ਉਦਾਸ ਜਿਹਾ ਵਾਪਸ ਮੋਹਸਿਨ ਦੇ ਘਰ, ਮੁੰਡਿਆਂ ਦੀ ਭੀੜ ਵਿਚ ਪਥਰਾਇਆ ਜਿਹਾ ਹੋ ਕੇ ਜਾ ਬੈਠਾ। ਹੁਣ ਸਿਰਫ਼ ਤੇ ਸਿਰਫ਼ ਅੱਗੇ ਜਾਣਾ ਸੀ। ਹੋਰ ਕੋਈ ਗੁੰਜਾਇਸ਼ ਨਹੀਂ ਸੀ ਰਹੀ, ਹੋਰ ਕੋਈ ਰਸਤਾ ਨਹੀਂ ਸੀ ਰਿਹਾ; ਪਰ ਹੁਣ ਨਵੇਂ ਸਿਰਿਓਂ ਕੀਤੀ ਪੇਮੰਟ ਦਾ ਹੌਸਲਾ ਸੀ। ਨਵਾਂ ਏਜੰਟ ਵੀ ਰਸੂਖ਼ ਵਾਲਾ ਸੀ, ਭਾਵ ਜੋ ਕੁਝ ਵੀ ਹੋਵੇਗਾ, ਜਲਦੀ ਹੋਵੇਗਾ। ਬੇਸ਼ਕ! ਮੇਰਾ ਨੰਬਰ ਪਹਿਲਿਆਂ ਵਿਚ ਹੀ ਲੱਗੇਗਾ।

ਰੱਖੜੀ ਵਾਲੇ ਦਿਨ ਸਭ ਨੇ ਰੌਲਾ ਪੁਆ ਕੇ ਫੋਨ ਖੁੱਲ੍ਹਵਾਏ, ਘਰਾਂ ਵਾਲਿਆਂ ਨਾਲ ਦੁਖੜੇ ਸਾਂਝੇ ਕੀਤੇ। ਸਭ ਦੀ ਇਕੋ ਰਟ ਸੀ, "ਅੱਗੇ ਭੇਜਣ ਲਈ ਏਜੰਟਾਂ 'ਤੇ ਦਬਾਅ ਪਾਓ, ਖ਼ਾਨ ਨੂੰ ਪੇਮੰਟ ਪਹੁੰਚਾਓ।" ਸਭ ਦੇ ਘਰਾਂ ਵਾਲਿਆਂ ਦੀ ਬੌਖਲਾਈ ਹੋਈ ਦੌੜ ਲੱਗੀ ਹੋਈ ਸੀ ਕਿ ਕਿਸੇ ਵੀ ਹੀਲੇ-ਵਸੀਲੇ ਉਨ੍ਹਾਂ ਦੇ ਪੁੱਤਰ ਸਪੇਨ ਦੀ ਜੂਹ ਵਿਚ ਪਹੁੰਚ ਜਾਣ; ਪਰ ਹਰ ਪਾਸੇ ਇੰਤਜ਼ਾਰ ਸੀ!

ਏਜੰਟ ਦਾ ਵਿਸ਼ਾਲ ਮਕੜ ਜਾਲ, ਕੜੀ-ਦਰ-ਕੜੀ ਬਣਿਆ ਉਹ ਜਾਲ ਹੈ ਜੋ ਦੁਨੀਆਂ ਦੇ ਹਰ ਗਰੀਬ ਅਮੀਰ ਮੁਲਕ ਦਰਮਿਆਨ ਫੈਲਿਆ ਹੋਇਆ ਹੈ। ਸਮਰੱਥ ਦੇਸ਼ਾਂ ਦੀਆਂ ਕੁਝ ਨਰਮ-ਉਦਾਰ ਨੀਤੀਆਂ ਅਤੇ ਸਾਧਾਰਨ ਦੇਸ਼ਾਂ ਦੇ ਸਾਧਾਰਨ ਲੋਕਾਂ ਦੀਆਂ ਅਸਾਧਾਰਨ ਇੱਛਾਵਾਂ ਨੂੰ ਕੈਸ਼ ਕਰਨ ਦੇ ਸਿੱਟੇ ਵਜੋਂ ਇਹ ਧੰਦਾ ਆਮ ਹੈ। ਵੱਡੇ ਦੇਸ਼ਾਂ ਦੀਆਂ ਕੁਝ ਜ਼ਰੂਰਤਾਂ-ਕਮੀਆਂ ਜਿਵੇ ਆਬਾਦੀ ਦੀ ਕਮੀ, ਮਿਹਨਤੀ ਆਦਮੀਆਂ ਦੀ ਜ਼ਰੂਰਤ ਅਤੇ ਗ਼ਰੀਬ-ਅਸੰਤੁਸ਼ਟ ਮੁਲਕਵਾਸੀਆਂ ਦੇ ਦੌਲਤ ਕਮਾਉਣ, ਚੰਗੇ ਮੁਲਕਾਂ ਵਿਚ ਬਿਹਤਰ ਜੀਵਨ ਦੀ ਲਾਲਸਾ ਇਸ ਬਿਜ਼ਨੈਸ ਨੂੰ ਵਜੂਦ ਵਿੱਚ ਲੈ ਆਈਆਂ।

ਕਨੂੰਨੀ ਤੌਰ 'ਤੇ ਤਾਂ ਦੁਨੀਆਂ ਇਧਰ-ਉਧਰ ਆਉਂਦੀ-ਜਾਂਦੀ ਹੀ ਹੈ, ਪਰ ਜ਼ਿਆਦਾ ਉਛਲਦੀਆਂ ਸੋਚਾਂ ਅਤੇ ਥੱਬਿਆਂ ਦੇ ਥੱਬੇ ਨੋਟ ਚਾਹੁਣ ਵਾਲਿਆਂ ਨੇ ਨਵੇਂ, ਉਲਟੇ-ਸਿੱਧੇ ਰਸਤੇ ਖ਼ੋਜ ਕੱਢ ਮਾਰੇ। ਕਮਿਸ਼ਨਾਂ ਦੇ ਲਾਲਚੀ, ਏਜੰਟਾਂ ਦੇ ਸਾਥ ਨਿਭਾਉਣ ਵਾਲੇ ਸਾਡੇ ਗੁਆਂਢੀ, ਰਿਸ਼ਤੇਦਾਰਾਂ ਤੋਂ ਲੈ ਕੇ ਅੰਬੈਸੀਆਂ, ਏਅਰਪੋਰਟਾਂ ਤਕ ਪੂਰੀ ਮੁਸਤੈਦੀ ਨਾਲ ਸਰਗਰਮ ਰਹਿੰਦੇ ਹਨ। ਏਜੰਟ ਜਾਂ ਉਨ੍ਹਾਂ ਦੇ ਹਮਾਇਤੀ ਸਮੁੱਚੀ ਤਿਆਰੀ ਤੇ ਪ੍ਰਬੰਧਾਂ ਸਮੇਤ ਅਮੀਰ ਮੁਲਕਾਂ ਦੇ ਨੇੜਲੇ ਇਲਾਕਿਆਂ 'ਚ ਖਿੱਲਰ ਜਾਂਦੇ ਨੇ। ਫਿਰ ਨੌਜਵਾਨ ਕੜੀ-ਦਰ-ਕੜੀ, ਏਜੰਟ-ਦਰ-ਏਜੰਟ, ਡੌਂਕਰ-ਦਰ-ਡੌਂਕਰ, ਹੱਥੋ-ਹੱਥ ਵਿਕਦੇ, ਧੱਕੇ ਖਾਂਦੇ, ਰੁਲਦੇ-ਖਪਦੇ ਆਪਣੀਆਂ ਮੰਜ਼ਲਾਂ ਤਕ ਪਹੁੰਚਦੇ ਹਨ। ਕੁਝ ਕਿਤੇ ਵੀ ਨਹੀ ਪਹੁੰਚਦੇ, ਕੁਝ ਐਸੇ ਵੀ ਹੁੰਦੇ ਨੇ ਜੋ ਮਹੀਨਿਆਂ ਬੱਧੀ ਧੱਕੇ ਖਾਂਦੇ, ਰੁਲਦੇ ਆਖਰ ਵਾਪਸ ਪਰਤ ਜਾਂਦੇ ਨੇ ਜਾਂ ਡੀਪੋਰਟ ਹੋ ਜਾਂਦੇ ਨੇ।

ਚੰਗੇ ਮੁਲਕਾਂ 'ਚ ਜਾਣ ਲਈ ਤਕਰੀਬਨ ਹਰ ਆਦਮੀ ਇੱਛੁਕ ਹੁੰਦਾ ਹੈ। ਉਨ੍ਹਾਂ ਲਈ ਮੋੜ ਮੋੜ 'ਤੇ ਆਫ਼ਿਸ ਮੂੰਹ ਅੱਡੀ ਖੜ੍ਹੇ ਨੇ, ਘਰ ਘਰ ਏਜੰਟ ਤੇ ਜਿਉਂਦੇ-ਜਾਗਦੇ ਇਸ਼ਤਿਹਾਰੀ ਦਲਾਲ ਬੈਠੇ ਨੇ। ਕੋਈ ਸਾਧਾਰਨ ਆਦਮੀ ਮੇਰੇ ਜਿਹੇ ਬੰਦਿਆਂ ਦੀ ਗੱਲ ਉਪਰਲੇ ਏਜੰਟ ਨਾਲ ਕਰਵਾ ਕੇ ਬਿਨਾ ਸਿਰਦਰਦੀ ਦੇ ਮੋਟੀ ਰਕਮ ਕਮਾ ਲੈਂਦਾ ਏ। ਉਨ੍ਹਾਂ ਉਪਰ ਦਿੱਲੀ ਵਾਲੇ ਵੱਡੇ ਏਜੰਟ, ਫਿਰ ਮੁਕੰਮਲ 'ਗੇਮ' ਕੰਟਰੋਲ ਕਰਨ ਵਾਲੇ ਏਜੰਟ, ਉਨ੍ਹਾਂ ਤੋਂ ਅੱਗੇ ਖ਼ਾਨ ਵਰਗੇ ਏਜੰਟ ਅਤੇ 'ਗੇਮ' ਦੀਆਂ ਆਖ਼ਰੀ ਅਹਿਮਤਰੀਨ ਕੜੀਆਂ ਡੌਂਕਰ।

ਮੇਰੇ ਮੁੱਢਲੇ ਏਜੰਟ ਮੇਜਰ ਨੇ ਆਪਣਾ ਹਿੱਸਾ ਰੱਖ ਕੇ, ਸਾਡੇ ਵਿਚਲੇ ਖਾਮੋਸ਼ ਦਲਾਲ, ਸਾਡੇ ਰਿਸ਼ਤੇਦਾਰ ਦੀ ਦਲਾਲੀ ਦੇ ਕੇ ਬਾਕੀ ਰਕਮ ਸਤਨਾਮ-ਮਨਜੀਤ (ਗੇਮ ਦੇ ਸੰਚਾਲਕ) ਨੂੰ ਪਹੁੰਚਾ ਦਿੱਤੀ। ਉਨ੍ਹਾਂ ਮਿੱਥੀ ਰਕਮ ਮੋਰੱਕੋ ਤਕ ਲੈ ਜਾਣ ਵਾਲੇ ਡੌਂਕਰਾਂ ਅਤੇ ਆਖ਼ਰੀ ਮੋਟੀ ਕਿਸ਼ਤ ਖ਼ਾਨ ਵਰਗਿਆਂ ਨੂੰ ਦੇਣੀ ਹੁੰਦੀ ਹੈ। ਫਿਰ ਅੱਗਿਓਂ ਸਮੁੱਚੀ ਜ਼ਿੰਮੇਦਾਰੀ ਖ਼ਾਨ ਵਰਗੇ ਏਜੰਟਾਂ ਦੀ ਹੁੰਦੀ ਹੈ। ਡੌਂਕਰ ਇਸ ਹਿਸਾਬ ਨਾਲ ਚੱਲਦੇ ਹਨ ਕਿ ਪੈਸੇ ਜ਼ਿਆਦਾ ਬਚਣ। ਪਾਣੀ ਦੀ ਡੌਂਕੀ ਵਿਚ ਇੱਕੋ ਵਾਰ ਜ਼ਿਆਦਾ ਤੋਂ ਜ਼ਿਆਦਾ ਬੰਦੇ ਭੇਜ ਕੇ ਇਕ-ਮੁਸ਼ਤ ਬਹੁਤ ਜ਼ਿਆਦਾ ਦਰ੍ਹਾਮ ਕਮਾਉਣ ਦੀ ਆਸ ਸਾਰੇ ਰੱਖਦੇ ਨੇ, ਭਾਵੇਂ ਅਣਗਹਿਲੀ ਨਾਲ ਸਾਰੇ ਡੁੱਬ ਮਰਨ।

ਖ਼ਾਨ ਅਨੁਸਾਰ, "ਮੈਨੇ ਜਿਤਨੀ ਦੌਲਤ ਮੋਰੱਕੋ ਮੇਂ ਦੋ ਸਾਲ ਮੇਂ ਬਨਾਈ ਹੈ, ਔਰ ਕਹੀਂ ਦੋ ਜਨਮ ਮੇਂ ਭੀ ਨਹੀਂ ਕਮਾ ਸਕਤਾ ਥਾ। ਬਿਨਾਂ ਹਾਥ-ਪੈਰ ਚਲਾਏ ਕਰੋੜੋਂ ਰੁਪਏ ਕਮਾ ਲੀਏ, ਵੋ ਭੀ ਫੋਨ ਕੇ ਜ਼ਰੀਏ।" ਫਿਰ ਕੌਣ ਨਹੀਂ ਚਾਹੇਗਾ, ਐਸਾ ਏਜੰਟ ਬਣਨਾ, ਇੰਨਾ ਪੈਸਾ ਕਮਾਉਣਾ? ਪਰ ਜਿੰਨੀਆਂ ਬਦਦੁਆਵਾਂ ਇਨ੍ਹਾਂ ਦੇ ਪੱਲੇ ਪੈਂਦੀਆਂ ਨੇ, ਹੋਰ ਕੋਈ ਸ਼ਾਇਦ ਸਾਰੀ ਜ਼ਿੰਦਗੀ ਨਹੀਂ ਕਮਾ ਸਕਦਾ!

ਸਾਡੇ ਗਰੁਪ ਦੇ ਹੀ 10-12 ਜਣੇ ਧੋਖ਼ੇਬਾਜ਼ ਏਜੰਟ ਦੇ ਝੂਠ 'ਤੇ ਸਵਾਰ ਹੋ ਕੇ ਅਫ਼ਰੀਕਾ ਦੀ ਤਪਦੀ ਰੇਤ 'ਚ ਆ ਡਿੱਗੇ ਸਨ; ਅਖੇ, "ਸੌ ਫ਼ੀਸਦੀ ਇਕ ਨੰਬਰ ਦੀ ਗੇਮ ਹੈ, ਲੀਗਲ ਵੀਜ਼ੇ 'ਤੇ ਸਿੱਧਾ ਯੂਰਪ।" 9-9 ਲੱਖ ਰੁਪਏ ਉਗਰਾਹ ਕੇ ਮਾਲੀ ਵਾਲੇ ਜਹਾਜ਼ 'ਤੇ ਚੜ੍ਹਾ ਦਿੱਤੇ ਗਏ। ਵਿਚਾਰੇ 7-8 ਮਹੀਨੇ ਅਤੇ ਕੁਝ ਤਾਂ ਸਾਲ ਬਾਅਦ ਸਪੇਨ ਦੇ ਕੈਂਪਾਂ 'ਚ ਪਹੁੰਚੇ। ਇਨ੍ਹਾਂ ਵਿਚੋਂ ਦੋ ਜਣੇ ਮਲੀਲੀਆ ਕੈਂਪ ਵਿਚੋਂ ਡੀਪੋਰਟ ਕਰ ਦਿੱਤੇ ਗਏ ਸੀ। ਫਿਰ ਸਾਡੇ ਗਰੁੱਪ ਵਾਲਾ ਮ੍ਰਿਤਕ ਸੋਨੂੰ ਵੀ ਉਸੇ ਏਜੰਟ ਦਾ ਗਾਹਕ ਸੀ। ਕੁਝ ਅਜਿਹੇ ਵੀ ਸੀ ਜੋ ਉਨ੍ਹਾਂ 80-85 ਕੈਦੀਆਂ ਵਿਚੋਂ ਸਨ ਜਿਹੜੇ 5-6 ਸਾਲ ਸੂਲੀ ਟੰਗੇ ਰਹੇ ਅਤੇ ਜੇਲ੍ਹਾਂ ਵਿਚੋਂ ਉਦੋਂ ਹੀ ਨਿਕਲ ਸਕੇ ਜਦੋਂ ਉਨ੍ਹਾਂ ਲਈ ਜੀਵਨ ਦੇ ਸਭ ਅਰਥ ਖ਼ਤਮ ਹੋ ਗਏ ਸਨ!


ਪਾਣੀ ਦੀਆਂ ਡੌਂਕੀਆਂ 'ਚ ਬਦ-ਇੰਤਜ਼ਾਮੀ ਤੇ ਅਣਗਹਿਲੀ ਦੀ ਵਜਹ ਨਾਲ ਖੌਰੇ ਕਿੰਨੇ ਮਰਦੇ ਹੋਣਗੇ, ਕਿੰਨੇ ਕੁ ਹੋਰ ਮਰਨਗੇ, ਕੋਈ ਗਿਣਤੀ ਨਹੀਂ। ਬਿਗਾਨੇ ਮੁਲਕਾਂ ਦੇ ਬਿਗਾਨੇ ਡੌਂਕਰਾਂ ਹੱਥ ਪਹੁੰਚ ਕੇ ਤਾਂ ਸਭ ਸੁਣਵਾਈਆਂ ਖ਼ਤਮ ਹੋ ਜਾਂਦੀਆਂ ਨੇ। ਇਸੇ ਤਰ੍ਹਾਂ ਡੌਂਕੀ ਵਾਲਾ ਪੁਰਾਣਾ ਅਤੇ ਤਕਰੀਬਨ ਸਦਾ ਚਲਦੇ ਰਹਿਣ ਵਾਲਾ ਰਸਤਾ, ਰੂਸ ਵਲੋਂ ਬਰਫ਼ੀਲੇ ਪਹਾੜਾਂ-ਜੰਗਲਾਂ 'ਚੋਂ ਗੁਜ਼ਰਦਾ ਯੂਰਪੀ ਹੱਦਾਂ ਤਕ ਪਹੁੰਚਦਾ ਹੈ। ਮਾਸਕੋ ਦੇ ਹਵਾਈ ਸਫਰ ਤੋਂ ਬਾਅਦ ਬਰਫ਼ੀਲੇ ਰਸਤਿਆਂ ਅਤੇ ਪਹਾੜਾਂ-ਜੰਗਲਾਂ ਨੂੰ ਪਾਰ ਕਰਦੇ ਖੌਰੇ ਕਿੰਨੇ ਕੁ ਪਾਰ ਲੱਗਦੇ ਨੇ, ਕਿੰਨੇ ਕੁ ਅੱਧਵਾਟੇ ਹੀ ਮਰ-ਖਪ ਜਾਂਦੇ ਨੇ! ਅਤਿ ਸਰਦੀ, ਬਿਮਾਰੀਆਂ ਨਾਲ ਮਰਨਾ, ਕੱਚੀ ਬਰਫ਼ ਤੋਂ ਫਿਸਲ ਕੇ ਮਰਨਾ, ਅੰਗ-ਪੈਰ ਤੁੜਵਾ ਲੈਣੇ, ਭੁੱਖਮਰੀ, ਕੁੱਟਮਾਰ, ਜੂੰਆਂ, ਪਿੱਸੂ, ਖਾਜ, ਇਹ ਸਭ ਇਸ ਰਸਤੇ ਦੀਆਂ ਸਾਧਾਰਨ ਗੱਲਾਂ ਹਨ।

ਕਈ ਏਜੰਟ ਤੁਰਕੀ ਤੋਂ ਯੂਰਪ ਦੀ ਡੌਂਕੀ ਲਵਾਉਂਦੇ ਨੇ, ਪਰ ਤੁਰਕੀ ਬਾਰਡਰ 'ਤੇ ਸਿੱਧਾ ਗੋਲੀ ਦਾ ਆਦੇਸ਼ ਹੈ। ਜੇ ਜਾਨਲੇਵਾ ਹੁਕਮਾਂ ਵਿਚ ਕੋਈ ਨਰਮੀ ਹੋਵੇ ਵੀ ਤਾਂ ਭਾਰਤੀਆਂ ਲਈ ਮੁਸ਼ਕਿਲ ਇਹ ਹੈ ਕਿ ਸਭ ਫੜੇ ਬੰਦੇ ਪਾਕਿਸਤਾਨ ਸੁੱਟ ਦਿੱਤੇ ਜਾਂਦੇ। ਇਸੇ ਤਰ੍ਹਾਂ ਮੈਕਸੀਕੋ ਤੋਂ ਅਮਰੀਕਾ ਅਤੇ ਪੂਰਬੀ-ਏਸ਼ੀਅਨ ਮੁਲਕਾਂ ਦੇ ਮੁਹਾਣਿਆਂ ਤੋਂ ਆਸਟਰੇਲੀਆ ਲਈ ਜਾਨਲੇਵਾ ਸਮੁੰਦਰੀ ਡੌਂਕੀਆਂ ਲੱਗਦੀਆਂ ਹਨ।

ਮੋਰੱਕੋ ਵਿਚ ਛੋਟੇ-ਮੋਟੇ ਡੌਂਕਰ ਤਾਂ ਕੀੜੀਆਂ ਵਾਂਗ ਭੱਜੇ ਫਿਰਦੇ ਨੇ, ਪਰ ਉਮਰ ਖ਼ਾਨ ਵਰਗੇ ਵੱਡੇ ਮਗਰਮੱਛ ਉਂਗਲਾਂ 'ਤੇ ਗਿਣਨ ਜੋਗੇ ਹਨ। ਲੱਕੀ (ਨਕੋਦਰ) ਅਤੇ ਅਲੀ ਪਹਿਲਾਂ ਇਕੱਠੇ ਸਨ, ਫਿਰ ਵੱਖ ਹੋ ਗਏ। ਉਹ ਸੁਰੱਖਿਅਤ ਤੇ ਜਲਦ ਡੌਂਕੀ ਲਵਾਉਣ ਲਈ ਮਸ਼ਹੂਰ ਸਨ। ਉਹ ਪੈਸੇ ਜ਼ਰੂਰ ਜ਼ਿਆਦਾ ਲੈਂਦੇ ਸਨ, ਪਰ ਉਨ੍ਹਾਂ ਦਾ ਰਿਕਾਰਡ ਤਸੱਲੀਬਖਸ਼ ਸੁਣਿਆ ਸੀ। ਸਾਡੇ ਨਾਲ ਦੇ ਕੁਝ ਮੁੰਡੇ ਫੋਨ 'ਤੇ ਚੁਪ-ਚਾਪ ਉਨ੍ਹਾਂ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ 'ਚ ਲੱਗੇ ਹੋਏ ਸਨ। ਸ਼ਮਸ ਨਾਂ ਦਾ ਏਜੰਟ ਸਿਰਫ਼ ਪਾਣੀ ਦੀ ਡੌਂਕੀ ਲਵਾਉਂਦਾ ਸੀ- ਪੂਰੇ ਦਾ ਪੂਰਾ ਗਰੁਪ ਇਕੋ ਵਾਰੀ ਕਨਾਰੀਆ ਜਜ਼ੀਰੇ 'ਤੇ ਲਿਜਾ ਸੁੱਟਦਾ ਸੀ, ਪਰ 37 ਮੁੰਡਿਆਂ ਵਾਲੀ ਕਿਸ਼ਤੀ ਡੁੱਬਣ ਤੋਂ ਬਾਅਦ ਇਸ ਡੌਂਕੀ ਨੂੰ ਵਕਤੀ ਤੌਰ 'ਤੇ ਰੋਕ ਲਿਆ ਗਿਆ ਸੀ।

(ਚਲਦਾ)

***ਚੰਗੇ ਮੁਲਕਾਂ 'ਚ ਜਾਣ ਲਈ ਤਕਰੀਬਨ ਹਰ ਆਦਮੀ ਇੱਛੁਕ ਹੁੰਦਾ ਹੈ। ਉਨ੍ਹਾਂ ਲਈ ਮੋੜ ਮੋੜ 'ਤੇ ਆਫ਼ਿਸ ਮੂੰਹ ਅੱਡੀ ਖੜ੍ਹੇ ਨੇ, ਘਰ ਘਰ ਏਜੰਟ ਤੇ ਜਿਉਂਦੇ-ਜਾਗਦੇ ਇਸ਼ਤਿਹਾਰੀ ਦਲਾਲ ਬੈਠੇ ਨੇ। ਕੋਈ ਸਾਧਾਰਨ ਆਦਮੀ ਮੇਰੇ ਜਿਹੇ ਬੰਦਿਆਂ ਦੀ ਗੱਲ ਉਪਰਲੇ ਏਜੰਟ ਨਾਲ ਕਰਵਾ ਕੇ ਬਿਨਾ ਸਿਰਦਰਦੀ ਦੇ ਮੋਟੀ ਰਕਮ ਕਮਾ ਲੈਂਦਾ ਏ। ਉਨ੍ਹਾਂ ਉਪਰ ਦਿੱਲੀ ਵਾਲੇ ਵੱਡੇ ਏਜੰਟ, ਫਿਰ ਮੁਕੰਮਲ 'ਗੇਮ' ਕੰਟਰੋਲ ਕਰਨ ਵਾਲੇ ਏਜੰਟ, ਉਨ੍ਹਾਂ ਤੋਂ ਅੱਗੇ ਖ਼ਾਨ ਵਰਗੇ ਏਜੰਟ ਅਤੇ 'ਗੇਮ' ਦੀਆਂ ਆਖ਼ਰੀ ਅਹਿਮਤਰੀਨ ਕੜੀਆਂ ਡੌਂਕਰ।... ਮੇਰੇ ਮੁੱਢਲੇ ਏਜੰਟ ਮੇਜਰ ਨੇ ਆਪਣਾ ਹਿੱਸਾ ਰੱਖ ਕੇ, ਸਾਡੇ ਵਿਚਲੇ ਖਾਮੋਸ਼ ਦਲਾਲ, ਸਾਡੇ ਰਿਸ਼ਤੇਦਾਰ ਦੀ ਦਲਾਲੀ ਦੇ ਕੇ ਬਾਕੀ ਰਕਮ ਸਤਨਾਮ-ਮਨਜੀਤ (ਗੇਮ ਦੇ ਸੰਚਾਲਕ) ਨੂੰ ਪਹੁੰਚਾ ਦਿੱਤੀ। ਉਨ੍ਹਾਂ ਮਿੱਥੀ ਰਕਮ ਮੋਰੱਕੋ ਤਕ ਲੈ ਜਾਣ ਵਾਲੇ ਡੌਂਕਰਾਂ ਅਤੇ ਆਖ਼ਰੀ ਮੋਟੀ ਕਿਸ਼ਤ ਖ਼ਾਨ ਵਰਗਿਆਂ ਨੂੰ ਦੇਣੀ ਹੁੰਦੀ ਹੈ। ਡੌਂਕਰ ਇਸ ਹਿਸਾਬ ਨਾਲ ਚੱਲਦੇ ਹਨ ਕਿ ਪੈਸੇ ਜ਼ਿਆਦਾ ਬਚਣ।***



ਪਰਦੇਸ ਜਾਣ ਦੀ ਮ੍ਰਿਗ ਤ੍ਰਿਸ਼ਨਾ ਬਿਆਨ ਕਰਦਾ ਚਿੱਤਰ।

# ਸੁੰਦਰਤਾ ਮੁਕਾਬਲਿਆਂ ਦੇ ਘੁੰਡ ਉਹਲੇ...

## ਸੰਸਾਰ ਭਰ ਵਿਚ ਹੋ ਰਹੀ ਹੈ ਨਵੀਆਂ ਮੰਡੀਆਂ ਦੀ ਭਾਲ!

***ਐਤਕੀਂ ਮਿਸ ਵਰਲਡ ਦਾ ਤਾਜ ਇਕ ਵਾਰ ਫਿਰ ਭਾਰਤੀ ਮੁਟਿਆਰ ( ਮਾਨੁਸ਼ੀ ਛਿੱਲਰ) ਦੇ ਸਿਰ ਸਜਿਆ ਹੈ। ਇਨ੍ਹਾਂ ਸੁੰਦਰਤਾ ਮੁਕਾਬਲਿਆਂ ਪਿਛੇ ਕੰਮ ਕਰਦੀ ਕੌਮਾਂਤਰੀ ਸਿਆਸਤ ਉਤੇ ਝਾਤ ਪੁਆ ਰਿਹਾ ਹੈ ਨਰਿੰਦਰ ਪਾਲ ਸਿੰਘ ਜਗਦਿਓ ਦਾ ਇਹ ਲੇਖ। ਇਸ ਲੇਖ ਵਿਚ ਉਨ੍ਹਾਂ ਕਾਰਨਾਂ ਦਾ ਪਿਛੋਕੜ ਫਰੋਲਿਆ ਗਿਆ ਹੈ ਜਿਸ ਕਰ ਕੇ ਵਾਰ ਵਾਰ ਕੁਝ ਮੁਲਕਾਂ ਦੀਆਂ ਮੁਟਿਆਰਾਂ ਨੂੰ ਹੀ ਸੁੰਦਰਤਾ ਖਿਤਾਬ ਬਖਸ਼ੇ ਜਾ ਰਹੇ ਹਨ। -ਸੰਪਾਦਕ***



*ਪਹਿਲੀ ਮਿਸ ਵਰਲਡ, ਸਵੀਡਨ ਦੀ ਮੁਟਿਆਰ ਕਿੱਕੀ ਹਕੈਨਸਨ।*

ਅਜਿਹਾ ਕੀ ਕਾਰਨ ਹੈ ਕਿ ਸੰਸਾਰ ਪੱਧਰ ਦੇ ਸੁੰਦਰਤਾ ਮੁਕਾਬਲਿਆਂ ਵਿਚ ਅਲਬਾਨੀਆ, ਬਾਹਾਮਾਸ, ਬਾਰਬਾਡੋਸ, ਕੰਬੋਡੀਆ, ਐਕੁਆਡੋਰ, ਐਲਸਾਲਵਾਡੋਰ, ਇਥੋਪੀਆ, ਘਾਨਾ, ਗੁਆਟੇਮਾਲਾ, ਹੈਤੀ, ਹੋਂਡਰਸ, ਇਰਾਕ, ਇਰਾਨ, ਪਾਕਿਸਤਾਨ, ਕੀਨੀਆ, ਲਿਬਨਾਨ, ਮਿਆਂਮਾਰ (ਬਰਮਾ), ਨਾਮੀਬੀਆ, ਨਾਇਜੀਰੀਆ, ਪੁਰਤਗਾਲ ਆਦਿ ਜਿਹੇ ਹੋਰ ਬਹੁਤ ਸਾਰੇ ਦੇਸ਼ਾਂ ਦੀਆਂ ਸੁੰਦਰੀਆਂ ਸਿਰ ਤਾਜ ਨਹੀਂ ਸਜਦਾ? ਸ਼ਾਇਦ ਇਹ ਜਾਣ ਕੇ ਹੈਰਾਨੀ ਹੋਵੇ ਕਿ ਹੁਣ ਤਕ ਸਭ ਤੋਂ ਜ਼ਿਆਦਾ ਵਾਰ ਜੇ ਕਿਸੇ ਦੇਸ਼ ਦੀਆਂ ਸੁੰਦਰੀਆਂ ਨੇ ਮਿਸ ਵਰਲਡ ਮੁਕਾਬਲਾ ਜਿੱਤਿਆ ਹੈ ਤਾਂ ਉਹ ਹੈ ਭਾਰਤ। ਭਾਰਤ ਨੇ ਛੇ ਵਾਰ (1966, 1994, 1997, 1999, 2000, 2017) ਇਸ



**ਨਰਿੰਦਰ ਪਾਲ ਸਿੰਘ ਜਗਦਿਓ**
**ਸੰਪਰਕ: +91-97802-16767**

ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ ਅਤੇ ਛੇ ਵਾਰ ਹੀ (1955, 1981, 1984, 1991, 1995, 2011) ਵੈਨਜ਼ੁਏਲਾ ਦੀਆਂ ਕੁੜੀਆਂ ਨੇ ਪਹਿਲੀ ਥਾਂ ਮੱਲੀ ਹੈ। ਇਸ ਤੋਂ ਇਲਾਵਾ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ ਵਿਚ ਮਿਸ ਅਰਥ ਅਤੇ ਮਿਸ ਇੰਟਰਨੈਸ਼ਨਲ ਵੀ ਖ਼ਾਸ ਥਾਂ ਰੱਖਦੇ ਹਨ, ਪਰ ਜ਼ਿਆਦਾ ਮਹੱਤਵਪੂਰਨ ਮਿਸ ਯੂਨੀਵਰਸ ਅਤੇ ਮਿਸ ਵਰਲਡ ਹੀ ਹਨ।

ਇਨ੍ਹਾਂ ਮੁਕਾਬਲਿਆਂ ਵਿਚ ਸਵਾਲ-ਜਵਾਬ ਰਾਊਂਡ ਨੂੰ ਕਾਫ਼ੀ ਅਹਿਮ ਮੰਨਿਆ ਜਾਂਦਾ ਹੈ। ਕੀ ਵੈਨਜ਼ੁਏਲਾ ਅਤੇ ਭਾਰਤ ਵਿਚ ਸੁਹੱਪਣ ਅਤੇ ਸਿਆਣਪ ਬਾਕੀ ਮੁਲਕਾਂ ਨਾਲੋਂ ਜ਼ਿਆਦਾ ਹੈ? ਸੰਸਾਰ ਪੱਧਰ ਦੇ ਇਹ ਮੁਕਾਬਲੇ ਸਿਰਫ਼ ਸੁੰਦਰਤਾ ਅਤੇ ਸਿਆਣਪ ਪਰਖਣ ਦੇ ਪੈਮਾਨੇ ਹਨ, ਜਾਂ ਇਸ ਪਿੱਛੇ ਕੋਈ ਹੋਰ ਕਾਰਨ ਵੀ ਲੁਕੇ ਹੋਏ ਹਨ? ਇਹ ਮੁਕਾਬਲੇ ਜਿੱਤਣ ਵਾਲੇ ਮੁਲਕਾਂ ਵਿਚ ਔਰਤਾਂ ਦੀ ਸਥਿਤੀ ਬਾਕੀ ਮੁਲਕਾਂ ਨਾਲੋਂ ਬਿਹਤਰ ਹੈ? ਦਰਅਸਲ, ਜੇਤੂ ਦੇਸ਼ਾਂ ਦਾ ਨਾ ਜਿੱਤਣ ਵਾਲੇ ਦੇਸ਼ਾਂ ਨਾਲ ਤੁਲਨਾਤਮਕ ਅਧਿਐਨ, ਖ਼ਾਸ ਤੌਰ 'ਤੇ ਆਰਥਿਕ ਪੱਧਰ ਉਤੇ, ਵੀ ਬਹੁਤ ਸਾਰੇ ਲੁਕਵੇਂ ਤੱਥਾਂ ਤੋਂ ਪਰਦਾ ਚੁੱਕਦਾ ਹੈ।

ਇਨ੍ਹਾਂ ਸਵਾਲਾਂ ਦੇ ਜਵਾਬਾਂ ਤੋਂ ਪਹਿਲਾਂ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ, ਖ਼ਾਸ ਕਰ ਮਿਸ ਯੂਨੀਵਰਸ ਅਤੇ ਮਿਸ ਵਰਲਡ ਬਾਰੇ ਕੁਝ ਮੁੱਢਲੀ ਜਾਣਕਾਰੀ ਹੋਣਾ ਜ਼ਰੂਰੀ ਹੈ। ਇੱਕ ਸਾਲ ਦੇ ਵਕਫ਼ੇ ਨਾਲ ਸ਼ੁਰੂ ਹੋਏ ਇਹ ਦੋਵੇਂ ਮੁਕਾਬਲੇ ਅੱਜ ਸੰਸਾਰ ਭਰ ਵਿਚ ਖ਼ਾਸ ਮੁਕਾਮ ਰੱਖਦੇ ਹਨ। 1951 ਵਿਚ ਮਿਸ ਵਰਲਡ ਅਤੇ 1952 ਵਿਚ ਮਿਸ ਯੂਨੀਵਰਸ ਮੁਕਾਬਲੇ ਸ਼ੁਰੂ ਹੋਏ ਸਨ। ਮਿਸ ਯੂਨੀਵਰਸ ਮੁਕਾਬਲਿਆਂ ਵਿਚ ਅਮਰੀਕਾ ਸਭ ਤੋਂ ਵੱਧ 8 ਵਾਰ (1954, 1956, 1960, 1967, 1980, 1995, 1997, 2012) ਖਿਤਾਬ ਜਿੱਤ ਚੁੱਕਾ ਹੈ, ਜਦੋਂਕਿ ਸੱਤ ਵਾਰ ਵੈਨਜ਼ੁਏਲਾ (1979, 1981, 1986, 1996, 2008, 2009, 2013) ਅਤੇ ਪੰਜ ਵਾਰ (1970, 1985, 1993, 2001, 2006) ਪੀਓਰਟੋ ਰੀਕੋ ਦੀਆਂ ਸੁੰਦਰੀਆਂ ਮਿਸ ਯੂਨੀਵਰਸ ਬਣੀਆਂ ਹਨ। ਦੋ ਵਾਰ (1994, 2000) ਇਹ ਖਿਤਾਬ ਭਾਰਤ ਦੇ ਹਿੱਸੇ ਆਇਆ।

ਮਿਸ ਵਰਲਡ ਮੁਕਾਬਲਿਆਂ ਵਿਚ ਭਾਰਤ ਅਤੇ ਵੈਨਜ਼ੁਏਲਾ (ਛੇ-ਛੇ ਵਾਰ) ਤੋਂ ਬਾਅਦ ਯੂ.ਕੇ. ਪੰਜ ਵਾਰ (1961, 1964, 1965, 1974, 1983), ਅਮਰੀਕਾ ਤਿੰਨ ਵਾਰ (1973, 1990, 2010) ਅਤੇ ਪੀਓਰਟੋ ਰੀਕੋ ਦੋ ਵਾਰ (1975, 2016) ਇਸ ਖਿਤਾਬ ਨੂੰ ਜਿੱਤ ਚੁੱਕਾ ਹੈ। ਦੱਖਣੀ ਅਫਰੀਕਾ, ਚੀਨ, ਪੇਰੂ ਆਦਿ ਸਮੇਤ ਹੋਰ ਬਹੁਤ ਸਾਰੇ ਮੁਲਕਾਂ ਦੀਆਂ ਸੁੰਦਰੀਆਂ ਦੋ ਜਾਂ ਤਿੰਨ ਵਾਰ ਇਹ ਖਿਤਾਬ ਜਿੱਤ ਚੁੱਕੀਆਂ ਹਨ।

ਇਕ ਗੱਲ ਸਪਸ਼ਟ ਹੈ ਕਿ ਜੇ ਇਹ ਸੁੰਦਰਤਾ ਮੁਕਾਬਲੇ ਫੈਸ਼ਨ, ਸੁਹੱਪਣ ਅਤੇ ਸਿਆਣਪ ਪਰਖਣ ਦਾ ਪੈਮਾਨਾ ਹੁੰਦੇ ਤਾਂ ਇਟਲੀ (ਜੋ ਦੁਨੀਆਂ ਭਰ ਵਿਚ ਫੈਸ਼ਨ ਲਈ ਮਸ਼ਹੂਰ ਹੈ ਅਤੇ ਜਿਥੇ ਖ਼ੂਬਸੂਰਤੀ ਦੀ ਕੋਈ ਕਮੀ ਨਹੀਂ) ਨੇ ਸਭ ਤੋਂ ਜ਼ਿਆਦਾ ਖਿਤਾਬ ਜਿੱਤਣੇ ਸਨ; ਪਰ ਅੱਜ ਤਕ ਇਟਲੀ ਦੀ ਕੋਈ ਵੀ ਮੁਟਿਆਰ ਨਾ ਤਾਂ ਮਿਸ ਵਰਲਡ ਬਣੀ ਹੈ ਅਤੇ ਨਾ ਹੀ ਮਿਸ ਯੂਨੀਵਰਸ। ਇਹੀ ਹਾਲ ਜਰਮਨੀ ਦਾ ਹੈ ਜਿਸ ਨੇ ਕਦੇ ਵੀ ਕੋਈ ਕੌਮਾਂਤਰੀ ਸੁੰਦਰਤਾ ਮੁਕਾਬਲਾ ਨਹੀਂ ਜਿੱਤਿਆ। ਹੋਰ ਤਾਂ ਹੋਰ ਯੂਰਪ ਦੇ ਹਰ ਪੱਖੋਂ ਖ਼ੁਸ਼ਹਾਲ ਹੋਰ ਬਹੁਤ ਸਾਰੇ ਮੁਲਕਾਂ ਦੀਆਂ ਸੁੰਦਰੀਆਂ ਵੀ ਸੁੰਦਰਤਾ ਮੁਕਾਬਲਿਆਂ ਵਿਚ ਫਾਡੀ ਰਹੀਆਂ ਹਨ। ਇਸ ਦੀ ਚੰਗੀ ਮਿਸਾਲ ਨਾਰਵੇ (1990-ਮਿਸ ਯੂਨੀਵਰਸ), ਇਟਲੀ (ਕਦੇ ਨਹੀਂ), ਜਰਮਨੀ (ਕਦੇ ਨਹੀਂ), ਸਪੇਨ (1974-ਮਿਸ ਯੂਨੀਵਰਸ) ਅਤੇ ਫਰਾਂਸ (1953-ਮਿਸ ਵਰਲਡ, 1953 ਤੇ 2016-ਮਿਸ ਯੂਨੀਵਰਸ) ਵਰਗੇ ਮੁਲਕ ਹਨ।

ਇਸ ਦੇ ਉਲਟ ਸੁੰਦਰਤਾ ਮੁਕਾਬਲਿਆਂ ਵਿਚ ਵੈਨਜ਼ੁਏਲਾ ਦੀ ਝੰਡੀ ਹੈ ਜਿਸ ਨੇ ਕੁੱਲ 13 ਵਾਰ ਕੌਮਾਂਤਰੀ ਪੱਧਰ ਦੇ ਮੁਕਾਬਲੇ ਜਿੱਤੇ ਹਨ। ਇਸ ਦੇਸ਼ ਨੇ ਸੱਤ ਵਾਰ ਮਿਸ ਇੰਟਰਨੈਸ਼ਨਲ ਅਤੇ ਦੋ ਵਾਰ ਮਿਸ ਅਰਥ ਦੇ ਖਿਤਾਬ ਵੀ ਜਿੱਤੇ ਹਨ। ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਵੈਨਜ਼ੁਏਲਾ ਵਿਚ ਔਰਤਾਂ ਖਿਲਾਫ਼ ਹੋਣ ਵਾਲੇ ਅਪਰਾਧਾਂ ਦੀ ਦਰ ਕਾਫ਼ੀ ਜ਼ਿਆਦਾ ਹੈ। ਯੂ.ਐਨ. ਦੀ ਮਨੁੱਖੀ ਵਿਕਾਸ ਰਿਪੋਟਰ ਅਨੁਸਾਰ, ਲਿੰਗ ਅਸਮਾਨਤਾ ਸੂਚੀ ਵਿਚ ਵੈਨਜ਼ੁਏਲਾ 71ਵੇਂ ਸਥਾਨ 'ਤੇ ਹੈ। 2015 ਵਿਚ ਇਹ 101ਵੇਂ ਸਥਾਨ 'ਤੇ ਸੀ। ਜਦੋਂਕਿ ਨਾਰਵੇ ਇਸ ਸੂਚੀ ਵਿਚ ਪਹਿਲੀ ਥਾਂ 'ਤੇ ਹੈ ਯਾਨੀ ਉਥੇ ਔਰਤਾਂ ਨਾਲ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ, ਤੇ ਇਸ ਨੇ ਸਿਰਫ਼ 1990 ਵਿਚ ਮਿਸ ਯੂਨੀਵਰਸ ਦਾ ਖਿਤਾਬ ਜਿੱਤਿਆ ਸੀ। ਇਸ ਸੂਚੀ ਵਿਚ ਦੂਜੇ ਸਥਾਨ 'ਤੇ ਰਹਿਣ ਵਾਲੇ ਦੇਸ਼ ਸਵਿਟਜ਼ਰਲੈਂਡ ਨੇ ਕਦੇ ਕੋਈ ਕੌਮਾਂਤਰੀ ਸੁੰਦਰਤਾ ਮੁਕਾਬਲਾ ਨਹੀਂ ਜਿੱਤਿਆ। ਭਾਰਤ ਇਸ ਸੂਚੀ ਵਿਚ 2015 ਦੇ 125ਵੇਂ ਸਥਾਨ ਦੇ ਮੁਕਾਬਲੇ 2016 ਵਿਚ 131ਵੇਂ ਸਥਾਨ 'ਤੇ ਆ ਗਿਆ ਹੈ।



*ਸਾਲ 1966 'ਚ ਪਹਿਲੀ ਵਾਰ ਮਿਸ ਵਰਲਡ ਦਾ ਖਿਤਾਬ ਜਿੱਤਣ ਵਾਲੀ ਭਾਰਤੀ ਮੁਟਿਆਰ ਰੀਟਾ ਫਾਰੀਆ।*

***ਜੇ ਸੁੰਦਰਤਾ ਮੁਕਾਬਲੇ ਫੈਸ਼ਨ, ਸੁਹੱਪਣ ਅਤੇ ਸਿਆਣਪ ਪਰਖਣ ਦਾ ਪੈਮਾਨਾ ਹੁੰਦੇ ਤਾਂ ਇਟਲੀ (ਜੋ ਦੁਨੀਆਂ ਭਰ ਵਿਚ ਫੈਸ਼ਨ ਲਈ ਮਸ਼ਹੂਰ ਹੈ ਤੇ ਜਿਥੇ ਖ਼ੂਬਸੂਰਤੀ ਦੀ ਕਮੀ ਨਹੀਂ) ਨੇ ਸਭ ਤੋਂ ਵੱਧ ਖਿਤਾਬ ਜਿੱਤਣੇ ਸਨ; ਪਰ ਅੱਜ ਤਕ ਇਟਲੀ ਦੀ ਕੋਈ ਵੀ ਮੁਟਿਆਰ ਨਾ ਤਾਂ ਮਿਸ ਵਰਲਡ ਬਣੀ ਹੈ ਤੇ ਨਾ ਹੀ ਮਿਸ ਯੂਨੀਵਰਸ। ਇਹੀ ਹਾਲ ਜਰਮਨੀ ਦਾ ਹੈ। ਹੋਰ ਤਾਂ ਹੋਰ ਯੂਰਪ ਦੇ ਹਰ ਪੱਖੋਂ ਖ਼ੁਸ਼ਹਾਲ ਹੋਰ ਬਹੁਤ ਸਾਰੇ ਮੁਲਕਾਂ ਦੀਆਂ ਸੁੰਦਰੀਆਂ ਵੀ ਸੁੰਦਰਤਾ ਮੁਕਾਬਲਿਆਂ ਵਿਚ ਫਾਡੀ ਰਹੀਆਂ ਹਨ।***

ਦੂਜਾ ਵਿਚਾਰਨਯੋਗ ਪੱਖ ਇਹ ਹੈ ਕਿ ਵੈਨਜ਼ੁਏਲਾ ਦਾ ਅਰਥਚਾਰਾ ਮੁੱਖ ਰੂਪ ਵਿਚ ਪੈਟਰੋਲੀਅਮ ਵਸਤਾਂ ਦੇ ਖੇਤਰ ਨਾਲ ਜੁੜੇ ਉਦਯੋਗ ਦੇ ਆਲੇ-ਦੁਆਲੇ ਘੁੰਮਦਾ ਹੈ। ਜਿਹੜੇ ਦੇਸ਼ਾਂ ਨਾਲ ਵੈਨਜ਼ੁਏਲਾ ਦੇ ਵਪਾਰਕ ਸਬੰਧ ਹਨ, ਉਨ੍ਹਾਂ ਵਿਚ ਅਮਰੀਕਾ ਸਭ ਤੋਂ ਮੋਹਰੀ ਹੈ। ਦੂਜੇ ਦੇਸ਼ਾਂ ਨੂੰ ਭੇਜੀਆਂ ਜਾਣ ਵਾਲੀਆਂ ਵਸਤਾਂ (ਬਰਾਮਦ) ਵਿਚੋਂ ਇਹ ਅਮਰੀਕਾ ਨੂੰ ਸਭ ਤੋਂ ਵੱਧ 35 ਫ਼ੀਸਦੀ ਪੈਟਰੋਲੀਅਮ, ਕੈਮੀਕਲ ਅਤੇ ਖੇਤੀ ਆਧਾਰਿਤ ਵਸਤਾਂ ਭੇਜਦਾ ਹੈ। ਭਾਰਤ ਅਤੇ ਚੀਨ ਵੀ ਵੈਨਜ਼ੁਏਲਾ ਦੇ ਵੱਡੇ ਗਾਹਕਾਂ ਵਿਚੋਂ ਇਕ ਹਨ। ਦੂਜੇ ਪਾਸੇ ਵੈਨਜ਼ੁਏਲਾ, ਅਮਰੀਕਾ ਵਿਚੋਂ ਸਭ ਤੋਂ ਜ਼ਿਆਦਾ ਵਸਤਾਂ ਮੰਗਵਾਉਂਦਾ (22 ਫ਼ੀਸਦੀ ਦਰਾਮਦ) ਹੈ ਜਿਨ੍ਹਾਂ ਵਿਚ ਕੱਪੜੇ, ਕਾਰਾਂ, ਮਸ਼ੀਨਰੀ, ਟਰਾਂਸਪੋਰਟ ਅਤੇ ਨਿਰਮਾਣ ਖੇਤਰ ਨਾਲ ਸਬੰਧਿਤ ਸਾਮਾਨ ਮੁੱਖ ਹੈ। ਕਹਿਣ ਦਾ ਭਾਵ ਇਹ ਹੈ ਕਿ ਅਮਰੀਕਾ ਲਈ ਇਹ ਇਕ ਵੱਡੀ ਮੰਡੀ ਦੇ ਰੂਪ ਵਿਚ ਵਿਕਸਿਤ ਹੋਇਆ ਦੇਸ਼ ਹੈ।

ਸੁੰਦਰਤਾ ਮੁਕਾਬਲਿਆਂ ਦੇ ਓਹਲੇ ਹੇਠ ਵਿਕਸਿਤ ਮੁਲਕ ਕਿਸ ਤਰ੍ਹਾਂ ਵਿਕਾਸਸ਼ੀਲ ਮੁਲਕਾਂ ਨੂੰ ਮੰਡੀ ਦੇ ਰੂਪ ਵਿਚ ਵਰਤ ਰਹੇ ਹਨ ਅਤੇ ਇਥੇ ਕੌਮਾਂਤਰੀ ਪੱਧਰ ਦੀਆਂ ਕੰਪਨੀਆਂ ਕਿਸ ਤਰ੍ਹਾਂ ਆਪਣਾ ਟਿਕਾਣਾ ਬਣਾ ਰਹੀਆਂ ਹਨ, ਇਸ ਸਬੰਧੀ ਅੰਕੜਿਆਂ ਦਾ ਵਿਸ਼ਲੇਸ਼ਣ ਬਹੁਤ ਜ਼ਿਆਦਾ ਰੌਚਿਕ ਹੈ। ਸੁੰਦਰਤਾ ਮੁਕਾਬਲੇ ਜਿੱਤਣ ਵਾਲੇ ਮੋਹਰੀ ਮੁਲਕਾਂ ਵਿਚ ਸ਼ਾਮਿਲ ਪੀਓਰਟੋ ਰੀਕੋ ਦੀ ਵਪਾਰ ਦੇ ਮਾਮਲੇ ਵਿਚ ਅਮਰੀਕਾ ਨਾਲ ਚੰਗੀ ਬਣਦੀ ਹੈ। ਇਸ ਦੇਸ਼ ਦੀ ਅਮਰੀਕਾ ਨਾਲ ਬਰਾਮਦ ਦਰ 90 ਫ਼ੀਸਦੀ ਹੈ, ਜਦੋਂਕਿ ਦਰਾਮਦ ਦਰ 55 ਫ਼ੀਸਦੀ ਹੈ। ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਸੰਸਾਰ ਪੱਧਰ 'ਤੇ ਬਾਜ਼ਾਰੀਕਰਨ ਨੇ ਆਪਣੇ ਪੈਰ ਪਸਾਰੇ ਹਨ ਅਤੇ ਦੁਨੀਆਂ ਦਾ ਬਾਜ਼ਾਰ ਸਿਮਟ ਕੇ ਇਕ ਹੋ ਗਿਆ ਹੈ। ਉਦੋਂ ਤੋਂ ਸੁੰਦਰਤਾ ਮੁਕਾਬਲੇ ਜਿੱਤਣ ਵਾਲੇ ਦੇਸ਼ਾਂ ਦੇ ਅਰਥਚਾਰਿਆਂ ਅਤੇ ਉਨ੍ਹਾਂ ਦੇ ਅਮਰੀਕਾ ਅਤੇ ਯੂਰਪੀਅਨ ਮੁਲਕਾਂ ਨਾਲ ਸਬੰਧਾਂ ਦਾ ਪ੍ਰਭਾਵ ਮੁਕਾਬਲਿਆਂ ਦੇ ਨਤੀਜਿਆਂ 'ਤੇ ਪ੍ਰਤੱਖ ਵੇਖਣ ਨੂੰ ਮਿਲ ਰਿਹਾ ਹੈ।

ਭਾਰਤ, ਚੀਨ, ਰੂਸ, ਵੈਨਜ਼ੁਏਲਾ, ਕੁਝ ਅਫਰੀਕੀ ਮੁਲਕ ਅਤੇ ਲਾਤੀਨੀ ਅਮਰੀਕੀ ਮੁਲਕ ਬ੍ਰਾਜ਼ੀਲ, ਪੇਰੂ, ਕੋਲੰਬੀਆ ਸਮੇਤ ਅਜਿਹੇ ਦੇਸ਼ਾਂ ਦੀਆਂ ਸੁੰਦਰੀਆਂ ਦੇ ਸਿਰ 'ਤੇ ਹੀ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ ਦੇ ਤਾਜ ਸਜੇ ਹਨ ਜਿਥੇ ਕੰਪਨੀਆਂ ਦੇ ਮਾਲ ਦੀ ਖਪਤ ਲਈ ਵੱਡੀਆਂ ਮੰਡੀਆਂ ਹਨ। ਉਹ ਦੇਸ਼ ਜਿਥੇ ਕੱਚਾ ਮਾਲ ਆਸਾਨੀ ਨਾਲ ਪ੍ਰਾਪਤ ਹੋ ਸਕੇ ਅਤੇ ਤਿਆਰ ਮਾਲ ਦੀ ਖਪਤ ਵਿਕਸਿਤ ਮੁਲਕ ਆਸਾਨੀ ਨਾਲ ਕਰਵਾ ਸਕਣ, ਉਨ੍ਹਾਂ ਵਿਚ ਕੌਮਾਂਤਰੀ ਪੱਧਰ ਦੇ ਸੁੰਦਰਤਾ ਮੁਕਾਬਲਿਆਂ ਦੀਆਂ ਜੇਤੂ ਕੁੜੀਆਂ ਰਾਹੀਂ ਬਾਜ਼ਾਰਾਂ ਨੂੰ ਪੱਕੇ ਪੈਰੀਂ ਕੀਤਾ ਜਾ ਰਿਹਾ ਹੈ।

ਜਦੋਂ ਭਾਰਤ ਕੌਮਾਂਤਰੀ ਮੰਡੀ ਦੇ ਰੂਪ ਵਿਚ ਉਭਰ ਰਿਹਾ ਸੀ ਤਾਂ ਇਕ ਤੋਂ ਬਾਅਦ ਇਕ ਸੁੰਦਰਤਾ ਖਿਤਾਬ ਭਾਰਤੀ ਸੁੰਦਰੀਆਂ ਦੇ ਸਿਰ ਸਜਾ ਦਿੱਤੇ ਗਏ। 1994 ਵਿਚ ਸੁਸ਼ਮਿਤਾ ਸੇਨ ਮਿਸ ਯੂਨੀਵਰਸ ਬਣੀ। ਉਸੇ ਸਾਲ ਐਸ਼ਵਰਿਆ ਰਾਏ ਮਿਸ ਵਰਲਡ ਬਣੀ। ਦੋ ਸਾਲ ਦੇ ਵਕਫ਼ੇ ਬਾਅਦ ਹੀ 1997 ਵਿਚ ਡਾਇਨਾ ਹੇਡਨ ਮਿਸ ਵਰਲਡ ਬਣੀ। ਫਿਰ 1999 ਵਿਚ ਯੁਕਤਾ ਮੁਖੀ ਮਿਸ ਵਰਲਡ ਬਣੀ। ਸਾਲ 2000 ਵਿਚ ਵੀ ਮਿਸ ਵਰਲਡ ਤੇ ਮਿਸ ਯੂਨੀਵਰਸ ਦੇ ਖਿਤਾਬ ਕ੍ਰਮਵਾਰ ਭਾਰਤ ਦੀਆਂ ਸੁੰਦਰੀਆਂ ਪ੍ਰਿਅੰਕਾ ਚੋਪੜਾ ਤੇ ਲਾਰਾ ਦੱਤਾ ਦੇ ਨਾਂ ਰਹੇ।

ਨਵੀਆਂ ਵਪਾਰਕ ਨੀਤੀਆਂ, ਨਵੇਂ ਤਰ੍ਹਾਂ ਦੇ ਬਾਜ਼ਾਰ ਅਤੇ ਖਪਤਕਾਰ ਪੈਦਾ ਹੋਣ ਦੇ ਪ੍ਰਸੰਗ ਵਿਚ ਹੁਣ ਫਿਰ ਉਨ੍ਹਾਂ ਮੁਲਕਾਂ ਦੀਆਂ ਮੁਟਿਆਰਾਂ ਸਿਰ ਤਾਜ ਸਜਣੇ ਸ਼ੁਰੂ ਹੋ ਗਏ ਹਨ ਜਿਥੇ ਵਪਾਰ ਦੇ ਨਵੇਂ ਮੌਕੇ ਅਤੇ ਵੱਡੀ ਗਿਣਤੀ ਵਿਚ ਪੈਸਾ ਖਰਚਣ ਯੋਗ ਖਪਤਕਾਰਾਂ ਦੀ ਬਹੁਤਾਤ ਹੈ। ਸੰਸਾਰ ਮੰਦੀ ਦੇ ਉਭਾਰ ਤੋਂ ਬਾਅਦ 2008 ਤੋਂ 2017 ਤਕ ਜਿਨ੍ਹਾਂ ਦੇਸ਼ਾਂ ਦੀਆਂ ਮੁਟਿਆਰਾਂ ਮਿਸ ਯੂਨੀਵਰਸ ਅਤੇ ਮਿਸ ਵਰਲਡ ਦੇ ਖਿਤਾਬ ਜਿੱਤੀਆਂ ਹਨ, ਉਨ੍ਹਾਂ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਮਿਸ ਯੂਨੀਵਰਸ ਮੁਕਾਬਲੇ ਵਿਚ 2008 ਤੇ 2009 ਵਿਚ ਵੈਨਜ਼ੁਏਲਾ, 2010 ਵਿਚ ਮੈਕਸੀਕੋ, 2011 ਵਿਚ ਅੰਗੋਲਾ, 2012 ਵਿਚ ਅਮਰੀਕਾ, 2013 ਵਿਚ ਵੈਨਜ਼ੁਏਲਾ, 2014 ਵਿਚ ਕੋਲੰਬੀਆ, 2015 ਵਿਚ ਫਿਲਪਾਈਨਜ਼ ਅਤੇ 2016 ਵਿਚ ਫਰਾਂਸ ਦੀ ਮੁਟਿਆਰ ਜੇਤੂ ਰਹੀ। ਇਸੇ ਤਰ੍ਹਾਂ ਮਿਸ ਵਰਲਡ ਮੁਕਾਬਲੇ ਵਿਚ 2008 ਵਿਚ ਰੂਸ, 2009 ਵਿਚ ਗਿਬਰਾਲਟਰ, 2010 ਵਿਚ ਅਮਰੀਕਾ, 2011 ਵਿਚ ਵੈਨਜ਼ੁਏਲਾ, 2012 ਵਿਚ ਚੀਨ, 2013 ਵਿਚ ਫਿਲਪਾਈਨਜ਼, 2014 ਵਿਚ ਦੱਖਣੀ ਅਫਰੀਕਾ, 2015 ਵਿਚ ਸਪੇਨ, 2016 ਵਿਚ ਪਿਓਰਟੋ ਰੀਕੋ ਅਤੇ 2017 ਵਿਚ ਭਾਰਤੀ ਸੁੰਦਰੀ ਸਿਰ ਤਾਜ ਸਜਿਆ ਹੈ।

ਅਜਿਹੇ ਖਿਤਾਬ ਜਿੱਤਣ ਵਾਲੀਆਂ ਕੁੜੀਆਂ ਨੂੰ ਵੱਖ ਵੱਖ ਮੁਲਕਾਂ ਵਿਚ ਅਲੱਗ ਅਲੱਗ ਮੰਚਾਂ 'ਤੇ ਪੇਸ਼ ਕੀਤਾ ਜਾਂਦਾ ਹੈ। ਕਈ ਸੰਸਥਾਵਾਂ ਦੇ ਬਰਾਂਡ ਅੰਬੈਸਡਰ ਬਣਾ ਕੇ ਕੌਮਾਂਤਰੀ ਪੱਧਰ 'ਤੇ ਮਸ਼ਹੂਰੀ ਕਰਵਾਈ ਜਾਂਦੀ ਹੈ। ਵਪਾਰਕ ਕੰਪਨੀਆਂ ਆਪਣਾ ਸਾਮਾਨ ਵੇਚਣ ਲਈ ਇਨ੍ਹਾਂ ਕੁੜੀਆਂ ਦਾ ਸਹਾਰਾ ਲੈਂਦੀਆਂ ਹਨ। ਕੀ ਕਾਰਨ ਹੈ ਕਿ ਯੂਰਪ ਦੇ ਸਾਰੇ ਖੁਸ਼ਹਾਲ ਦੇਸ਼ਾਂ ਦੀਆਂ ਸੁੰਦਰੀਆਂ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਏਸ਼ੀਆ ਦੇ ਅਮੀਰ ਮੁਲਕਾਂ ਦੀਆਂ ਕੁੜੀਆਂ ਇਨ੍ਹਾਂ ਮੁਕਾਬਲਿਆਂ ਵਿਚ ਲਗਾਤਾਰ ਜੇਤੂ ਨਹੀਂ ਰਹਿੰਦੀਆਂ? ਕਿਉਂਕਿ ਉਨ੍ਹਾਂ ਦੇਸ਼ਾਂ ਦੇ ਬਾਜ਼ਾਰਾਂ ਦੀ ਸਥਿਤੀ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਬਿਲਕੁਲ ਅਲੱਗ ਹੈ ਅਤੇ ਉਨ੍ਹਾਂ ਮੁਲਕਾਂ ਵਿਚ ਵਸਤਾਂ ਦੀ ਮੰਗ 'ਸੰਤੁਸ਼ਟੀ ਬਿੰਦੂ' ਤਕ ਪਹੁੰਚ ਚੁੱਕੀ ਹੈ, ਜਦੋਂਕਿ ਭਾਰਤ ਵਰਗੇ ਮੁਲਕਾਂ ਵਿਚ ਹਾਲੇ ਵੀ ਬਹੁਤ ਸਾਰੇ ਲੋਕ ਬਹੁਤ ਸਾਰੀਆਂ ਚੀਜ਼ਾਂ ਤੋਂ ਵਿਰਵੇ ਹਨ।

ਸਿਆਸੀ, ਸਮਾਜਿਕ ਜਾਂ ਆਰਥਿਕ ਅਸਥਿਰਤਾ ਵਾਲੇ ਜਾਂ ਮਾਲ ਦੀ ਖਪਤ ਦੀ ਬਹੁਤ ਘੱਟ ਸੰਭਾਵਨਾ ਵਾਲੇ ਮੁਲਕ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ ਵਿਚ ਕਿਤੇ ਨਜ਼ਰ ਨਹੀਂ ਆਉਂਦੇ। ਇਹੀ ਕਾਰਨ ਹੈ ਕਿ ਬਹੁਤੇ ਅਫਰੀਕੀ, ਮੱਧ-ਪੂਰਬੀ (ਇਰਾਕ, ਇਰਾਨ, ਸੀਰੀਆ, ਫਿਲਸਤੀਨ ਆਦਿ), ਗੜਬੜੀ ਵਾਲੇ ਏਸ਼ਿਆਈ ਦੇਸ਼ ਅਤੇ ਰੂਸ ਨਾਲੋਂ ਟੁੱਟੇ ਮੁਲਕਾਂ ਦੀਆਂ ਸੁੰਦਰੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿਚ ਕੋਈ ਥਾਂ ਨਹੀਂ ਮਿਲਦੀ। ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਭਵਿਖ ਵਿਚ ਵੀ ਬਾਜ਼ਾਰ ਦੇ ਵਧਣ-ਫੁਲਣ ਦੀਆਂ ਵਧੇਰੇ ਸੰਭਾਵਨਾਵਾਂ ਵਾਲੇ ਮੁਲਕਾਂ ਦੀਆਂ ਸੁੰਦਰੀਆਂ ਸਿਰ ਹੀ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ ਦੇ ਤਾਜ ਸਜਣ। ਇਨ੍ਹਾਂ ਵਿਚ ਭਾਰਤ, ਇੰਡੋਨੇਸ਼ੀਆ, ਥਾਈਲੈਂਡ, ਸ੍ਰੀਲੰਕਾ, ਬ੍ਰਾਜ਼ੀਲ, ਫਿਲਪਾਈਨਜ਼, ਕੋਲੰਬੀਆ, ਚੀਨ ਆਦਿ ਦਾ ਨਾਂ ਮੂਹਰਲੀ ਕਤਾਰ ਵਿਚ ਹੈ।

#



*ਐਤਕੀਂ ਮਿਸ ਵਰਲਡ ਦਾ ਤਾਜ ਪਹਿਨਣ ਵਾਲੀ ਭਾਰਤੀ ਮੁਟਿਆਰ ਮਾਨੁਸ਼ੀ ਛਿੱਲਰ।*

***ਨਵੀਆਂ ਵਪਾਰਕ ਨੀਤੀਆਂ, ਨਵੇਂ ਤਰ੍ਹਾਂ ਦੇ ਬਾਜ਼ਾਰ ਅਤੇ ਖਪਤਕਾਰ ਪੈਦਾ ਹੋਣ ਦੇ ਪ੍ਰਸੰਗ ਵਿਚ ਹੁਣ ਫਿਰ ਉਨ੍ਹਾਂ ਮੁਲਕਾਂ ਦੀਆਂ ਮੁਟਿਆਰਾਂ ਸਿਰ ਤਾਜ ਸਜਣੇ ਸ਼ੁਰੂ ਹੋ ਗਏ ਹਨ ਜਿਥੇ ਵਪਾਰ ਦੇ ਨਵੇਂ ਮੌਕੇ ਵੱਧ ਹਨ। ਸੰਸਾਰ ਮੰਦੀ ਦੇ ਉਭਾਰ ਤੋਂ ਬਾਅਦ 2008 ਤੋਂ 2017 ਤਕ ਜਿਨ੍ਹਾਂ ਦੇਸ਼ਾਂ ਦੀਆਂ ਮੁਟਿਆਰਾਂ ਮਿਸ ਯੂਨੀਵਰਸ ਅਤੇ ਮਿਸ ਵਰਲਡ ਦੇ ਖਿਤਾਬ ਜਿੱਤੀਆਂ ਹਨ, ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।... ਸਿਆਸੀ, ਸਮਾਜਿਕ ਜਾਂ ਆਰਥਿਕ ਅਸਥਿਰਤਾ ਵਾਲੇ ਜਾਂ ਮਾਲ ਦੀ ਖਪਤ ਦੀ ਬਹੁਤ ਘੱਟ ਸੰਭਾਵਨਾ ਵਾਲੇ ਮੁਲਕ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ ਵਿਚ ਕਿਤੇ ਨਜ਼ਰ ਨਹੀਂ ਆਉਂਦੇ। ਇਹੀ ਕਾਰਨ ਹੈ ਕਿ ਬਹੁਤੇ ਅਫਰੀਕੀ, ਮੱਧ-ਪੂਰਬੀ, ਗੜਬੜੀ ਵਾਲੇ ਏਸ਼ਿਆਈ ਦੇਸ਼ ਅਤੇ ਰੂਸ ਨਾਲੋਂ ਟੁੱਟੇ ਮੁਲਕਾਂ ਦੀਆਂ ਸੁੰਦਰੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿਚ ਕੋਈ ਥਾਂ ਨਹੀਂ ਮਿਲਦੀ।***

# ਬਰਾਬਰੀ ਲਈ ਤਾਂਘ 'ਤੁਮਹਾਰੀ ਸੁਲੂ'



ਫਿਲਮ 'ਤੁਮਹਾਰੀ ਸੁੱਲੂ' ਭਾਵੇਂ ਬਾਕਸ ਆਫਿਸ ਉਤੇ ਬਹੁਤਾ ਕਮਾਲ ਨਾ ਦਿਖਾ ਸਕੀ ਹੋਵੇ ਅਤੇ ਇਸ ਦੇ ਪਿਛਲੇ ਅੱਧ ਵਿਚ ਫਿਲਮ ਦੀ ਚਾਲ ਮੱਠੀ ਪੈਣ ਕਾਰਨ ਇਹ ਨੁਕਤਾਚੀਨੀ ਦੀ ਸ਼ਿਕਾਰ ਵੀ ਹੋਈ ਹੈ, ਪਰ ਇਸ ਫਿਲਮ ਦਾ ਸੁਨੇਹਾ ਬਹੁਤ ਜ਼ੋਰਦਾਰ ਹੈ। ਫਿਲਮਸਾਜ਼ ਨੇ ਇਸ ਪੱਖ ਤੋਂ ਕਮਾਲ ਕੀਤੀ ਹੈ ਅਤੇ ਉਪਰੋਂ ਅਦਾਕਾਰੀ ਨਾਲ ਵਿਦਿਆ ਬਾਲਨ ਨੇ ਚਾਰ ਚੰਨ ਲਾ ਦਿੱਤੇ ਹਨ।

**ਗੁਰਜੰਟ ਸਿੰਘ**

ਫਿਲਮ ਜਗਤ ਵਿਚ ਧੜੱਲੇ ਨਾਲ ਅਪਣੀ ਹਾਜ਼ਰੀ ਲੁਆਉਣ ਵਾਲੀ ਅਦਾਕਾਰਾ ਵਿਦਿਆ ਬਾਲਨ ਦੀ ਨਵੀਂ ਫਿਲਮ 'ਤੁਮਹਾਰੀ ਸੁੱਲੂ' ਇਕ ਵਾਰ ਫਿਰ ਸੁਹਜ, ਸਲੀਕਾ ਅਤੇ ਸੁਨੇਹਾ ਲੈ ਕੇ ਆਈ ਹੈ। ਬਾਕਸ ਆਫਿਸ ਉਤੇ ਇਸ ਫਿਲਮ ਨੂੰ ਭਾਵੇਂ ਬਹੁਤਾ ਚੰਗਾ ਹੁੰਗਾਰਾ ਨਹੀਂ ਮਿਲਿਆ, ਪਰ ਇਸ ਫਿਲਮ ਵਿਚ ਜਿਸ ਢੰਗ ਨਾਲ ਇਕ ਘਰੇਲੂ ਔਰਤ ਨੂੰ ਅਰਸ਼ ਤੋਂ ਫਰਸ਼ ਤਕ ਉਠਦਿਆਂ ਦਿਖਾਇਆ ਗਿਆ ਹੈ, ਉਸ ਨੇ ਸਭ ਦਾ ਮਨ ਮੋਹ ਲਿਆ ਹੈ। ਕਮਾਈ ਦੇ ਪੱਖ ਤੋਂ ਵਿਦਿਆ ਨੇ ਵੀ ਟਿੱਪਣੀ ਕੀਤੀ ਹੈ ਕਿ ਉਹ ਜਦੋਂ ਵੀ ਫਿਲਮ ਵਿਚ ਕੋਈ ਨਵਾਂ ਤਜਰਬਾ ਕਰਨਾ ਲੋਚਦੀ ਹੈ, ਤਾਂ ਪਹਿਲਾਂ-ਪਹਿਲ ਮੱਠਾ ਹੁੰਗਾਰਾ ਮਿਲਦਾ ਹੈ, ਮਗਰੋਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ ਜਾਂਦੇ ਹਨ। ਯਾਦ ਰਹੇ ਕਿ ਫਿਲਮਸਾਜ਼ ਸੁਰੇਸ਼ ਤ੍ਰਿਵੈਣੀ ਵੱਲੋਂ ਬਣਾਈ ਇਸ ਫਿਲਮ ਦੀ ਕਹਾਣੀ ਮੁੰਬਈ ਵਿਚ ਰਹਿੰਦੀ ਘਰੇਲੂ ਔਰਤ ਸਲੋਚਨਾ ਬਾਰੇ ਹੈ ਜੋ ਰਾਤ ਨੂੰ ਰੇਡੀਓ 'ਤੇ ਰੇਡੀਓ ਜੌਕੀ (ਆਰ.ਜੇ.) ਦਾ ਕੰਮ ਕਰਦੀ ਹੈ। ਇਹ ਕੰਮ ਮਿਲਦਿਆਂ ਹੀ ਉਸ ਦੀ ਜ਼ਿੰਦਗੀ ਵਿਚ ਵੱਡੀ ਤਬਦੀਲੀ ਆਉਂਦੀ ਹੈ। ਫਿਲਮਸਾਜ਼ ਸੁਰੇਸ਼ ਤ੍ਰਿਵੈਣੀ ਨੇ ਇਸ ਤਬਦੀਲੀ ਨੂੰ ਬਾਰੀਕੀ ਨਾਲ ਫੜਨ ਦਾ ਯਤਨ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਜਦੋਂ ਮਰਦ ਰਾਤੀਂ ਕੰਮ ਕਰ ਕੇ ਆਉਂਦਾ ਹੈ ਤਾਂ ਉਸ ਦੀਆਂ ਖੂਬ ਤਾਰੀਫਾਂ ਹੁੰਦੀਆਂ ਹਨ, ਪਰ ਉਸ ਨੇ ਚੁਪ-ਚਪੀਤੇ ਆਪਣੀ ਇਸ ਫਿਲਮ ਵਿਚ ਮਰਦ ਵਾਲੀ ਇਹ ਨੌਕਰੀ ਔਰਤ ਨੂੰ ਦਿਵਾ ਦਿੱਤੀ ਅਤੇ ਇਸ ਦੇ ਆਲੇ-ਦੁਆਲੇ ਅਜਿਹਾ ਕਿਰਦਾਰ ਬੁਣਿਆ ਕਿ ਇਸ ਨੇ ਮਰਦ ਪ੍ਰਧਾਨ ਮਾਨਸਿਕਤਾ ਦੇ ਤੂੰਬੇ ਉਡਾ ਦਿੱਤੇ। ਇਹ ਫਿਲਮ ਦਰਅਸਲ ਇਕ ਮੱਧ ਵਰਗੀ ਪਰਿਵਾਰ ਦੀਆਂ ਹਕੀਕਤਾਂ ਨਾਲ ਜੁੜੀ ਕਹਾਣੀ ਹੈ। ਘਰ ਦੀ ਔਰਤ ਬੜੀ ਸਾਧਾਰਨ ਹੈ, ਪਰ ਸੁਫ਼ਨੇ ਦੇਖਦੀ ਹੈ। ਜ਼ਿੰਦਗੀ ਦੇ ਇਕ ਖਾਸ ਮੋੜ 'ਤੇ ਆ ਕੇ ਉਸ ਨੂੰ ਇਕ ਖਾਸ ਮੌਕਾ ਮਿਲ ਜਾਂਦਾ ਹੈ ਅਤੇ ਇਹ ਔਰਤ ਰਾਤੋ-ਰਾਤ ਮਸ਼ਹੂਰ ਹੋ ਜਾਂਦੀ ਹੈ। ਇਸ ਦੇ ਬਾਵਜੂਦ ਉਹ ਆਪਣਾ ਘਰ ਵੀ ਸਫ਼ਲਤਾ ਨਾਲ ਸੰਭਾਲਦੀ ਹੈ। ਸੁੱਲੂ ਦੇ ਰੂਪ ਵਿਚ ਅਦਾਕਾਰਾ ਵਿਦਿਆ ਬਾਲਨ ਨੇ ਇਹ ਕਿਰਦਾਰ ਬਹੁਤ ਸਹਿਜ ਰੂਪ ਵਿਚ ਨਿਭਾਇਆ ਹੈ। ਇਸ ਪੱਖ ਤੋਂ ਉਸ ਦੀ ਅਦਾਕਾਰੀ ਦੀ ਝੰਡੀ ਹੈ। ਇਹ ਕਿਰਦਾਰ ਨਿਭਾਉਂਦਿਆਂ ਉਸ ਨੇ ਔਰਤ ਦੀ ਜ਼ਿੰਦਗੀ ਨਾਲ ਜੁੜੀਆਂ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਖੂਬ ਉਭਾਰਿਆ ਹੈ। ਫਿਲਮ ਵਿਚ ਉਸ ਦੇ ਪਤੀ ਅਸ਼ੋਕ ਦਾ ਕਿਰਦਾਰ ਨੌਜਵਾਨ ਅਦਾਕਾਰ ਮਾਨਵ ਕੌਲ ਦੇ ਹਿੱਸੇ ਆਇਆ ਹੈ। ਉਸ ਨੇ ਵੀ ਆਪਣਾ ਇਹ ਕਿਰਦਾਰ ਪੂਰੀ ਰੂਹ ਨਾਲ ਜੀਵਿਆ ਅਤੇ ਨਿਭਾਇਆ ਹੈ। ਉਹ ਆਪਣੀ ਪਤਨੀ ਦੀ ਹਰ ਔਕੜ ਦਾ ਧਿਆਨ ਰੱਖਦਾ ਹੈ ਅਤੇ ਉਸ ਦੇ ਕੰਮ ਦੇ ਨਾਲ ਨਾਲ ਆਪਣੇ ਕੰਮ ਦਾ ਦਬਾਅ ਵੀ ਝੱਲਦਾ ਹੈ। ਫਿਲਮ ਵਿਚ ਕਈ ਮਰਹੱਲੇ ਅਜਿਹੇ ਵੀ ਆਉਂਦੇ ਹਨ ਜਦੋਂ ਪਤੀ-ਪਤਨੀ ਦੀ ਗੱਲਬਾਤ ਅਚਾਨਕ ਤਕਰਾਰ ਵਿਚ ਬਦਲ ਜਾਂਦੀ ਹੈ, ਪਰ ਸੁਰੇਸ਼ ਤ੍ਰਿਵੈਣੀ ਨੇ ਇਨ੍ਹਾਂ ਹਾਲਾਤ ਨੂੰ ਬਹੁਤ ਸਲੀਕੇ ਨਾਲ ਨਜਿੱਠਣ ਦਾ ਯਤਨ ਕੀਤਾ ਹੈ। ਉਂਜ ਇਹ ਰਾਏ ਤਕਰੀਬਨ ਹਰ ਦਰਸ਼ਕ ਅਤੇ ਫਿਲਮ ਆਲੋਚਕ ਦੀ ਹੈ ਕਿ ਫਿਲਮ ਵਿਚਲਾ ਇਹ ਵੇਗ ਮਗਰਲੇ ਹਿੱਸੇ ਵਿਚ ਜਾ ਕੇ ਮੱਠਾ ਪੈ ਜਾਂਦਾ ਹੈ। ਸੁਰੇਸ਼ ਤ੍ਰਿਵੈਣੀ ਮੁਤਾਬਕ, ਉਹ 'ਤੁਮਹਾਰੀ ਸੁੱਲੂ' ਫਿਲਮ ਰਾਹੀਂ ਇਕ ਖਾਸ ਤਜਰਬਾ ਕਰਨਾ ਚਾਹੁੰਦੇ ਸਨ ਅਤੇ ਉਹ ਇਸ ਮਾਮਲੇ ਵਿਚ ਸਫ਼ਲ ਰਹੇ ਹਨ। ਫਿਲਮ ਵਿਚ ਵਿਦਿਆ ਬਾਲਨ ਅਤੇ ਮਾਨਵ ਕੌਲ ਤੋਂ ਇਲਾਵਾ ਵਿਜੈ ਮੌਰੀਆ, ਨੇਹਾ ਧੂਪੀਆ, ਅਭਿਸ਼ੇਕ ਸ਼ਰਮਾ, ਉਦੈ ਲਾਗੂ, ਸਾਂਤਨੂ ਘਟਕ ਵਰਗੇ ਹੰਢੇ-ਵਰਤੇ ਕਲਾਕਾਰਾਂ ਨੇ ਵੱਖ-ਵੱਖ ਕਿਰਦਾਰ ਨਿਭਾਏ ਹਨ। ਇਸ ਫਿਲਮ ਵਿਚ ਕੁੱਲ 5 ਗੀਤ ਹਨ ਅਤੇ ਇਨ੍ਹਾਂ ਗੀਤਾਂ ਨੇ ਵੀ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਫਿਲਮ 'ਮਿਸਟਰ ਇੰਡੀਆ' ਵਿਚ ਅਦਾਕਾਰਾ ਸ੍ਰੀ ਦੇਵੀ ਉਤੇ ਫਿਲਮਾਇਆ ਗੀਤ 'ਹਵਾ ਹਵਾਈ' ਵੀ ਇਸ ਵਿਚ ਸ਼ਾਮਲ ਹੈ। ਵਿਦਿਆ ਬਾਲਨ ਨੇ ਇਸ ਗੀਤ ਵਿਚ ਵੱਖਰਾ ਰੰਗ ਭਰਿਆ ਹੈ।



ਫਿਲਮਸਾਜ਼ ਸੁਰੇਸ਼ ਤ੍ਰਿਵੈਣੀ

# ਗੁੱਸੇ ਦੀਆਂ ਕਣੀਆਂ ਚੁਗਦਾ ਨਿਰਦੇਸ਼ਕ ਐਨ. ਚੰਦਰਾ




ਕੁਲਦੀਪ ਕੌਰ
ਫੋਨ: 91-98554-04330

ਨਿਰਦੇਸ਼ਕ ਐਨ. ਚੰਦਰਾ ਨੂੰ ਉਨ੍ਹਾਂ ਦੀ ਫਿਲਮਾਂ 'ਤੇਜ਼ਾਬ' ਅਤੇ 'ਪ੍ਰਤੀਘਾਤ' ਲਈ ਜਾਣਿਆ ਜਾਂਦਾ ਹੈ। ਉਹ ਫਿਲਮ 'ਤੇਜ਼ਾਬ' ਨੂੰ ਆਪਣੀ ਫਿਲਮ 'ਅੰਕੁਸ਼' ਦੀ ਹੀ ਕੜੀ ਮੰਨਦੇ ਹਨ। ਬਹੁਤ ਘੱਟ ਲੋਕ ਜਾਣਦੇ ਹਨ ਕਿ ਐਨ. ਚੰਦਰਾ ਦੀ ਆਪਣੀ ਜ਼ਿੰਦਗੀ ਮੁੰਬਈ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਵਿਚ ਗੁਜ਼ਰੀ ਅਤੇ ਉਨ੍ਹਾਂ ਆਪਣੀ ਹਰ ਫਿਲਮ ਦੇ ਕਿਰਦਾਰ ਇਨ੍ਹਾਂ ਬਸਤੀਆਂ ਦੇ ਬਾਸ਼ਿੰਦਿਆਂ ਦੁਆਲੇ ਹੀ ਬੁਣੇ।

ਅਖਬਾਰ 'ਦਿ ਟਾਈਮਜ਼ ਆਫ ਇੰਡੀਆ' ਨੂੰ ਦਿੱਤੀ ਇੰਟਰਵਿਊ ਵਿਚ 'ਅੰਕੁਸ਼' ਬਣਾਉਣ ਦੀ ਪ੍ਰਕਿਰਿਆ ਨੂੰ ਯਾਦ ਕਰਦਿਆਂ ਐਨ. ਚੰਦਰਾ ਦੱਸਦੇ ਹਨ, "ਇਸ ਫਿਲਮ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ। ਮੈਨੂੰ ਇਸ ਨੂੰ ਬਣਾਉਣ ਲਈ ਕਾਫੀ ਸੰਘਰਸ਼ ਕਰਨਾ ਪਿਆ। ਮੇਰਾ ਘਰ ਵਿਕ ਗਿਆ। ਸਮਾਂ ਅਜਿਹਾ ਵੀ ਆਇਆ ਕਿ ਮੈਨੂੰ ਫਿਲਮ ਦੇ ਨਿਰਮਾਣ ਦੇ ਖਰਚੇ ਪੂਰੇ ਕਰਨ ਲਈ ਆਪਣੀ ਬੀਵੀ ਅਤੇ ਭੈਣ ਦੇ ਗਹਿਣੇ ਤੱਕ ਵੇਚਣੇ ਪਏ। ਜਦੋਂ ਫਿਲਮ ਰਿਲੀਜ਼ ਹੋਈ ਤਾਂ ਇਹ ਦਿਨਾਂ ਵਿਚ ਹੀ ਸੁਪਰ-ਡੁਪਰ ਹਿਟ ਹੋ ਗਈ ਤੇ ਮੈਨੂੰ ਚੈਨ ਪੈ ਗਿਆ।"

ਇਹ ਫਿਲਮ ਰਿਲੀਜ਼ ਹੋਣ ਤੋਂ ਅੱਠ ਹਫਤਿਆਂ ਤੱਕ ਫਿਲਮ ਲਗਾਤਾਰ ਨੰਬਰ ਵੰਨ ਰਹੀ। ਫਿਲਮ ਦਾ ਪੋਸਟਰ ਜਿਸ ਵਿਚ ਚਾਰ ਮੁੰਡੇ ਅੱਖਾਂ ਵਿਚ ਤੇਜ਼ਾਬੀ ਚਮਕ ਅਤੇ ਹੱਥਾਂ ਉਪਰ ਸਾਈਕਲਾਂ ਦੀਆਂ ਚੇਨਾਂ ਲਪੇਟੀ ਮੁੰਬਈ ਸ਼ਹਿਰ ਦੀਆਂ ਸੜਕਾਂ 'ਤੇ ਭੱਜ ਰਹੇ ਸਨ, ਇਸ ਨੇ ਇਕ ਦਮ ਪਲਾਸਟਿਕ ਕਿਸਮ ਦੇ ਉਸ ਸਿਨੇਮੇ ਨੂੰ ਸਿੱਧੀ ਚੁਣੌਤੀ ਦਿੱਤੀ ਜਿਹੜਾ ਉਦੋਂ ਤੱਕ ਪੂਰੀ ਤਰ੍ਹਾਂ ਫੈਂਟਸੀ ਕਹਾਣੀਆਂ, ਮਹਿੰਗੇ ਤੇ ਡਿਜ਼ਾਈਨਰ ਕੱਪੜਿਆਂ ਅਤੇ ਉਚ ਵਰਗ ਦੇ ਚੋਚਲਿਆਂ ਤੱਕ ਮਹਿਦੂਦ ਹੋ ਚੁੱਕਾ ਸੀ। ਫਿਲਮ ਵਿਚ ਕਿਰਦਾਰਾਂ ਦਾ ਚਿਤਰਨ ਅਜਿਹਾ ਸੀ ਕਿ ਦਰਸ਼ਕਾਂ ਉਨ੍ਹਾਂ ਦੇ ਗੁੱਸੇ ਦੀਆਂ ਕਤਰਨਾਂ ਆਪਣੇ ਨਾਲ ਥੀਏਟਰ ਵਿਚੋਂ ਲੈ ਕੇ ਨਿਕਲਦੇ ਸਨ। ਇਸ ਫਿਲਮ ਦੇ ਕਿਰਦਾਰ ਹਾਲਾਤ ਦੇ ਟੁੱਟੇ-ਭੱਜੇ ਅੱਧੇ-ਅਧੂਰੇ ਸਾਧਾਰਨ ਮੁੰਡੇ ਸਨ। ਇਹੀ ਕਾਰਨ ਸੀ ਕਿ ਮੁੰਬਈ ਦੀਆਂ ਸੜਕਾਂ 'ਤੇ ਫਿਲਮਾਈ ਇਸ ਫਿਲਮ ਵਿਚ ਕੋਈ ਵੱਡਾ ਸਟਾਰ ਨਾ ਹੋਣ ਦੇ ਬਾਵਜੂਦ ਇਸ ਫਿਲਮ ਨੇ ਆਪਣੀ ਪਟਕਥਾ ਅਤੇ ਕਹਾਣੀ ਦੇ ਫਿਲਮਾਂਕਣ ਦੇ ਦਮ 'ਤੇ ਨਾ ਸਿਰਫ ਬਾਕਸ ਆਫਿਸ 'ਤੇ ਸਫਲਤਾ ਪ੍ਰਾਪਤ ਕੀਤੀ, ਸਗੋਂ ਆਲੋਚਕਾਂ ਨੇ ਵੀ ਫਿਲਮ ਦੀ ਭਰਵੀਂ ਸਲਾਹੁਤ ਕੀਤੀ। ਐਨ. ਚੰਦਰਾ ਨੇ ਇਸ ਫਿਲਮ ਦੇ ਮੁੰਬਈ ਡਿਸਟ੍ਰੀਬਿਊਸ਼ਨ ਦੇ ਅਧਿਕਾਰ ਆਪਣੇ ਕੋਲ ਹੀ ਰੱਖੇ ਅਤੇ ਫਿਲਮ ਨੇ ਚੰਗਾ ਬਿਜ਼ਨਸ ਕੀਤਾ।

ਇਸ ਫਿਲਮ ਦੀ ਕਹਾਣੀ ਵੀ ਘੱਟ ਦਿਲਚਸਪ ਨਹੀਂ। ਮੁੰਬਈ ਦੀ ਬਸਤੀ ਵਿਚ ਪਲੇ ਚਾਰ ਮੁੰਡਿਆਂ ਦੀ ਜ਼ਿੰਦਗੀ ਵਿਚ ਰੋਜ਼ ਦੀ ਅਲਕਤ ਅਤੇ ਜ਼ਲਾਲਤ ਤੋਂ ਬਿਨਾਂ ਕੁਝ ਨਹੀਂ। ਅਚਾਨਕ ਉਨ੍ਹਾਂ ਦੀ ਮੁਲਾਕਾਤ ਮਾਂ-ਧੀ ਦੀ ਜੋੜੀ ਨਾਲ ਹੁੰਦੀ ਹੈ ਜਿਨ੍ਹਾਂ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਮੋਹ ਤੇ ਮਮਤਾ ਦੇ ਅਰਥ ਸਮਝ ਆਉਂਦੇ ਹਨ। ਅਜੇ ਉਨ੍ਹਾਂ ਆਪਣੀ ਜ਼ਿੰਦਗੀ ਨੂੰ ਇਨ੍ਹਾਂ ਰਸਤਿਆਂ ਵੱਲ ਮੋੜਿਆ ਹੀ ਹੁੰਦਾ ਹੈ ਕਿ ਇੱਕ ਦਿਨ ਉਸ ਧੀ ਨਾਲ ਬਲਾਤਕਾਰ ਹੋ ਜਾਂਦਾ ਹੈ। ਇਸ ਤੋਂ ਬਾਅਦ ਉਹ ਕਾਨੂੰਨ ਦੀ ਬੇਚਾਰਗੀ, ਨੇਤਾਵਾਂ ਦਾ ਦੋਗਲਾਪਣ ਅਤੇ ਪੁਲਿਸ ਦੇ ਕਿਰਦਾਰ ਵਿਚਲੀ ਮੱਕਾਰੀ ਹੰਢਾਉਂਦੇ ਹਨ। ਬਲਾਤਕਾਰ ਦੇ ਦੋਸ਼ੀ ਬਾਇਜ਼ਤ ਬਰੀ ਹੋ ਜਾਂਦੇ ਹਨ। ਉਹ ਉਸ ਲੜਕੀ ਦੀ ਮਾਂ ਨੂੰ ਇਨਸਾਫ ਦਿਵਾਉਣਾ ਆਪਣੀ ਜ਼ਿੰਦਗੀ ਦਾ ਮਿਸ਼ਨ ਮਿਥ ਲੈਂਦੇ ਹਨ ਤੇ ਇਕ ਇਕ ਕਰ ਕੇ ਦੋਸ਼ੀਆਂ ਨੂੰ ਕਤਲ ਕਰ ਦਿੰਦੇ ਹਨ। ਅਖੀਰ ਵਿਚ ਉਨ੍ਹਾਂ ਸਾਰਿਆਂ ਨੂੰ ਉਮਰ ਕੈਦ ਹੋ ਜਾਂਦੀ ਹੈ। ਫਿਲਮ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਫਿਲਮ ਇਨਸਾਫ ਦੇ ਬਿਰਤਾਂਤ ਤੋਂ ਪਾਰ ਜਾਂਦਿਆਂ ਅਜਿਹੇ ਗੁਨਾਹਾਂ ਦੇ ਪੈਦਾ ਹੋਣ ਦੀ ਦਲਦਲ ਫਰੋਲਣ ਦੀ ਕੋਸ਼ਿਸ਼ ਕਰਦੀ ਹੈ। ਬਲਾਤਕਾਰ ਦੇ ਮਾਮਲੇ ਵਿਚ ਇਸ ਨੂੰ ਮਿਲਦੀ ਸਮਾਜਿਕ ਪ੍ਰਵਾਨਗੀ ਤੋਂ ਲੈ ਕੇ ਨੇਤਾਵਾਂ ਦੁਆਰਾ ਅਜਿਹੇ ਮੁੱਦਿਆਂ ਨੂੰ ਰਫਾ-ਦਫਾ ਕਰਨ ਦੀ ਕਾਰਗੁਜ਼ਾਰੀ ਦਾ ਖੁਲਾਸਾ ਕਰਦੀ ਇਹ ਫਿਲਮ ਮੁੰਬਈ ਦੀਆਂ ਬਸਤੀਆਂ ਦੇ ਹਕੀਕੀ ਦ੍ਰਿਸ਼ਾਂ ਕਾਰਨ ਉਸ ਸਾਲ ਦੀਆਂ ਬਾਕੀ ਸਾਰੀਆਂ ਫਿਲਮਾਂ ਨੂੰ ਪਛਾੜ ਦਿੰਦੀ ਹੈ। ਇਸ ਫਿਲਮ ਦਾ ਹਾਸਲ ਸੀ ਭਜਨ 'ਇਤਨੀ ਸ਼ਕਤੀ ਹਮੇਂ ਦੇਨਾ ਦਾਤਾ'। ਆਪਣੀ ਇੰਟਰਵਿਊ ਵਿਚ ਐਨ. ਚੰਦਰਾ ਕਹਿੰਦੇ ਹਨ ਕਿ ਇਹ ਭਜਨ ਉਸ ਸਾਲ ਮੁਲ਼ਕ ਦੇ ਅੱਧ ਤੋਂ ਵੱਧ ਨੇਤਾਵਾਂ ਦੀ ਰਿੰਗ-ਟੋਨ ਬਣਿਆ। ਨਾਲ ਹੀ ਉਹ ਸਵਾਲ ਕਰਦੇ ਹਨ ਕਿ ਕਿਤੇ ਇਹ ਉਨ੍ਹਾਂ ਦੀ ਆਪਣੇ ਗੁਨਾਹਾਂ ਨੂੰ ਛੁਪਾਉਣ ਦੀ ਨਾਦਾਨ ਕੋਸ਼ਿਸ਼ ਤਾਂ ਨਹੀ? ਨਾਲ ਹੀ ਉਹ ਹੱਸ ਪੈਂਦੇ ਹਨ।










ਫਿਲਮਸਾਜ਼ ਐਨ. ਚੰਦਰਾ ਦੀਆਂ ਚਰਚਿਤ ਫਿਲਮਾਂ 'ਅੰਕੁਸ਼', 'ਪ੍ਰਤੀਘਾਤ' ਅਤੇ 'ਤੇਜ਼ਾਬ' ਦੇ ਪੋਸਟਰ।




ਫਿਲਮਸਾਜ਼ ਐਨ. ਚੰਦਰਾ

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਬਿਰਧ ਬਿਰਖ



*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਦੋ ਲੇਖਾਂ ਵਿਚ ਡਾ. ਭੰਡਾਲ ਨੇ ਸਾਡੇ ਬਜ਼ੁਰਗਾਂ ਦੇ ਇਕੱਲੇ ਰਹਿ ਜਾਣ, ਬੱਚਿਆਂ ਦੀ ਉਨ੍ਹਾਂ ਪ੍ਰਤੀ ਲਾਪਰਵਾਹੀ ਅਤੇ ਬਜ਼ੁਰਗਾਂ ਦੇ ਸਰੋਕਾਰਾਂ ਦੀ ਗੱਲ ਕੀਤੀ ਸੀ। ਹਥਲੇ ਲੇਖ ਵਿਚ ਉਨ੍ਹਾਂ ਬਿਰਖਾਂ 'ਤੇ ਪਤਝੜ ਦੀ ਰੁੱਤ ਦੇ ਅਸਰ ਅਤੇ ਉਨ੍ਹਾਂ ਦੀ ਬਹਾਰ ਦੇ ਪਰਤਣ ਦੀ ਆਸ ਦੇ ਹਵਾਲੇ ਨਾਲ ਅਜੋਕੇ ਸਮੇਂ ਵਿਚ ਸਾਡੇ ਬਜ਼ੁਰਗਾਂ ਦੀ ਹਾਲਤ ਦਾ ਬਿਆਨ ਕਰਦਿਆਂ ਕਿਹਾ ਹੈ, "ਦਰਅਸਲ ਮਾਇਕ ਦੌੜ ਨੇ ਮਨੁੱਖੀ ਮਾਨਸਿਕਤਾ ਵਿਚ ਅਜਿਹਾ ਉਲਾਰ ਪੈਦਾ ਕਰ ਦਿੱਤਾ ਹੈ ਕਿ ਉਸ ਦਾ ਸਰੋਕਾਰ ਸਿਰਫ ਪੈਸੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।" ਉਹ ਖਬਰਦਾਰ ਕਰਦੇ ਹਨ, "ਬਾਬੇ ਬਿਰਖਾਂ ਨੇ ਇਕ ਦਿਨ ਤੁਰ ਜਾਣਾ ਏ। ਇਸ ਤੋਂ ਪਹਿਲਾਂ ਕਿ ਸਿਰਫ ਅਫਸੋਸ ਹੀ ਸਾਡੇ ਪੱਲੇ ਰਹਿ ਜਾਵੇ, ਗਰਾਂ ਵੰਨੀਂ ਜਾਂਦੀਆਂ ਰਾਹਾਂ ਆਪਣੇ ਕਦਮਾਂ ਦੇ ਨਾਮ ਕਰੀਏ।" -ਸੰਪਾਦਕ*

ਬੱਸ ਪੂਰੀ ਰਫਤਾਰ 'ਤੇ ਜਾ ਰਹੀ ਏ। ਇਸ ਦੇ ਆਲੇ-ਦੁਆਲੇ ਬਿਰਖਾਂ ਦੇ ਪੱਤਿਆਂ ਦੇ ਬਦਲ ਰਹੇ ਰੰਗ ਦਿਲਕਸ਼ ਨਜ਼ਾਰੇ ਪੈਦਾ ਕਰ ਰਹੇ ਨੇ। ਕੁਝ ਕੁ ਬਿਰਖਾਂ ਦੇ ਪੱਤੇ ਝੜ ਗਏ ਨੇ, ਕੁਝ ਕੁ ਦੇ ਲਾਲ ਹੋ ਗਏ ਨੇ ਤੇ ਕੁਝ ਦੇ ਪੱਤੇ ਪੀਲੇ। ਮੈਂ ਆਪਣੇ ਸਾਥੀ ਨੂੰ ਇਸ ਦ੍ਰਿਸ਼ ਵੰਨੀ ਇਸ਼ਾਰਾ ਕਰਕੇ ਕਹਿੰਦਾ ਹਾਂ, "ਦੇਖ! ਕੁਦਰਤ ਦੀ ਕਲਾਕਾਰੀ, ਬਿਰਖਾਂ ਉਪਰ ਵੱਖ ਵੱਖ ਰੰਗਾਂ ਦਾ ਛੱਟਾ ਅਤੇ ਇਸ ਨਾਲ ਪੈ ਰਿਹਾ ਬੱਝਵਾਂ ਪ੍ਰਭਾਵ। ਇਹ ਕੁਦਰਤ ਦੀਆਂ ਰੰਗੀਨੀਆਂ ਹੀ ਨੇ ਜੋ ਮਨੁੱਖੀ ਜ਼ਿੰਦਗੀ ਦਾ ਹਾਸਲ ਬਣ ਕੇ, ਉਸ ਨੂੰ ਹਰ ਸਾਹ ਵਿਚ ਸੁਹੱਪਣ ਭਰਨ ਲਈ ਪ੍ਰੇਰਿਤ ਕਰਦੀਆਂ ਨੇ।"

ਮੇਰਾ ਸਾਥੀ ਜਵਾਬ ਦਿੰਦਾ ਹੈ, "ਇਨ੍ਹਾਂ ਬਿਖਰੇ ਰੰਗਾਂ ਦੀ ਖੂਬਸੂਰਤੀ ਪ੍ਰਤੀ ਹੀ ਨਾ ਸੋਚੋ! ਜ਼ਰਾ ਕੁ ਸੋਚੋ! ਬਿਰਖ ਨੂੰ ਕਿੰਨਾ ਦਰਦ ਹੁੰਦਾ ਹੋਵੇਗਾ ਜਦ ਹਰ ਕਚੂਰ ਪੱਤਾ ਆਪਣੀ ਅਉਧ ਪੁਗਾ ਹਰੇ ਤੋਂ ਪੀਲਾ ਤੇ ਲਾਲ ਹੋ ਸ਼ਾਖ ਨੂੰ ਅਲਵਿਦਾ ਕਹਿੰਦਾ ਹੋਵੇਗਾ ਅਤੇ ਸ਼ਾਖ ਵਿਚਾਰੀ ਨੰਗੇ ਪਿੰਡੇ, ਕਹਿਰਾਂ ਦੀ ਸਰਦੀ ਸਹਿਣ ਲਈ ਮਜਬੂਰ ਹੁੰਦੀ ਹੋਵੇਗੀ। ਕਦੇ ਉਸ ਗਮ ਦਾ ਕਿਆਸ ਕਰ ਜੋ ਆਪਣੇ ਹਿੱਸੇ ਦੇ ਟੁੱਟਣ ਨਾਲ ਹੁੰਦਾ ਏ ਤੇ ਜੋ ਲੋਕ ਉਸ ਦੀ ਪੀੜ ਨੂੰ ਅੰਦਰ ਉਤਾਰ ਕੇ ਜਿਉਂਦੇ ਨੇ, ਉਹ ਧੰਨ ਹਨ।"

ਮੈਂ ਠਠੰਬਰ ਗਿਆ। ਸੋਚਣ ਲੱਗਾ, ਇਹ ਵਿਚਾਰ ਮੇਰੇ ਮਨ ਵਿਚ ਕਿਉਂ ਨਾ ਆਇਆ? ਅਸੀਂ ਕਿੰਨਾ ਕੁ ਸੰਵੇਦਨਸ਼ੀਲ ਰਹਿ ਗਏ ਹਾਂ? ਕਿੰਨਾ ਕੁ ਅਹਿਸਾਸ ਹੁੰਦਾ ਹੈ ਜਦ ਸਾਡਾ ਆਪਣਾ ਸਾਥੋਂ ਦੂਰ ਤੁਰ ਜਾਂਦਾ ਹੈ ਜਾਂ ਸਦਾ ਲਈ ਦੂਰ ਤੁਰ ਜਾਣ ਦੀਆਂ ਤਿਆਰੀਆਂ ਅਰੰਭਦਾ ਹੈ।

ਬਿਰਖ, ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਜਿਉਂਦੀ ਹੋਂਦ। ਸੁੱਚੇ ਸਰੋਕਾਰਾਂ ਦਾ ਵਿਸਥਾਰ। ਹਰ ਇਕ ਲਈ ਆਕਸੀਜ਼ਨ ਤੇ ਠੰਡੜੀ ਛਾਂ। ਪਰਿੰਦਿਆਂ ਦਾ ਗਰਾਂ। ਸੱਥਾਂ ਦੇ ਜੁੜਨ ਦਾ ਸਬੱਬ ਤੇ ਪਿੰਡ ਦੀ ਮੋੜ੍ਹੀ ਗੱਡਣ ਦਾ ਜੁਗਾੜ।

ਇਹ ਕੁਦਰਤ ਦਾ ਨਿਯਮ ਹੈ ਕਿ ਹਰ ਇਕ ਨੇ ਆਪਣੀ ਉਮਰ ਵਿਹਾ ਕੇ ਤੁਰ ਜਾਣਾ ਏ। ਪਰ ਜੇ ਉਸ ਦੇ ਜਾਣ ਵਿਚ ਸੁਖਨ ਹੋਵੇ, ਸ਼ੋਭਾ ਹੋਵੇ, ਸਹਿਜ ਹੋਵੇ, ਸੰਤੁਸ਼ਟੀ ਹੋਵੇ ਤਾਂ ਜਾਣਾ ਸਫਲ ਹੁੰਦਾ ਏ ਨਹੀਂ ਤਾਂ ਉਸ ਦਾ ਜਾਣਾ ਵੀ ਕਈ ਪ੍ਰਸ਼ਨਾਂ ਨੂੰ ਜਨਮ ਦਿੰਦਾ ਹੈ।

ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਵਾਲੇ ਸ਼ਖਸ ਇਕੱਲ ਦੇ ਸ਼ਿਕਾਰ ਹਨ। ਲੋਕਾਂ ਨੂੰ ਮੱਤਾਂ ਦੇਣ ਵਾਲਾ ਸ਼ਰੀਕਾਂ ਤੇ ਰਿਸ਼ਤੇਦਾਰਾਂ ਦੀਆਂ ਨਸੀਹਤਾਂ ਦੀ ਜਕੜ ਵਿਚ ਆ ਕੇ ਤਿਲ ਮਿਲਾ ਰਿਹਾ ਏ। ਹਰ ਇਕ ਦੇ ਕੰਮ ਆਉਣ ਵਾਲੇ ਇਨਸਾਨ ਨੂੰ ਕੋਈ ਵੀ ਡਾਕਟਰ ਕੋਲ ਲਿਜਾਣ ਲਈ ਤਿਆਰ ਨਹੀਂ? ਹਰ ਕੋਈ ਇਹ ਧਾਰਨਾ ਮਨ 'ਚ ਪਾਲ ਚੁਕਾ ਏ ਕਿ ਇਸ ਦੇ ਕੰਮ ਆਉਣ ਨਾਲ ਕਿਹੜਾ ਲਾਭ ਹੋਣਾ ਏ? ਜ਼ਮੀਨ ਤਾਂ ਧੀਆਂ ਨੇ ਸਾਂਭ ਲੈਣੀ ਏ, ਜੋ ਪਰਦੇਸੀਂ ਵਸਦੀਆਂ ਨੇ। ਤੇ ਹੁਣ ਧੀਆਂ ਕੋਲ ਵੀ ਵਿਹਲ ਨਹੀਂ, ਆਪਣੇ ਬਾਪ ਦੀ ਸਾਰ ਲੈਣ ਦੀ। ਪਰ ਬਾਪ ਦੇ ਮਰਨ ਤੋਂ ਬਾਅਦ ਉਸ ਦੀ ਜਾਇਦਾਦ ਦੀਆਂ ਵੰਡੀਆਂ ਪਾਉਣ ਜ਼ਰੂਰ ਪਹੁੰਚ ਜਾਣਗੀਆਂ।


ਕਿਹੋ ਜਿਹੀ ਸਮਾਜਿਕ ਅਰਾਜਕਤਾ 'ਚੋਂ ਅਸੀਂ ਗੁਜ਼ਰ ਰਹੇ ਹਾਂ! ਕੀ ਅਜਿਹੇ ਰਿਸ਼ਤਿਆਂ ਲਈ ਹੀ ਮਾਨਵ ਸਮਾਜਿਕ ਪ੍ਰਾਣੀ ਬਣਿਆ ਸੀ? ਕੀ ਸਾਡੇ ਮਨਾਂ 'ਚੋਂ ਰਹਿਮ ਮਰ ਚੁਕਾ ਏ? ਕੀ ਸਾਡੀਆਂ ਸੋਚਾਂ 'ਚੋਂ ਸੇਵਾ-ਭਾਵਨਾ ਲੁਪਤ ਹੋ ਚੁਕੀ ਹੈ? ਕੀ ਅਸੀਂ ਰਿਸ਼ਤਿਆਂ ਦੀ ਅਰਥੀ ਢੋਣ ਦਾ ਦੰਭ ਤਾਂ ਨਹੀਂ ਕਰ ਰਹੇ? ਸਭ ਭੈਣ-ਭਰਾ, ਪੁੱਤ-ਧੀਆਂ ਤੇ ਰਿਸ਼ਤੇਦਾਰ ਛਿਲੜਾਂ ਦੀਆਂ ਨੀਂਹਾਂ 'ਤੇ ਹੀ ਮੋਹ ਨੂੰ ਤਾਮੀਰ ਕਰਨ ਦਾ ਦਿਖਾਵਾ ਕਰਦੇ ਨੇ ਤੇ ਜਿਹੜੀ ਜੇਬ ਖਾਲੀ ਹੋਣ 'ਤੇ ਆਪਣੇ ਆਪ ਢਹਿ ਢੇਰੀ ਹੋ ਜਾਂਦੀ ਏ।

ਦਰਅਸਲ ਮਨੁੱਖ ਸੋਚਦਾ ਏ ਕਿ ਉਹ ਸਦੀਵੀ ਏ, ਸਮਰੱਥ ਏ, ਸਿਹਤਮੰਦ ਏ ਤੇ ਸੰਭਾਵਨਾਵਾਂ ਨੂੰ ਸੰਪੂਰਨ ਕਰਨ ਦੇ ਯੋਗ ਏ। ਉਸ ਨੂੰ ਕਿਸੇ ਦੀ ਲੋੜ ਨਹੀਂ। ਉਹ ਇਕੱਲਾ ਹੀ ਜ਼ਿੰਦਗੀ ਜਿਉਣ ਦੇ ਕਾਬਲ ਏ ਪਰ ਉਸ ਨੂੰ ਭਰਮ ਏ। ਇਕੱਲਾ ਤਾਂ ਬਿਰਖ ਵੀ ਉਦਾਸ ਹੋ ਜਾਂਦਾ ਏ। ਰੁੱਤਾਂ, ਨਿਖਸਮੇ ਬਿਰਖ ਦੇ ਵਿਹੜੇ ਦਸਤਕ ਨਹੀਂ ਦਿੰਦੀਆਂ। ਪਰਿੰਦੇ ਆਲ੍ਹਣਾ ਨਹੀਂ ਪਾਉਂਦੇ ਤੇ ਬਿਰਖ ਹੌਲੀ-ਹੌਲੀ ਇਕ ਹਉਕਾ ਬਣ ਜਾਂਦਾ ਏ।

> **ਕਿਹੋ ਜਿਹੀ ਸਮਾਜਿਕ ਅਰਾਜਕਤਾ 'ਚੋਂ ਅਸੀਂ ਗੁਜ਼ਰ ਰਹੇ ਹਾਂ! ਕੀ ਅਜਿਹੇ ਰਿਸ਼ਤਿਆਂ ਲਈ ਹੀ ਮਾਨਵ ਸਮਾਜਿਕ ਪ੍ਰਾਣੀ ਬਣਿਆ ਸੀ? ਕੀ ਸਾਡੇ ਮਨਾਂ 'ਚੋਂ ਰਹਿਮ ਮਰ ਚੁਕਾ ਏ? ਕੀ ਸਾਡੀਆਂ ਸੋਚਾਂ 'ਚੋਂ ਸੇਵਾ-ਭਾਵਨਾ ਲੁਪਤ ਹੋ ਚੁਕੀ ਹੈ? ਕੀ ਅਸੀਂ ਰਿਸ਼ਤਿਆਂ ਦੀ ਅਰਥੀ ਢੋਣ ਦਾ ਦੰਭ ਤਾਂ ਨਹੀਂ ਕਰ ਰਹੇ? ਸਭ ਭੈਣ-ਭਰਾ, ਪੁੱਤ-ਧੀਆਂ ਤੇ ਰਿਸ਼ਤੇਦਾਰ ਛਿਲੜਾਂ ਦੀਆਂ ਨੀਂਹਾਂ 'ਤੇ ਹੀ ਮੋਹ ਨੂੰ ਤਾਮੀਰ ਕਰਨ ਦਾ ਦਿਖਾਵਾ ਕਰਦੇ ਨੇ ਤੇ ਜਿਹੜੀ ਜੇਬ ਖਾਲੀ ਹੋਣ 'ਤੇ ਆਪਣੇ ਆਪ ਢਹਿ ਢੇਰੀ ਹੋ ਜਾਂਦੀ ਏ।**

ਬੁੱਢਾ ਬਿਰਖ ਬਿਨ ਪੱਤਿਉਂ ਵੀ, ਬਰਫਾਂ ਸਹਾਰਦਾ ਠੰਢ ਵਿਚ ਅਡੋਲ ਰਹਿੰਦਾ ਏ ਕਿਉਂਕਿ ਉਸ ਦੀ ਆਸ ਜਿਉਂਦੀ ਏ। ਉਸ ਨੂੰ ਆਸ ਹੁੰਦੀ ਏ ਕਿ ਧਰਤੀ 'ਤੇ ਵਿਛੇ ਹੋਏ ਸੁੱਕੇ ਪੱਤੇ ਕਿਤੇ ਨਹੀਂ ਜਾਣਗੇ। ਇਹ ਕੁਝ ਸਮੇਂ ਬਾਅਦ ਕਰੂੰਬਲਾਂ ਦੇ ਰੂਪ ਵਿਚ ਸ਼ਾਖਾਵਾਂ 'ਤੇ ਦਸਤਕ ਦੇਣਗੇ ਤੇ ਫਿਰ ਹੌਲੀ-ਹੌਲੀ ਇਕ ਬਹਾਰ ਮੇਰਾ ਨਸੀਬ ਬਣੇਗੀ ਤੇ ਇਕ ਖੇੜਾ ਮੇਰਾ ਹਾਸਲ ਹੋਵੇਗਾ।

ਬਿਰਖ, ਬੇਆਸ ਤੋਂ ਆਸ ਦੀ ਕਿਰਨ। ਬੇਉਮੀਦੀ ਤੋਂ ਉਮੀਦ ਦਾ ਚੜ੍ਹਦਾ ਸੂਰਜ। ਪੀੜ ਤੋਂ ਹੁਲਾਸ ਦੀ ਯਾਤਰਾ। ਦਰਦ ਤੋਂ ਖੁਸ਼ੀਆਂ ਦੇ ਮੇਲੇ ਦੀ ਆਮਦ। ਵਿਛੜਨ ਤੋਂ ਫਿਰ ਮਿਲਣ ਦੀ ਪਰਿਭਾਸ਼ਾ ਤੇ ਮਰ ਰਹੇ ਅਹਿਸਾਸਾਂ ਨੂੰ ਜੱਗ ਜਿਉਣ ਦੀ ਅਭਿਲਾਸ਼ਾ।



ਬਿਰਖ ਦੇ ਦਰੀਂ ਜਦ ਪਤਝੜ ਦਸਤਕ ਦਿੰਦੀ ਏ ਤਾਂ ਉਹ ਨਸੀਬਾਂ ਨੂੰ ਚੁਣੌਤੀ ਹੁੰਦੀ ਏ, ਕਰਮਸ਼ੀਲਤਾ ਲਈ ਵੰਗਾਰ, ਜੀਵਨ-ਜਾਚ ਨੂੰ ਲਲਕਾਰ ਤੇ ਇਸ ਦਾ ਸਾਹਮਣਾ ਕਰਕੇ ਹੀ ਬਿਰਖ ਸਮਿਆਂ ਦਾ ਹਾਣੀ ਹੋ ਸਕਦਾ ਹੈ।

ਹਰ ਬਿਰਖ ਨੂੰ ਆਪਣੀਆਂ ਸ਼ਾਖਾਵਾਂ ਨਾਲ ਪਿਆਰ ਹੁੰਦਾ ਏ। ਇਸ ਦੇ ਆਲ੍ਹਣਿਆਂ ਵਿਚ ਰਹਿੰਦੇ ਪਰਿੰਦਿਆਂ ਨਾਲ ਮੋਹ ਹੁੰਦਾ ਏ। ਇਨ੍ਹਾਂ ਦੇ ਦੂਰ ਉਡਾਰੀ ਮਾਰਨ 'ਤੇ ਮਨ ਵਿਚ ਸੋਗ ਉਪਜਦਾ ਏ ਪਰ ਉਸ ਨੂੰ ਪਰਿੰਦਿਆਂ ਦੇ ਪਰਤ ਆਉਣ ਦੀ ਆਸ ਹੁੰਦੀ ਏ। ਪਰ ਜੇ ਪਰਿੰਦੇ ਹੁੰਗਾਰਾ ਹੀ ਨਾ ਭਰਨ, ਸਾਰ ਹੀ ਨਾ ਲੈ, ਤਾਂ ਬਿਰਖ ਨਿਰਾਸ਼ਾ ਦੀ ਦਲਦਲ ਵਿਚ ਧਸਦਾ ਆਪਣੀ ਹੋਂਦ ਹੀ ਗਵਾ ਬਹਿੰਦਾ ਹੈ।

ਅਸੀਂ ਬੁੱਢੇ ਬਿਰਖਾਂ ਤੋਂ ਉਡਾਰੀ ਮਾਰ ਕੇ ਬਹੁਤ ਦੂਰ ਆ ਗਏ ਹਾਂ। ਬਿਰਖ 'ਤੇ ਖੁਸ਼ੀਆਂ ਦੀ ਬਹਾਰ ਤੇ ਗਮਾਂ ਦੀ ਪਤਝੜ ਆਉਂਦੀ ਹੈ ਤੇ ਉਹ ਲੋਚਦੇ ਨੇ ਕਿ ਅਸੀਂ ਕਦੇ ਨਾ ਕਦੇ ਤਾਂ ਉਨ੍ਹਾਂ ਬਾਬੇ ਬਿਰਖਾਂ ਦੀ ਠੰਢੀ ਛਾਂ ਮਾਣੀਏ ਤੇ ਉਨ੍ਹਾਂ ਦੀ ਸੰਗਤ ਵਿਚ ਸੰਗੀਤਕ ਫਿਜ਼ਾ ਦਾ ਲੁਤਫ ਲਈਏ। ਉਨ੍ਹਾਂ ਦੀ ਤਮੰਨਾ ਹੈ, ਉਹ ਪਰਾਏ ਹੋਏ ਹਿੱਸਿਆਂ ਦੇ ਨਾਮ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਪਰਪੱਕਤਾ ਦਾ ਐਲਾਨਨਾਮਾ ਕਰਨ। ਉਨ੍ਹਾਂ ਦੀ ਚਾਹਨਾ ਹੈ ਕਿ ਕਦੇ ਉਨ੍ਹਾਂ ਦੇ ਵਿਹੜੇ ਨੂੰ ਪੰਛੀਆਂ ਦੇ ਚਹਿਕਣ ਤੇ ਜੁੜਦੀਆਂ ਸੱਥਾਂ ਦਾ ਸਾਥ ਨਸੀਬ ਹੋਵੇ ਤੇ ਉਹ ਖੁਸ਼ਨਸੀਬੀ ਦੇ ਬੇਨਜ਼ੀਰ ਪਲਾਂ ਨੂੰ ਜ਼ਿੰਦਗੀ ਦਾ ਸਰਮਾਇਆ ਬਣਾ ਸਕਣ।

ਦਰਅਸਲ ਮਾਇਕ ਦੌੜ ਨੇ ਮਨੁੱਖੀ ਮਾਨਸਿਕਤਾ ਵਿਚ ਅਜਿਹਾ ਉਲਾਰ ਪੈਦਾ ਕਰ ਦਿੱਤਾ ਹੈ ਕਿ ਉਸ ਦਾ ਸਰੋਕਾਰ ਸਿਰਫ ਪੈਸੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ।

ਮੇਰਾ ਮਿੱਤਰ ਕਹਿੰਦਾ ਹੈ, "ਜ਼ਰਾ ਕੁ ਸੋਚੀਂ! ਕਿੰਨੇ ਕੁ ਲੋਕ ਅਹਿਸਾਸਾਂ ਦੀ ਗੱਲ ਕਰਦੇ ਨੇ, ਅਹਿਸਾਸਾਂ ਸੰਗ ਜਿਉਂਦੇ ਨੇ ਤੇ ਅਹਿਸਾਸਾਂ ਨਾਲ ਰਿਸ਼ਤਿਆਂ ਨੂੰ ਨਿਭਾਉਂਦੇ ਨੇ। ਤੂੰ ਅਹਿਸਾਸਾਂ ਦੀ ਗੱਲ ਕਰਦਾ ਏਂ, ਇਥੇ ਤਾਂ ਕਿਸੇ ਕੋਲ ਆਪਣੇ ਆਪ ਨੂੰ ਵੀ ਮਿਲਣ ਦਾ ਵਕਤ ਨਹੀਂ।" ਸੱਚੀਂ! ਮਸ਼ੀਨੀ ਜ਼ਿੰਦਗੀ ਜਿਉਂਦੇ ਲੋਕ ਅਹਿਸਾਸ-ਭਕੁੰਨੇ ਨਹੀਂ ਹੋ ਸਕਦੇ।

ਬਾਬੇ ਬਿਰਖਾਂ ਨੇ ਇਕ ਦਿਨ ਤੁਰ ਜਾਣਾ ਏ। ਇਸ ਤੋਂ ਪਹਿਲਾਂ ਕਿ ਸਿਰਫ ਅਫਸੋਸ ਹੀ ਸਾਡੇ ਪੱਲੇ ਰਹਿ ਜਾਵੇ, ਗਰਾਂ ਵੰਨੀਂ ਜਾਂਦੀਆਂ ਰਾਹਾਂ ਆਪਣੇ ਕਦਮਾਂ ਦੇ ਨਾਮ ਕਰੀਏ।

ਜ਼ਿੰਦਗੀ 'ਚੋਂ ਬਿਰਖ ਨੂੰ ਵਿਸਾਰਨ ਵਾਲਾ ਸ਼ਖਸ ਕੁਦਰਤ ਦੀ ਤੌਹੀਨ, ਵਕਤ ਦੇ ਦੀਦਿਆਂ ਦਾ ਖਾਰਾ ਅੱਥਰੂ, ਮਾਨਵਤਾ 'ਤੇ ਗੜਿਆਂ ਦੀ ਮਾਰ ਅਤੇ ਮਾਨਵੀ ਸਰੋਕਾਰਾਂ ਦੀ ਦੁਰਕਾਰ।

ਬਿਰਖ, ਸਮੁੱਚੀ ਜੀਵ ਪ੍ਰਣਾਲੀ ਦਾ ਆਧਾਰ। ਕੁਦਰਤੀ ਨੇਮਾਂ ਦਾ ਸੁੱਚਾ ਸਿਰਨਾਂਵਾਂ। ਜੱਗ ਨੂੰ ਸਭ ਕੁਝ ਵੰਡਣ ਵਾਲਾ ਕਰਮਯੋਗੀ। ਸਭ ਤੋਂ ਵੱਡਾ ਦਾਨੀ ਤੇ ਇਸ ਨੂੰ ਆਪਣੀ ਸੋਚ 'ਚੋਂ ਹੀ ਨਕਾਰਨਾ, ਸਾਡੀ ਸਭ ਤੋਂ ਵੱਡੀ ਨਾਦਾਨੀ। ਇਕ ਨਾ ਬਖਸ਼ਣਯੋਗ ਭੁੱਲ।

ਦੁਨਿਆਵੀ ਸੁੱਖ-ਸੁਵਿਧਾਵਾਂ ਨਾਲ ਲਬਰੇਜ਼ ਅਤੇ ਜੀਵਨ-ਦੌੜ ਦੇ ਰੋਬੋਟੋ! ਬਾਬੇ ਬਿਰਖਾਂ ਦੇ ਵਿਹੜੇ ਤੁਹਾਨੂੰ ਉਡੀਕਦੇ ਨੇ। ਉਨ੍ਹਾਂ ਦੇ ਦਰਾਂ ਦੀ ਦਸਤਕ ਬਣੋ। ਤੁਹਾਡੇ ਮਨ ਦੇ ਸੂਖਮ-ਭਾਵ, ਬਾਬੇ ਬਿਰਖਾਂ ਦੀ ਨੀਰਸ ਜ਼ਿੰਦਗੀ ਦੇ ਵਿਹੜੇ ਹਸਦੇ ਤੇ ਜਿਉਂਦੇ ਪਲਾਂ ਦਾ ਨਿਉਂਦਾ ਦੇਣਗੇ।

---

## ਅਕਸ

ਉਹਦਾ ਹੋ ਕੇ ਵੀ ਮੈਂ ਕਿਉਂ ਉਮਰ ਭਰ ਉਸ ਦਾ ਨਾ ਸੀ।
ਸ਼ੀਸ਼ੇ ਵਿਚ ਉਸ ਦੇ ਜੋ ਅਕਸ ਸੀ, ਉਹ ਮੇਰਾ ਨਾ ਸੀ।
ਹੱਕ ਬੋਲਣ ਦਾ ਅਸਾਂ ਨੂੰ ਇਸ ਤਰ੍ਹਾਂ ਦਿੱਤਾ ਗਿਆ
ਸ਼ਬਦ ਵੀ ਉਨ੍ਹਾਂ ਦੇ ਸਨ ਤੇ ਅਰਥ ਵੀ ਸਾਡਾ ਨਾ ਸੀ।
ਹਰ ਤਰਫ ਸੀ ਚਿਹਰਿਆਂ ਦਾ ਫੈਲਿਆ ਹੋਇਆ ਹਜੂਮ
ਏਨੇ ਸਾਰੇ ਚਿਹਰਿਆਂ ਵਿਚ ਕਿਉਂ ਮਿਰਾ ਚਿਹਰਾ ਨਾ ਸੀ।
ਉਹ ਬੁਰਾ ਸੀ, ਹੌਸਲਾ ਇਹ ਤਾਂ ਨਹੀਂ ਸੀ ਕਹਿਣ ਦਾ
ਲੋਕ ਏਨਾ ਆਖਦੇ ਸਨ ਕਿ ਆਦਮੀ ਚੰਗਾ ਨਾ ਸੀ।
ਬਖਸ਼ਿਆ ਸੀ ਜੋ ਤੁਸੀਂ ਉਹ ਸਾਂਭ ਕੇ ਰੱਖਦੇ ਜ਼ਰੂਰ
ਪਰ ਅਸੀਂ ਮਜਬੂਰ ਸੀ, ਉਹ ਜ਼ਖਮ ਹੀ ਡੂੰਘਾ ਨਾ ਸੀ।

**-ਡਾ. ਸ਼ਸ਼ੀ ਕਾਂਤ ਉਪਲ**

---

## ਮਸਤੀ

ਕਲੀਰੇ ਦੀਆਂ ਲੜੀਆਂ ਨੇ, ਰੀਝਾਂ ਨਾਲ ਜੜੀਆਂ ਨੇ।
ਬਾਂਹੀਂ ਰੰਗਲਾ ਚੂੜਾ ਹੈ, ਸ਼ਗਨਾਂ ਦੀਆਂ ਘੜੀਆਂ ਨੇ।

ਬੱਦਲ ਦੀਆਂ ਗੜ੍ਹਕਾਂ ਨੇ, ਸਾਵਣ ਦੀਆਂ ਝੜੀਆਂ ਨੇ।
ਮੋਰਾਂ ਦੀਆਂ ਪੈਲਾਂ ਨੇ, ਘਟਾਵਾਂ ਅੰਬਰੀਂ ਚੜ੍ਹੀਆਂ ਨੇ।

ਤੀਆਂ ਵਿਚ ਸਖੀਆਂ ਨੇ, ਹੁਸਨਾਂ ਦੀਆਂ ਧੜੀਆਂ ਨੇ।
ਗਿੱਧਾ ਪਾਵਣ ਤੇ ਗਾਵਣ ਨੂੰ, ਨੱਚਣ ਨੂੰ ਖੜ੍ਹੀਆਂ ਨੇ।

ਸੱਜਣਾਂ ਦੀਆਂ ਯਾਦਾਂ ਜੋ, ਹਿਰਦੇ ਵਿਚ ਦੜੀਆਂ ਨੇ।
ਬੋਲੀਆਂ ਵਿਚ ਰਮਜ਼ਾਂ ਨੇ, ਹੜ ਵਾਂਗੂੰ ਹੜ੍ਹੀਆਂ ਨੇ।

ਸੱਸ ਪਾਣੀ ਵਾਰ ਰਹੀ, ਘਰ ਬਰਕਤਾਂ ਵੜੀਆਂ ਨੇ।
ਅਰਸ਼ਾਂ ਦੀਆਂ ਹੂਰਾਂ ਜੋ, ਸਿਜਦੇ ਵਿਚ ਖੜ੍ਹੀਆਂ ਨੇ।

ਦੁਲਹਨ ਸ਼ਰਮਾਕਲ ਹੈ, ਵਸਲਾਂ ਦੀਆਂ ਘੜੀਆਂ ਨੇ।
ਜ਼ਿੰਦਗੀ ਦੀਆਂ ਆਸਾਂ ਨੇ, ਘੁੰਗਟ ਵਿਚ ਦੜੀਆਂ ਨੇ।

ਰੁੱਤ ਇਸ਼ਕ ਸੁਹਾਣੀ ਹੈ, ਰਾਤਾਂ ਨਟਖਟ ਬੜੀਆਂ ਨੇ।
ਨੈਣੀਂ ਨੀਂਦਰ ਝਾਕ ਰਹੀ, ਮੂੰਹ ਲਾਲੀਆਂ ਚੜ੍ਹੀਆਂ ਨੇ।

ਸੱਸ, ਨਣਦ ਹੈਸਿਆਰੀ ਨੇ, ਘੋਲ ਦਿੱਤੀਆਂ ਕੜ੍ਹੀਆਂ ਨੇ।
ਮਾਹੀ ਨੂੰ ਚੁੱਕ ਰੁਸਾ ਦਿੱਤਾ, ਇਨ੍ਹਾਂ ਮੱਥੇ ਸੜੀਆਂ ਨੇ।

ਮਹਿਬੂਬ ਕੰਨਾਂ ਦਾ ਕੱਚਾ ਏ, ਉਠ ਛਮਕਾਂ ਫੜੀਆਂ ਨੇ।
ਗੋਰੀ ਖਿੜਦੀ ਬੁਲਬੁਲ ਦੇ, ਮੋਰਾਂ ਵਿਚ ਜੜੀਆਂ ਨੇ।

ਮਸਤੀ ਰੰਗਾ ਮੌਸਮ ਹੈ, ਪ੍ਰੀਤਮ ਦੀਆਂ ਤੜ੍ਹੀਆਂ ਨੇ।
'ਪੰਨੂ' ਦੀਆਂ ਅੜੀਆਂ ਇਹ, ਸੀਨੇ ਕੱਖ ਲੜੀਆਂ ਨੇ।

**-ਚਰਨਜੀਤ ਸਿੰਘ ਪੰਨੂ**

---

## ਮੈਂ ਕਿਧਰੇ ਨਹੀਂ

ਹਰ ਜ਼ੱਰੇ ਵਿਚ ਤੂੰ ਹੀ ਤੂੰ ਹੈ, ਮੈਂ ਕਿਧਰੇ ਨਹੀਂ।
ਮੈਨੂੰ ਦਿਸਦਾ ਤੂੰ ਹਰ ਸੂ ਹੈ, ਮੈਂ ਕਿਧਰੇ ਨਹੀਂ।

ਹਰ ਨਗਰੀ ਹਰ ਖੇੜੇ ਤੇਰੀ ਰਹਿਮਤ ਵੱਸੇ
ਰਸਤਾ ਤੇਰਾ ਤੱਕਦੀ ਜੂਹ ਹੈ, ਮੈਂ ਕਿਧਰੇ ਨਹੀਂ।

## ਕਾਵਿ ਕਿਆਰੀ

ਹੱਥੀ, ਮਾਲ, ਤਰੱਕਲਾ ਤੇਰਾ ਨਾਮ ਪੁਕਾਰੇ
ਕਰੇ ਚਰੱਖੜਾ ਘੂੰ ਘੂੰ ਘੂੰ ਹੈ, ਮੈਂ ਕਿਧਰੇ ਨਹੀਂ।

ਚਾਤ੍ਰਿਕ, ਮੋਰ, ਪਪੀਹਾ, ਬੁਲਬੁਲ ਅਤੇ ਬਹਾਰਾਂ
ਕੋਇਲ ਕਰੇਂਦੀ ਕੂ ਕੂ ਕੂ ਹੈ, ਮੈਂ ਕਿਧਰੇ ਨਹੀਂ।

ਹਰ ਬੂਟੇ, ਹਰ ਡਾਲੀ, ਪੱਤੇ ਦੇ ਵਿਚ ਬੈਠਾ
ਫੁੱਲਾਂ ਵਿਚ ਤੇਰੀ ਖੁਸ਼ਬੂ ਹੈ, ਮੈਂ ਕਿਧਰੇ ਨਹੀਂ।

ਜਲ, ਥਲ, ਮਹੀਅਲ, ਮੇਰ, ਪਤਾਲ 'ਚ ਆਪੇ ਵੱਸਦਾ
ਹਰ ਥਾਂ ਤੈਨੂੰ ਤੱਕਦੀ ਰੂਹ ਹੈ, ਮੈਂ ਕਿਧਰੇ ਨਹੀਂ।

ਜਦ ਦੀ ਤੇਰੀ ਮਿਹਰ ਨਾਲ 'ਸੁਰਜੀਤ' ਹਾਂ ਹੋਈ
ਅੰਦਰੋਂ ਸਾਰੀ ਮਿਟ ਗਈ ਹੂੰਅ ਹੈ, ਮੈਂ ਕਿਧਰੇ ਨਹੀਂ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting new model homes to save big time.***

## Just Sold

1. 2605 Glen Cotswold Ct., San Jose, CA 95148
2. 59 Dunfirth Dr., Hayward, CA 94542
3. 1806 Cornwall Court, Lathrop, CA 95330
4. 3284 Faith Court, San Jose, CA 95127
5. 39951 Fremont Blvd, #226 Fremont, CA 94536
6. 840 Havasu Court, Livermore, CA 94550
7. 8500 Vista Brook Dr., Elk Grove, CA 95624
8. 4918 Plaza Escuela Dr., Santa Clara, CA 95054
9. 1345 Bridgecreek Way, Hayward, CA 94544
10. 3322 Jericho ln, San Jose, CA 95117
11. 2365 Clairette Place, Manteca, CA 95337
12. 2775 Caminito Ave, Yuba City, CA 95991
13. 2497 Glen Exter Way, San Jose, CA 95148
14. 5828 Newgate Ct., San Jose, CA 95138
15. 3897 Mars Ct, San Jose, CA 95135
16. 133 Orchard Park Pl., Hayward, CA 94544

***Call for Listing Special 2017***

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

***Follow us on zillow.com and trulia.com***

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095